ਪੰਜਾਬੀ ਭਾਸ਼ਾ ਦਾ ਪਿਛੋਕੜ

ਡਾ: ਪ੍ਰੇਮ ਪ੍ਰਕਾਸ਼ ਸਿੰਘ
ਪ੍ਰੋਫੈਸਰ, ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਪੈਪਸੂ ਬੁਕ ਡੀਪੂ, ਪਟਿਆਲਾ ।

ਪੰਜਾਬੀ ਭਾਸ਼ਾ ਦਾ ਪਿਛੋਕੜ

ਡਾ. ਪ੍ਰੇਮ ਪ੍ਰਕਾਸ਼
ਪ੍ਰੋਫੈਸਰ, ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਪੈਪਸੂ ਬੁਕ ਡਿਪੂ ਪਟਿਆਲਾ।

ਪ੍ਰਕਾਸ਼ਕ : ਮੁਨੀ ਲਾਲ ਗੁਪਤਾ ਐਂਡ ਸਨਜ਼
ਮਾਲਕ : ਪੈਪਸੂ ਬੁਕ ਡਿਪੂ ਪਟਿਆਲਾ।
ਟੈਲੀਫੂਨ : ਦੁਕਾਨ : 2067
ਘਰ : 5427

Panjabi Bhasha da Pichhokar
by
Dr. Premprakash Singh
M.A. Ph. D.

ਕੀਮਤ

Folder Printed at :
Twinkle Printing P
Patiala.

ਦੋ ਗੱਲਾਂ

"ਪੰਜਾਬੀ ਭਾਸ਼ਾ ਦਾ ਪਿਛੋਕੜ" ਮੇਰੀ ਤਿਆਰੀ-ਅਧੀਨ ਪੁਸਤਕ "ਪੰਜਾਬੀ ਭਾਸ਼ਾ ਅਧਿਐਨ" ਦਾ ਪਹਿਲਾ ਭਾਗ ਹੈ। ਇਸ ਨੂੰ ਪਾਠਕਾਂ ਦੇ ਹੱਥਾਂ ਵਿਚ ਸੌਂਪਣ ਸਮੇਂ ਬੇਹੱਦ ਖੁਸ਼ੀ ਹੋ ਰਹੀ ਹੈ। ਪਿਛਲੇ ਵੀਹ ਕੁ ਸਾਲਾਂ ਦੀ ਮਿਆਦ ਵਿਚ ਭਾਸ਼ਾ-ਗਿਆਨ ਮੇਰੀ ਦਿਲਚਸਪੀ ਤੇ ਖੋਜ ਦਾ ਵਿਸ਼ਾ ਬਣਿਆ ਰਿਹਾ ਹੈ। ਮੇਰੀ ਪਹਿਲੀ -ਵਿਗਿਆਨਿਕ ਪੁਸਤਕ 'ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ' 1955 ਵਿਚ ਸੀ ਜਿਸ ਦਾ ਵਿਦਿਆਰਥੀਆਂ, ਅਧਿਆਪਕਾਂ ਤੇ ਲਿਖਾਰੀਆਂ ਵਲੋਂ ਬਹੁਤ ਨਿੱਘਾ ਸਵਾਗਤ ਹੋਇਆ। ਉਸ ਦੇ ਨਤੀਜੇ ਵਜੋਂ ਉਕਤ ਪੁਸਤਕ ਦੇ ਤਿੰਨ ਐਡੀਸ਼ਨ ਛਪ ਚੁੱਕੇ ਹਨ ਅਤੇ ਉਹ ਹੁਣ ਵਡ ਵਡੇ ਦੋ ਵਖਰੇ ਭਾਗਾਂ ਵਿਚ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।

ਇਸ ਲੰਮੇਰੀ ਤੇ ਡੂੰਘੇਰੀ ਦਿਲਚਸਪੀ ਅਤੇ ਅਧਿਐਨ ਦਾ ਹੀ ਚਿੰਨ੍ਹਰੂਪ ਇਹ ਪਹਿਲੀ ਪੁਸਤਕ ਹੈ। ਇਸ ਯੋਜਨਾ ਅਧੀਨ ਵਿਸ਼ਵ-ਭਾਸ਼ਾਵਾਂ ਦੇ ਪ੍ਰਸੰਗ ਵਿਚ ਅਤੇ ਖਾਸ ਕਰ ਹਿੰਦ-ਆਰੀਆਈ ਭਾਸ਼ਾ-ਵਰਗ ਦੇ ਸੰਦਰਭ ਵਿਚ ਪੰਜਾਬੀ ਭਾਸ਼ਾ ਦਾ ਵਿਗਿਆਨਿਕ ਅਧਿਐਨ ਪ੍ਰਸਤੁਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਪਿਛਲੇ ਦੋ ਦਸ਼ਕਾਂ ਵਿਚ ਪੰਜਾਬੀ ਜ਼ਬਾਨ ਦੀ ਖੋਜ, ਅਧਿਐਨ, ਵਿਧੀਆਂ, ਅਤੇ ਸਿੱਟੇ ਜਿੰਨੀ ਤੇਜ਼ੀ ਤੇ ਬਰੀਕੀ ਨਾਲ ਸਾਹਮਣੇ ਆਏ ਹਨ ਉਹ ਪੰਜਾਬੀ ਜ਼ਬਾਨ ਦੀ ਤਰੱਕੀ ਦੇ ਸਹੀ ਜ਼ਾਮਨ ਕਹੇ ਜਾ ਸਕਦੇ ਹਨ। ਇਨ੍ਹਾਂ ਸਾਰੀਆਂ ਖੋਜਾਂ ਬਾਰੇ ਪਾਠਕਾਂ ਤੇ ਵਿਦਿਆਰਥੀਆਂ ਨੂੰ ਤਕਨੀਕੀ ਜਾਣਕਾਰੀ ਦੇਣਾ ਲੇਖਕਾਂ ਤੇ ਅਧਿਆਪਕਾਂ ਦਾ ਜ਼ਰੂਰੀ ਫ਼ਰਜ਼ ਹੈ। ਇਸ ਅਰਸੇ ਦੇ ਦੌਰਾਨ ਮੈਨੂੰ ਪੰਜਾਬੀ ਬਾਰੇ ਡੂੰਘੀ ਤੇ ਵਿਸ਼ਾਲ ਖੋਜ ਕਰਨ ਦੇ ਬੜੇ ਮੌਕੇ ਮਿਲਦੇ ਰਹੇ ਹਨ। ਯੂਨੀਵਰਸਿਟੀ ਪ੍ਰੋਫ਼ੈਸਰ ਦੀ ਹੈਸੀਅਤ ਵਿਚ ਉੱਚ ਸ਼੍ਰੇਣੀਆਂ ਦੇ ਵਿਦਿਆਰਥੀਆਂ ਨਾਲ ਭਾਸ਼ਾ ਤੇ ਪੰਜਾਬੀ ਭਾਸ਼ਾ ਬਾਰੇ ਲਾਹੇਵੰਦ ਅਧਿਆਪਨ ਤੇ ਵਿਚਾਰ-ਵਿਮਰਸ਼ ਹੁੰਦਾ ਰਿਹਾ ਹੈ। ਮੈਨੂੰ ਆਪਣੇ ਵਿਦਿਆਰਥੀਆਂ ਤੋਂ ਬੜਾ ਕੁਝ ਮਿਲਿਆ ਹੈ।

ਹੁਣ ਵਿਸ਼ਵ ਪੱਧਰ ਉਤੇ ਭਾਸ਼ਾ ਨੂੰ ਨਿਰੀ ਬੋਲੀ ਦੇ ਖੇਤਰ ਵਿਚੋਂ ਕਢਕੇ ਸੰਸ਼ਲ ਗਿਆਨ ਦੇ ਘੇਰੇ ਵਿਚ ਲਿਆ ਖੜਾ ਕੀਤਾ ਗਿਆ ਹੈ। ਇਸ ਸਭ ਕਾਸੇ ਦਾ ਅਸਰ ਇਹ ਪ੍ਰਮਾਣ ਹੋਇਆ ਹੈ ਕਿ ਭਾਸ਼ਾ ਕੇਵਲ ਅਰਥ-ਸੰਚਾਰ ਦਾ ਧੁਨੀਆਤਮਕ ਰੂਪ ਹੀ ਨਹੀਂ ਰਹੀ ਸਗੋਂ ਇਹ ਸਭਿਆਚਾਰ, ਸਮਾਜ-ਵਿਗਿਆਨ, ਮਨੋਵਿਗਿਆਨ ਤੇ ਸਮਾਜੀ-ਇਤਿਹਾਸ ਦੇ

ਵੇਖਣ ਤੇ ਪਰਖਣ ਦਾ ਇਕ ਜ਼ਬਰਦਸਤ ਵਸੀਲਾ ਵੀ ਬਣ ਨਿਬੜੀ ਹੈ। ਇਸ ਲਈ ਵਿਸ਼ੇਸ਼ ਭਾਸ਼ਾ-ਵਿਗਿਆਨ ਤੋਂ ਇਲਾਵਾ Matalinguistics ਜਿਹੀਆਂ ਸ਼ਾਖਾ-ਪ੍ਰਸ਼ਾਖਾਵਾਂ ਵੀ ਉਦੇਮਾਨ ਹੋਈਆਂ ਹਨ। ਪਛਮੀ ਭਾਸ਼ਾ-ਵੇਤਿਆਂ ਦੀਆਂ ਨਵੀਆਂ ਵਿਧੀਆਂ ਤੇ ਖੋਜ-ਪ੍ਰਣਾਲੀਆਂ ਦਾ ਨਵਾ ਦੌਰ ਪੰਜਾਬੀ ਭਾਸ਼ਾ ਖੇਤਰ ਵਿਚ ਵੀ ਸ਼ੁਰੂ ਹੋਇਆ ਹੈ। ਇਸ ਨਾਲ ਵੀ ਪੰਜਾਬੀ ਭਾਸ਼ਾ ਦੇ ਵਿਸ਼ਲੇਸ਼ਣ ਤੇ ਪਰਖਣ ਦੇ ਨਵੇਂ ਰਾਹ ਮੋਕਲੇ ਹੋਏ ਹਨ ਅਤੇ ਨਵੇਂ ਜ਼ਾਵੀਏ ਵੀ ਉਜਾਗਰ ਹੋਏ ਹਨ।

ਇਸ ਨਵੀਂ ਤਕਨੀਕ ਦਾ ਯਥਾਸ਼ਕਤਿ ਸਹਾਰਾ ਲੈ ਕੇ ਪੰਜਾਬੀ ਭਾਸ਼ਾ ਨੂੰ ਇਤਿਹਾਸਿਕ ਪੱਖ ਤੋਂ ਮੁੜ ਵਾਚਣ ਅਤੇ ਇਸ ਦੇ ਦੀਰਘ ਪਿਛੋਕੜ ਨੂੰ ਸ਼ੌਕ ਨਾਲ ਪੇਸ਼ ਕਰਨ ਦੀ ਮੇਰੀ ਚਿਰੋਕਣੀ ਲਾਲਸਾ ਇਸ ਹਥਲੀ ਪੁਸਤਕ ਨਾਲ ਪੂਰੀ ਹੋ ਰਹੀ ਹੈ। ਇਸ ਵਿਚ ਪੰਜਾਬੀ ਪਾਠਕਾਂ ਤੇ ਅਧਿਆਪਕਾਂ ਦੀ ਲੋੜ ਨੂੰ ਮੁਖ ਰਖਿਆ ਗਿਆ ਹੈ ਅਤੇ ਸਹਿੰਦੀ ਸਹਿੰਦੀ ਨਵੀਂ ਤਕਨੀਕ ਨੂੰ ਵਰਤੋਂ ਵਿਚ ਲਿਆਉਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ।

ਪ੍ਰਸਤੁਤ ਪੁਸਤਕ ਦੇ ਛਪਣ ਸਮੇਂ ਮੇਰੇ ਅਣਟਾਲੇ ਰੁਝੇਵਿਆਂ ਦੇ ਕਾਰਨ ਕਈ ਤਰੁਟੀਆਂ ਰਹਿ ਗਈਆਂ ਹਨ ਜਿਸ ਦਾ ਮੈਨੂੰ ਬਤੌਰ ਲੇਖਕ ਬਹੁਤ ਅਹਿਸਾਸ ਹੈ। ਅਜੇਹੀਆਂ ਤਕਨੀਕੀ ਕਿਸਮ ਦੀਆਂ ਪ੍ਰਕਾਸ਼ਨਾਂ ਲਈ ਕਈ ਨਵੇਂ ਚਿੰਨ੍ਹ (diacritical marks) ਦੀ ਪੂਰੀ ਲੋੜ ਪੈਂਦੀ ਹੈ ਪਰ ਆਮ ਪ੍ਰੈਸਾਂ ਪਾਸ ਇਹ ਪ੍ਰਬੰਧ ਨ ਹੋਣ ਕਰਕੇ ਕਈ ਜ਼ਰੂਰੀ ਚਿੰਨ੍ਹ ਤਿਆਗਣੇ ਹੀ ਪਏ ਹਨ। I. P. A. ਦੇ ਅੱਖਰ ਵੀ ਗੁਰਮੁਖੀ ਵਿਚ ਬਣੇ ਨਹੀਂ ਹਨ ਇਨ੍ਹਾਂ ਦੀ ਵਰਤੋਂ ਨਹੀਂ ਹੋ ਸਕੀ। ਅਧਿਆਵਾਂ ਦੇ ਸਿਲਸਿਲੇ ਵਿਚ ਵੀ ਅਸੁਧੀਆਂ ਹੋ ਗਈਆਂ ਹਨ। ਮੈਨੂੰ ਇਸ ਦਾ ਖੇਦ ਹੈ। ਫਿਰ ਵੀ ਪ੍ਰੈਸ ਨੇ ਅਜੇਹੀ ਤਕਨੀਕੀ ਸੁਭਾ ਵਲੀ ਪੁਸਤਕ ਨੂੰ ਛਾਪਣ ਵਿਚ ਬੜੀ ਦਲੇਰੀ ਕੀਤੀ ਹੈ ਅਤੇ ਸੁਧ ਪ੍ਰਿੰਟ ਕਰਨ ਵਿਚ ਪੂਰੀ ਵਾਹ ਲਾਈ ਹੈ। ਮੈਂ ਇਨ੍ਹਾਂ ਦਾ ਮਸ਼ਕੂਰ ਹਾਂ।

ਇਸ ਦਾ ਦੂਜਾ ਭਾਗ ਵੀ ਛੇਤੀ ਹੀ ਪੁਸਤਕ ਦਾ ਜਾਮਾ ਧਾਰਨ ਕਰ ਸਕੇਗਾ। ਅਜੇਹੀ ਆਸ ਨਾਲ ਮੈਂ ਇਹ ਪੁਸਤਕ ਵਿਦਿਆਰਥੀਆਂ, ਖੋਜਾਰਥੀਆਂ, ਪਰੀਖਿਆਰਥੀਆਂ ਅਤੇ ਪੰਜਾਬੀ ਦੇ ਪਰਮਾਰਥੀਆਂ ਦੀ ਸੇਵਾ ਵਿਚ ਭੇਟ ਕਰਨ ਦੀ ਖੁਸ਼ੀ ਲੈ ਰਿਹਾ ਹਾਂ। ਜਿਸ ਉਦੇਸ਼ ਨਾਲ ਇਸ ਪੁਸਤਕ ਨੂੰ ਲਿਖਣ ਤੇ ਤਿਆਰ ਕਰਨ ਦੀ ਅਭਿਲਾਸ਼ਾ ਮੇਰੇ ਮਨ ਵਿਚ ਨਿਸਦਿਨ ਜਾਗਦੀ ਰਹੀ ਹੈ ਉਸ ਉਦੇਸ਼ ਨੂੰ ਪੂਰਾ ਕਰਨ ਵਿਚ ਇਹ ਪੁਸਤਕ ਅਵਸ਼ ਸਮਰਥ ਹੋਵੇ, ਇਸ ਆਸ ਨਾਲ ਮੈਂ ਆਪਣੀ ਗੱਲ ਬੰਦ ਕਰਨ ਦੀ ਇਜਾਜ਼ਤ ਚਾਹੁੰਦਾ ਹਾਂ।

ਪੰਜਾਬੀ ਯੂਨੀਵਰਸਿਟੀ, ਪਟਿਆਲਾ
"ਗੁਰੂ ਨਾਨਕ ਅਵਤਾਰ ਦਿਵਸ"
6 ਨਵੰਬਰ, 1976

ਪ੍ਰੇਮ ਪ੍ਰਕਾਸ਼ ਸਿੰਘ (ਡਾ.)
ਪ੍ਰੋਫੈਸਰ ਆਫ਼ ਪੰਜਾਬੀ

ਵਿਸ਼ੈ-ਸੂਚੀ

ਪੰਜਾਬੀ ਭਾਸ਼ਾ ਦਾ ਅਧਿਐਨ

ਭਾਸ਼ਾ ਅਤੇ ਅਸੀਂ

ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਜਿਸ ਗਲ ਤੋਂ ਸਭ ਤੋਂ ਵਧ ਅਵੇਸਲੇ ਰਹਿੰਦੇ ਹਾਂ ਉਹ ਸਾਡੀ ਆਪਣੀ ਭਾਸ਼ਾ ਹੈ। ਅਸੀਂ ਆਪਣੀ ਬੋਲੀ ਨੂੰ ਬਿਨਾ ਕਿਸੇ ਚੇਤੰਨਤਾ, ਟੀਕਾ ਟਿਪਣੀ ਅਤੇ ਸ਼ੰਕਿਆਂ ਦੇ, ਐਂਵੇ ਹੀ ਵਰਤਦੇ ਰਹਿੰਦੇ ਹਾਂ ਜਿਵੇਂ ਇਸ ਦੀ ਕੋਈ ਸੁਤੰਤਰ ਹਸਤੀ ਹੀ ਨਾ ਹੋਵੇ। ਪਰ ਜਦ ਕਦੀ ਚਾਣਚੱਕ ਸਾਨੂੰ ਬਿਗਾਨੀ ਬੋਲੀ ਨਾਲ ਵਾਹ ਪੈਂਦਾ ਹੈ ਤਾਂ ਸਾਨੂੰ ਪਤਾ ਲਗਦਾ ਹੈ ਕਿ ਮਨੁਖ ਮਾਤਰ ਦੇ ਇਸ ਸਰਮਾਏ ਦਾ ਕਿੰਨਾ ਕੁ ਮੁੱਲ ਹੈ ਅਤੇ ਸਾਡੀ ਆਪਣੀ ਅਣਗੌਲੀ ਬੋਲੀ ਵਿਚ ਕਿੰਨਾ ਕੁਝ ਹੈਰਾਨ ਕਰਨ ਵਾਲਾ ਭਰਿਆ ਪਿਆ ਹੈ। ਇਨ ਤੋਂ ਵਿਚ ਜਿਵੇਂ ਜਿਵੇਂ ਸਾਡੀ ਭਾਸ਼ਾਈ ਚੇਤੰਨਤਾ ਵਧਦੀ ਹੈ ਸਾਡੀ ਆਪਣੀ ਭਾਸ਼ਾ ਦੀਆਂ ਬਰੀਕੀਆਂ, ਬਣਤਰਾਂ ਤੇ ਬੁਣਤੀਆਂ ਹੋਰ ਵੀ ਉਜਾਗਰ ਹੋ ਹੋ ਕੇ ਸਾਡੇ ਦਿਲ-ਦਿਮਾਗ ਨੂੰ ਮੋਹਿਤ ਕਰਦੀਆਂ ਹਨ। ਭਾਸ਼ਾ ਪ੍ਰਤੀ ਸਾਡੀ ਇਹ ਖਿੱਚ ਤੇ ਚੇਤੰਨਤਾ ਹੀ ਭਾਸ਼ਾ ਦੇ ਅਧਿਐਨ ਦਾ ਜਾਣੋ ਮੁੱਢ ਹੈ।

ਭਾਸ਼ਾ ਦਾ ਅਧਿਐਨ ਸਚਮੁੱਚ ਹੋਣੀਆਂ ਭਰਪੂਰ ਹੈ। ਜਦ ਕਿਸੇ ਭਾਸ਼ਾ ਦਾ ਅਧਿਐਨ ਕੀਤਾ ਜਾਂਦਾ ਹੈ ਤਾਂ ਸਾਡੇ ਸਾਹਮਣੇ ਕਈ ਸਮਸਿਆਵਾਂ ਆ ਖੜਦੀਆਂ ਹਨ। ਭਾਸ਼ਾਈ ਅਧਿਐਨ ਵਿਚ ਪੜਚੋਲ-ਅਧੀਨ ਭਾਸ਼ਾ ਦੀ ਸਾਰੀ ਜਨਮ-ਕੁੰਡਲੀ ਹੀ ਨਹੀਂ ਉਲੀਕੀ ਜਾਂਦੀ ਸਗੋਂ ਉਸ ਦੀ ਸਾਰੀ ਉਮਰ ਦਾ ਇਤਿਹਾਸਕ ਵਰਤਾਰਾ ਵੀ ਕਲਮਬੰਦ ਕੀਤਾ ਜਾਂਦਾ ਹੈ। ਕੀ ਪਤਾ ਉਸ ਬੋਲੀ ਦੇ ਨਿੰਮਣ ਤੇ ਜੰਮਣ ਵਿਚ ਕਿਹੜੇ ਕਿਹੜੇ ਬੋਲ ਬੀਜੇ ਗਏ ਹੋਣ ਅਤੇ ਖੌਰੇ ਕਿੰਨੀਆਂ ਕੁ ਦੇਸੀ-ਪਰਦੇਸੀ ਕੌਮਾਂ ਨੇ ਕਿਹੋ ਜਿਹੀ ਗੁੜ੍ਹਤੀ ਦੇ

ਛੱਡੀ ਹੋਵੇ। ਨਾ ਸਿਰਫ਼ ਇਹ ਸਗੋਂ ਕਈ ਵਾਰ ਹਾਕਮ ਸ਼੍ਰੇਣੀਆਂ ਦੇ ਤਕੜੇ ਸਭਿਆਚਾਰ ਮਹਿਕੂਮ ਬੋਲੀ ਦੇ ਪਿੰਡੇ ਉਤੇ ਜੋ ਡੂੰਘੀਆਂ ਨਹੁੰਦਰਾਂ ਚੁਭੋ ਜਾਂਦੇ ਹਨ ਉਨ੍ਹਾਂ ਦੇ ਮਾਰੂ ਅਸਰਾਂ ਨੂੰ ਵੀ ਵਰ੍ਹਿਆਂ ਦੀ ਜੰਮੀ ਧੂੜ ਵਿਚੋਂ ਫਰੋਲ ਕੇ ਤਾਜ਼ਾ ਕਰਨਾ ਪੈਂਦਾ ਹੈ ਤਾਂ ਜੋ ਉਸ ਬੋਲੀ ਦਾ ਅਮਲਾ ਤੇ ਹਲਾ ਦੋਵੇਂ ਜ਼ਮਾਨੇ ਦੇ ਸਾਹਮਣੇ ਹਾਜ਼ਰ ਕੀਤੇ ਜਾ ਸਕਣ। ਭਾਸ਼ਾ ਦੀ ਹੱਡਬੀਤੀ ਹੀ ਭਾਸ਼ਾ ਦਾ ਵਿਕਾਸ ਹੈ, ਭਾਸ਼ਾ ਦੇ ਵਹਿਣ ਦੀ ਕਹਾਣੀ ਹੈ। ਇਥੇ ਹੀ ਬਸ ਨਹੀਂ, ਭਾਸ਼ਾ ਦੇ ਅਧਿਐਨ ਵਿਚ ਉਸ ਦੀ ਬਣਤਰ, ਗਠਨ, ਸੰਰਚਨਾ ਅਤੇ ਪ੍ਰਯੋਗ ਸਾਰਾ ਕੁਝ ਨਿਖਾਰਿਆ ਤੇ ਨਿਤਾਰਿਆ ਜਾਂਦਾ ਹੈ ਤਾਂ ਜੋ ਭਾਸ਼ਾ ਦੇ ਪਿੰਡੇ ਦੀਆ ਨੀਲੀਆਂ ਤੇ ਸੂਹੀਆਂ ਨਸਾਂ ਨਾੜੀਆਂ ਖਿਨਾ ਸ਼ਕ-ਸ਼ੁਬ੍ਹਾ ਪਛਾਣੀਆਂ ਜਾ ਸਕਣ। ਇਸ ਤੋਂ ਵੀ ਅਗੇ ਭਾਸ਼ਾ ਦੀਆਂ ਬੁਨਿਆਦੀ ਇਕਾਈਆਂ ਦਾ ਵੀ ਥਹੁ-ਪਤਾ ਲਗਾਉਣਾ ਪੈਂਦਾ ਹੈ ਜਿਨ੍ਹਾਂ ਦੇ ਇਲਾਹੀ ਸੁਮੇਲ ਤੋਂ ਭਾਸ਼ਾ ਦਾ ਮਹੱਲ ਉਸਰਦਾ ਹੈ। ਇਹੋ ਇਕਾਈਆਂ "ਧੁਨੀਆਂ" ਹਨ ਜਾਂ "ਧੁਨੀ ਗ੍ਰਾਮ" ਹਨ ਜਿਹੜੀਆਂ ਅਸੀਂ ਹਸਦੇ-ਖੇਡਦੇ ਐਵੇਂ ਹੀ ਉਚਾਰਦੇ ਹਾਂ ਅਤੇ ਜਿਨ੍ਹਾਂ ਦੀ ਮਹਾ-ਮਹਾਨਤਾ ਤੋਂ ਅਸੀਂ ਬੇਖ਼ਬਰ ਰਹਿੰਦੇ ਹਾਂ। ਕੀ ਪਤਾ ਕਿਹੜੀ ਧੁਨੀ ਨੇ, ਕਿਹੜੀ ਆਵਾਜ਼ ਨੇ ਸੁੱਤੀ ਕਲਾ ਜਗਾ ਦੇਣੀ ਹੈ, ਕਿਹੜੀ ਨੇ ਅੰਮ੍ਰਿਤ ਬਣਨਾ ਹੈ ਅਤੇ ਕਿਹੜੀ ਨੇ ਜ਼ਹਿਰ। ਖ਼ੈਰ, ਜਾਭਾਂ ਦੇ ਭੇੜ ਹੋਣ ਜਾਂ ਸ਼ਾਸਤਰਾਰਥ ਸਾਡੀਆਂ ਇਨ੍ਹਾਂ ਧੁਨੀਆਂ ਨੇ ਹੀ ਗੂੰਜਣਾ ਹੁੰਦਾ ਹੈ। ਇਨ੍ਹਾਂ ਗੂੰਜਾਂ ਵਿਚ ਹੀ ਅਰਥਾਂ ਦੇ ਸਮੁੰਦਰ ਛਲ ਛਲਾਂਦੇ ਹਨ। ਅਰਥਾਂ ਦੀਆਂ ਛੱਲਾਂ ਨੂੰ ਪੋਲੇ ਪੋਲੇ ਪੋਟਿਆਂ ਨਾਲ ਫੜਨਾ ਤੇ ਤਸਵੀਰਨਾ ਭਾਸ਼ਾਈ ਅਧਿਐਨ ਦਾ ਇਕ ਹੋਰ ਟੀਚਾ ਹੈ।

ਪਰ ਇਹ ਸਾਰਾ ਕੁਝ, ਬਹੁਤ ਕੁਝ, ਕਿਵੇਂ, ਕਿਸੇ ਬਿਧ ਨਾਲ ਨਜਿਠਿਆ ਜਾਵੇ, ਭਾਸ਼ਾ ਦੇ ਖੋਜੀਆਂ ਦੇ ਮੂਹਰੇ ਤਕੜੀ ਵੰਗਾਰ ਰਹੀ ਹੈ। ਖੋਜੀਆਂ ਨੇ ਸੂਝ ਬੂਝ ਨਾਲ ਇਸ ਸਾਰੇ ਰੌਲ-ਘਚੋਲ ਨੂੰ ਵਿਗਿਆਨਿਕ ਲੀਹਾਂ ਉਤੇ ਤੋਰਨ ਦੀ ਸਫਲ ਕੋਸ਼ਿਸ਼ ਕੀਤੀ ਹੈ। ਸਿਟੇ ਵਜੋਂ ਭਾਸ਼ਾ ਦੇ ਜੋਖਣ ਤੇ ਪਰਖਣ ਲਈ ਕਈ ਤਰੀਕੇ ਲਭੇ ਹਨ ਜਿਨ੍ਹਾਂ ਨੂੰ "ਵਿਧੀਆਂ" ਕਹਿਣਾ ਦਰੁਸਤ ਹੈ। ਭਾਸ਼ਾ ਦੇ ਅਧਿਐਨ ਲਈ ਜਿਹੜੀਆਂ ਪ੍ਰਮੁਖ ਵਿਧੀਆਂ ਅਪਣਾਈਆਂ ਜਾਂਦੀਆਂ ਹਨ ਉਨ੍ਹਾਂ ਵਿਚ ਇਤਿਹਾਸਿਕ, ਤੁਲਨਾਤਮਕ ਅਤੇ ਵਿਵਰਣਾਤਮਕ ਉਲੇਖ ਯੋਗ ਹਨ। ਇਨ੍ਹਾਂ ਨੂੰ ਹੀ ਤਰਤੀਬਵਾਰ ਇਤਿਹਾਸਿਕ ਭਾਸ਼ਾ-ਵਿਗਿਆਨ, ਤੁਲਨਾਤ-ਮਕ ਭਾਸ਼ਾ-ਵਿਗਿਆਨ ਦੇ ਨਾਂ ਦਿਤੇ ਜਾਂਦੇ ਹਨ।

ਪਰ ਇਕ ਗੱਲ ਚੇਤੇ ਰਖਣ ਵਾਲੀ ਹੈ ਕਿ ਕਿਸੇ ਭਾਸ਼ਾ ਦੇ ਅਧਿਐਨ ਲਈ ਉਪਰੋਕਤ ਕੋਈ ਇਕ ਵਿਧੀ ਕਾਫ਼ੀ ਨਹੀਂ ਕਹੀ ਜਾ ਸਕਦੀ, ਮੁਕੰਮਲ ਪੜਚੋਲ ਲਈ

ਸਾਰੀਆਂ ਵਿਧੀਆਂ ਦਾ ਸਹਾਰਾ ਲੈਣਾ ਪੈਂਦਾ ਹੈ। ਕਹਿਣ ਨੂੰ ਇਹ ਵਿਧੀਆਂ ਅਡੋ ਅੱਡ ਹਨ ਪਰ ਦਰ ਅਸਲ ਮੂਲ-ਜੜ੍ਹ ਤੋਂ ਇਕ ਹਨ ਕਿਉਂਕਿ ਸਾਰੀਆਂ ਦਾ ਮੰਤਵ ਭਾਸ਼ਾ ਦਾ ਨਿਕਾਸ ਤੇ ਵਿਕਾਸ ਅਤੇ ਭਾਸ਼ਾ ਦਾ ਰੂਪ-ਸਰੂਪ ਮੂਰਤੀਮਾਨ ਕਰਨਾ ਹੈ। ਇਸ ਲਈ ਭਾਸ਼ਾ ਦਾ ਅਧਿਐਨ ਸ਼ੁਰੂ ਕਰਨ ਤੋਂ ਪਹਿਲਾਂ ਅਸੀਂ ਇਨ੍ਹਾਂ ਭਾਸ਼ਾ-ਵਿਗਿਆਨਿਕ ਵਿਧੀਆ ਦੀ ਤਕਨੀਕੀ ਤੇ ਸਿਧਾਂਤਕ ਜਾਣ-ਪਛਾਣ ਕਰਵਾਉਣ ਦੀ ਖ਼ੁਸ਼ੀ ਪ੍ਰਾਪਤ ਕਰਦੇ ਹਾਂ। ਇਹੋ ਹੀ "ਭਾਸ਼ਾ-ਵਿਗਿਆਨ ਦੇ ਪ੍ਰਕਾਰ" ਹਨ, ਕਿਸਮਾਂ ਹਨ।

1

ਭਾਸ਼ਾ-ਵਿਗਿਆਨ ਦੇ ਪ੍ਰਕਾਰ

ਜਿਵੇਂ ਕਿ ਉਪਰ ਇਸ਼ਾਰਾ ਕੀਤਾ ਹੈ, ਕਿਸੇ ਭਾਸ਼ਾ ਦੇ ਅਧਿਐਨ ਦੀਆਂ ਕਈ ਕਈ ਵਿਉਂਤਾਂ ਹਨ, ਕਈ ਜੁਗਤਾਂ ਜਾਂ ਵਿਧੀਆਂ ਹਨ। ਇਨ੍ਹਾਂ ਵਿਧੀਆਂ ਨਾਲ ਭਾਸ਼ਾ ਦੀ ਮੁਕੰਮਲ ਤਸਵੀਰ ਸਾਕਾਰ ਕੀਤੀ ਜਾਂਦੀ ਹੈ। ਵਿਗਿਆਨ-ਮਈ ਸੁਭਾ ਦੇ ਕਾਰਨ ਇਨ੍ਹਾਂ ਵਿਧੀਆਂ ਨੂੰ ਵਿਗਿਆਨ ਵਿਚ ਸ਼ਾਮਲ ਕੀਤਾ ਗਿਆ ਹੈ ਅਤੇ ਭਾਸ਼ਾ ਦੇ ਪ੍ਰਕਰਣ ਵਿਚ ਇਨ੍ਹਾਂ ਨੂੰ ਇਤਿਹਾਸਿਕ ਭਾਸ਼ਾ-ਵਿਗਿਆਨ, ਤੁਲਨਾਤਮਕ ਭਾਸ਼ਾ-ਵਿਗਿਆਨ ਅਤੇ ਵਿਵਰਣਾਤਮਕ ਭਾਸ਼ਾ-ਵਿਗਿਆਨ ਆਖਿਆ ਗਿਆ ਹੈ। ਇਨ੍ਹਾਂ ਵਿਚੋਂ ਇਤਿਹਾਸਿਕ ਭਾਸ਼ਾ-ਵਿਗਿਆਨ ਦਾ ਭਾਸ਼ਾਈ ਅਧਿਐਨ ਦੇ ਇਤਿਹਾਸ ਵਿਚ ਪਹਿਲ-ਪਲੇਠਾ ਅਸਥਾਨ ਹੈ ਇਸ ਲਈ ਸਭ ਤੋਂ ਪਹਿਲਾਂ ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਹੀ ਸੰਖੇਪ ਜਾਣ-ਪਛਾਣ ਕਰਵਾਈ ਜਾਂਦੀ ਹੈ।

ਇਤਿਹਾਸਿਕ ਭਾਸ਼ਾ-ਵਿਗਿਆਨ (historical linguistics)

ਭਾਸ਼ਾ ਦਾ ਇਹ ਪੱਕਾ ਸੁਭਾ ਹੈ ਕਿ ਉਹ ਹਰ ਵਕਤ ਬਦਲਦੀ ਰਹਿੰਦੀ ਹੈ। ਇਹ ਤਬਦੀਲੀ ਕਈ ਵਾਰ ਦ੍ਰਿਸ਼ਟੀਗੋਚਰ ਹੁੰਦੀ ਹੈ ਅਤੇ ਕਈ ਵਾਰ ਬੇਮਲੂਮ ਹੀ ਰਹਿੰਦੀ ਹੈ। ਨਤੀਜਾ ਇਹ ਹੈ ਕਿ ਭਾਸ਼ਾ ਦੇ ਹਰ ਪਖ ਵਿਚ ਬਦਲੀ ਜਾਂਦੀ ਰਹਿੰਦੀ ਹੈ। ਧੁਨੀ (phonology) ਰੂਪ (morphology) ਵਾਕ (syntax) ਅਤੇ ਅਰਥ (semantics) ਸਾਰਿਆਂ ਅੰਗਾਂ ਵਿਚ ਪਰਿਵਰਤਨ ਮਿਲਦਾ ਹੈ। ਇਸ ਪਰਿਵਰਤਨ ਦਾ ਸਿਟਾ ਇਹ ਹੈ ਕਿ ਭਾਸ਼ਾ-ਵਿਗਿਆਨੀ ਮੌਜੂਦਾ ਭਾਸ਼ਾਵਾਂ ਦੀ ਰੂਪ-ਰੇਖਾ ਨੂੰ ਸਾਹਮਣੇ ਰੱਖਕੇ ਪ੍ਰਾਚੀਨ ਭਾਸ਼ਾਵਾਂ ਅਤੇ ਉਨ੍ਹਾਂ ਦੇ ਇਤਿਹਾਸਕ ਵਿਕਾਸ ਨੂੰ ਉਲੀਕ ਲੈਂਦੇ ਹਨ। ਜਿਸ ਪ੍ਰਣਾਲੀ

ਨਾਲ ਇਸ ਵਿਕੋ ਨੂੰ ਨਿਭਾਇਆ ਜਾਂਦਾ ਹੈ ਉਸ ਨੂੰ ਇਤਿਹਾਸਿਕ ਭਾਸ਼ਾ-ਵਿਗਿਆਨ (Historical Linguistics) ਆਖਿਆ ਜਾਂਦਾ ਹੈ ।

ਅਮਰੀਕਾ ਦੇ ਆਧੁਨਿਕ-ਭਾਸ਼ਾ-ਵਿਗਿਆਨੀ ਹਾਕੇੱਟ ਦੇ ਅਨੁਸਾਰ :

'ਜਿਵੇਂ ਜਿਵੇਂ ਸਮਾਂ ਲੰਘਦਾ ਹੈ ਬੋਲਣ ਦੇ ਢੰਗ ਵਿਚ ਪਰਿਵਰਤਨ ਪੈਦਾ ਹੁੰਦਾ ਰਹਿੰਦਾ ਹੈ, ਇਸ ਵਿਸ਼ੈ ਦੇ ਅਧਿਐਨ ਨੂੰ ਇਤਿਹਾਸਿਕ ਜਾਂ diachronic ਭਾਸ਼ਾ-ਵਿਗਿਆਨ ਦਾ ਨਾਂ ਦਿੱਤਾ ਜਾਂਦਾ ਹੈ ।"[1]

ਗਲੀਸਨ ਦੇ ਵਿਚਾਰ ਵੀ ਹਾਕੇੱਟ ਨਾਲ ਮਿਲਦੇ ਹਨ । ਗਲੀਸਨ ਸਮੇਂ ਦੀ ਗਤੀ ਦੇ ਪ੍ਰਸੰਗ ਵਿਚ ਭਾਸ਼ਾ ਵਿਚ ਉਪਜੇ ਪਰਿਵਰਤਨਾਂ ਦੇ ਅਧਿਐਨ ਨੂੰ ਇਤਿਹਾਸਿਕ ਭਾਸ਼ਾ-ਵਿਗਿਆਨ ਆਖਦਾ ਹੈ ।[2]

ਇਤਿਹਾਸਿਕ ਭਾਸ਼ਾ-ਵਿਗਿਆਨ ਦੇ ਮਾਹਿਰ **ਲੇਹਮਾਨ** ਨੇ ਇਸ ਵਿਸ਼ੇ ਨੂੰ ਹਰ ਪੱਖੋਂ ਵਿਚਾਰਿਆ ਹੈ ਅਤੇ ਬੜੀ ਡੂੰਘੀ ਘੋਖ ਤੋਂ ਬਾਦ ਸਿਧਾਂਤ ਕਢੇ ਹਨ । ਉਸ ਨੇ ਲਿਖਿਆ ਹੈ ਕਿ 'ਇਤਿਹਾਸਿਕ ਭਾਸ਼ਾ-ਵਿਗਿਆਨ ਵਿਚ ਅਸੀਂ ਦੋ ਕਾਲ-ਬਿੰਦੂਆਂ ਦੇ ਦਰਮਿਆਨ ਪ੍ਰਾਪਤ ਭਾਸ਼ਾ-ਪਰਿਵਰਤਨਾਂ ਦਾ ਅਧਿਐਨ ਕਰਦੇ ਹਾਂ । ਇਸ ਅਧਿਐਨ ਦੇ ਸਿੱਟੇ ਵਜੋਂ ਦੋ ਜਾਂ ਵਧ ਸਥਾਨ-ਬਿੰਦੂਆਂ ਦੇ ਦਰਮਿਆਨ ਪਏ ਫਰਕਾਂ ਦੀ ਵੀ ਘੋਖ ਪੜਤਾਲ ਕਰਦੇ ਹਾਂ ।"[3]

ਦੂਜੇ ਸ਼ਬਦਾਂ ਵਿਚ ਪਹਿਲੇ ਕਾਲਿਕ ਪਰਿਵਰਤਨ ਹਨ ਅਤੇ ਦੂਜੇ ਸਥਾਨਿਕ ਪਰਿਵਰਤਨ ਹਨ । ਇਤਿਹਾਸਿਕ ਭਾਸ਼ਾ-ਵਿਗਿਆਨੀ ਇਨ੍ਹਾਂ ਦੋਹਾਂ ਦੀ ਖੋਜ ਕਰਦਾ ਹੈ ।

---

1. The study of how speech-habits change as time goes by is called *historical or diachronic* linguistics. Hockett,p. 303.
2. ...*Historical Linguistics,* dealing with the changes of languages in time, H. A. Gleason : *An Introduction to Descriptive Linguistics,* p. 11
3. In historical linguistics we study "differences in languages between two points of time. As we investigate flanguages we also find difference between two or more points in space. Winfred P. Lehmann : *Historical Linguistics : An Introduction,* p. 3

ਡਾ. ਤਿਵਾਰੀ ਨੇ ਉਪਰੋਕਤ ਵਿਚਾਰਾਂ ਦਾ ਨਿਚੋੜ ਪੇਸ਼ ਕੀਤਾ ਹੈ ਅਤੇ ਇਸ ਤੋਂ ਇਲਾਵਾ ਇਹ ਵੀ ਕਿਹਾ ਹੈ ਕਿ ਇਤਿਹਾਸਕ ਭਾਸ਼ਾ ਵਿਗਿਆਨ ਵਿਚ ਇਨ੍ਹਾਂ ਇਤਿ-ਹਾਸਿਕ ਪਰਿਵਰਤਨਾਂ ਦੇ ਸਿਧਾਂਤ, ਨਿਯਮ ਤੇ ਕਾਰਣ ਵੀ ਨਿਸ਼ਚਿਤ ਕੀਤੇ ਜਾਂਦੇ ਹਨ।

ਰਾਬਨਿਜ਼ ਨੇ ਇਨ੍ਹਾਂ ਗੱਲਾਂ ਦੀ ਹੋਰ ਵਿਆਖਿਆ ਕਰਕੇ ਇਤਿਹਾਸਿਕ ਭਾਸ਼ਾ-ਵਿਗਿਆਨ ਦੇ ਸੂਰੂਪ, ਖੇਤਰ, ਨਿਯਮ ਤੇ ਸਿਧਾਂਤ ਆਦਿ ਦੀ ਰੂਪ ਰੇਖਾ ਅੰਕਿਤ ਕੀਤੀ ਹੈ। ਸਮੇਂ ਦੇ ਪ੍ਰਵਾਹ ਵਿਚ ਭਾਸ਼ਾ ਦਾ ਜੋ ਵਿਕਾਸ ਹੁੰਦਾ ਹੈ ਉਸ ਦਾ ਅਧਿਐਨ ਹੀ ਇਤਿਹਾਸਿਕ ਭਾਸ਼ਾ-ਵਿਗਿਆਨ ਹੈ: ਇਸ ਵਿਚ ਉਨ੍ਹਾਂ ਤਰੀਕਿਆਂ ਦੀ ਜਿਨ੍ਹਾਂ ਨਾਲ ਜੁਗ-ਜੁਗੰਤਰਾਂ ਵਿਚ ਭਾਸ਼ਾ ਬਦਲਦੀ ਹੈ, ਉਨ੍ਹਾਂ ਕਾਰਣਾਂ ਤੇ ਨਤੀਜਿਆਂ ਦੀ ਜੋ ਇਨ੍ਹਾਂ ਪਰਿਵਰਤਨਾਂ ਤੋਂ ਉਪਜਦੇ ਹਨ ਅਤੇ ਜੋ ਭਾਸ਼ਾ ਦੇ ਅੰਦਰੂਨੀ ਢਾਂਚੇ ਤੇ ਬਹਰੂਨੀ ਵਾਤਾਵਰਣ ਨਾਲ ਸੰਬੰਧਿਤ ਹਨ, ਖੋਜ ਹੁੰਦੀ ਹੈ।[1]

ਭਾਸ਼ਾ-ਵਿਗਿਆਨ ਕੋਸ਼ ਵਿਚ ਸਮੇਂ ਦੇ ਨਾਲ ਪੈਦਾ ਹੋਏ ਵਿਕਾਸ ਦੇ ਨੁਕਤੇ ਤੋਂ ਸ਼ਬਦਾਂ, ਬੋਲਾਂ, ਭਾਸ਼ਾ ਤੇ ਭਾਸ਼ਾ-ਪਰਿਵਰਤਨਾਂ ਦੇ ਅਧਿਐਨ ਨੂੰ ਇਤਿਹਾਸਿਕ ਭਾਸ਼ਾ-ਵਿਗਿਆਨ ਕਿਹਾ ਗਿਆ ਹੈ।[2]

ਸਾਰੰਸ਼ :

ਇਨ੍ਹਾਂ ਕਥਨਾਂ ਦਾ ਸਾਰ ਇਹ ਹੈ ਕਿ ਭਾਸ਼ਾ-ਵਿਗਿਆਨ ਦੀ ਇਤਿਹਾਸਿਕ-ਪ੍ਰਣਾਲੀ ਦੁਆਰਾ ਸਮੇਂ ਅਨੁਸਾਰ ਪੈਦਾ ਹੋਏ ਭਾਸ਼ਾਈ ਅੰਤਰਾਂ ਨੂੰ ਖੋਜਦੇ ਹਾਂ ਅਤੇ ਸਥਾਨ ਦੇ ਭਿੰਨ ਭਿੰਨ ਭਾਸ਼ਾ-ਰੂਪਾਂ ਨੂੰ ਵੀ ਜਾਣ ਸਕਦੇ ਹਾਂ। ਸਥਾਨ ਅਤੇ ਕਾਲ ਦੋਹਾਂ ਪਖਾਂ ਤੋਂ

---

1. Historical Linguistics is the study of the developments in languages in the course of time, of the ways in which languages change from period to period, and of the causes and results of such changes, both outside the languages and within them. R. H. Robins : General Linguistics : An Introductory survey.
2. *Diachronic Linguistics :* (Historical Linguistics). The study of words, speech, language and linguistic changes from the point of view of evolution in the course of time. *Dictionary of Linguistics.*

ਇਤਿਹਾਸਿਕ ਭਾਸ਼ਾ-ਵਿਗਿਆਨ ਚਾਨਣਾ ਪਾਉਂਦਾ ਹੈ। ਇਸ ਪ੍ਰਕਾਰ ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਵਿਧੀ ਦੁਆਰਾ ਦੂਰ-ਦੁਰੇਡੇ ਪਿਛੇ ਦੇ ਭਾਸ਼ਾਈ ਇਤਿਹਾਸ ਨੂੰ ਉਲੀਕਿਆ ਜਾਂਦਾ ਹੈ। ਇਸ ਵਿਚ ਅਲਿਖਤ ਤੇ ਪੂਰਵ-ਇਤਿਹਾਸਿਕ (pre-hirstoric) ਭਾਸ਼ਾਵਾਂ ਦੇ ਸਰੂਪ ਨੂੰ ਜਾਨਣ ਦੀ ਵੀ ਕੋਸ਼ਿਸ਼ ਕੀਤੀ ਜਾਂਦੀ ਹੈ।

ਇਸੇ ਦੁਰੇਡੇ ਕਾਲ-ਪਰਿਪ੍ਰੇਖ (time-perspective) ਨੂੰ ਲੱਭਣ ਲਈ ਜਿਸ ਦਾ ਕੋਈ ਲਿਖਤੀ ਸਬੂਤ ਨਹੀਂ ਹੁੰਦਾ, ਕੁਝ ਕੁ ਵਿਧੀਆਂ ਕਢੀਆਂ ਗਈਆਂ ਹਨ। ਇਨ੍ਹਾਂ ਵਿਚ

1. Internal reconstruction,
2. dialect geography,
3. comparative method,
4. glottochronology,

ਉੱਲੇਖ ਯੋਗ ਹਨ। ਇਹ ਵਿਧੀਆਂ ਲਿਖਤੀ ਤੇ ਅਲਿਖਤੀ ਦੋਹਾਂ ਤਰ੍ਹਾਂ ਦੇ ਭਾਸ਼ਾ-ਰੂਪਾਂ ਨੂੰ ਮੁੜ ਅੰਕਿਤ ਕਰਦੀਆਂ ਹਨ। ਇਸਦੇ ਨਾਲ classification of languages, borrowed vocabulary ਆਦਿ ਪੱਖ ਵੀ ਵਿਚਾਰੇ ਜਾਂਦੇ ਹਨ।

ਭਾਸ਼ਾ ਪਰਿਵਾਰ (language family)

ਇਤਿਹਾਸਿਕ ਭਾਸ਼ਾ ਵਿਗਿਆਨ ਵਿਚ ਭਾਸ਼ਾਵਾਂ ਦੇ ਆਪਸੀ ਸੰਬੰਧਾਂ ਨੂੰ ਜਾਣ ਕੇ ਉਨ੍ਹਾਂ ਦੀਆਂ ਤਰਤੀਬਵਾਰ ਸਮਾਨਤਾਵਾਂ ਅਤੇ ਅਸਮਾਨਤਾਵਾਂ ਨੂੰ ਸਾਹਮਣੇ ਰਖ ਕੇ ਇਕ ਮੂਲ ਤੋਂ ਉਪਜੀਆਂ ਭਾਸ਼ਾਵਾਂ ਦਾ ਵਰਗੀਕਰਣ ਕੀਤਾ ਜਾਂਦਾ ਹੈ। ਮਿਸਾਲ ਵਜੋਂ ਸੰਸਕ੍ਰਿਤ, ਲੈਟਿਨ ਤੇ ਗ੍ਰੀਕ ਦੇ ਰਿਸ਼ਤੇ (relationship) ਨੂੰ ਵਿਗਿਆਨਿਕ ਤੌਰ ਤੇ ਵਾਚ ਕੇ ਇਹ ਸਿੱਧ ਕੀਤਾ ਜਾਂਦਾ ਹੈ ਕਿ ਇਨ੍ਹਾਂ ਤਿੰਨਾਂ ਭਾਸ਼ਾਵਾਂ ਦੀ ਜੜ ਕੋਈ ਇਕ ਸਾਂਝੀ ਭਾਸ਼ਾ ਹੋ ਸਕਦੀ ਹੈ। ਇਸ ਧਾਰਣਾ (assumption) ਨੇ ਭਾਸ਼ਾ-ਵਿਗਿਆਨੀਆਂ ਦੇ ਸਾਹਮਣੇ ਹਿੰਦ-ਯੂਰਪੀ Indo-Europian Language (ਭਾਰੋਪੀਯ) ਦੀ ਰੂਪ ਰੇਖਾ ਸਥਾਪਿਤ ਕਰ ਦਿਤੀ। ਇਸੇ ਤਰ੍ਹਾਂ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਇਤਿਹਾਸਿਕ ਅਧਿਐਨ ਤੋਂ ਸਾਨੂੰ ਇਨ੍ਹਾਂ ਸਾਰਿਆਂ ਦੀ ਇਕ ਮੂਲ ਭਾਸ਼ਾ ਦਾ ਪਤਾ ਲਗਦਾ ਹੈ ਜਿਹੜੀ ਵੈਦਿਕ-ਪ੍ਰਾਕ੍ਰਿਤ ਹੈ। ਇਸ ਤਰ੍ਹਾਂ ਫ੍ਰੈਂਚ, ਇਟੈਲੀਅਨ, ਸਪੈਨਿਸ਼, ਪੁਰਤਗਾਲੀ, ਰੋਮਾਨੀਅਨ ਦੇ ਵਿਗਿਆਨਿਕ ਅਧਿਐਨ ਤੋਂ ਉਨ੍ਹਾਂ ਦੇ ਇਕ ਭਾਸ਼ਾ-ਪਰਿਵਾਰ ਦੀ ਕਲਪਨਾ ਕੀਤੀ ਜਾ ਸਕਦੀ ਹੈ। ਇਸ ਵਿਚ ਤੁਲਨਾਤਮਕ ਭਾਸ਼ਾ-ਵਿਗਿਆਨ ਤੋਂ ਵੀ ਸਹਾਇਤਾ ਲੈਣੀ ਪੈਂਦੀ ਹੈ।

ਜ਼ਿੰਦਗੀ ਦੀ ਰੌ ਵਿਚ ਪੈਦਾ ਹੋਏ ਕਰਮ-ਪ੍ਰਤਿਕਰਮਾਂ ਦਾ ਭਾਸ਼ਾ ਉਤੇ ਅਸਰ ਪੈਣਾ ਲਾਜ਼ਮੀ ਹੈ। ਭਿੰਨ ੨ ਭਾਸ਼ਾ ਵਾਲੇ ਜਦੋਂ ਸੰਪਰਕ ਵਿਚ ਆਉਂਦੇ ਹਨ ਤਾਂ ਭਿੰਨ-ਪਰਿਵਾਰਿਕ ਭਾਸ਼ਾਵਾਂ ਦੇ ਸ਼ਬਦਾਂ ਦਾ ਆਪੋ ਵਿਚ ਲੈਣ-ਦੇਣ ਹੁੰਦਾ ਰਹਿੰਦਾ ਹੈ। ਨਤੀਜਾ ਇਹ ਹੈ ਕਿ ਬਗਾਨੀ ਭਾਸ਼ਾ ਦੇ ਅਜਿਹੇ ਸ਼ਬਦ ਇਸ ਤਰ੍ਹਾਂ ਇਕ-ਜਾਨ ਹੋ ਜਾਂਦੇ ਹਨ ਕਿ ਉਨ੍ਹਾਂ ਦੀ ਓਪਰੀ ਰੂਪ ਰੇਖਾ ਓਪਰੀ ਨਹੀਂ ਰਹਿੰਦੀ। ਇਤਿਹਾਸਿਕ ਭਾਸ਼ਾ-ਵਿਗਿਆਨੀ ਇਨ੍ਹਾਂ ਉਧਾਰੇ ਲਏ ਸਾਰਿਆਂ ਭਾਸ਼ਾ-ਤੱਤਾਂ ਦਾ ਵਿਸ਼ਲੇਸ਼ਣ ਕਰਕੇ ਪਰਸਪਰ ਪ੍ਰਭਾਵਾਂ ਦੀ ਖੋਜ ਕਰਦਾ ਹੈ। ਇਹ ਇਕ ਮਹਤ੍ਵ-ਪੂਰਣ ਕਾਰਜ ਹੈ। ਇਸ ਸੰਬੰਧ ਵਿਚ Lehmann ਦਾ ਇਹ ਕਥਨ ਵੇਖਣ-ਯੋਗ ਹੈ: "ਉਧਾਰੇ ਲਈ ਸ਼ਬਦਾਂ ਦੀ ਅਤੇ ਉਨ੍ਹਾਂ ਸ਼ਬਦਾਂ ਦਾ ਦੂਜੀਆਂ ਭਾਸ਼ਾਵਾਂ ਤੇ ਬੋਲੀਆਂ ਵਿਚ ਰਲਗੱਡ ਹੋਕੇ ਤਿਆਰ ਕੀਤੇ ਪ੍ਰਭਾਵਾਂ ਆਦਿ ਦੀ ਖੋਜ-ਪੜਤਾਲ ਕਰਨੀ ਇਤਿਹਾਸਿਕ ਭਾਸ਼ਾ ਵਿਗਿਆਨੀ ਦਾ ਜ਼ਰੂਰੀ ਕੰਮ ਹੈ।[1]

ਆਂਤਰਿਕ ਪੁਨਰ-ਨਿਰਮਾਣ (Internal reconstruction)

ਕਿਸੇ ਜੀਵੰਤ ਭਾਸ਼ਾ ਦੇ ਵਖੋ ਵਖਰੇ ਅੰਗਾਂ ਅਤੇ ਤੱਤਾਂ ਨੂੰ ਲੈ ਕੇ ਉਸ ਦੀਆਂ ਮੂਲ ਜਾਂ ਪੂਰਵ-ਭਾਸ਼ਾਵਾਂ ਦਾ ਰੂਪ ਨਿਸ਼ਚਿਤ ਕੀਤਾ ਜਾਂਦਾ ਹੈ। ਇਸ ਕੰਮ ਲਈ ਖੋਜਕਾਰ ਮਿਲਦੀਆਂ ਜੁਲਦੀਆਂ ਭਾਸ਼ਾਵਾਂ ਦੇ ਕਿਸੇ ਇਕ ਸ਼ਬਦ ਵਰਗ ਨੂੰ ਤੁਲਨਾਤਮਕ ਦ੍ਰਿਸ਼ਟੀ ਨਾਲ ਵਿਚਾਰਦਾ ਹੈ। ਜਿਹੜੇ ਤੱਤ ਜ਼ਿਆਦਾ ਮਿਲਦੇ ਹਨ ਉਨ੍ਹਾਂ ਨੂੰ ਉਹ ਮੂਲ ਭਾਸ਼ਾ ਦਾ ਰੂਪ ਸਮਝਦਾ ਹੈ। ਮਿਸਾਲ ਵਜੋਂ ਪੰਜਾਬੀ ਸ਼ਬਦ **ਧਰਮ**, ਹਿੰਦੀ **ਧਰ੍ਮ**, ਬੰਗਾਲੀ **ਧਰ੍ਮ**, ਪਾਲੀ **ਧਮ੍ਮ** ਆਦਿ ਸ਼ਕਲਾਂ ਵਿਚ ਮਿਲਦਾ ਹੈ। ਇਨ੍ਹਾਂ ਉਦਾਹਰਣਾਂ ਤੋਂ ਅਸੀਂ ਇਸ ਨਤੀਜੇ ਤੇ ਅਪੜਦੇ ਹਾਂ ਕਿ ਇਨ੍ਹਾਂ ਸਾਰਿਆਂ ਦਾ ਮੂਲ "**ਧਰਮ**" ਸ਼ਬਦ ਰਿਹਾ ਹੋਵੇਗਾ। ਇਸ ਪ੍ਰਣਾਲੀ ਦੇ ਸਹਾਰੇ ਅਸੀਂ ਕਿਸੇ ਵੀ ਅਲਿਖਿਤ, ਅਸਾਹਿਤਿਕ, ਅਗਿਆਤ ਅਤੇ ਕਿਸੇ ਦੂਰ ਜ਼ਮਾਨੇ ਵਿਚ ਹੋ ਗੁਜ਼ਰੀ ਭਾਸ਼ਾ ਦਾ ਸਰੂਪ ਜਾਣ ਸਕਦੇ ਹਾਂ।

ਆਂਤਰਿਕ ਪੁਨਰ-ਨਿਰਮਾਣ ਦੀ ਤਕਨੀਕ (technique) ਕਿਸੇ ਇਕੋ-ਭਾਸ਼ਾ ਦੇ ਵਿਕਾਸ ਦੇ ਇਕੋ ਹੀ ਪੜਾ ਦੇ ਵੇਰਵੇ ਨੂੰ ਹਾਸਲ ਕਰਨ ਲਈ ਵਰਤੀ ਜਾਂਦੀ ਹੈ। ਇਸ ਪ੍ਰਵਿਧੀ ਪਿਛੇ ਬੁਨਿਆਦੀ ਖਿਆਲ ਇਹ ਹੈ ਕਿ ਭਾਸ਼ਾ ਦੇ ਲੰਮੇ ਇਤਿਹਾਸ ਵਿਚ ਕੁਝ

1. Investigation of borrowings in languages, of the interplay between dialect and languages, and of the effects of one language on other is an important task of historical linguistics. p. 4

ਅਜੇਹੀਆਂ ਘਟਨਾਵਾਂ ਵਾਪਰਦੀਆਂ ਹਨ ਜਿਨ੍ਹਾਂ ਦੀਆਂ ਪ੍ਰਤੱਖ ਨਿਸ਼ਾਨੀਆਂ ਉਸ ਭਾਸ਼ਾ ਦੀ ਸੰਰਚਨਾ ਵਿਚ ਮੌਜੂਦ ਰਹਿੰਦੀਆਂ ਹਨ। ਉਨ੍ਹਾਂ ਨਿਸ਼ਾਨੀਆਂ ਦੀ ਓਟ ਲੈ ਕੇ ਉਸ ਭਾਸ਼ਾ ਵਿਚ ਬੀਤੀਆਂ ਉਨਤ ਹੋਣੀਆਂ ਦਾ ਕਿਆਸ ਕੀਤਾ ਜਾ ਸਕਦਾ ਹੈ ਜਿਹੜੀਆਂ ਕਿ ਇਨ੍ਹਾਂ ਲਈ ਜ਼ਿੰਮੇਵਾਰ ਹਨ।[1] Henry M. Hoenigswald ਨੇ ਕਿਹਾ ਹੈ ਕਿ 'ਪੁਨਰ-ਉਸਾਰੀ' ਉਹ ਵਿਧੀ ਹੈ ਜਿਸ ਵਿਚ ਮਗਰਲੇ ਪ੍ਰਮਾਣਾਂ ਦੀ ਮਦਦ ਨਾਲ ਭਾਸ਼ਾ ਦੇ ਬੀਤੇ ਹੋਏ ਰੂਪ-ਤੱਤਾਂ ਦੀ ਧੁਨੀਗ੍ਰਾਮੀ ਸ਼ਕਲ ਮੁੜ ਲੱਭੀ ਜਾਂਦੀ ਹੈ।[2]

ਉਪਭਾਸ਼ਾ ਭੂਗੋਲ (Dialect geography)

ਉਪਭਾਸ਼ਾ ਦੀਆਂ ਸਥਿਤੀਆਂ ਅਤੇ ਭੂਗੋਲਿਕ ਹਦਬੰਨੇ ਨਿਸਚਿਤ ਕਰਨ ਦਾ ਜਿਹੜਾ ਵਿਗਿਆਨਿਕ ਢੰਗ ਅਪਣਾਇਆ ਜਾਂਦਾ ਹੈ ਉਸ ਨੂੰ dialect geography ਦਾ ਨਾਂ ਦਿਤਾ ਜਾਂਦਾ ਹੈ ਇਸ ਵਿਚ ਕਿਸੇ ਇਕ ਸ਼ਬਦ ਦੇ ਪ੍ਰਚਲਨ (currency), ਉਸਦੇ ਭਿੰਨ ਉੱਚਾਰਣ, ਉਸਦੀਆਂ ਵਿਭਿੰਨ ਅਰਥ-ਛਬੀਆਂ (shades of meaning) ਆਦਿਕ ਅੰਗਾਂ ਨੂੰ ਨਿਸਚਿਤ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਆਧਾਰਾਂ ਨੂੰ ਮੁਖ ਰਖ ਕੇ ਉਪ-ਭਾਸ਼ਾਵਾਂ ਦੀ ਭੂਗੋਲਿਕ ਸਥਿਤੀ ਨਿਯਤ ਕਰ ਲਈ ਜਾਂਦੀ ਹੈ। 1933 ਵਿਚ Bloomfield ਨੇ ਆਪਣੀ ਕਿਤਾਬ 'Language' ਵਿਚ ਇਸ ਪਾਸੇ ਵਲ ਸਭ ਤੋਂ ਪਹਿਲਾਂ ਧਿਆਨ ਦਿਤਾ ਸੀ।

---

1. The technique of *internal reconstruction* is applied to descriptive information about a single language at a single stage of its development...The fundamental assumption is that some events in the history of a language leave discernible traces in its design, so that by finding these traces one can draw inferences as to the earlier incidents which are responsible for them. *A Course in Modern Lingiustics,* Hockett. p. 463.

2. "Reconstruction" in historical linguistics refers traditionally to procedures wherebv the phonetic shape of morphs is recovered from later evidence. *Linguistic change & Linguistic Reconstruction,* p. 68.

ਆਧੁਨਿਕ ਭਾਸ਼ਾ-ਵਿਗਿਆਨ ਵਿਚ ਉਪਭਾਸ਼ਾ-ਭੂਗੋਲ ਪ੍ਰਣਾਲੀ ਉਤੇ ਇਕ ਖਾਸ ਧਿਆਨ ਦਿਤਾ ਗਿਆ ਹੈ। ਇਹ ਆਪਣੇ ਆਪ ਹੀ ਇਕ ਸੁਤੰਤਰ ਵਿਗਿਆਨ ਦੀ ਸ਼ਕਲ ਇਖਤਿਆਰ ਕਰ ਚੁਕਾ ਹੈ। ਇਸ ਲਈ ਇਸ ਸਾਰੇ ਵਿਗਿਆਨਿਕ ਉਪਭਾਸ਼ਾਈ ਅਧਿਐਨ ਦਾ ਨਾਂ dialectology ਰਖਿਆ ਗਿਆ ਹੈ। ਇਸ ਵਿਚ dialect mapping ਜਾਂ dialect atlas ਵੀ ਤਿਆਰ ਕੀਤੇ ਜਾਂਦੇ ਹਨ। ਇਕ ਸ਼ਬਦ ਦਾ ਇਕੋ ਉਪਭਾਸ਼ਾ ਜਾਂ ਇਕ ਭਾਸ਼ਾ ਅੰਦ੦ ਧੁਨੀ-ਉਚਾਰਣ ਜਾਂ ਰੂਪ ਦਾ ਕੀ ਕੀ ਫ਼ਰਕ ਹੈ ਇਸ ਨੂੰ ਭਾਸ਼ਾ ਦੇ ਭੂਗੋਲਿਕ ਖੇਤਰ ਦੇ ਅਨੁਸਾਰ ਨਕਸ਼ਿਆਂ ਰਾਹੀਂ ਸਹੀ ਤੌਰ ਤੇ ਅੰਕਿਤ ਕਰਨ ਦਾ ਯਤਨ ਕੀਤਾ ਜਾਂਦਾ ਹੈ।

ਇਸ ਮਨੋਰਥ ਲਈ ਭਾਸ਼ਾ-ਰੇਖਾਵਾਂ ਵੀ ਖਿੱਚੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ 'isoglosses' ਕਿਹਾ ਜਾਂਦਾ ਹੈ। ਇਕ ਸ਼ਬਦ ਕਿਸੇ ਭੂਗੋਲਿਕ ਭਾਸ਼ਾ-ਖੇਤਰ ਅੰਦਰ ਇਕੋ ਰੂਪ ਵਿਚ ਜਿਸ ਘੇਰੇ ਵਿਚ ਬੋਲਿਆ ਜਾਂਦਾ ਹੈ ਉਸਨੂੰ ਰੇਖਾਵਾਂ ਦੁਆਰਾ ਉਲੀਕਣਾ dialectology ਦਾ ਜ਼ਰੂਰੀ ਅੰਗ ਹੈ। ਇਨ੍ਹਾਂ ਭਾਸ਼ਾ-ਰੇਖਾਵਾਂ ਦਾ ਆਧਾਰ ਨਵਾਂ **'ਲਹਿਰ ਸਿਧਾਂਤ'** (Wave theory) ਹੈ। ਪਹਿਲਾ **ਭਾਸ਼ਾਬੰਸ-ਸਿਧਾਂਤ** ਸੀ। ਲਹਿਰ ਸਿਧਾਂਤ ਅਨੁਸਾਰ ਸ਼ਬਦਾਂ ਦੇ ਭਿੰਨ ਭਿੰਨ ਉੱਚਾਰਣ ਦੇ ਫ਼ਰਕ ਬੰਸ ਵਾਂਗੂ ਅਗੇ ਤੋਂ ਅਗੇ ਨਹੀਂ ਵਿਕਸਿਤ ਹੁੰਦੇ ਸਗੋਂ, ਇਕੋ ਸਮੇਂ ਇਕੋ ਖੇਤਰ ਵਿਚ, ਭਿੰਨ ਭਿੰਨ ਹੋ ਕੇ interplay ਦੀ ਸ਼ਕਲ ਵਿਚ ਲਹਿਰਾਂ ਵਾਂਗੂ ਵਿਕਸਿਤ ਹੁੰਦੇ ਹਨ।

ਭਾਸ਼ਾ-ਕਾਲ ਵਿਗਿਆਨ (glottochronology)

ਇਨ੍ਹਾਂ ਵਿਚਾਰਕਾਂ ਵਿਚ ਇਸ ਗੱਲ ਦਾ ਸੁਝਾਉ ਪੇਸ਼ ਕੀਤਾ ਗਿਆ ਹੈ ਕਿ ਸਾਡੀ ਸ਼ਬਦਾਵਲੀ ਦੇ ਨਿਕੇ ਨਿਕੇ ਖੰਡ (segmets) ਹਰ ਰੋਜ਼ ਇਕ ਨਿਸ਼ਚਿਤ ਦਰ (rate) ਅਨੁਸਾਰ ਬਦਲਦੇ ਰਹਿੰਦੇ ਹਨ ਅਤੇ ਜਿਹੜੇ ਸ਼ਬਦ ਵੀ ਸਾਡੀਆਂ ਭਾਸ਼ਾਵਾਂ ਵਿਚ ਸਥਿਰ ਰਹਿੰਦੇ ਹਨ ਉਨ੍ਹਾਂ ਦਾ ਮੌਕੇ ਮੁਤਾਬਕ ਉਪਯੋਗ ਕਰਕੇ ਉਸ ਭਾਸ਼ਾ ਦੇ ਅਤੇ ਉਸ ਦੀਆਂ ਗੁਆਂਢੀ ਭਾਸ਼ਾਵਾਂ ਦੇ ਵਿਕਾਸ ਦਾ "ਕਾਲ" ਨਿਸ਼ਚਿਤ ਕੀਤਾ ਜਾ ਸਕਦਾ ਹੈ, ਠੀਕ ਉਵੇਂ ਹੀ ਜਿਵੇਂ ਇਸ ਧਰਤੀ ਦੀ ਉਮਰ ਦਾ ਸਮਾਂ ਮਾਪਨ ਲਈ radio-active decay ਦੀ ਵਿਧੀ ਅਪਣਾਈ ਜਾਂਦੀ ਹੈ[2]।

---

1. ਇਸ ਨੂੰ Lexico-statistics ਵੀ ਆਖਿਆ ਜਾਂਦਾ ਹੈ।
2. Lehmann, p. 11

ਹਾਕੇਟ[1] ਨੇ ਭਾਸ਼ਾ-ਕਾਲ ਵਿਗਿਆਨ ਨੂੰ ਹਿਸਾਬ ਦੀ ਵਿਧੀ ਨਾਲ ਸਮਝਾਉਣ ਦੀ ਸ਼ਲਾਘਾਯੋਗ ਚੇਸ਼ਟਾ ਕੀਤੀ ਹੈ। ਉਸ ਨੇ ਲਿਖਿਆ ਹੈ ਕਿ ਕਾਲ-ਨਿਰਧਾਰਣ (dating) ਦੇ ਦੋ ਢੰਗ ਹਨ, ਇਕ ਮੀਟ੍ਰਿਕ (metric) ਤੇ ਦੂਜਾ ਸਥਾਨ-ਵਿਗਿਆਨਿਕ (topological)। ਦੋ ਘਟਨਾਵਾਂ ਜਾਂ ਪਰਿਸਥਿਤੀਆਂ ਦੇ ਦਰਮਿਆਨੀ ਸਮੇਂ ਨੂੰ ਮੀਟ੍ਰਿਕ ਆਖਿਆ ਜਾਂਦਾ ਹੈ ਅਤੇ ਘਟਨਾਵਾਂ ਤੋਂ ਪਹਿਲਾਂ ਜਾਂ ਪਿਛੋਂ ਦਾ ਵਰਣਨ topological ਹੈ।

ਇਨ੍ਹਾਂ ਦੋਹਾਂ ਢੰਗਾਂ ਨਾਲ ਅਸੀਂ ਭਾਸ਼ਾ ਅਤੇ ਉਹਦੇ ਸ਼ਬਦਾਂ ਦੇ ਇਤਿਹਾਸਿਕ ਕਾਲ ਨੂੰ ਮਾਪ ਸਕਦੇ ਹਾਂ। ਪਰ ਮੀਟ੍ਰਿਕ ਪ੍ਰਣਾਲੀ ਵਧ ਸਾਇੰਟੀਫਿਕ ਹੈ। ਮਿਸਾਲ ਵਜੋਂ ਜੇ ਇਹ ਆਖਿਆ ਜਾਵੇ ਕਿ Proto-Germanic ਭਾਸ਼ਾ, ਸੰਭਵ ਹੈ,500 ਪੂਰਵ-ਈਸਵੀ ਵਿਚ ਜਾਂ 1100 BC ਤੋਂ ਲੈ ਕੇ 100 BC ਤਕ ਬੋਲੀ ਜਾਂਦੀ ਸੀ। ਇਹ ਕਹਿਣਾ ਇਸ ਨਾਲੋਂ ਵਧੇਰੇ ਢੁਕਵਾਂ ਹੈ ਕਿ Proto-germanic ਭਾਸ਼ਾ, Proto-Indo-European ਭਾਸ਼ਾ ਨਾਲੋਂ ਪਿਛੋਂ ਅਤੇ Gothic ਨਾਲੋਂ ਪਹਿਲਾਂ ਬੋਲੀ ਜਾਂਦੀ ਸੀ।

ਭਾਸ਼ਾ-ਕਾਲ-ਵਿਗਿਆਨ ਵਿਚ ਮੁੱਖ ਆਧਾਰ **'ਬੁਨਿਅ ਦੀ ਸ਼ਬਦਾਵਲੀ'** (basic vocabulary) ਦਾ ਨਿਸਚਾ ਕਰਨਾ ਹੈ। ਮਨੁੱਖੀ ਵਰਗਾਂ ਵਿਚ ਕੁਝ ਅਜੇਹੀਆਂ ਵਸਤੂਆਂ ਤੇ ਹਾਲਤਾਂ ਹੁੰਦੀਆਂ ਹਨ ਜਿਨ੍ਹਾਂ ਲਈ ਹਰ ਭਾਸ਼ਾ ਵਿਚ ਆਪੋ ਆਪਣੇ ਸਬਦ ਜ਼ਰੂਰ ਹੁੰਦੇ ਹਨ। ਇਹ ਸਰਬ-ਸਥਾਨੀ, ਤੇ ਸਰਬ-ਕਾਲੀ ਘਟਨਾਵਾਂ ਤੇ ਵਸਤੂਆਂ ਵਾਲੇ ਸ਼ਬਦਾਂ ਨਾਲ ਬੁਨਿਆਦੀ ਸ਼ਬਦਾਵਲੀ ਬਣਦੀ ਹੈ।

ਪਰ ਜਿਵੇਂ ਵਕਤ ਗੁਜ਼ਰਦਾ ਹੈ ਇਨ੍ਹਾਂ ਸਬਦਾਂ ਦੀ ਥਾਂ ਹੋਰ ਸ਼ਬਦ ਆ ਜਾਂਦੇ ਹਨ। ਇਸ ਤਬਦੀਲੀ (Replacement) ਦੀ ਪ੍ਰਤੀ ਹਜ਼ਾਰ ਜਾਂ ਪ੍ਰਤੀ ਸੌ ਵਰ੍ਹਿਆਂ ਦੀ ਪਰਿਵਰਤਨ ਦਰ ਨੂੰ ਮੁਖ ਰਖਕੇ ਬਚਦੇ ਸਬਦਾਂ ਦਾ ਸਮਾਂ ਮਿਥਿਆ ਜਾਂਦਾ ਹੈ। ਪਰ ਇਸ ਵਿਚ ਕਾਫੀ ਔਖਿਆਈਆਂ ਹਨ। 1952 ਵਿਚ Swadesh ਤੇ 1953 ਵਿਚ Lees ਨੇ ਇਸ ਵਿਧੀ ਨੂੰ ਪ੍ਰਫੁਲਿਤ ਕੀਤਾ ਸੀ। 1955 ਵਿਚ Gleason ਨੇ ਗਣਿਤ ਦੀ ਗਿਣਤੀ ਨਾਲ ਇਸ ਸਮਸਿਆ ਨੂੰ ਦਿਲਚਸਪ ਬਣਾਉਣ ਦਾ ਯਤਨ ਕੀਤਾ ਹੈ।

Glottochronology ਅਜੇ ਇਕ ਪ੍ਰਯੋਗ ਹੈ। ਪਰ ਇਹ ਵਿਧੀ ਹੋਣੀਆਂ ਭਰਪੂਰ ਹੈ। ਹਾਕੇਟ ਨੇ ਖੁਦ ਲਿਖਿਆ ਹੈ :

---

1. ਵੇਖੋ *A Conise in Modarn Lingivistics*, pp. 256–535.

"Glottochronology is quite new, and not yet fully reliable, but it holds great promise" (p. 461)

1963 ਵਿਚ ਛਪੀ ਹੰਗਰੀ ਦੇ Istvan Godor ਦੀ ਪੁਸਤਕ "The rate of Linguistic change" (pp. 9-10) ਵਿਚ ਅਮਰੀਕੀ ਵਿਧੀ glotto chronology ਦਾ ਖੰਡਨ ਕੀਤਾ ਹੈ। ਉਸ ਦੇ ਲਿਖਿਆ ਹੈ ਕਿ ਅਮਰੀਕੀ ਭਾਸ਼ਾ ਵਿਗਿਆਨੀਆਂ ਨੇ ਪਿਛਲੇ ਦਹਾਕਿਆਂ ਵਿਚ ਭਾਸ਼ਾ ਕਾਲ-ਵਿਗਿਆਨ ਦੇ ਮਾਧਿਅਮ ਦੁਆਰਾ ਭਾਸ਼ਾਵਾਂ ਦੇ ਇਤਿਹਾਸ ਕਾਲ ਨੂੰ ਮਾਪਣ ਲਈ ਇਹ ਵਿਧੀ ਕੱਢਣ ਦੀ ਕੋਸ਼ਿਸ਼ ਕੀਤੀ ਹੈ। ਪਰੰਤੂ ਇਹ ਵਿਧੀ ਸਰਾਸਰ ਅਸਫ਼ਲ ਹੋਈ ਹੈ ਕਿਉਂਕਿ ਭਾਸ਼ਾ ਦਾ ਪਰਿਵਰਤਨ ਹਰ ਸਮੇਂ ਇਕੋ ਰੇਟ (ਦਰ) ਨਾਲ ਨਹੀਂ ਹੁੰਦਾ। ਨਾਲੇ ਉਸ ਸ਼ਬਦਾਵਲੀ ਬਾਰੇ ਜਿਸ ਨੂੰ ਆਪੇ ਵਿਚ ਤੁਲਨਾਉਂਦੇ ਹਨ, ਉਨ੍ਹਾਂ ਦੀ ਭਾਸ਼ਾਗਤ ਪਛਾਣ ਦਾ ਭੁਲੇਖਾ ਬਣਿਆ ਰਹਿੰਦਾ ਹੈ। ਇਸ ਲਈ ਉਸ ਦੇ ਸਾਥੀ Chretien (1962) ਨੇ ਐਲਾਨ ਕੀਤਾ ਹੈ :

"All results of glottochronology till now are illusory" ਇਸ ਲਈ Fodor ਨੇ ਭਾਸ਼ਾ ਕਾਲ ਤੇ ਪਰਿਵਰਤਨ ਨਿਸ਼ਚਿਤ ਕਰਨ ਲਈ ਇਕ ਨਵੀਂ ਵਿਧੀ ਪੇਸ਼ ਕੀਤੀ ਹੈ ਉਹ ਹੈ ਗਣਿਤ ਵਿਧੀ (Mathematical Method) ਜਿਸ ਦਾ ਉਸ ਨੇ ਉਕਤ ਪੁਸਤਕ ਵਿਚ ਵਰਣਨ ਕਰਨ ਦਾ ਯਤਨ ਕੀਤਾ ਹੈ। ਆਧੁਨਿਕ ਵਿਵਰਣਾਤਮਕ ਭਾਸ਼ਾ ਵਿਗਿਆਨ ਦੇ ਯੁਗ ਵਿਚ ਇਤਿਹਾਸਿਕ ਭਾਸ਼ਾ-ਵਿਗਿਆਨ ਪ੍ਰਤੀ ਕਈ ਵਿਦਵਾਨਾਂ ਨੂੰ ਸ਼ੰਕਾਵਾਂ ਹਨ। ਫਿਰ ਵੀ ਹੋਰ ਕਈ ਵਿਦਵਾਨ ਇਤਿਹਾਸਿਕ ਭਾਸ਼ਾ ਵਿਗਿਆਨ ਦੀ ਉਪਯੋਗਤਾ ਦੇ ਕਾਇਲ ਹਨ।

ਇਤਿਹਾਸਿਕ ਭਾਸ਼ਾ ਵਿਗਿਆਨ ਦੀ ਮਹੱਤਾ

ਡਾ. A. M. Ghatage ਨੇ ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਵਿਗਿਆਨਿਕਤਾ ਬਾਰੇ ਭਰਪੂਰ ਵਿਚਾਰ ਕਰਨ ਤੋਂ ਉਪਰੰਤ ਬੜੇ ਵਿਸ਼ਵਾਸ ਨਾਲ ਲਿਖਿਆ ਹੈ ਕਿ ਇਤਿਹਾਸਿਕ ਭਾਸ਼ਾ-ਵਿਗਿਆਨ ਏਨਾ ਹੀ ਵਿਗਿਆਨਿਕ ਹੈ, ਭਾਸ਼ਾ-ਵਿਗਿਆਨ ਦੀਆਂ ਜਿਨੀਆਂ ਹੋਰ ਸ਼ਾਖਾਵਾਂ ਹਨ। ਇਤਿਹਾਸਿਕ ਭਾਸ਼ਾ ਵਿਗਿਆਨ ਭਾਸ਼ਾਵਾਂ ਦੇ ਵਿਸ਼ੇਸ਼ ਤਥਾਂ (facts) ਉਤੇ ਅਧਾਰਿਤ ਹੈ ਅਤੇ ਇਨ੍ਹਾਂ ਵਿਸ਼ੇਸ਼ ਤੱਥਾਂ ਤੋਂ ਹੀ ਇਤਿਹਾਸਿਕ ਪ੍ਰਮਾਣਿਕਤਾ (validity) ਪ੍ਰਾਪਤ ਕਰਦਾ ਹੈ। ਹੋਰ ਗੱਲਾਂ ਤੋਂ ਇਲਾਵਾ, ਇਤਿਹਾਸਿਕ ਭਾਸ਼ਾ-ਵਿਗਿਆਨ ਕਿਸੇ ਭਾਸ਼ਾ ਪਰਿਵਾਰ ਦੇ ਇਤਿਹਾਸਿਕ ਖੇਤਰ ਨੂੰ ਵਧਾਉਣ ਲਈ ਤੁਲਨਾਤਮਕ ਪੱਧਤੀ ਦਾ ਵੀ ਉਪਯੋਗ ਕਰਦਾ ਹੈ ਜਿਥੇ ਲਿਖਤੀ ਸਬੂਤ ਸੁਲੱਭ ਨਾ ਹੋਣ। ਇਤਿਹਾਸਿਕ

ਪ੍ਰਣਾਲੀ ਭਾਸ਼ਾਵਾਂ ਦੀ ਨਿਯਮਿਤ ਪ੍ਰਕ੍ਰਿਤੀ ਅਤੇ ਸਮੇਂ ਦੇ ਬੀਤਣ ਨਾਲ ਪਰਿਵਰਤਨ ਦੀ ਜੋ ਗਤੀ ਹੈ ਉਸ ਉਤੇ ਨਿਰਭਰ ਹੈ। ਇਸ ਯਤਨ ਵਿਚ ਇਹ ਪ੍ਰਣਾਲੀ ਪੂਰੀ ਭਾਂਤ ਵਿਗਿਆਨਿਕ ਪ੍ਰਣਾਲੀ ਦੀ ਵਰਤੋਂ ਕਰਦੀ ਹੈ ਅਤੇ ਅਜੇਹੇ ਸਿਟਿਆਂ (results) ਤੇ ਪਹੁੰਚਦੀ ਹੈ ਜੋ ਯਥਾਰਥ ਤੇ ਸੁਨਿਸ਼ਚਿਤ ਹੋਣ ਦੀ ਪੂਰੀ ਸੰਭਾਵਨਾ ਰਖਦੇ ਹਨ।

ਇਤਿਹਾਸਿਕ ਭਾਸ਼ਾ-ਵਿਗਿਆਨ ਦੀਆਂ ਖ਼ੂਬੀਆਂ ਤੇ ਖਾਮੀਆਂ ਦੀ ਜੜ ਦਰਅਸਲ ਭਾਸ਼ਾਈ ਸਾਮਗ੍ਰੀ ਦਾ ਜਿਸ ਨਾਲ ਇਸ ਦਾ ਵਾਸਤਾ ਪੈਂਦਾ ਹੈ, ਸਮਾਜਿਕ ਪਹਿਲੂ ਹੈ। ਜੋ ਖੁਦ ਇਤਿਹਾਸ ਦੇ ਅਧਿਐਨ ਵਿਚ ਕਮੀਆਂ ਤੇ ਪ੍ਰਾਪਤੀਆਂ ਹਨ, ਉਹ ਭਾਸ਼ਾ-ਵਿਗਿਆਨ ਦੀ ਇਤਿਹਾਸਿਕ ਪ੍ਰਣਾਲੀ ਵਿਚ ਆਉਣੀਆਂ ਸੁਭਾਵਿਕ ਹਨ।[1]

ਤੁਲਨਾਤਮਕ ਭਾਸ਼ਾ-ਵਿਗਿਆਨ (Comparative Linguistics)

ਭਾਸ਼ਾ-ਵਿਗਿਆਨ ਦਾ ਇਹ ਦੂਜਾ ਪ੍ਰਕਾਰ ਹੈ। ਅਸਲ ਵਿਚ ਤੁਲਨਾਤਮਕ ਭਾਸ਼ਾ-ਵਿਗਿਆਨ, ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਮੁੱਖ ਸਹਾਇਕ ਵਿਧੀ ਹੈ। ਇਸ ਤੋਂ ਬਿਨਾਂ ਇਤਿਹਾਸਿਕ ਭਾਸ਼ਾ-ਵਿਗਿਆਨ ਦੀਆਂ ਪ੍ਰਾਪਤੀਆਂ ਸੰਭਵ ਨਹੀਂ। ਇਸ ਲਈ ਜਦੋਂ ਇਤਿਹਾਸਿਕ ਭਾਸ਼ਾ-ਵਿਗਿਆਨ ਦਾ ਜ਼ਿਕਰ ਆਉਂਦਾ ਹੈ ਤਾਂ ਤੁਲਨਾਤਮਕ ਭਾਸ਼ਾ ਵਿਗਿਆਨ ਦਾ ਜ਼ਿਕਰ ਸੁਤੇ ਸਿਧ ਆ ਜਾਂਦਾ ਹੈ। ਇਨ੍ਹਾਂ ਅਰਥਾਂ ਵਿਚ ਇਹ ਦੋਵੇਂ ਪ੍ਰਕਾਰ ਇਕ ਦੂਜੇ ਤੇ ਨਿਰਭਰ ਹਨ।

ਗਲੀਸਨ ਨੇ ਇਕ ਮੂਲ ਤੋਂ ਉਪਜੀਆਂ (ਸਮ-ਮੂਲਕ) ਭਾਸ਼ਾਵਾਂ ਦੇ ਸੰਬੰਧਾਂ ਦੇ ਅਧਿਐਨ ਨੂੰ ਤੁਲਨਾਤਮਕ ਭਾਸ਼ਾ-ਵਿਗਿਆਨ ਆਖਿਆ ਹੈ[2]। "ਭਾਸ਼ਾ-ਵਿਗਿਆਨ ਕੋਸ਼" ਦੇ ਅਨੁਸਾਰ ਤੁਲਨਾਤਮਕ ਭਾਸ਼ਾ-ਵਿਗਿਆਨ, ਭਾਸ਼ਾ-ਵਿਗਿਆਨ ਦੀ ਉਹ ਸ਼ਾਖਾ ਹੈ ਜੋ ਸਕੀਆਂ ਭਾਸ਼ਾਵਾਂ ਵਿਚ ਪ੍ਰਾਪਤ ਸਾਂਝਾਂ ਨੂੰ ਘੋਖ ਕੇ ਦਸਦਾ ਹੈ, ਇਸ ਦਾ ਖਾਸ ਜ਼ੋਰ

---

1 A. M. ghatge : *Historical Linguistics and Indo-Aryan Languages*, p. 31

2. Comparative Linguistics ; dealing with the relationships between languages of common origin. H.A. Gleason, p. 11

ਸਮਾਨਤਾਵਾਂ ਤੇ ਭਿੰਨਤਾਵਾਂ ਉਤੇ ਰਹਿੰਦਾ ਹੈ[1] ।

ਇਤਿਹਾਸਿਕ ਸਮੇਂ ਤੋਂ ਪਹਿਲਾਂ ਪ੍ਰਚਲਿਤ ਭਾਸ਼ਾਵਾਂ ਦੇ ਸੁਰੂਪ ਨੂੰ ਜਾਣਨ ਲਈ, ਪਰਿਵਰਤਨ ਦੀ ਵਿਆਖਿਆ ਕਰਨ ਲਈ ਅਤੇ ਪਹਿਲੇ ਭਾਸ਼ਾ-ਰੂਪਾਂ ਨੂੰ ਨਿਸ਼ਚਿਤ ਕਰਨ ਲਈ ਜੋ ਭਾਸ਼ਿਕ ਵਿਧੀ ਉਜਾਗਰ ਹੋਈ ਹੈ ਉਸ ਦਾ ਨਾਂ **ਤੁਲਨਾਤਮਕ ਭਾਸ਼ਾ-ਵਿਗਿਆਨ** ਹੈ[2] ।

ਤੁਲਨਾਤਮਕ ਭਾਸ਼ਾ-ਵਿਗਿਆਨ ਦੋ ਜਾਂ ਦੋ ਤੋਂ ਵਧ ਭਾਸ਼ਾਵਾਂ ਦੀ ਇਕ ਜਾਂ ਇਕ ਤੋਂ ਵਧ ਨੁਕਤਿਆਂ ਤੋਂ ਖੋਜ ਕਰਦਾ ਹੈ ਪਰੰਤੂ ਇਤਿਹਾਸਿਕ ਭਾਸ਼ਾ-ਵਿਗਿਆਨ ਇਕੋ ਹੀ ਮੂਲਭਾਸ਼ਾ ਦੇ ਵਿਕਾਸਾਤਮਕ ਭਾਸ਼ਾ ਪੜਾਵਾਂ ਦਾ ਅਧਿਐਨ ਕਰਦਾ ਹੈ[3] ।

ਉਨ੍ਹੀਵੀਂ ਸਦੀ ਵਿਚ ਭਾਰੋਪੀਯ ਭਾਸ਼ਾਵਾਂ (I.E.) ਦੇ ਅਧਿਐਨ ਦੇ ਸਿੱਟੇ ਵਜੋਂ, ਤੁਲਨਾਤਮਕ ਭਾਸ਼ਾ-ਵਿਗਿਆਨ ਦਾ ਵਿਕਾਸ ਹੋਇਆ ਹੈ। ਆਮ ਤੌਰ ਤੇ ਇਸ ਵਿਧੀ ਨੂੰ ਇਕ ਵਿਗਿਆਨਿਕ ਖੋਜ-ਪ੍ਰਣਾਲੀ (methodology) ਸਮਝਿਆ ਜਾਂਦਾ ਹੈ। 'ਤੁਲਨਾਤਮਕ ਭਾਸ਼ਾ-ਵਿਗਿਆਨ' ਦਾ ਸੰਬੰਧ ਭਾਸ਼ਾਵਾਂ ਦੇ ਇਤਿਹਾਸਿਕ ਵਿਕਾਸ ਨੂੰ ਜ਼ਾਹਰ ਕਰਨਾ ਅਤੇ ਭਾਸ਼ਾਵਾਂ ਜਾਂ ਭਾਸ਼ਾ-ਵਰਗਾਂ ਦੀ ਸਾਂਝੀ ਇਕੋ ਜਨਨੀ ਭਾਸ਼ਾ (Parent Language) ਦੀ ਖੋਜ ਕਰਨਾ ਹੈ। ਇਸ ਯਤਨ ਵਿਚ ਤੁਲਨਾਤਮਕ ਭਾਸ਼ਾ-ਵਿਗਿਆਨ ਅਜੇਹੇ ਢੰਗ ਅਪਣਾਉਂਦਾ ਹੈ ਜਿਵੇਂ ਭਾਸ਼ਾ-ਧੁਨੀਆਂ ਵਿਚ ਸਮਾਨ ਤੌਰ ਤੇ ਕੰਮ ਕਰ ਰਹੇ ਪਰਿਵਰਤਨਾਂ ਨੂੰ ਨਿਸ਼ਚਿਤ ਕਰਨਾ ਆਦਿ।

---

1. Comparative Linguistics : The branch of linguistics which discloses and studies similarities between related languages; the study of related languages with particular emphasis on similarities and differences.

   "*Dictionary of Linguistics*" p. 43.

2. Especially for pre-historic languages, a sure method of defining change and determining earlier forms has been developed which is known as the comparative method.

   Lehmann : *Historical Linguistics : An Introduction*, p. 83

3. ਵੇਖੋ R. H. Robins : *General Linguistics : An Introductory Survey*. p. 6

ਲੇਹਮਾਨ[1] ਨੇ ਲਿਖਿਆ ਹੈ ਕਿ ਤੁਲਨਾਤਮਕ ਵਿਧੀ ਦੀ ਵਰਤੋਂ ਕਰਕੇ ਅਸੀਂ ਦੋ ਜਾਂ ਵਧ ਭਾਸ਼ਾਵਾਂ ਦੇ ਰੂਪਾਂ ਦਾ ਟਾਕਰਾ ਕਰਦੇ ਹਾਂ ਤਾਂ ਜੋ ਅਸੀਂ ਉਨ੍ਹਾਂ ਦੇ ਆਪੋ ਵਿਚਲੇ ਸਾਕ-ਸੰਬੰਧ ਨੂੰ ਸਹੀ ਸਹੀ ਨਿਯਤ ਕਰ ਸਕੀਏ । ਤੁਲਨਾਤਮਕ ਭਾਸ਼ਾ-ਵਿਗਿਆਨੀ ਇਸ ਸਾਕ-ਸੰਬੰਧ ਨੂੰ ਪ੍ਰਗਟਾਉਣ ਲਈ ਉਨ੍ਹਾਂ ਪ੍ਰਾਚੀਨ ਰੂਪਾਂ ਦੀ ਪੁਨਰ-ਉਸਾਰੀ (reconsruct) ਕਰਦਾ ਹੈ ਜਿਨ੍ਹਾਂ ਤੋਂ ਇਹ ਭਾਸ਼ਾਵਾਂ ਨਿਕਲੀਆਂ ਹਨ ।

ਮਿਸਾਲ ਦੇ ਤੌਰ ਤੇ Proto-Indo-European (P.I.E.) ਭਾਸ਼ਾ ਨੂੰ ਲੈਂਦੇ ਹਾਂ । ਇਸ ਵਿਚ ਹੋਣਾ (be) ਕ੍ਰਿਆ ਦੇ ਅੱਨ ਪੁਰਸ਼, ਇਕ ਵਚਨ, ਵਰਤਮਾਨ ਕਾਲ[1] ਦੇ ਰੂਪ ਨੂੰ ਵੇਖਣਾ ਚਾਹੁੰਦੇ ਹਾਂ ਤਾਂ ਸਾਡੀ ਪਹਿਲੀ ਕੋਸ਼ਿਸ਼

ਸੰਸਕ੍ਰਿਤ	:	/asti/(ਅਸ੍ਤਿ)
Lithunian	:	/esti/
Greek	:	/esti/
Gothic	:	/ist/

ਇਨ੍ਹਾਂ ਰੂਪਾਂ ਦੀ ਤੁਲਨਾ ਕਰਨਾ ਹੈ । ਇਨ੍ਹਾਂ ਚਾਰੇ ਰੂਪਾਂ ਵਿਚ ਸੰਸਕ੍ਰਿਤ /ਅ—/ਸਾਡੀ-ਸਮਸਿਆ ਹੈ ਪਰ ਬਾਕੀ ਤਿੰਨੇ ਰੂਪ ਸਾਂਝੇ ਹਨ । ਇਸ ਤੋਂ ਇਹ ਫੈਸਲਾ ਕਰਨਾ ਯਕੀਨੀ ਤੌਰ ਤੇ ਸੌਖਾ ਹੈ ਕਿ P.I.E. ਦਾ ਰੂਪ/esti/ ਸੀ । ਇਹ ਵਿਧੀ Internal Reconstruction ਹੈ । ਇਨ੍ਹਾਂ ਤੁਲਨਾਵਾਂ ਦੇ ਫ਼ਲ ਸਰੂਪ ਅਜੇਹੀਆਂ ਪ੍ਰਾਚੀਨ ਭਾਸ਼ਾਵਾਂ ਦੀ ਪੁਨਰ-ਉਸਾਰੀ ਕੀਤੀ ਜਾ ਸਕਦੀ ਹੈ ਜਿਨ੍ਹਾਂ ਦਾ ਕੋਈ ਲਿਖਤੀ ਸਾਹਿਤ ਨਹੀਂ ਅਤੇ ਜਿਹੜੀਆਂ ਇਤਿਹਾਸਿਕ ਸਮੇਂ ਤੋਂ ਪਹਿਲਾਂ (Pre-historic time) ਹੋ ਗੁਜ਼ਰੀਆਂ ਹਨ । ਇਨ੍ਹਾਂ ਤੁਲਨਾਂ ਵਿਚ ਅਸੀਂ ਕਈ ਤਰ੍ਹਾਂ ਦੇ ਸੰਬੰਧ ਵੇਖਦੇ ਹਾਂ :

(i) ਤੁਲਨਾ-ਅਧੀਨ ਦੋਹਾਂ ਭਾਸ਼ਾਵਾਂ ਵਿਚ ਭਾਸ਼ਾ-ਰੂਪ ਅਬਦਲ ਤੌਰ ਤੇ ਰਹਿੰਦੇ ਹਨ,

(ii) ਇਕ ਭਾਸ਼ਾ ਵਿਚ ਬਦਲੇ ਜਾਂਦੇ ਹਨ, ਦੂਜੀ ਵਿਚ ਕਾਇਮ ਰਹਿੰਦੇ ਹਨ,

(iii) ਦੋਹਾਂ ਵਿਚ ਬਦਲ ਜਾਂਦੇ ਹਨ ।

ਇਸ ਤਰ੍ਹਾਂ ਦੇ ਭਾਸ਼ਾਵਾਂ ਦੇ ਪਰਸਪਰ ਸੰਬੰਧਾਂ ਦਾ ਅਧਿਐਨ ਕਰਨ ਲਈ ਉਨ੍ਹਾਂ ਸਾਰੀਆਂ ਭਾਸ਼ਿਕ ਸਥਿਤੀਆਂ ਅਤੇ ਪਰਿਸਥਿਤੀਆਂ ਦੀ ਤੁਲਨਾ ਕਰਨੀ ਪੈਂਦੀ ਹੈ ।

1. ∠ 'be', third person, singular, present tense (= ਹੋਣਾ)

ਬਲੂਮਫੀਲਡ[1] ਨੇ ਲਿਖਿਆ ਹੈ ਕਿ ਜਦ ਅਸੀਂ ਇਹ ਆਖਦੇ ਹਾਂ ਕਿ ਭਾਸ਼ਾਵਾਂ ਵਿਚ ਮਿਲਦੀਆਂ ਜੁਲਦੀਆਂ ਸਾਂਝਾਂ ਹਨ ਤਾਂ ਸਪਸ਼ਟ ਹੈ ਕਿ ਇਸ ਦਾ ਕਾਰਣ ਉਨ੍ਹਾਂ ਭਾਸ਼ਾਵਾਂ ਦਾ ਬੁਨਿਆਦੀ ਸਾਂਝਾ ਸੰਬੰਧ ਹੈ। ਇਸ ਦਾ ਭਾਵ ਇਹ ਹੈ ਕਿ ਇਹ ਭਾਸ਼ਾਵਾਂ ਕਿਸੇ ਪੂਰਵ-ਵਰਤੀ (earlier) ਜਨਨੀ-ਭਾਸ਼ਾ (parent language) ਦੀਆਂ ਪਰਵਰਤੀ (later) ਸ਼ਾਖਾਵਾਂ ਹਨ। ਮਿਸਾਲ ਵਜੋਂ ਰੋਮਾਂਸ ਭਾਸ਼ਾਵਾਂ (ਫਰੈਂਚ, ਸਪੈਨਿਸ਼, ਪੁਰਤਗਾਲੀ) ਕਿਸੇ ਇਕ ਮ੍ਰਿਤ-ਭਾਸ਼ਾ ਦੀਆਂ ਬ੍ਰਾਂਚਾਂ ਹਨ। ਇਸੇ ਤਰ੍ਹਾਂ ਜਰਮੈਨਿਕ ਭਾਸ਼ਾਵਾਂ (ਅੰਗਰੇਜ਼ੀ, ਡੱਚ, ਜਰਮਨ, ਡੈਨਿਸ਼, ਸਵੀਡਨ) ਕਿਸੇ ਇਕੋ ਮੂਲ ਤੋਂ ਉਪਜੀਆਂ ਆਧੁਨਿਕ ਭਾਸ਼ਾਵਾਂ ਹਨ।

ਤੁਲਨਾਤਮਕ ਭਾਸ਼ਾ-ਵਿਗਿਆਨ ਉਨ੍ਹਾਂ ਭਾਸ਼ਾਵਾਂ ਦਾ ਜਿਨ੍ਹਾਂ ਦਾ ਪੁਰਾਣਾ ਲਿਖਤੀ ਸਾਹਿਤ ਮਿਲਦਾ ਹੈ ਅਤੇ ਉਨ੍ਹਾਂ ਭਾਸ਼ਾਵਾਂ ਦਾ, ਜਿਨ੍ਹਾਂ ਦਾ ਲਿਖਤੀ ਸਾਹਿਤ ਨਹੀਂ ਮਿਲਦਾ, ਇਕੋ ਜਿਹਾ ਅਧਿਐਨ ਕਰਕੇ ਨਤੀਜੇ ਕਢਦਾ ਹੈ।

ਤੁਲਨਾਤਮਕ ਭਾਸ਼ਾ-ਵਿਗਿਆਨ ਵਿਚ ਇਹ ਮੰਨਿਆ ਜਾਂਦਾ ਹੈ ਕਿ ਹਰੇਕ ਸ਼ਾਖਾ ਜਾਂ ਭਾਸ਼ਾ ਆਪਣੀ ਮੂਲ ਭਾਸ਼ਾ ਦੇ ਰੂਪ ਨੂੰ ਸਪਸ਼ਟ ਕਰਨ ਲਈ ਸੁਤੰਤਰ ਸਬੂਤ ਪੇਸ਼ ਕਰਦੀ ਹੈ ਅਤੇ ਸਹ-ਸੰਬੰਧਿਤ ਭਾਸ਼ਾਵਾਂ ਦੀਆਂ ਸਾਂਝਾਂ ਤੇ ਸਮਾਨਤਾਵਾਂ ਉਸ ਮੂਲ ਭਾਸ਼ਾ ਦੇ ਸਰੂਪ-ਲੱਛਣ ਉਜਾਗਰ ਕਰਦੀਆਂ ਹਨ।

ਤੁਲਨਾਤਮਕ ਵਿਧੀ ਨੂੰ ਮੁਖ ਰਖਕੇ 1818 ਈ: ਵਿਚ Rask ਨੇ ਜਰਮੈਨਿਕ ਭਾਸ਼ਾਵਾਂ ਦੀ ਤੁਲਨਾ ਕੀਤੀ ਅਤੇ ਉਨ੍ਹਾਂ ਦੀਆਂ obstruents ਧੁਨੀਆਂ ਅਤੇ ਹੋਰ ਭਾਰੋਪੀਯ ਭਾਸ਼ਾਵਾਂ (I.E.) ਦੀਆਂ ਧੁਨੀਆਂ ਵਿਚਕਾਰ ਸਮਾਨ ਸਾਂਝਾਂ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ। 1822 ਵਿਚ Grimm ਨੇ ਇਸ ਵਿਸ਼ੇ ਵਿਚ ਹੋਰ ਹਿਸਾ ਪਾਇਆ ਅਤੇ ਭਾਰੋਪੀਯ ਭਾਸ਼ਾਵਾਂ ਦੀਆਂ ਧੁਨੀਆਂ ਵਿਚ ਇਤਿਹਾਸਿਕ ਵਿਕਾਸ ਅੰਦਰ ਜੋ ਪਰਿਵਰਤਨ ਆਏ ਹਨ ਉਨ੍ਹਾਂ ਲਈ ਕੁਝ ਨਿਯਮ ਸਥਾਪਿਤ ਕਰਨ ਦਾ ਉਪਰਾਲਾ ਕੀਤਾ। ਪਰ ਛੇਤੀ ਹੀ ਛੋਟਾਂ (exceptions) ਮਿਲੀਆਂ। ਇਨ੍ਹਾਂ ਸੰਬੰਧੀ ਸ਼ੰਕਿਆਂ ਨੂੰ Grassmann ਨੇ ਦੂਰ ਕੀਤਾ ਅਤੇ Law ਨਿਸ਼ਚਿਤ ਕੀਤਾ। Verner ਨੇ ਵੀ ਇਸ ਪਾਸੇ ਯੋਗ ਦਿਤਾ ਅਤੇ Grimm Law ਦੀਆਂ ਛੋਟਾਂ ਨੂੰ ਦੂਰ ਕਰਨ ਦੇ ਸੁਝਾਉ ਦਿਤੇ। ਇਸ ਤਰ੍ਹਾਂ ਤੁਲਨਾਤਮਕ ਦ੍ਰਿਸ਼ਟੀ ਤੋਂ ਸਥਾਪਿਤ ਕੀਤੇ–'ਧੁਨੀ-ਨਿਯਮ' ਕਾਫ਼ੀ ਹਦ ਤਕ ਪ੍ਰਮਾਣਿਕ ਬਣ ਨਿਬੜੇ ਹਨ।

1876 ਤੋਂ ਬਾਦ ਆਧੁਨਿਕ ਭਾਸ਼ਾ ਵਿਗਿਆਨੀਆਂ ਦੀ ਇਕ ਟੋਲੀ ਖੇਤਰ ਵਿਚ

1. Bloomfield : '*Language*' p. 298.

ਆਈ ਜਿਨ੍ਹਾਂ ਦਾ ਦਾਅਵਾ ਹੈ ਕਿ ਧੁਨੀ-ਨਿਯਮ ਬਿਨਾਂ ਅਪਵਾਦਾਂ ਤੋਂ (without exception) ਨਿਸ਼ਚਿਤ ਹੋ ਸਕਦੇ ਹਨ। ਇਨ੍ਹਾਂ ਨਵ-ਭਾਸ਼ਾ-ਵਿਗਿਆਨੀਆਂ ਵਿਚ Leipzig, Brugmann, Osthoff, Leskien, ਵਰਣਨ-ਯੋਗ ਹਨ। ਜਰਮਨ ਭਾਸ਼ਾ ਵਿਚ ਇਨ੍ਹਾਂ ਨੂੰ 'Jung grammatik' ਆਖਿਆ ਜਾਂਦਾ ਹੈ।

ਵਰਣਨਾਤਮਕ ਭਾਸ਼ਾ-ਵਿਗਿਆਨ (Descriptive Linguistics)

ਵੀਹਵੀਂ ਸਦੀ ਦੇ ਮੁਢ ਵਿਚ ਵਿਸ਼ੇਸ਼ੱਗ ਰੁਚੀਆਂ ਦੇ ਪ੍ਰਚਾਰ ਨਾਲ ਮਨੁਖੀ ਵਰਤਾਰੇ (human behaviour) ਦੇ ਹਰ ਅੰਗ ਦੀ ਨਵੇਂ ਸਿਰਿਉਂ ਖੋਜ ਹੋਣੀ ਸ਼ੁਰੂ ਹੋਣੀ ਹੈ। ਭਾਸ਼ਾ-ਵਿਗਿਆਨ ਵਿਚ ਵੀ ਨਵੀਨ ਦ੍ਰਿਸ਼ਟਿਕੋਣ ਤੋਂ ਜੋ ਖੋਜ ਸ਼ੁਰੂ ਹੋਈ ਹੈ ਉਸ ਨਾਲ ਇਕ ਨਵੇਂ ਯੁਗ ਦਾ ਅਰੰਭ ਹੋਇਆ ਹੈ।

ਇਤਿਹਾਸਿਕ ਤੇ ਤੁਲਨਾਤਮਕ ਭਾਸ਼ਾ-ਵਿਗਿਆਨ ਦੇ ਟਾਕਰੇ ਵਿਚ ਅਜੋਕਾ ਭਾਸ਼ਾ ਵਿਗਿਆਨ extensive ਨਾ ਹੋ ਕੇ intenstive ਹੈ ਅਰਥਾਤ ਵਿਸਤ੍ਰਿਤ ਨਹੀਂ ਸਗੋਂ ਡੂੰਘਾ ਹੈ। ਇਸ ਡੂੰਘੀ, objective, ਅੰਤਰਮੁਖੀ, ਤਾਤਵਿਕ ਵਿਧੀ ਦੇ ਸਦਕਾ ਭਾਸ਼ਾ ਵਿਗਿਆਨ ਦੀ ਅਧਿਐਨ-ਪ੍ਰਣਾਲੀ ਵਿਚ ਇਕ ਨਵੇਂ ਦ੍ਰਿਸ਼ਟੀ-ਪੰਧ ਦਾ ਵਿਸਤਾਰ ਹੋਇਆ ਹੈ। ਸਿੱਟੇ ਵਜੋਂ Descriptive Linguistics ਦਾ ਨਵ-ਰੂਪ ਹੋਂਦ ਵਿਚ ਆਇਆ ਹੈ।

H. A. Gleason ਦੀ ਪੁਸਤਕ "An Introduction to Descriptive Linguistics" (1955,1960) ਵਿਚ ਤਕਨੀਕੀ ਤੇ ਅਮਲੀ (definition & application) ਪੱਖ ਤੋਂ ਵਰਣਨਾਤਮਕ ਭਾਸ਼ਾ-ਵਿਗਿਆਨ ਦਾ ਸਰੂਪ-ਲੱਛਣ ਉਲੀਕਿਆ ਗਿਆ ਹੈ। ਵਰਣਨਾਤਮਕ ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਪੇਸ਼ ਕਰਦਿਆਂ ਉਸ ਨੇ ਲਿਖਿਆ ਹੈ:

ਵਰਣਨਾਤਮਕ ਭਾਸ਼ਾ-ਵਿਗਿਆਨ ਅਜਿਹਾ ਨੇਮਬੱਧ ਸਿਧਾਂਤ ਹੈ ਜੋ ਭਾਸ਼ਾਵਾਂ ਦਾ ਅਧਿਐਨ ਉਨ੍ਹਾਂ ਦੀ **ਆਂਤਰਿਕ ਸੰਰਚਨਾ** ਦੇ ਪ੍ਰਸੰਗ ਵਿਚ ਹੀ ਕਰਦਾ ਹੈ। ਬਾਕੀ ਅਪ੍ਰੋਚਾਂ (ਦ੍ਰਿਸ਼ਟੀਆਂ) ਨਾਲੋਂ ਇਸ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਹ ਮਨੁਖੀ ਭਾਸ਼ਾ ਦੇ ਵਿਭਿੰਨ ਪਹਿਲੂਆਂ ਉਤੇ ਆਪਣਾ ਪੂਰਾ ਧਿਆਨ ਕੇਂਦਰਿਤ ਕਰਦਾ ਹੈ[1]।

---

1. "Descriptive linguistics, the discipline which studies languages in terms of their internal structure. It differs from the other approaches in that it focuses its attention on different facts of human speech." H. A. Gleason (Preface 1.)

ਵਰਣਨਾਤਮਕ ਭਾਸ਼ਾ ਵਿਗਿਆਨ ਅੰਦਰ ਭਾਸ਼ਾ-ਖੋਜੀਆਂ ਨੇ ਧੁਨੀਗ੍ਰਾਮਾਂ(phoneme) ਤੇ ਰੂਪਗ੍ਰਾਮਾਂ (morpheme) ਨੂੰ ਮੁੱਢੇ-ਨੁਕਤ ਰੱਖ ਕੇ ਭਾਸ਼ਾ ਦੇ ਅਭਿਵਿਅਕਤੀ-ਪੱਖ ਦੀਆਂ ਲੰਮੀਆਂ-ਚੌੜੀਆਂ ਵਿਊਂਤੀਆਂ ਖੋਜ ਲੱਭੀਆਂ ਹਨ ਅਤੇ ਵਡੇ ਵਡੇ ਵੇਰਵੇ ਪੇਸ਼ ਕੀਤੇ ਹਨ।[1] ਹਾਕੇਟ ਦਾ ਕਥਨ ਹੈ ਕਿ ਕਿਸੇ ਭਾਸ਼ਾ ਦੇ ਬੀਤੇ ਇਤਿਹਾਸ ਤੇ ਭਵਿਖ ਦੀ ਹੋਣੀ ਨੂੰ ਲਾਂਭੇ ਸੁਟ ਕੇ ਕਿਸੇ ਇਕ ਸਮੇਂ ਦੀ ਭਾਸ਼ਾ ਨੂੰ ਵੇਖਣਾ ਕਿ ਉਸ ਦੀ ਪ੍ਰਗਟਾਉ-ਜੁਗਤ ਕੀ ਹੈ, ਇਸ ਨੂੰ ਵਰਣਨਾਤਮਕ ਭਾਸ਼ਾ-ਵਿਗਿਆਨ ਕਿਹਾ ਜਾਂਦਾ ਹੈ।[2]

ਭਾਸ਼ਾ-ਵਿਗਿਆਨ ਵਿਚ ਆਮ ਤੌਰ ਤੇ descriptive ਅਤੇ synchronic lingiustics ਦੋਹਾਂ ਨੂੰ ਇਕੋ ਭਾਵ ਵਿਚ ਵਰਤਿਆ ਜਾਂਦਾ ਹੈ ਪਰ Hockett ਨੇ ਇਨ੍ਹਾਂ ਦੋਹਾਂ ਵਿਚ ਕੁਝ ਫਰਕ ਦਸਿਆ ਹੈ। ਪਹਿਲਾ ਭਾਸ਼ਾ ਦੇ ਢਾਂਚੇ ਨੂੰ ਜਦ ਵਾਚਦਾ ਹੈ ਤਾਂ ਅੰਤਰ-ਮਨੁਖੀ ਵਰਤਾਰੇ ਤੇ ਅੰਤਰ-ਵਰਗ ਵਰਤਾਰੇ ਨੂੰ ਅਖੋਂ ਉਹਲੇ ਰਖਦਾ ਹੈ। ਪਰ ਦੂਜਾ ਇਨ੍ਹਾਂ ਗੱਲਾਂ ਦਾ ਵੀ ਅਧਿਐਨ ਕਰਦਾ ਹੈ।[3]

---

1. "Using the phoneme and the morpheme as their basic units, linguists have been able to build a comprehensive theory of the expression side of language, and to make detailed and comprehensive statements about the expression systems of specific languages. This is what is ordinarily called *Descriptive Linguistics.*" ਉਹੀ p. 11
2. "The study of how a language works at a given time, regardless of its past history or future destiny, is called *descriptive or synchronic* linguistics." Hockett, p. 303
3. "*Descriptive Linguistics* deals with the design of the language of some community at a given time, ignoring interpersonal and inter-group differences... *Synochronic linguistics* includes descriptive linguistics, and also certain further types of investigation, particularly *synchronic dialectology*, which is the systematic study of interpersonal and inter-group differences of speech-habits." ਉਹੀ p. 321

(continued on next page 20)

ਵਰਣਾਤਮਕ ਭਾਸ਼ਾ-ਵਿਗਿਆਨ ਭਾਸ਼ਾ ਦੇ ਜੀਵੰਤ, ਕੱਥ (spoken), ਬੋਲੀਂਦੇ, ਤੇ ਸਮ-ਕਾਲੀ (contemporary) ਰੂਪ ਦਾ ਵਰਣਨ ਤੇ ਵਿਸ਼ਲੇਸ਼ਣ ਕਰਦਾ ਹੈ। ਇਸ ਦੀ ਦ੍ਰਿਸ਼ਟੀ ਤੋਂ ਭਾਸ਼ਾ ਦੇ ਦੋ ਪੱਖ ਹਨ ਜਾਂ ਦੋ ਵਸਤੂ-ਪ੍ਰਕਾਰ ਹਨ ਜਿਨ੍ਹਾਂ ਨਾਲ ਭਾਸ਼ਾ ਦਾ ਵਾਸਤਾ ਪੈਂਦਾ ਹੈ। ਇਕ ਹੈ ਆਵਾਜ਼ਾਂ (sounds) ਅਤੇ ਦੂਜਾ ਹੈ ਖਿਆਲ ਅਰਥਾਤ ਸਮਾਜੀ ਸਥਿਤੀਆਂ ਤੇ ਅਰਥ। ਆਮ ਭਾਸ਼ਾ ਵਿਚ ਇਨ੍ਹਾਂ ਨੂੰ **ਲਫ਼ਜ਼** ਤੇ **ਮਾਇਨਾ** ਜਾਂ **ਸ਼ਬਦ ਤੇ ਅਰਥ** ਆਖਿਆ ਜਾਂਦਾ ਹੈ। ਭਾਸ਼ਾ–ਵਿਗਿਆਨਿਕ ਸ਼ਬਦਾਵਲੀ ਵਿਚ ਇਨ੍ਹਾਂ ਨੂੰ **'ਅਭਿਵਿਅਕਤੀ'** ਤੇ **'ਵਿਸ਼ੈ'** ਸੌਖੀ ਤਰ੍ਹਾਂ ਕਿਹਾ ਜਾ ਸਕਦਾ ਹੈ।

ਹਰ ਭਾਸ਼ਾ ਵਿਚ ਧੁਨੀਆਂ ਤੇ ਅਰਥ (ਅਭਿਵਿਅਕਤੀ ਤੇ ਵਿਸ਼ੈ) ਦੀ ਇਕ ਜੁਗਤ ਹੁੰਦੀ ਹੈ, ਉਨ੍ਹਾਂ ਦੇ ਪ੍ਰਯੋਗ ਵਿਚ ਇਕ ਨਿਯਮਿਤ ਪੈਟਰਨ ਹੁੰਦਾ ਹੈ, ਉਨ੍ਹਾਂ ਦੇ ਵਰਤਾਰੇ ਵਿਚ ਇਕ ਬਾਕਾਇਦਗੀ ਮੌਜੂਦ ਰਹਿੰਦੀ ਹੈ। ਵਾਸਤਵ ਵਿਚ ਭਾਸ਼ਾ, ਗਲੀਸਨ ਦੇ ਸ਼ਬਦਾਂ ਵਿਚ "organised system" (ਸਹਜੁਗਤ ਪ੍ਰਣਾਲੀ) ਹੈ ਜੋ ਉਸ ਸੰਬੰਧਿਤ ਭਾਸ਼ਾ ਦੀ ਹਸਤੀ ਕਾਇਮ ਰਖਦੀ ਹੈ ਅਤੇ ਉਸ ਨੂੰ ਇਕ ਤਰਤੀਬ ਤੇ ਨੇਮ ਵਿਚ ਜਾਰੀ ਰਖਦੀ ਹੈ। ਇਸਨੂੰ ਹੀ structure (ਸੰਰਚਨਾ) ਕਿਹਾ ਜਾਂਦਾ ਹੈ। ਕੈਰੋਲ ਨੇ **'ਸਰਚਨਾ'** ਨੂੰ ਭਾਸ਼ਾ-ਵਿਗਿਆਨ ਦਾ ਕੇਂਦਰੀ ਸਿੱਧਾਂਤ ਮੰਨਿਆ ਹੈ ਅਤੇ ਦਸਿਆ ਹੈ ਕਿ ਸੰਰਚਨਾ ਕਿਸੇ ਭਾਸ਼ਾ ਦੀਆਂ ਭਾਸ਼ਾ-ਇਕਾਈਆਂ, ਵਿਆਕਰਣਿਕ ਰੂਪਾਵਲੀਆਂ, ਵਾਕ-ਪ੍ਰਬੰਧਾਂ ਅਤੇ ਇਥੋਂ ਤਕ ਕਿ ਅਰਥ–ਪੱਧਰਾਂ ਵਿਚ ਪ੍ਰਾਪਤ ਵਿਰੋਧਾਂ ਦੀ ਨਿਯਮਿਤ ਜਾਂ ਪੈਟਰਨਦਾਰ

(continued from last page)

Synchronic Linguistics (Descriptive Linguistics) linguistic study limited to the recording and analysis of a given linguistic state of stage. *Dictionary of Linguistics.* p. 209

Descriptive linguistics...is concerned with the description and analysis of the ways in which a languge operates and is used by a given set of speakers at a given time. This time may be present. R.H. Robins, p. 4

ਸੂਝੀ ਹੈ ।[1]

ਇਹ ਸੰਰਚਨਾ[1] ਦੋਵੇਂ ਤਰ੍ਹਾਂ ਦੀ ਭਾਸ਼ਾ ਸਾਮਗ੍ਰੀ—ਅਭਿਵਿਅਕਤੀ ਤੇ ਵਿਸ਼ੈ—ਵਿਚ ਮੌਜੂਦ ਰਹਿੰਦੀ ਹੈ । ਵਰਣਨਾਤਮਕ ਭਾਸ਼ਾ-ਵਿਗਿਆਨ ਸੰਰਚਨਾ ਨੂੰ ਮੁਖ ਰਖਕੇ ਭਾਸ਼ਾ ਦਾ ਅਧਿਐਨ ਕਰਦਾ ਹੈ । ਜਿਥੋਂ ਤਕ ਭਾਸ਼ਾ-ਵਿਗਿਆਨ ਦੇ ਖੇਤਰ ਦਾ ਸੰਬੰਧ ਹੈ, ਭਾਸ਼ਾ ਦੇ ਤਿੰਨ ਮੁਖ ਉਪਕਰਣ (components) ਹਨ । ਉਹ ਹਨ (i) ਅਭਿਵਿਅਕਤੀ ਦੀ ਸੰਰਚਨਾ (ii) ਵਿਸ਼ੇ ਦੀ ਸੰਰਚਨਾ ਅਤੇ (iii) ਸ਼ਬਦਾਵਲੀ । ਸ਼ਬਦਾਵਲੀ ਆਉਂਦੀ ਤੇ ਜਾਂਦੀ ਰਹਿੰਦੀ ਹੈ । ਇਹ ਭਾਸ਼ਾ ਦਾ ਸਭ ਤੋਂ ਵੱਧ ਗੈਰ-ਸਦੀਵੀ (transient), ਅਸਥਾਈ ਅੰਗ ਹੈ । ਇਸ ਲਈ ਮੁਖ ਤੌਰ ਤੇ ਅਭਿਵਿਅਕਤੀ ਤੇ ਵਿਸ਼ੈ ਦੋ ਹੀ ਉਪਕਰਣ ਰਹਿ ਜਾਂਦੇ ਹਨ ਜਿਨ੍ਹਾਂ ਦਾ ਵਿਸ਼ਲੇਸ਼ਣ ਵਰਣਨਾਤਮਕ ਭਾਸ਼ਾ-ਵਿਗਿਆਨ ਦਾ ਲਕਸ਼ ਹੈ ।

ਅਭਿਵਿਅਕਤੀ ਪੱਖ :

ਅਭਿਵਿਅਕਤੀ-ਸਾਮਗ੍ਰੀ (expresson-material) ਨੂੰ ਆਸਾਨੀ ਨਾਲ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ :

(i) ਧੁਨੀ-ਵਿਗਿਆਨ (phonology)

(ii) ਵਿਆਕਰਣ (grammar)

ਧੁਨੀ ਵਿਗਿਆਨ ਵਿਚ '**ਧੁਨੀ ਗ੍ਰਾਮਾਂ**' (phoneme)ਤੇ ਧੁਨੀਗ੍ਰਾਮਾਂ ਦੇ ਤਰਤੀਬਵਾਰ ਸਿਲਸਲੇ (sequence) ਦਾ ਵਿਚਾਰ ਹੁੰਦਾ ਹੈ । ਵਿਆਕਰਣ ਵਿਚ '**ਰੂਪ-ਗ੍ਰਾਮਾਂ**' (morpheme) ਅਤੇ ਰੂਪ-ਗ੍ਰਾਮਾਂ ਦੇ ਸਮੂਹਾਂ (combinations) ਦੀ ਖੋਜ ਹੁੰਦੀ ਹੈ ।

---

1. The central concept in linguistics is *structure*, by which is meant the ordered or patterned set of contrasts or oppositions which are persumed to be discoverable in a language, whether in the units of sounds, the grammatical infelections, the syntactical arrangements or even the meanings of linguistic forms. John B. Carroll : *The Study of Language* , p, 14

ਧੁਨੀਗ੍ਰਾਮ[1] (phoneme)

ਭਾਸ਼ਾ ਦੀ ਅਭਿਵਿਅਕਤੀ-ਪ੍ਰਣਾਲੀ ਦਾ ਸਭ ਤੋਂ ਵਧ ਬੁਨਿਆਦੀ ਤੱਤ (ਅਧਾਰ-ਤੱਤ) **ਧੁਨੀ ਗ੍ਰਾਮ** ਹਨ। ਇਹ ਉਹ ਧੁਨੀ-ਅੰਸ਼ ਹਨ ਜਿਹੜੇ ਕਿ ਵਿਸ਼ੇਸ਼ ਭਾਸ਼ਾ-ਰੂਪ ਦੇ ਵਕਤਿਆਂ ਲਈ ਇਕੋ ਜਿਹੇ ਸਾਂਝੇ ਹਨ ਅਤੇ ਜਿਨ੍ਹਾਂ ਨੂੰ ਵਾਰ ਵਾਰ ਮੁੜ ਬੋਲਿਆ ਜਾ ਸਕਦਾ ਹੈ। ਹਰੇਕ ਭਾਸ਼ਾ ਵਿਚ ਧੁਨੀਗ੍ਰਾਮ ਥੋੜੀ ਗਿਣਤੀ ਅੰਦਰ ਪਰ ਨਿਸਚਿਤ ਹੁੰਦੇ ਹਨ। ਅੰਗਰੇਜ਼ੀ ਭਾਸ਼ਾ ਵਿਚ 46 ਹਨ (ਵੇਖੋ, Gleason, p. 9). ਇਨ੍ਹਾਂ ਧੁਨੀਗ੍ਰਾਮਾਂ ਦੀ ਇਸ ਲੜੀ ਤੋਂ ਹੀ ਸਾਰੀ ਅਭਿਵਿਅਕਤੀ ਪ੍ਰਣਾਲੀ ਘੜੀ ਜਾਂਦੀ ਹੈ। ਕਾਫ਼ੀ ਹਦ ਤਕ ਭਾਸ਼ਾ ਦੇ ਇਹ ਧੁਨੀਗ੍ਰਾਮ ਕੈਮਿਸਟਰੀ ਦੇ ਮੂਲ ਤੱਤਾਂ ਵਾਂਗੂ ਹਨ। ਕੈਮਿਸਟਰੀ ਦੇ ਕੋਈ 90 ਮੂਲ ਤੱਤ ਹਨ ਜਿਨ੍ਹਾਂ ਤੋਂ ਅਗੇ ਜਾਕੇ ਹਰ ਤਰ੍ਹਾਂ ਦੇ ਕੈਮੀਕਲ ਪਦਾਰਥ ਤਿਆਰ ਹੁੰਦੇ ਹਨ।

ਜਿਵੇਂ ਕਿ ਹਰ ਸਾਇੰਸ ਵਿਚ ਹੈ, ਧੁਨੀ ਗ੍ਰਾਮ ਉਹ ਇਕ ਸਿਧਾਂਤ (concept) ਹੈ ਜਿਹੜਾ ਕਿ 'ਅਨਿਰਵਚਨੀਯ' ਹੈ ਅਰਥਾਤ ਜਿਸ ਦੀ ਪਰਿਭਾਸ਼ਾ ਜਾਂ ਤਾਰੀਫ਼ ਕਰਨੀ ਖਰੀ ਔਖੀ ਹੈ। ਫਿਰ ਵੀ ਇਸ ਪਾਸੇ ਕੁਝ ਯਤਨ ਕਰਨਾ ਜ਼ਰੂਰੀ ਹੈ:

"ਧੁਨੀਗ੍ਰਾਮ ਕਿਸੇ ਬੋਲ ਚਾਲੀ ਭਾਸ਼ਾ ਦੀ ਅਭਿਵਿਅਕਤੀ ਪ੍ਰਣਾਲੀ ਦਾ ਲਘੂਤਮ (ਛੋਟੇ ਤੋਂ ਛੋਟਾ) ਅੰਸ਼ ਹੈ ਜਿਸ ਦੇ ਕਾਰਣ ਜੋ ਗੱਲ ਕਹੀ ਜਾ ਸਕਦੀ ਹੈ ਉਹ ਉਸ ਤੋਂ ਨਿਰਾਲੀ ਹੈ ਜੋ ਕਿ ਕਹੀ ਜਾ ਚੁਕੀ ਹੋਵੇਗੀ।[2]

ਇਸ ਤਰ੍ਹਾਂ ਜੇਕਰ ਦੋ 'ਬੋਲ' (utterence) ਇਸ ਢੰਗ ਨਾਲ ਅੱਡੋ ਅੱਡ ਹਨ ਕਿ ਉਨ੍ਹਾਂ ਤੋਂ ਸਰੋਤੇ ਨੂੰ ਅੱਡੋ ਅਡ ਅਰਥ ਮਿਲਦਾ ਹੈ, ਤਾਂ ਲਾਜ਼ਮੀ ਤੌਰ ਤੇ ਇਸ ਦਾ ਕਾਰਣ ਅਭਿਵਿਅਕਤੀ ਵਿਚ ਭਿੰਨਤਾ ਹੋਵੇਗੀ। ਇਹ ਭਿੰਨਤਾ ਥੋੜੀ ਜਾਂ ਬਹੁਤੀ ਹੋ ਸਕਦੀ ਹੈ। ਲਘੂ-ਤਮ ਭਿੰਨਤਾ ਹੀ ਦੋ "ਬੋਲਾਂ" ਨੂੰ ਭਿੰਨ ਅਰਥ ਦੇਕੇ ਵੱਖਰਾ ਕਰ ਸਕਦੀ ਹੈ, ਉਹ ਇਕ ਫੋਨੀਮ ਦੇ ਭਿੰਨ ਹੋਣ ਦਾ ਸਿੱਟਾ ਹੈ। ਦੂਜੇ ਸ਼ਬਦਾਂ ਵਿਚ ਇਕ

1. ਧੁਨੀਗ੍ਰਾਮ ਦਾ ਸ਼ਾਬਦਿਕ (ਲਫ਼ਜ਼ੀ) ਅਰਥ ਹੈ ਧੁਨੀਆਂ ਦਾ ਗ੍ਰਾਮ। ਗ੍ਰਾਮ ਦਾ ਅਰਥ ਹੈ ਪਿੰਡ, ਸਮੂਹ, ਸ਼੍ਰੇਣੀ, ਇਕੱਠ, class, ਵਰਗ, ਜਮਾਇਤ ਆਦਿ।
2. We may define a phoneme as a minimum feature of the expression system of a spoken language by which one thing that may be said is distinguished from any other thing which might have been said. Gleason, p. 9.

ਧੁਨੀਗ੍ਰਾਮ (ਫੋਨੀਮ) ਦੀ ਵੱਖਰਤਾ ਕਰਕੇ ਭਾਸ਼ਾ ਦੇ ਬੋਲਾਂ ਵਿਚ ਅਰਥ-ਭਿੰਨਤਾ ਹੁੰਦੀ ਹੈ। ਇਹੋ ਧੁਨੀਗ੍ਰਾਮ ਦਾ ਕਾਰਜ ਹੈ, ਇਹੋ ਉਸ ਦੀ ਨਿਸ਼ਾਨੀ ਹੈ।

ਗਲੀਸਨ ਨੇ ਇਕ ਹੋਰ ਥਾਂ ਲਿਖਿਆ ਹੈ, ਧੁਨੀ ਗ੍ਰਾਮ ਇਕ ਧੁਨੀ-ਸ਼੍ਰੇਣੀ ਹੈ, ਜਿਨ੍ਹਾਂ ਦਾ ਕਿਸੇ ਵਿਸ਼ੇਸ਼ ਭਾਸ਼ਾ ਵਿਚ ਇਸ ਤਰ੍ਹਾਂ ਪ੍ਰਯੋਗ ਕੀਤਾ ਜਾਂਦਾ ਹੈ ਕਿ ਉਸ ਸ਼੍ਰੇਣੀ ਦੇ ਕੋਈ ਦੋ ਮੈਂਬਰ ਕਦੀ ਵੀ ਵਿਰੋਧ ਨਹੀਂ ਕਰਦੇ[1]"। ਮਿਸਾਲ ਵਜੋਂ ਅੰਗਰੇਜ਼ੀ Key Ski, Cow ਇਨ੍ਹਾਂ ਤਿੰਨਾਂ ਰੂਪਾਂ ਵਿਚ /K/ ਦੀਆਂ ਕੀਮਤਾਂ ਧੁਨਿਕ (phonetic) ਦ੍ਰਿਸ਼ਟੀ ਤੋਂ ਅੱਡ ਅੱਡ ਹਨ। ਪਰ ਇਨ੍ਹਾਂ ਦਾ ਇਕੋ ਧੁਨੀਗ੍ਰਾਮ /K/ ਹੈ ਬਾਕੀ ਤਾਂ ਇਸ ਦੇ ਮੈਂਬਰ ਹਨ। ਕਿਉਂਕਿ ਉੱਚਾਰਣ ਵਿਚ ਫ਼ਰਕ ਸਥਿਤੀ-ਭੇਦ ਕਰਕੇ ਹੈ ਜਿਸ ਨਾਲ ਅਰਥ-ਭੇਦ ਨਹੀਂ ਹੁੰਦਾ।

ਧੁਨੀਗ੍ਰਾਮ ਬਾਰੇ ਦੋ ਗੱਲਾਂ ਆਵਸ਼ਕ ਹਨ। ਧੁਨੀਗ੍ਰਾਮ ਕਿਸੇ ਇਕ ਖਾਸ ਭਾਸ਼ਾ ਦੀ ਪ੍ਰਣਾਲੀ ਦੇ ਜੁਜ਼ (ਅੰਗ) ਹੁੰਦੇ ਹਨ। ਹਰ ਭਾਸ਼ਾ ਦੇ ਧੁਨੀਗ੍ਰਾਮ ਅੱਡ ਅੱਡ ਹੁੰਦੇ ਹਨ ਤੇ ਆਮ ਤੌਰ ਤੇ ਅਣਮੇਲ ਹੀ ਰਖਦੇ ਹਨ। ਇਹੋ ਕਾਰਣ ਹੈ ਕਿ ਉਸ ਭਾਸ਼ਾ ਤੋਂ ਅਣਜਾਣ ਵਿਅਕਤੀ ਜਦ ਉਸ ਨੂੰ ਸੁਣਦਾ ਹੈ ਤਾਂ ਉਸਨੂੰ ਸਿਰਫ ਰੌਲਾ ਪੈਂਦਾ ਹੀ ਸੁਣਦਾ ਹੈ ਅਤੇ ਉਹ ਉਨ੍ਹਾਂ ਬੋਲਾਂ ਨੂੰ ਠੀਕ ਤਰ੍ਹਾਂ ਦੁਹਰਾ ਨਹੀਂ ਸਕਦਾ ਕਿਉਂਕਿ ਓਪਰੀ ਭਾਸ਼ਾ ਦੀਆਂ ਧੁਨੀਆਂ ਉਸ ਦੀ ਆਪਣੀ ਧੁਨੀਗ੍ਰਾਮਿਕ ਪ੍ਰਣਾਲੀ ਦੇ ਮੇਚ ਨਹੀਂ ਆਉਂਦੀਆਂ। ਇਸ ਲਈ ਉਹ ਓਪਰੀ ਭਾਸ਼ਾ ਦੀ ਤਰਤੀਬ ਨੂੰ ਬੁੱਝ ਨਹੀਂ ਸਕਦਾ।

ਧੁਨੀਗ੍ਰਾਮ ਅਕਸਰ ਬੋਲ ਚਾਲੀ ਭਾਸ਼ਾ ਦੇ ਹੀ ਅੰਸ਼ ਹੁੰਦੇ ਹਨ। ਕਿਉਂਕਿ ਲਿਖਿਤ ਭਾਸ਼ਾ ਬੋਲਚਾਲੀ ਜ਼ਬਾਨ ਦੀ ਠੀਕ ਪ੍ਰਤਿਨਿਧਤਾ ਨਹੀਂ ਕਰ ਸਕਦੀ। ਲਿਖਿਤ ਰੂਪ ਤਾਂ ਅਧੂਰੀ ਤੇ ਅਪੂਰੀ ਤਸਵੀਰ ਹੁੰਦੀ ਹੈ। ਇਸ ਲਈ ਧੁਨੀਗ੍ਰਾਮਾਂ ਦੀ ਖੋਜ ਬੋਲਚਾਲੀ ਭਾਸ਼ਾ ਵਿਚ ਹੀ ਕੀਤੀ ਜਾਂਦੀ ਹੈ।

ਰੂਪਗ੍ਰਾਮ (morpheme)

ਅੰਗ੍ਰੇਜ਼ੀ morpheme ਨੂੰ **'ਰੂਪਗ੍ਰਾਮ'** ਕਿਹਾ ਜਾ ਸਕਦਾ ਹੈ। ਰੂਪਗ੍ਰਾਮ ਕਿਸੇ ਭਾਸ਼ਾ ਦੀ ਅਭਿਵਿਅਕਤੀ-ਪ੍ਰਣਾਲੀ ਦੀ ਦੂਜੀ ਮੁੱਖ ਬੁਨਿਆਦੀ ਇਕਾਈ (unit) ਹੈ। ਇਸ ਨੂੰ ਵੀ ਸਹੀ ਸਹੀ ਪਰਿਭਾਸ਼ਿਤ ਕਰਨਾ ਕਾਫ਼ੀ ਮੁਸ਼ਕਿਲ ਹੈ। ਤਾਂ ਵੀ ਇਹ ਕਿਹਾ ਜਾ ਸਕਦਾ ਹੈ :

---

1. A phoneme is a class of sounds so used in a given language that no two members of the class can ever contrast. Gleason, p. 24

"ਰੂਪਗ੍ਰਾਮ ਭਾਸ਼ਾ ਦੇ ਅਭਿਵਿਅਕਤੀ-ਪੱਖ ਦੀ ਉਹ ਸਾਰਥਕ ਬੁਨਿਆਦੀ ਇਕਾਈ ਹੈ ਜੋ ਵਿਸ਼ੈ-ਪੱਖ ਨਾਲ ਰਿਸ਼ਤਾ ਰਖਦੀ ਹੈ।" "ਰੂਪਗ੍ਰਾਮ ਭਾਸ਼ਾ ਦੀ ਸੰਰਚਨਾ ਵਿਚ ਲਘੂਤਮ ਸਾਰਥਕ ਇਕਾਈ ਹੈ" ।[1]

ਲਘੂਤਮ ਸਾਰਥਕ ਇਕਾਈ ਦਾ ਭਾਵ ਇਹ ਹੈ ਕਿ ਰੂਪਾਂ ਦੀ ਅਜੇਹੀ ਇਕਾਈ ਜਿਸ ਨੂੰ ਹੋਰ ਤੋੜਿਆ ਜਾਂ ਵੰਡਿਆ ਨਹੀਂ ਜਾ ਸਕਦਾ ਜੇ ਅਜੇਹਾ ਕੀਤਾ ਜਾਵੇ ਤਾਂ ਉਸ ਦੇ ਅਰਥ ਨੂੰ ਲਾਜ਼ਮੀ ਤੌਰ ਤੇ ਖਤਮ ਕਰਨਾ ਜਾ ਤਬਦੀਲ ਕਰਨਾ ਪਵੇਗਾ। ਮਿਸਾਲ ਦੇ ਤੌਰ ਤੇ ਅੰਗ੍ਰੇਜ਼ੀ ਸ਼ਬਦ /strange/[2] ਇਕ ਰੂਪ-ਗ੍ਰਾਮ ਹੈ। ਇਸ ਨੂੰ ਹੋਰ ਅਗੇ ਤੋੜਿਆ ਨਹੀਂ ਜਾ ਸਕਦਾ। ਜੇ /str/ ਤੇ /ange/ ਕਹੀਏ ਤਾਂ ਅਰਥ ਬਿਲਕੁਲ ਲੋਪ ਹੋ ਜਾਂਦਾ ਹੈ। ਹਾਂ /strangeness/ ਨੂੰ ਤੋੜਕੇ /strange/ ਅਤੇ /–ness/ ਬਣਾਏ ਜਾ ਸਕਦੇ ਹਨ ਅਤੇ ਇਨ੍ਹਾਂ ਦੇ ਅਰਥ ਵਖੋ ਵਖਰੇ ਕਾਇਮ ਰਹਿੰਦੇ ਹਨ। ਇਸ ਲਈ /strange ਅਤੇ /–ness/ ਦੋ ਰੂਪਗ੍ਰਾਮ ਹਨ।

ਰੂਪਗ੍ਰਾਮ ਦੀ ਵਿਲਖੱਣਤਾ ਇਹ ਹੈ ਕਿ ਇਹ ਇਕ ਜਾਂ ਉਸ ਤੋਂ ਬਹੁਤੇ ਧੁਨੀਗ੍ਰਾਮਾਂ (phonemes) ਨਾਲ ਮਿਲ ਕੇ ਬਣਦਾ ਹੈ। ਪਰ ਰੂਪਗ੍ਰਾਮ ਬੁਨਿਆਦੀ ਤੌਰ ਤੇ ਧੁਨੀ-ਗ੍ਰਾਮ ਤੋਂ ਅੱਡ ਹੁੰਦਾ ਹੈ। ਧੁਨੀਗ੍ਰਾਮ ਦਾ ਵਿਸ਼ੈ (ਅਰਥ) ਨਾਲ ਕੋਈ ਸੰਬੰਧ ਨਹੀਂ ਹੁੰਦਾ, ਅਰਥਾਤ ਧੁਨੀਗ੍ਰਾਮ ਦਾ ਸਹੀ ਮਾਇਨਿਆਂ ਵਿਚ ਕੋਈ ਅਰਥ ਨਹੀਂ ਹੁੰਦਾ ਜਿਥੇ ਕਿ ਰੂਪਗ੍ਰਾਮ ਦਾ ਹਰ ਹਾਲਤ ਵਿਚ ਅਰਥ ਹੁੰਦਾ ਹੈ।

ਹਰ ਭਾਸ਼ਾ ਦੇ ਆਮ ਲਫ਼ਜ਼ ਜਾਂ ਸ਼ਬਦ (ਰੂਪ) ਰੂਪਗ੍ਰਾਮ ਹੁੰਦੇ ਹਨ। ਧੁਨੀਗ੍ਰਾਮਾਂ ਦੀ ਤਰ੍ਹਾਂ ਰੂਪਗ੍ਰਾਮ ਵੀ ਸੰਬੰਧਿਤ ਭਾਸ਼ਾ ਦੇ ਨਿਸ਼ਚਿਤ ਤੇ ਜਟਿਲ ਪੈਟਰਨ (ਸਾਂਚੇ) ਦੇ ਅਨੁਸਾਰ ਹੋਰ ਇਕਠਾਂ ਵਿਚ ਜੁੜਦੇ ਹਨ।

ਪੰਜਾਬੀ ਦੇ ਸੁਆਲੀਆ ਵਾਕ "ਕੀ ਖਾਨੈਂ ?" ਵਿਚ ਤਿੰਨ ਰੂਪਗ੍ਰਾਮ ਹਨ :

/ਕੀ/ : ਸੰਬੰਧਿਤ ਵਿਅਕਤੀ ਲਈ ਪ੍ਰਸ਼ਨ-ਸੂਚਕ

/ਖਾਂਦਾ/ : ਕ੍ਰਿਆ, ਵਰਤਮਾਨ ਕਾਲ

/ਐਂ/ : ਸਹਾਇਕ ਕ੍ਰਿਆ, ਇਕਵਚਨ,

ਪਰ ਇਨ੍ਹਾਂ ਦੀ ਪੰਜਾਬੀ-ਵਾਲੀ ਤਰਤੀਬ "ਵਿਆਕਰਣ" ਦਾ ਵਿਸ਼ੈ ਹੈ।

ਇਸ ਤਰ੍ਹਾਂ ਭਾਸ਼ਾ ਦੀ ਅਭਿਵਿਅਕਤੀ-ਜੁਗਤ ਇਨ੍ਹਾਂ ਦੋਹਾਂ ਬੁਨਿਆਦੀ ਇਕਾ-

---

1. ਵੇਖੋ Gleason p, 53
2. Phonemic notation ਦੇ ਟਾਈਪ ਦੀ ਅਣਹੋਂਦ ਕਾਰਣ strange ਆਦਿ ਸ਼ਬਦ ਰਵਾਇਤੀ ਰੋਮਨ ਅਖਰਾਂ ਵਿਚ ਹੀ ਛਾਪੇ ਜਾ ਰਹੇ ਹਨ।

ਈਆਂ ਦੇ ਪੈਟਰਨਾਂ ਦਾ ਸੰਗ੍ਰਹਿ-ਮਾਤ੍ਰ ਹੈ ।

ਅਰਥ ਪੱਖ :

ਜਿਥੋਂ ਤਕ ਭਾਸ਼ਾ ਦੇ ਵਿਸ਼ੇ ਪੱਖ (content side) ਦਾ ਤਅਲੁਕ ਹੈ, ਇਸ ਨੇ ਬਹੁਤ ਘਟ ਵਿਕਾਸ ਕੀਤਾ ਹੈ ਅਤੇ ਅਭਿਵਿਅਕਤੀ ਪੱਖ ਨਾਲੋਂ ਇਸ ਦੀਆਂ ਪ੍ਰਾਪਤੀਆਂ ਬਹੁਤ ਘੱਟ ਚਮਤਕਾਰੀ ਹਨ । ਇਹ ਇਕ ਨਿਰਾਸ਼ਾ ਦੀ ਗੱਲ ਹੈ । ਅਜੇ ਤਕ ਭਾਸ਼ਾ-ਵਿਗਿਆਨੀ ਅਰਥ-ਪੱਖ ਨੂੰ ਵਿਗਿਆਨਿਕ ਲੀਹਾਂ ਤੇ ਨਹੀਂ ਤੋਰ ਸਕੇ ਅਤੇ ਨਾ ਹੀ ਅਭਿਵਿਅਕਤੀ ਤੇ ਅਰਥ ਦੇ ਜੁੜਵੇਂ ਸੰਬੰਧਾਂ ਵਿਚਕਾਰ ਕੋਈ ਅਸੂਲੀ ਸਿਧਾਂਤ ਉਲੀਕ ਸਕੇ ਹਨ ।

ਇਉਂ ਲਗਦਾ ਹੈ ਕਿ ਅਰਥ-ਪੱਖ ਵਲ ਭਾਸ਼ਾ-ਵਿਗਿਆਨੀ ਅਜੇ ਤਕ ਅਣ-ਗਹਿਲੀ ਵਰਤ ਰਹੇ ਹਨ । ਭਾਸ਼ਾ ਦੀ ਦੁਪੱਖੀ ਮਹਾਨਤਾ ਨੂੰ ਅਜੇ ਇਨ੍ਹਾਂ ਨੇ ਪੂਰੀ ਤਰ੍ਹਾਂ ਭਾਂਪਿਆ ਵੀ ਨਹੀਂ ਹੈ । ਸਾਰੇ ਜਣੇ, ਬਜੋ ਭੱਜੀ ਵਿਚ ਅਭਿਵਿਅਕਤੀ ਪੱਖ ਉਤੇ ਹੀ ਕੇਂਦ੍ਰਿਤ ਹੋਏ ਜਾ ਰਹੇ ਹਨ ।

ਨਾਲੇ ਇਕ ਇਹ ਵੀ ਗੱਲ ਹੈ ਕਿ ਅਰਥਾਂ ਦੀ ਤਹਿਆਂ ਤਕ ਅਪੜਨ ਲਈ ਕੋਈ ਮੁਨਾਸਬ ਰਾਹ ਨਹੀਂ ਲਭਿਆ, ਸਿਰਫ਼ ਰਾਹ ਤਾਂ ਰੂਪ ਜਾਂ ਸ਼ਬਦ ਹਨ ਜਾਂ ਇਉਂ ਕਹੋ ਅਭਿਵਿਅਕਤੀ ਵਾਲਾ ਪਹਿਲੂ ਹੀ ਹੈ ।

ਸਹੀ ਗੱਲ ਤਾਂ ਇਹ ਹੈ ਕਿ ਅਰਥ-ਪੱਖ ਨੂੰ ਮਹਿਦੂਦ ਨਹੀਂ ਕੀਤਾ ਜਾ ਸਕਦਾ । ਹੱਦਾਂ ਮੁਕੱਰਰ ਕਰਨੀਆਂ ਔਖੀਆਂ ਹਨ । ਮਨੁਖੀ ਅਨੁਭਵ ਅਨੰਤ ਹਨ ਭਾਵ ਤੇ ਤਜਰਬੇ ਬੇਅੰਤ ਹਨ । ਇਸ ਲਈ ਅਰਥ-ਮੰਡਲ ਵੀ ਅਨੰਤ ਹੈ ।

ਅਜੇ ਭਾਸ਼ਾ-ਵਿਗਿਆਨੀਆਂ ਨੂੰ ਭਾਸ਼ਾ ਦੀ ਸੰਰਚਨਾ, ਰੂਪਗ੍ਰਾਮਾਂ ਦੇ ਖੋਜਣ ਤੋਂ ਵਿਹਲ ਵੀ ਨਹੀਂ ਹੈ । ਪਰ ਤਾਂ ਵੀ ਇਹ ਕੋਈ ਨਿਰਾਸ਼ਾ-ਜਨਕ ਨਹੀਂ । ਵਕਤ ਆਵੇਗਾ ਜਦੋਂ ਅਰਥ ਦੇ ਪੱਖ ਨੂੰ ਵੀ ਵਿਗਿਆਨਿਕ ਪ੍ਰਣਾਲੀ ਅਨੁਸਾਰ ਵਿਸ਼ਲੇਸ਼ਿਤ ਕਰਕੇ ਸਿਟੇ ਕਢੇ ਜਾਣਗੇ ਕਿਉਂਕਿ ਅਰਥ-ਪੱਖ ਏਨਾ ਹੀ ਜ਼ਰੂਰੀ ਤੇ ਮਹਤ੍ਵ-ਪੂਰਣ ਹੈ ਜਿਨਾਂ ਕਿ ਅਭਿਵਿਅਕਤੀ-ਪੱਖ । ਇਸ ਪਾਸੇ ਜੋ semanteme (ਅਰਥ-ਇਕਾਈ) ਲੱਭਣ ਦੇ ਯਤਨ ਹੋ ਰਹੇ ਹਨ ਉਹ ਸੁੰਦਰ ਭਵਿਖ ਦੇ ਪ੍ਰਤੀਕ ਹਨ ।

ਹੁਣ ਤਕ ਭਾਸ਼ਾ-ਵਿਗਿਆਨ ਦੇ ਜਿਨ੍ਹਾਂ ਤਿਨ ਪ੍ਰਕਾਰਾਂ—ਇਤਿਹਾਸਿਕ,

ਤੁਲਨਾਤਮਕ, ਵਰਣਾਤਮਕ—ਦਾ ਬਿਆਨ ਕੀਤਾ ਹੈ। ਉਹ ਕੋਈ ਬਿਲਕੁਲ ਇਕ ਦੂਏ ਤੋਂ ਟੁੱਟੇ ਹੋਏ ਜਾਂ ਇਕ ਦੂਏ ਦੇ ਵਿਰੋਧੀ ਨਹੀਂ ਹਨ। ਸਗੋਂ ਇਕ ਦੂਏ ਦੇ ਪੂਰਕ ਹਨ, ਸਹਾਇਕ ਹਨ।

ਹਾਕੇਟ[1] ਨੇ ਕਿਹਾ ਹੈ ਕਿ ਇਹ ਸਮਝਣਾ ਸਰਾਸਰ ਗਲਤੀ ਹੈ ਕਿ "ਵਰਣਨਾਤਮਕ ਤੇ ਇਤਿਹਾਸਿਕ ਭਾਸ਼ਾ-ਵਿਗਿਆਨ ਦੋਵੇਂ ਅੱਡ ਅੱਡ ਵਿਭਾਗ ਹਨ, ਜਿਨ੍ਹਾਂ ਦੀ ਕੋਈ ਇਕ ਗੱਲ ਦੂਜੇ ਦੇ ਖੇਤਰ ਵਿਚ ਨਹੀਂ ਮਿਲਦੀ।" ਇਹ ਗੱਲ ਹੈ ਵੀ ਠੀਕ। ਇਹ ਤਿੰਨੇ ਪ੍ਰਕਾਰ ਤਾਂ ਇਕ ਦੂਜੇ ਤੋਂ ਯੋਗ ਸਹਾਇਤਾ ਗ੍ਰਹਿਣ ਕਰਦੇ ਹਨ। ਇਤਿਹਾਸਿਕ ਭਾਸ਼ਾ-ਵਿਗਿਆਨ ਤਾਂ ਹੀ ਕਾਮਯਾਬ ਹੈ ਜਦ ਉਹ ਵਰਣਨਾਤਮਕ ਢੰਗ ਨਾਲ ਇਤਿਹਾਸ ਦੇ ਕਿਸੇ ਇਕ ਪੜਾ ਦੀ ਭਾਸ਼ਾ ਦਾ ਅਧਿਐਨ ਕਰ ਲਵੇ। ਇਸ ਤਰ੍ਹਾਂ ਭਾਸ਼ਾ ਵਿਚ ਪ੍ਰਚਲਿਤ ਮੁਹਾਵਰਿਆਂ (idioms) ਦਾ ਵਿਕਾਸ ਲਭ ਕੇ ਹੀ ਵਰਣਨਾਤਮਕ ਭਾਸ਼ਾ-ਵਿਗਿਆਨ ਉਨ੍ਹਾਂ ਦਾ ਯੋਗ ਵਿਸ਼ਲੇਸ਼ਣ ਕਰ ਸਕਦਾ ਹੈ।

ਇਹ ਤਿੰਨੇ ਭਾਸ਼ਾਵਾਂ ਨੂੰ ਵਿਗਿਆਨਿਕ ਢੰਗ ਨਾਲ ਜਾਨਣ ਤੇ ਸਮਝਣ ਦੇ ਸ਼ਾਹਰਾਹ ਹਨ ਜਿਨ੍ਹਾਂ ਤੇ ਹਰ ਭਾਸ਼ਾ-ਖੋਜੀ ਨੂੰ ਥੋੜਾ-ਬਹੁਤ ਚੱਲਣਾ ਹੀ ਪੈਂਦਾ ਹੈ।

ਇਸ ਤੋਂ ਇਲਾਵਾ, ਆਧੁਨਿਕ ਭਾਸ਼ਾ-ਵਿਗਿਆਨ ਵਿਚ ਕੁਝ ਹੋਰ ਪ੍ਰਣਾਲੀਆਂ ਵੀ ਹਨ ਜਿਹੜੀਆਂ ਆਪੋ ਵਿਚ ਮਿਲਦੀਆਂ ਹਨ:

ਸਾਮਾਨਯ ਭਾਸ਼ਾ-ਵਿਗਿਆਨ : ਜਨਰਲ Linguistics,

ਨਵ-ਭਾਸ਼ਾ-ਵਿਗਿਆਨ : Modern Linguistics,

ਕਾਰਜਾਤਮਕ ਭਾਸ਼ਾ-ਵਿਗਿਆਨ : Functional Linguistics,

ਸੰਰਚਨਾਤਮਕ ਭਾਸ਼ਾ ਵਿਗਿਆਨ : Structural Linguistics

ਇਨ੍ਹਾਂ ਵਿਚ "ਸੰਰਚਨਾਤਮਕ ਭਾਸ਼ਾ-ਵਿਗਿਆਨ" ਆਧੁਨਿਕਤਮ ਦ੍ਰਿਸ਼ਟੀ ਹੈ ਜਿਹੜੀ ਕੁਝ ਵਧੇਰੇ ਪਰਿਚੈ ਦੀ ਹੱਕਦਾਰ ਹੈ।

ਸੰਰਚਨਾਤਮਕ-ਭਾਸ਼ਾ-ਵਿਗਿਆਨ (Structural Linguistics)

1930 ਦੇ ਲਾਗੇਚਾਗੇ ਸੰਰਚਨਾਤਮਕ ਭਾਸ਼ਾ-ਵਿਗਿਆਨ (Structural

---

1. C.M.L. p. 303

Linguistics) ਦਾ ਉਦਭਵ ਹੋਇਆ[1]। ਇਸ ਨਾਲ ਭਾਸ਼ਾਈ ਵਿਚਾਰਮਾਲਾ ਅਤੇ ਵਿਵਹਾਰ ਵਿਚ ਇਕ ਅਮਲੀ ਕ੍ਰਾਂਤੀ ਪੈਦਾ ਹੋਈ। ਇਹ ਸੱਚ ਹੈ ਕਿ ਅਜੇਹੇ ਸੰਰਚਨਾਤਮਕ ਸਿਧਾਂਤਾਂ ਤੇ ਪ੍ਰਣਾਲੀਆਂ ਦੇ ਸੰਕੇਤ ਪ੍ਰਾਚੀਨ ਭਾਸ਼ਾ-ਗ੍ਰੰਥਾਂ ਵਿਚ ਮਿਲਦੇ ਹਨ ਪਰੰਤੂ ਭਾਸ਼ਾ ਦੇ ਵਿਸ਼ਲੇਸ਼ਣ ਵਿਚ ਇਕ ਵੱਡੇ ਪੈਮਾਨੇ ਤੇ ਸੰਰਚਨਾਤਮਕ ਦ੍ਰਿਸ਼ਟੀ ਦਾ ਸੁਨਿਸ਼ਚਿਤ ਸਿਧਾਂਤ ਅਸਲ ਵਿਚ ਉਦੋਂ ਸ਼ੁਰੂ ਹੋਇਆ ਜਦ ਭਾਸ਼ਾ-ਅਧਿਐਨ ਦੇ ਖੇਤਰ ਵਿਚ "ਧੁਨੀਗ੍ਰਾਮ" (phoneme) ਦੀ ਧਾਰਣਾ ਦੀ ਬਾਕਾਇਦਾ ਵਰਤੋਂ ਹੋਈ ਅਤੇ ਬੜੀ ਛੇਤੀ ਹੀ ਇਹ ਧਾਰਣਾ ਭਾਸ਼ਾ ਦੇ ਬਾਕੀ ਅੰਗਾਂ, ਰੂਪ-ਵਿਗਿਆਨ, ਵਾਕ-ਵਿਗਿਆਨ, ਸ਼ਬਦਾਵਲੀ ਵਿਚ ਵੀ ਫੈਲ ਗਈ। ਪਰੰਤੂ ਇੰਨ੍ਹਾਂ ਅੰਗਾਂ ਵਿਚ ਇਹ ਏਨੀ ਕਾਮਯਾਬੀ ਨਾਲ ਪ੍ਰਚਲਿਤ ਨਹੀਂ ਹੋ ਸਕੀ।

19ਵੀਂ ਸਦੀ ਤੇ ਵੀਹਵੀਂ ਸਦੀ ਦੇ ਆਰੰਭ ਵਿਚ ਜੋ ਦਿਲਚਸਪੀ ਇਤਿਹਾਸਿਕ ਅਧਿਐਨ ਵਿਚ ਲਈ ਜਾਂਦੀ ਸੀ ਉਹ ਭਾਸ਼ਾਵਾਂ ਦੇ ਸਮਕਾਲੀ ਰੂਪ ਦੇ ਅਧਿਐਨ ਅਤੇ ਭਾਸ਼ਾ-ਵਿਗਿਆਨਿਕ ਸਿਧਾਂਤ-ਨਿਰਧਾਰਣ ਵੱਲ ਮੁੜ ਗਈ। ਇਸ ਨਾਲ ਭਾਸ਼ਾ ਪ੍ਰਣਾਲੀ ਸੰਬੰਧੀ ਆਮ ਸਿਧਾਂਤਾਂ ਦੀ ਇਕ ਚੰਗੀ ਖਾਸੀ ਗਿਣਤੀ ਬਣ ਗਈ ਜਿਸ ਨੂੰ ਰਵਾਇਤੀ ਢੰਗ ਦੇ "ਇਤਿਹਾਸਿਕ ਭਾਸ਼ਾ-ਵਿਗਿਆਨ" ਦੇ ਟਾਕਰੇ ਤੇ 'ਜਨਰਲ ਭਾਸ਼ਾ-ਵਿਗਿਆਨ' (General Linguistics) ਆਖਿਆ ਜਾਂਦਾ ਹੈ।

ਅਸਲ ਵਿਚ ਇਸ ਨਵੀਂ ਦ੍ਰਿਸ਼ਟੀ ਦਾ ਪ੍ਰੇਰਕ ਸੋਮਾ De Saussure (ਦ ਸਾਸਿਊਰ) ਦੁਆਰਾ ਪ੍ਰਸਤੁਤ ਦੁਵੰਡ ਜਾਂ ਦ੍ਵੰਦ (dichotomy) ਹੈ ਜਿਸ ਨੂੰ ਉਸ ਨੇ ਸਮਕਾਲਤਾ (synchrony) ਅਤੇ ਇਤਿਹਾਸਿਕਤਾ (diachrony) ਦੇ ਦਰਮਿਆਨ ਲੱਭਿਆ ਹੈ, ਅਤੇ ਕਈ ਵਾਰ ਇਸ ਤੋਂ ਇਹ ਧਾਰਣਾ ਵੀ ਬਣਾਈ ਗਈ ਹੈ ਕਿ ਇਹ ਦੋਵੇਂ ਆਪੋ ਵਿਚ ਵਿਰੋਧੀ ਹਨ।

Prague school ਦੇ ਭਾਸ਼ਾ-ਵਿਗਿਆਨੀਆਂ ਨੇ ਇਨ੍ਹਾਂ ਵਿਰੋਧਾਂ ਵਿਚ ਇਕਸੁਰਤਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦੇ ਅਨੁਸਾਰ ਸਮਕਾਲੀ (Synchronic) ਭਾਸ਼ਾ-ਵਿਗਿਆਨ ਨੂੰ ਆਪਣਾ ਸਾਰਾ ਸਿਸਟਮ ਬਦਲਣਾ ਪੈਂਦਾ ਹੈ ਜੇਕਰ ਭਾਸ਼ਾ ਵਿਚ ਕੋਈ ਪਰਿਵਰਤਨ ਆ ਜਾਂਦਾ ਹੈ। ਇਸੇ ਤਰ੍ਹਾਂ ਇਤਿਹਾਸਿਕ ਭਾਸ਼ਾ-ਵਿਗਿਆਨ ਦਾ ਮੁਖ

1. ਵੇਖੋ A.M. Ghatage: *Historical Linguistics and Indo-Aryan Languages, p. 32.*

ਮਨੋਰਥ ਵਿੱਕੜ-ਦੁਕੜ ਅੰਸ਼ਾਂ ਦੇ ਪਰਿਵਰਤਨਾਂ ਦਾ ਵਿਸ਼ਲੇਸ਼ਣ ਕਰਨਾ ਨਹੀਂ ਸਗੋਂ ਸਮੁੱਚੇ ਤੌਰ ਤੇ ਉਸ ਸਿਸਟਮ ਵਿਚ ਆਏ ਪਰਿਵਰਤਨਾਂ ਦਾ ਅਧਿਐਨ ਹੈ। Jakobson ਨੇ ਇਸ ਤਰ੍ਹਾਂ ਇਕ ਅਜੇਹੀ ਅਧਿਐਨ-ਪ੍ਰਣਾਲੀ ਸ਼ੁਰੂ ਕੀਤੀ ਹੈ ਜਿਸ ਨੂੰ 'Diachronic Phonemics' ਦਾ ਨਾਂ ਦਿੱਤਾ ਹੈ।

Martinet ਦੇ ਅਨੁਸਾਰ ਸੰਰਚਨਾਤਮਕ ਭਾਸ਼ਾ-ਵਿਗਿਆਨ ਵਿਚ ਭਾਸ਼ਾ-ਸਿਧਾਂਤਾਂ ਦੀ ਕੋਈ ਅਜਹੀ ਇਕ ਪ੍ਰਣਾਲੀ ਨਹੀਂ ਹੈ ਜੋ ਸਾਰਿਆਂ ਸੰਰਚਨਾ-ਵਾਦੀਆਂ (structuralists) ਨੂੰ ਸਵੀਕਾਰ ਹੋਵੇ। ਸਗੋਂ ਸੰਰਚਨਾਵਾਦੀ ਸੰਪ੍ਰਦਾਵਾਂ ਵਿਚ ਇਕ ਬੁਨਿਆਦੀ ਤੇ ਡੂੰਘਾ ਮਤਭੇਦ ਹੈ ਜਿਵੇਂ ਕਿ Prague ਸੰਪ੍ਰਦਾਇ, ਅਮਰੀਕੀ ਸੰਪ੍ਰਦਾਇ, ਲੰਡਨ ਸੰਪ੍ਰਦਾਇ, Glossematics ਦਾ ਅਨੁਯਾਈ-ਵਰਗ।

ਪਰ ਜਿਹੜੀ ਗੱਲ ਸਾਰਿਆਂ ਵਿਚ ਸਰਬ-ਸਾਂਝੀ ਹੈ ਉਹ ਇਹ ਪੱਕਾ ਯਕੀਨ ਹੈ ਕਿ "ਭਾਸ਼ਾ ਕਾਰਜਾਤਮਕ ਇਕਾਈਆਂ ਦੀ ਇਕ ਅਜੇਹੀ ਪ੍ਰਣਾਲੀ ਹੈ ਜੋ ਗਠਨ-ਪ੍ਰਕਾਰ ਦਾ ਆਪਣੀ ਕਿਸਮ ਦਾ ਇਕ ਅਦੁਤੀ ਢੰਗ ਹੈ। ਇਹ ਢੰਗ ਭਾਸ਼ਾ ਦੇ ਵੱਖਰੇ ਟਿੱਕੜ-ਟੁਕੜ ਰੂਪਾਂ ਦੇ ਵਾਸਤਵਿਕ ਪ੍ਰਯੋਗਾਂ ਵਿਚਕਾਰ ਚਾਣ-ਚੱਕ ਮਿਲਦੀਆਂ ਸਾਂਝਾਂ (ਸਮਾਨਤਾਵਾਂ) ਤੋਂ ਪਰ੍ਹੇ ਹੈ" [1]।

ਭਾਸ਼ਾ ਦਾ ਕੋਈ ਵਖਰਿਆਇਆ ਨਵੇਕਲਾ ਕੱਲਾ-ਕਹਿਰਾ ਰੂਪ (noun, adjective etc.) ਕਿਸੇ ਅਰਥ ਨਹੀਂ ਜੇਕਰ ਉਹ ਸੰਬੰਧਿਤ ਭਾਸ਼ਾ ਦੇ ਢਾਂਚੇ ਵਿਚ ਥਾਂ ਪੁਰ ਥਾਂ ਤੇ ਨਹੀਂ ਰਖਿਆ ਜਾਂਦਾ। ਇਨ੍ਹਾਂ ਭਾਸ਼ਾ-ਰੂਪਾਂ ਦਾ ਸਹੀ ਮੁੱਲ ਉਦੋਂ ਪੈਂਦਾ ਹੈ ਜਦ ਉਹ ਭਾਸ਼ਾ-ਪ੍ਰਣਾਲੀ ਦੇ ਬਾਕੀ ਹੋਰਨਾਂ ਰੂਪਾਂ ਦੇ ਮੁਕਾਬਲੇ ਵਿਚ ਟਿਕਾਏ ਜਾਂਦੇ ਹਨ। ਉਨ੍ਹਾਂ ਰੂਪਾਂ ਦੀ ਆਪਣੀ ਨਿਜੀ ਕੀਮਤ ਕੋਈ ਮਹੱਤ੍ਵ-ਪੂਰਣ ਨਹੀਂ ਹੁੰਦੀ।

ਇਕ ਹੋਰ ਗੱਲ ਦਾ ਸੰਰਚਨਾਵਾਦੀਆਂ ਵਿਚ ਸਰਬ-ਸਾਂਝੀ ਹੈ। ਉਹ ਇਹ ਹੈ ਕਿ

---

1. "Language is a system of functional units, a kind of *suigeneris* type of organisation that transcends any random similarities between actual performances of isolated items."

A. M. Ghatage *Historical Linguistics and Indo-Aryan Languages*, p. 32

ਭਾਸ਼ਾ ਦੇ ਦੋ ਭਿੰਨ ਪੱਧਰ ਹੁੰਦੇ ਹਨ, ਇਕ ਹੈ "ਅਰਥਵਾਨ ਤੱਤ" (meaningful elements) ਜਿਨ੍ਹਾਂ ਨੂੰ morphemes ਆਖਦੇ ਹਨ, ਅਤੇ ਦੂਜਾ ਹੈ ਕਾਰਜਾਂ ਅਨੁਸਾਰ ਨਿਯਤ ਇਕਾਈਆਂ ਜਿਨ੍ਹਾਂ ਨੂੰ phonemes ਆਖਦੇ ਹਨ। ਇਸ ਤਰ੍ਹਾਂ ਭਾਵੇਂ ਇਨ੍ਹਾਂ ਵਿਭਿੰਨ ਸੰਪ੍ਰਦਾਵਾਂ ਵਿਚ ਸਿਧਾਂਤਿਕ ਤੌਰ ਤੇ ਮਤ ਭੇਦ ਹਨ ਤਾਂ ਵੀ ਉਨ੍ਹਾਂ ਦੇ ਦਰਮਿਆਨ ਨਿਸ਼ਚਿਤ ਤੌਰ ਤੇ ਇਕ ਡੂੰਘੀ ਅਮਲੀ ਸਹਿਮਤੀ ਹੈ ਜਿਹੜੀ ਸਾਰਿਆਂ ਸੰਪ੍ਰਦਾਵਾਂ ਦੇ ਭਾਸ਼ਾ-ਵਿਗਿਆਨੀਆਂ ਦੁਆਰਾ ਪ੍ਰਾਪਤ ਸਾਂਝੇ ਨਤੀਜਿਆਂ ਵਿਚ ਮਿਲਦੀ ਹੈ।

———

2

ਭਾਸ਼ਾਵਾਂ ਦਾ ਵਰਗੀਕਰਣ
(Classification of Languages)

ਵਰਗੀਕਰਣ ਦੀਆਂ ਸਮਸਿਆਵਾਂ

ਭਾਸ਼ਾ ਇਨਸਾਨੀ ਹਾਵਾਂ-ਭਾਵਾਂ ਦਾ ਪ੍ਰਤੀਕਮਈ ਪ੍ਰਗਟਾਉ ਹੈ। ਇਹ ਹਾਵ-ਭਾਵ ਸੈਂਕੜੇ ਤਰੀਕਿਆਂ ਨਾਲ ਰੂਪਮਾਨ ਹੁੰਦੇ ਹਨ ਭਾਵੇਂ ਇਨ੍ਹਾਂ ਦਾ ਤਅਲੱਕ ਅਗਾਂਹ ਵਧੂ ਲੋਕਾਂ ਨਾਲ ਹੈ ਜਾਂ ਭਾਵੇਂ ਪਛੜੇ ਹੋਏ ਲੋਕਾਂ ਨਾਲ। ਸਹੀ ਗੱਲ ਇਹ ਹੈ ਕਿ ਇਹ ਸਾਰੇ ਲੋਕ ਇਨ੍ਹਾਂ "ਰੂਪਾਂ" ਤੋਂ ਬੇਖ਼ਬਰ ਹੀ ਰਹਿੰਦੇ ਹਨ। ਸੈਂਕੜੇ ਰੂਪਾਂ ਵਿਚ ਰੂਪਮਾਨ ਹੁੰਦੀ ਭਾਸ਼ਾ ਦੀ ਇਹ ਪ੍ਰਕ੍ਰਿਆ ਇਸ ਗੱਲ ਦੀ ਜ਼ਾਮਨ ਬਣਦੀ ਹੈ ਕਿ ਭਾਸ਼ਾ "ਬਾਰੀਂ ਕੋਹੀਂ ਬਦਲ ਜਾਂਦੀ ਹੈ।" ਨਤੀਜਾ ਇਹ ਹੈ, ਦੇਸ-ਦੇਸ ਦੀ ਵਖਰੀ ਵਖਰੀ ਬੋਲੀ ਹੈ, ਵਖਰੀ ਵਖਰੀ ਸ਼ੈਲੀ ਹੈ। ਵਖਰੀ ਵਖਰੀ ਭਾਸ਼ਾ ਹੈ। ਇਸ ਤਰ੍ਹਾਂ ਵਿਸ਼ਵ ਪਧਰ ਉਤੇ ਭਾਸ਼ਾਵਾਂ ਢੇਰ ਹਨ।

ਇਨ੍ਹਾਂ ਭਾਸ਼ਾਵਾਂ ਦੀਆਂ ਕਿਹੜੀਆਂ ਕਿਹੜੀਆਂ ਕਿਸਮਾਂ ਹਨ, ਕਿਹੜੀਆਂ

"Language in its fundamental forms is the symbolic expression of human institutions. These may shape themselves in a hundred ways ..."

E Sapir, *Language*, p. 124

ਵੰਨਗੀਆਂ ਹਨ, ਜਾਂ ਇਨ੍ਹਾਂ ਵਿਸ਼ਵ-ਭਾਸ਼ਾਵਾਂ ਦੀ ਵੰਡ ਕਿਵੇਂ ਹੈ, ਇਨ੍ਹਾਂ ਦੇ ਭੂਗੋਲਿਕ ਤੇ ਸਭਿਆਚਾਰਿਕ ਖੇਤਰ ਕਿਹੜੇ ਹਨ ? ਇਹ ਬਹੁਤ ਸਾਰੇ ਮਸਲੇ ਹਨ ਜਿਹੜੇ ਭਾਸ਼ਾ-ਵਰਗੀਕਰਣ ਦੇ ਪ੍ਰਸੰਗ ਵਿਚ ਦਰਪੇਸ਼ ਹਨ। ਇਨ੍ਹਾਂ ਵਿਸ਼ਵ-ਭਾਸ਼ਾਵਾਂ ਦੀਆਂ ਕਿਸਮਾਂ ਲੱਭਣੀਆਂ, ਹੱਦਾਂ-ਬੰਨੇ ਮੁਕਰਰ ਕਰਨੇ, ਭਾਸ਼ਾ-ਕਬੀਲਿਆਂ ਦੀਆਂ ਵੰਡਾਂ ਮਿਥਣੀਆਂ ਸੌਖੀਆਂ ਨਹੀਂ।

ਇਸ ਸਭ ਕਾਸੇ ਲਈ ਵਰਗੀਕਰਣ ਦੀ ਬੇਹਦ ਲੋੜ ਮਹਿਸੂਸ ਹੁੰਦੀ ਹੈ ਤਾਂ ਜੋ ਵਿਸ਼ਵ ਪੱਧਰ ਉਤੇ ਭਾਸ਼ਾਵਾਂ ਨੂੰ ਆਪੋ ਆਪਣੇ ਦਾਇਰਿਆਂ ਵਿਚ ਬੰਨ੍ਹਿਆ ਜਾ ਸਕੇ ਅਤੇ ਭਾਸ਼ਾ ਵਰਗੀ ਢੇਰਾਂ ਦੀ ਢੇਰ ਸਾਮਗ੍ਰੀ ਨੂੰ ਵਰਗ-ਬੱਧ ਕੀਤਾ ਜਾ ਸਕੇ।

ਪਰੰਤੂ ਇਸ ਕੰਮ ਦੇ ਕਦਮ ਕਦਮ ਉਤੇ ਭਾਰੀ ਸਮਸਿਆਵਾਂ ਹਨ, (ਭਾਰੀ ਵੰਗਾਰਾਂ ਹਨ।)

ਸਭ ਤੋਂ ਪਹਿਲੀ ਸਮਸਿਆ ਤਾ ਭਾਸ਼ਾ ਦੀ ਸਹੀ ਤੇ ਸੁੱਚੀ ਪਰਿਭਾਸ਼ਾ ਉਲੀਕਣਾ ਹੈ। ਭਾਸ਼ਾ ਦੀ ਵਰਤੋਂ "ਆਮ" ਆਦਮੀ ਅਤੇ "ਵਿਸ਼ੇਸ਼ੱਗ" ਦੋਵੇਂ ਜਣੇ ਕਰਦੇ ਹਨ ਪਰ ਉਨ੍ਹਾਂ ਦੇ ਤੌਰ-ਤਰੀਕੇ ਏਨੇ ਵਖੋ ਵਖਰੇ ਹਨ ਕਿ ਇਸ ਦੇ ਸਹੀ ਅਰਥਾਂ ਬਾਰੇ ਕੋਈ ਸਰਬ ਸੰਮਤੀ ਨਹੀਂ ਮਿਲਦੀ। ਜਦੋਂ ਤਕ ਭਾਸ਼ਾ ਦੀ ਅਸਲੀ ਪਰਿਭਾਸ਼ਾ ਖੋਜਕਾਰਾਂ ਦੇ ਹੱਥ ਨਹੀਂ ਲਗ ਜਾਂਦੀ ਉਦੋਂ ਤਕ ਭਾਸ਼ਾ-ਵਿਗਿਆਨੀਆਂ ਲਈ ਇਹ ਦੱਸਣਾ ਅਸਲੋਂ ਮੁਸ਼ਕਿਲ ਹੈ ਕਿ ਕੀ ਅਮੁਕੀ ਸੁਤੰਤਰ ਭਾਸ਼ਾ ਹੈ ਜਾਂ ਉਪਭਾਸ਼ਾ ਹੈ, ਜਾਂ ਕੀ ਫਲਾਣੀ ਮੂਲ ਭਾਸ਼ਾ ਹੈ ਜਾਂ ਵਿਕਸਿਤ ਭਾਸ਼ਾ ਹੈ। ਕਈ ਤਰ੍ਹਾਂ ਦੀਆਂ ਕਸੌਟੀਆਂ ਦੇ ਮਤੇ ਪਕਾਏ ਜਾਂਦੇ ਰਹੇ ਹਨ ਪਰ ਹਾਲੀ ਤਕ ਕੋਈ ਤਸੱਲੀ ਬਖਸ਼ ਕਸੌਟੀ ਨਹੀਂ ਥਿਆ ਸਕੀ ਖੁਦ ਭਾਸ਼ਾ ਦੀ ਤਾਸੀਰ ਹੀ ਅਜੇਹੀ ਹੈ ਕਿ ਇਸ ਨੂੰ ਵਰਗ-ਬੱਧ ਕਰਨ ਸਮੇਂ ਮਸਲਾ ਹੋਰ ਵੀ ਉਲਝ ਜਾਂਦਾ ਹੈ।

Edward Sapir ਨੇ ਠੀਕ ਕਿਹਾ ਹੈ "ਇਨਸਾਨੀ ਦੁਨੀਆਂ ਦੀਆਂ ਬਾਕੀ ਕੁਲ ਰਹੁ ਰੀਤਾਂ ਦੀ ਤਰ੍ਹਾਂ ਬੋਲੀ ਵੀ ਏਨੀ ਬਦਲਵੀਂ ਤੇ ਤਿਲਕਵੀਂ ਹੈ ਕਿ ਇਸ ਨੂੰ ਅਸਾਨੀ ਨਾਲ ਪਰਿਭਾਸ਼ਤ ਨਹੀਂ ਕੀਤਾ ਜਾ ਸਕਦਾ"।[1]

Sapir ਨੇ ਅਗੇ ਜਾ ਕੇ ਭਾਸ਼ਾਵਾਂ ਦੀ ਵੰਡ ਦੇ ਮਸਲੇ ਵਿਚ ਕਈਆਂ ਔਕੜਾਂ

---

1. "Like all human institutions, speech is too variable and too elusive to be quite safely ticketed."

Edward Sapir : *Language*, p. 121

ਦਾ ਉਲੇਖ ਕੀਤਾ ਹੈ। ਉਸ ਨੇ ਲਿਖਿਆ ਹੈ ਕਿ ਵਰਗੀਕਰਣ ਲਈ ਦ੍ਰਿਸ਼ਟੀ-ਕੋਣ ਦੀ ਚੋਣ ਕਰਨੀ ਸਭ ਤੋਂ ਵਡੀ ਔਕੜ ਹੈ। ਆਖਰਕਾਰ ਉਹ ਕਿਹੜਾ ਨੁਕਤਾਨਿਗਾਹ ਹੈ ਜਿਹੜਾ ਭਾਸ਼ਾਈ ਵੰਡ ਦਾ ਆਧਾਰ ਮਿਥਿਆ ਜਾ ਸਕੇ। ਭਾਸ਼ਾ ਦੇ ਏਨੇ ਜ਼ਿਆਦਾ ਚਿਹਰੇ-ਮੁਹਰੇ ਹਨ ਕਿ ਅਸੀਂ ਠਠੰਬਰ ਜਾਂਦੇ ਹਾਂ। ਨਾਲੇ ਇਸ ਮਨੋਰਥ ਲਈ ਕੋਈ ਇਕ ਦ੍ਰਿਸ਼ਟੀ ਕੋਣ ਕਤਈ ਕਾਫ਼ੀ ਨਹੀਂ ਹੋ ਸਕਦਾ। ਦੂਜੀ ਗਲ ਇਹ ਹੈ ਕਿ ਕੁਝ ਕੁ ਮੁਠੀ-ਭਰ ਉਘੀਆਂ ਭਾਸ਼ਾਵਾਂ ਨੂੰ ਸਨਮੁਖ ਰਖ ਕੇ ਆਮ ਸਿਧਾਂਤ ਕਢਣ ਦੀ ਕੋਸ਼ਿਸ਼ ਕਰਨੀ ਬੜੀ ਖਤਰਨਾਕ ਸਾਬਤ ਹੋ ਸਕਦੀ ਹੈ। ਅਗਲੀ ਗੱਲ ਇਹ ਵੀ ਹੈ ਕਿ ਆਮ-ਫਹਿਮ ਤੇ ਘੜੇ-ਘੜਾਏ ਫਾਰਮੂਲਿਆਂ ਵਿਚ ਹਰ ਤਰ੍ਹਾਂ ਦੀ ਭਾਸ਼ਾ ਨੂੰ ਭਾਸ਼ਾਵੇਤਿਆਂ ਵਲੋਂ ਜਕੜਨ ਦੀ ਜ਼ੋਰਦਾਰ ਠਰਕ ਕੀਤੀ-ਕਤਰੀ ਉਤੇ ਪਾਣੀ ਫੇਰ ਸਕਦੀ ਹੈ। ਇਹ ਜ਼ਰੂਰੀ ਨਹੀਂ ਕਿ ਹਰੇਕ ਭਾਸ਼ਾ ਪੰਜ-ਚਾਰ ਗਿਣੀਆਂ ਮਿਥੀਆਂ (ਜਿਵੇਂ isolating, agglutinative, inflective ਭਾਸ਼ਾ ਕਿਸਮਾਂ) ਕਿਸਮਾਂ ਦੇ ਵਿਚੇ-ਵਿਚ ਹੀ ਬੰਨ੍ਹੀ ਜਾ ਸਕੇ। ਕੋਈ ਭਾਸ਼ਾ ਇਕ ਤੋਂ ਵਧ ਕਿਸਮਾਂ ਵਿਚ ਵੀ ਰਖੀ ਜਾ ਸਕਦੀ ਹੈ।

ਸਭ ਤੋਂ ਅਖੀਰਲਾ ਕਾਰਨ ਕਿ ਕਿਉਂ ਭਾਸ਼ਾਵਾਂ ਨੂੰ ਵਰਗਬੰਦੀ ਵਿਚ ਸਥਾਪਤ ਕਰਨ ਦੀ ਕੋਸ਼ਿਸ਼ ਨਿਹਫਲਤਾ ਦੀ ਹਦ ਤਕ ਪਹੁੰਚ ਜਾਂਦੀ ਹੈ, ਇਹ ਹੈ ਕਿ ਕੁਝ ਕੁ ਭਾਸ਼ਾ-ਵਿਗਿਆਨੀਆਂ ਦੀਆਂ ਖ਼ਾਸ ਖ਼ਾਸ ਭਾਸ਼ਾਵਾਂ ਲਈ ਤਰਜੀਹਾਂ ਹਨ, ਤਰਫਦਾਰੀਆਂ ਹਨ ਜਾਂ ਪੂਰਬਮਤਾਵਾਂ ਹਨ ਜਿਨ੍ਹਾਂ ਤੋਂ ਲਾਂਭੇ ਹਟ ਕੇ ਉਹ ਆਮ ਭਾਸ਼ਾਵਾਂ ਨੂੰ ਭਾਸ਼ਾ ਦੀ ਪਦਵੀ ਦੇਣ ਲਈ ਕਤਈ ਤਿਆਰ ਨਹੀਂ ਹੁੰਦੇ। ਕਲਾਸਕੀ ਭਾਸ਼ਾਵਾਂ ਹੀ ਉਨ੍ਹਾਂ ਦਾ ਆਦਰਸ਼ ਹੁੰਦੀਆਂ ਹਨ। ਇਸ ਲਈ ਜੇਕਰ ਅਸੀਂ ਸਚੇ ਦਿਲੋਂ ਕਿਸੇ ਭਾਸ਼ਾ ਨੂੰ ਸਮਝਣ ਦੇ ਉਡੀਕਵਾਨ ਹਾਂ ਤਾਂ ਸਾਡੇ ਲਈ ਇਹ ਲਾਜ਼ਮੀ ਹੈ ਕਿ ਅਸੀਂ ਆਪਣੇ ਦਿਲ ਦਿਮਾਗ ਨੂੰ ਪਖਪਾਤਾਂ ਤੋਂ ਫੌਰਨ ਬਰੀ ਕਰ ਕੇ English ਇਕ ਬੰਨੇ ਅਤੇ Hottentot ਦੂਜੇ ਬੰਨੇ ਦੋਹਾਂ ਨੂੰ ਇਕੋ ਜਿਹੇ ਨਿਰਪੱਖ ਤੇ ਨਿਰਸੰਗ ਭਾਵ ਨਾਲ ਵੇਖਣ ਦੇ ਆਦੀ ਹੋਈਏ।

ਇਸ ਤੋਂ ਅਗੇ ਵਿਸ਼ਵ ਦੀਆਂ ਪ੍ਰਮੁਖ ਭਾਸ਼ਾਵਾਂ ਦੇ ਕੁੜਮ-ਕਬੀਲਿਆਂ ਬਾਰੇ ਸਾਡੀ ਨਾਕਾਫ਼ੀ ਵਾਕਫ਼ੀਅਤ ਵੀ ਸਾਡਾ ਗੰਭੀਰ ਮਸਲਾ ਹੈ। ਜਿਸ ਕਾਰਨ ਅਸੀਂ ਵਿਗਿ-ਆਨਕ ਢੰਗ ਨਾਲ ਸਹੀ ਤੌਰ ਤੇ ਭਾਸ਼ਾਵਾਂ ਦੇ ਵਰਗੀਕਰਣ ਤੋਂ ਅਸਮਰਥ ਰਹਿੰਦੇ ਹਾਂ। ਇਹ ਕੰਮ ਦਿਨਾਂ ਬਦਿਨ ਅਸੰਭਵ ਹੁੰਦਾ ਜਾ ਰਿਹਾ ਹੈ ਕਿਉਂਕਿ ਦੁਨੀਆਂ ਵਿਚ ਪੁਰਾਤਨ, ਬੋਦੀਆਂ ਭਾਸ਼ਾਵਾਂ ਜਾਂ ਘਟ ਵਿਕਸਿਤ ਭਾਸ਼ਾਵਾਂ ਹੋਰ ਹਾਕਮ ਭਾਸ਼ਾਵਾਂ ਦੇ ਦਾਬੇ ਹੇਠਾਂ ਆਕੇ

1. Hottentot ਦੱਖਣੀ ਅਫਰੀਕਾ ਦੀ ਇਕ ਮਾਮੂਲੀ ਜਿਹੀ ਭਾਸ਼ਾ ਹੈ।

ਦਮ ਤੋੜ ਰਹੀਆਂ ਹਨ ਅਤੇ ਕੋਈ ਅਸਚਰਜ ਨਹੀਂ ਕਿ ਉਨ੍ਹਾਂ ਦੀਆਂ ਇਸ ਧਰਤੀ ਤੋਂ ਜਦੋਂ ਸਫ਼ਾ ਵਲੇਟ ਦਿਤੀਆਂ ਗਈਆਂ ਤਾਂ ਸਾਡੇ ਪਾਸ ਉਨ੍ਹਾਂ ਦੀਆਂ ਲੜੀਆਂ ਜੋੜਨ ਲਈ ਕੋਈ ਵੀ ਸਾਜ਼-ਸਮਾਨ ਨਹੀਂ ਹੋਵੇਗਾ। ਇਸ ਲਈ ਵਰਗਬੰਦੀ ਲਈ ਬੜੀ ਸ਼ਤਾਬੀ ਦੀ ਜ਼ਰੂਰਤ ਹੈ ਤਾਂ ਜੋ ਮਰਣਾਊ ਭਾਸ਼ਾਵਾਂ ਦੇ ਪਿੰਜਰ ਸਹੀ ਸਲਾਮਤ ਸੰਭਾਲੇ ਜਾ ਸਕਣ।

ਕਿਹੜੀ ਭਾਸ਼ਾ ਕਿਹੜੀ ਕਿਸਮ ਵਿਚ ਸ਼ਾਮਲ ਕਰੀਏ, ਜਾਂ ਕਿਹੜੀ ਭਾਸ਼ਾ ਦਾ ਕਿਹੜਾ ਵਰਗ ਨਿਸ਼ਚਿਤ ਕਰੀਏ ਜਾਂ ਪਰਿਵਾਰ ਵਿਚ ਰਖੀਏ, ਇਨ੍ਹਾਂ ਦੇ ਹਲ ਲਈ H. A. Gleason[1] ਨੇ ਕੁਝ ਪਰਖਾਂ ਤੇ ਕਸੌਟੀਆਂ ਤਜਵੀਜ਼ ਕੀਤੀਆਂ ਹਨ। ਗਲੀਸਨ ਦੇ ਅਨੁਸਾਰ ਸਭ ਤੋਂ ਸੌਖੀ ਪਰਖ ਤਾਂ ਇਹੋ ਹੋ ਸਕਦੀ ਹੈ ਕਿ ਉਹ ਭਾਸ਼ਾਵਾਂ ਕੁਝ ਲੋਕਾਂ ਅੰਦਰ ਆਪਸ ਵਿਚ ਸਮਝੀਆਂ ਜਾਂਦੀਆਂ ਹੋਣ। ਇਸ ਨੂੰ ਅਸੀਂ 'ਪਰਸਪਰ ਸੁਬੋਧਤਾ'' (intelligibility) ਕਹਿ ਸਕਦੇ ਹਾਂ। ਪਰ ਇਹ ਪਰਖ ਵੀ ਸਾਡਾ ਕੰਮ ਨਹੀਂ ਸਾਰ ਸਕਦੀ। ਕਿਉਂ ਜੋ ਸੁਬੋਧਤਾ ਦੇ ਕਈ ਪਹਿਲੂ ਹਨ ਕਈ ਪੱਧਰ ਹਨ। ਆਪਸੀ ਸਮਝ ਸਮਝਾਉਣ ਦੀ ਗੱਲ ਵਾਰਤਾਲਾਪੀ ਵਿਸ਼ੇ ਉੱਤੇ ਨਿਰਭਰ ਕਰਦੀ ਹੈ। ਇਸ ਤੋਂ ਇਲਾਵਾ ਬੋਲਾਰਿਆਂ ਦੀ ਆਮ ਵਾਕਫ਼ੀਅਤ ਅਤੇ ਦਿਮਾਗੀ ਸੂਝ ਬੂਝ ਅਨੁਸਾਰ ਆਪਸੀ ਸੁਬੋਧਤਾ ਘਟਦੀ ਜਾਂ ਵਧਦੀ ਹੈ। ਇਸ ਲਈ ਸੁਬੋਧਤਾ ਵੀ ਭਾਸ਼ਾ ਮਿਥਣ ਦਾ ਨਿਰਾ ਪੂਰਾ ਆਧਾਰ ਨਹੀਂ ਕਬੂਲ ਕੀਤਾ ਜਾ ਸਕਦਾ।

ਕਈ ਵਿਦਵਾਨ ਵਰਗਬੰਦੀ ਲਈ ਨਿਕਟਵਰਤੀ ਭਾਸ਼ਾਵਾਂ ਦੇ ਸਰਬ ਸਾਂਝੇ ਅੰਸ਼ਾਂ ਨੂੰ ਪਰਖ ਦੀ ਕਸੌਟੀ ਸਵੀਕਾਰ ਕਰਦੇ ਹਨ। ਸਰਬ ਸਾਂਝੇ ਅੰਸ਼ਾਂ ਵਿਚ ਆਮ ਬੇਸਿਕ ਸ਼ਬਦਾਵਲੀ, ਰਚਨਾਤਮਕ ਤੱਤ ਜਿਵੇਂ ਵਿਆਕਰਣ, ਵਾਕ ਗਠਨ ਅਤੇ ਸਮਾਸ-ਪ੍ਰਣਾਲੀ ਆਦਿ ਸ਼ਾਮਲ ਕੀਤੇ ਜਾ ਸਕਦੇ ਹਨ। ਇਹ ਤੁਲਨਾਤਮਕ ਵਿਧੀ ਦੀ ਪਹੁੰਚ ਹੈ ਅਤੇ ਇਸ ਦੁਆਰਾ ਭਾਸ਼ਾਵਾਂ ਦਾ ਨਿਖੇੜ ਸੰਭਵ ਹੈ।

ਆਧੁਨਿਕ ਭਾਸ਼ਾ ਵਿਗਿਆਨ ਵਿਚ ਭਾਸ਼ਾਈ ਵੰਡ-ਰੇਖਾਵਾਂ (isoglosses) ਦੀ ਖੋਜ ਨਾਲ ਵੀ ਭਾਸ਼ਾਵਾਂ ਦੀਆਂ ਜੂਹਾਂ ਤੇ ਭੂਗੋਲਿਕ ਘੇਰੇ ਮਿਥੇ ਜਾ ਸਕਦੇ ਹਨ। ਏਥੇ ਭਾਸ਼ਾਵਾਂ ਦੀ ਤੁਲਨਾ ਉੱਤੇ ਜ਼ੋਰ ਨਹੀਂ ਸਗੋਂ ਸ਼ਬਦਾਂ ਦੀਆਂ ਉਚਾਰਨ-ਰੇਖਾਵਾਂ ਨੂੰ ਮੱਦੇ ਨਜ਼ਰ ਰਖ ਕੇ ਵੰਡ-ਲਕੀਰ ਵਰਤੀ ਜਾਂਦੀ ਹੈ ਅਤੇ ਇਉਂ ਦੋ ਭਾਸ਼ਾਵਾਂ ਦੇ ਦਰਮਿਆਨ ਹਦਬੰਦੀ ਉਲੀਕ ਲਈ ਜਾਂਦੀ ਹੈ।

1. *An Introduction to Descriptive Linguistics.* p. 441-45

3

ਵਰਗੀਕਰਣ ਦੇ ਆਧਾਰ

ਭਾਸ਼ਾ-ਵਿਗਿਆਨੀਆਂ ਨੇ ਸੰਸਾਰ ਦੀਆਂ ਭਾਸ਼ਾਵਾਂ ਦੀ ਵੰਡ ਕਰਨ ਲਈ ਕਈ ਤਰ੍ਹਾਂ ਦੇ ਆਧਾਰ ਪੇਸ਼ ਕੀਤੇ ਹਨ। Winfred P. Lehmann ਨੇ ਇਸ ਵਰਗੀਕਰਣ ਲਈ ਦੋ ਆਧਾਰ ਦਸੇ ਹਨ— typology ਅਤੇ genealogy। ਲੂਈ ਗ੍ਰੇ ਨੇ ਲਿਖਿਆ ਹੈ ਕਿ ਵਿਸ਼ਵ ਦੀਆਂ ਭਾਸ਼ਾਵਾਂ ਨੂੰ ਕਈ ਤਰ੍ਹਾਂ ਨਾਲ ਵਰਗ-ਬੱਧ ਕੀਤਾ ਜਾਂਦਾ ਹੈ ਅਤੇ ਖਾਸ ਕਰਕੇ ਇਹ ਵਰਗੀਕਰਣ ਤਿੰਨ ਤਰ੍ਹਾਂ ਦਾ ਹੈ— psychological, typical ਅਤੇ genealogical [1]।

ਡਾ: ਭੋਲਾਨਾਥ ਤਿਵਾਰੀ [2] ਨੇ ਵਰਗੀਕਰਣ ਦੇ ਕਈ ਆਧਾਰ ਲਿਖੇ ਹਨ :

---

1. Classification of the languages of the world have been essayed in various ways, especially psychological, typical and genealogical.
   Louis H. Gray : *Foundations of Language*, p. 299
2. 'ਭਾਸ਼ਾ-ਵਿਗਿਆਨ', ਪੰਨਾ 52

ਮਹਾਂਦੀਪ (ਜਿਵੇਂ ਏਸ਼ੀਆਈ ਭਾਸ਼ਾਵਾਂ, ਯੂਰਪੀ ਭਾਸ਼ਾਵਾਂ, ਅਫਰੀਕੀ ਭਾਸ਼ਾਵਾਂ)

ਦੇਸ਼ (ਜਿਵੇਂ ਚੀਨੀ ਭਾਸ਼ਾ, ਭਾਰਤੀ ਭਾਸ਼ਾ)

ਧਰਮ (ਹਿੰਦੂ ਭਾਸ਼ਾਵਾਂ, ਮੁਸਲਮਾਨੀ ਭਾਸ਼ਾਵਾਂ, ਈਸਾਈ ਭਾਸ਼ਾਵਾਂ)

ਕਾਲ (ਪੂਰਬ-ਇਤਿਹਾਸਕ ਭਾਸ਼ਾਵਾਂ, ਪ੍ਰਾਚੀਨ ਭਾਸ਼ਾਵਾਂ, ਮੱਧਯੁਗੀ ਭਾਸ਼ਾਵਾਂ)

ਆਕਾਰ (ਅਯੋਗਾਤਮਕ, ਯੋਗਾਤਮਕ)

ਪਰਿਵਾਰ (ਹਿੰਦ-ਯੂਰਪੀ ਪਰਿਵਾਰ, ਸਾਮੀ ਪਰਿਵਾਰ) ਆਦਿ ।

ਇਨ੍ਹਾਂ ਸਾਰਿਆਂ ਵਿਚੋਂ (ੳ) ਅਕਾਰਕ ਵਰਗੀਕਰਣ (morphological classification) ਅਤੇ (ਅ) ਪਰਿਵਾਰਕ ਵਰਗੀਕਰਣ (genealogical classification) ਹੀ ਮਹਤਵ-ਪੂਰਨ ਮੰਨੇ ਜਾਂਦੇ ਹਨ ।

(ੳ) ਆਕਾਰਕ ਵਰਗੀਕਰਣ

ਭਾਸ਼ਾ-ਵਿਗਿਆਨ ਵਿਚ ਆਕਾਰਕ ਵਰਗੀਕਰਣ ਨੂੰ ਕਈ ਤਰ੍ਹਾਂ ਦੇ ਨਾਂ ਦਿਤੇ ਗਏ ਹਨ । ਅੰਗ੍ਰੇਜ਼ੀ ਵਿਚ ਇਸ ਨੂੰ morphological ਤੋਂ ਇਲਾਵਾ typological, typical, syntactical ਕਿਹਾ ਜਾਂਦਾ ਹੈ । ਇਹ ਸਾਰੇ ਨਾਂ ਆਪਸ ਵਿਚ ਬਹੁਤ ਮਿਲਦੇ-ਜੁਲਦੇ ਹਨ ਭਾਵੇਂ ਬਰੀਕੀ ਨਾਲ ਵੇਖਣ ਤੇ ਇਨ੍ਹਾਂ ਵਿਚ ਵੀ ਸੂਖਮ ਫਰਕ ਦ੍ਰਿਸ਼ਟੀਗੋਚਰ ਹੋ ਸਕਦਾ ਹੈ ।

ਲੇਹਮਾਨ ਦੇ ਅਨੁਸਾਰ ਇਤਿਹਾਸਿਕ ਭਾਸ਼ਾ ਵਿਗਿਆਨ ਦੇ ਇਤਿਹਾਸ ਵਿਚ ਸਭ ਤੋਂ ਪਹਿਲਾਂ August von Scalegal ਨੇ typological classification ਦੀ ਤਜਵੀਜ਼ ਪੇਸ਼ ਕੀਤੀ ਸੀ ਜਿਸ ਦਾ ਸੁਆਗਤ ਹੋਇਆ ਅਤੇ ਜਿਸਦਾ ਉਨ੍ਹੀਵੀਂ ਸਦੀ ਵਿਚ ਹੋਰ ਵੀ ਵਿਕਾਸ ਹੋਇਆ । ਇਹ ਅਜ ਵੀ ਬਹੁਤ ਲੋਕਪ੍ਰਿਯ ਹੈ ।

ਆਕਾਰਕ ਵਰਗੀਕਰਣ ਵਿਚ ਭਾਸ਼ਾਵਾਂ ਦੇ ਆਕਾਰ ਜਾਂ ਰੂਪ ਨੂੰ ਹੀ ਵੇਖਿਆ ਜਾਂਦਾ ਹੈ ਉਨ੍ਹਾਂ ਦੇ ਅਰਥ ਪੱਖ ਨੂੰ ਨਹੀਂ । ਨਾ ਹੀ ਭਾਸ਼ਾਵਾਂ ਦੇ ਪਿਛਲੇ ਇਤਿਹਾਸ ਜਾਂ ਜਨਮ-ਵਿਕਾਸ ਨੂੰ ਕੋਈ ਅਹਿਮੀਅਤ ਦਿਤੀ ਜਾਂਦੀ ਹੈ । ਕੇਵਲ ਰੂਪ ਜਾਂ ਸੰਬੰਧ-ਤੱਤ ਹੀ ਇਸ ਦੀ ਨਿਸ਼ਾਨੀ ਹੈ । ਰੂਪ ਤੋਂ ਭਾਵ ਸਾਰਥਕ ਸ਼ਬਦਾਂ (ਕ੍ਰਿਆ, ਨਾਂਵ, ਵਿਸ਼ੇਸ਼ਣ ਆਦਿ) ਦਾ ਗਠਨ, ਸੰਜੋਗ ਜਾਂ ਜੁਗਤ ਹੈ । ਇਸਨੂੰ ਸ਼ੈਲੀ ਵੀ ਕਹਿ ਸਕਦੇ ਹਾਂ । ਇਹ ਰੂਪ-ਸ਼ੈਲੀ

ਹੈ ਕਿ ਕਿਵੇਂ ਸ਼ਬਦ ਘੜੇ ਜਾਂਦੇ ਹਨ, ਕਿਵੇਂ ਜੁੜਦੇ ਹਨ ਅਤੇ ਕਿਵੇਂ ਵਾਕਾਂ ਵਿਚ ਵਰਤੇ ਜਾਂਦੇ ਹਨ।

ਲੇਹਮਾਨ ਦੇ ਅਨੁਸਾਰ ਆਕਾਰਕ ਵਰਗੀਕਰਣ ਭਾਸ਼ਾਵਾਂ ਦੀਆਂ ਸਾਰੀ ਆਂਜੁਗਤਾਂ (systems) ਅਰਥਾਤ ਧੁਨੀਆਤਮਕ' ਵਿਆਕਰਣਕ, ਅਰਥ-ਵਿਗਿਆਨਕ ਅਤੇ ਵਾਕ-ਵਿਗਿਆਨਕ ਜੁਗਤਾਂ ਉਤੇ ਆਧਾਰਤ ਹੈ। ਪਰੰਤੂ ਇਨ੍ਹਾਂ ਸਾਰੀਆਂ ਵਿਚੋਂ ਵਿਆਕਰਣਕ ਅਰਥਾਤ morphological level ਉਤੇ ਕੀਤੀ ਗਈ ਵਰਗਬੰਦੀ ਵਧੇਰੇ ਪ੍ਰਮਾਣਿਕ ਹੈ। ਇਸ ਲਈ ਆਕਾਰਕ ਰੀਤ ਦਾ ਅੰਗਰੇਜ਼ੀ ਨਾਂ ਹੀ morpholgical classification ਪ੍ਰਚਲਤ ਹੋ ਗਿਆ ਹੈ। morphology (ਰੂਪ-ਵਿਗਿਆਨ) ਵਿਚ ਮੂਲ ਧਾਤੂ ਤੋਂ ਸ਼ਬਦਾਂ ਦਾ ਨਿਕਾਸ, ਉਸ ਨਾਲ ਜੁੜਨ ਵਾਲੇ ਅਗੇਤਰ ਪਿਛੇਤਰ (ਪ੍ਰਤਿਐ) ਅਤੇ ਕਾਰਕੀ ਚਿੰਨ੍ਹ, ਸ਼ਬਦਾਂ ਦਾ ਸਮਾਸੀ ਰੂਪ ਆਦਿ ਸਾਰੇ ਅੰਗ ਸ਼ਾਮਲ ਹਨ। ਇਨ੍ਹਾਂ ਨੂੰ ਮੁਖ ਰਖਕੇ ਵਿਭਿੰਨ ਭਾਸ਼ਾਵਾਂ ਦੇ ਰਿਸ਼ਤੇ ਤੇ ਪ੍ਰਕਾਰ ਨਿਯਤ ਕੀਤੇ ਜਾਂਦੇ ਹਨ। ਇਸ ਕਾਰਨ ਇਸ ਪ੍ਰਣਾਲੀ ਦਾ ਨਾਮਕਰਣ "ਆਕਾਰਕ ਵਰਗੀਕਰਣ" ਪ੍ਰਸਿਧ ਹੈ।

ਭਾਸ਼ਾਵਾਂ ਦੇ ਪ੍ਰਕਾਰ :

ਆਕਾਰਕ ਰੀਤ ਨੂੰ ਆਧਾਰ ਬਣਾਕੇ ਵਿਸ਼ਵ ਭਾਸ਼ਾਵਾਂ ਦੇ ਕਈ ਪ੍ਰਕਾਰ ਨਿਸ਼ਚਿਤ ਕੀਤੇ ਜਾਂਦੇ ਹਨ। ਲੂਈ ਗ੍ਰੇ [1] ਨੇ ਰਵਾਇਤੀ ਢੰਗ ਦਾ ਸਤਿਕਾਰ ਕਰਦਿਆਂ ਸੰਸਾਰ ਦੀਆਂ ਭਾਸ਼ਾਵਾਂ ਦੇ ਆਕਾਰਕ ਵਰਗੀਕਰਣ ਦੇ ਸਿਧਾਂਤ ਅਧੀਨ ਹੇਠ ਲਿਖੇ ਪ੍ਰਕਾਰ ਸਵੀਕਾਰ ਕੀਤੇ ਹਨ :

isolating

Juxtaposing

agglutinative

polysynthetic (incorporating)

inflexional (amalgamating, synthetic)

analytic

---

1 *Foundations of Language*, p. 299

J, S. taraporewala[1] ਨੇ ਆਕਾਰਕ ਵਰਗੀਕਰਣ ਨੂੰ syntactical ਕਹਿਣ ਦੀ ਦਲੀਲ ਪੇਸ਼ ਕੀਤੀ ਹੈ ਅਤੇ ਇਸ ਨੂੰ ਮੁਖ ਤੌਰ ਤੇ ਦੋ ਉਪਭੇਦਾਂ (sub-divisions) ਵਿਚ ਵੰਡਣ ਦਾ ਸੁਝਾ ਦਿਤਾ ਹੈ। ਤਾਰਾਪੁਰਵਾਲਾ ਦੇ ਅਨੁਸਾਰ ਵਿਸ਼ਵ ਭਾਸ਼ਾਵਾਂ ਦੇ ਅਕਾਰਕ ਰੀਤ ਨਾਲ inorganic ਅਤੇ organic ਦੋ ਉਪਭੇਦ ਹਨ। organic ਦੇ ਅਗਾਂਹ incorporating, agglutinating ਅਤੇ inflecting ਤਿੰਨ ਹੋਰ ਉਪਭੇਦ ਗਿਣੇ ਹਨ। ਤਾਰਾ ਪੁਰਵਾਲਾ ਨੇ ਸੰਸਾਰ ਦੀਆਂ ਭਾਸ਼ਾਵਾਂ ਦੀਆਂ ਮੁਖ ਮੁਖ ਕਿਸਮਾਂ ਇਕ ਨਕਸ਼ੇ ਰਾਹੀਂ ਅੰਕਿਤ ਕੀਤੀਆਂ ਹਨ (ਨਕਸ਼ਾ-ਪੰਨਾ-38 ਤੇ ਵੇਖੋ)। ਪਹਿਲੇ ਉਪਭੇਦ ਅਰਥਾਤ inorganic ਦਾ ਸਰੂਪ ਇਸ ਤਰ੍ਹਾਂ ਦਿਤਾ ਹੈ :

In the former class (inorganic) we have the sentence expressed solely by positon of the words without any Internl or external modification in the word itself.

ਦੂਜੇ ਉਪਭੇਦ ਅਰਥਾਤ organic ਦਾ ਸਰੂਪ ਇਸ ਤਰ੍ਹਾਂ ਅੰਕਿਤ ਹੈ :

Orgnic languages are those in which the syntactical relations are indicated by internal modifications in the word itself or external prefixes or suffixes added to the word.

1. *Elements of the science of Language*, pp. 22-23

ਤਾਰਾਪੁਰਵਾਲਾ ਅਨੁਸਾਰ ਵਿਸ਼ਵ ਭਾਸ਼ਾਵਾਂ ਦੇ ਪ੍ਰਕਾਰ

- Languages. of the world
  - inorganic (positional or isolating)
  - organic
    - incorporating (Holophrastic or polysynthetic)
      - completely incorporating
      - partially incorporating
    - Agglutinating
      - prefix– agglutinating
      - suffix– agglutinating
      - prefix–suffix–agglutinating
      - partially– agglutinating
    - inflectional
      - with internal flexion (dynamically varying)
        - synthetic
        - analytic
      - with external flexion (dynamically unvarying)
        - synthetic
        - analytic

ਡਾ: ਭੋਲਾਨਾਥ ਤਿਵਾਰੀ[1] ਨੇ ਅਕਾਰਕ ਵਰਗੀਕਰਣ ਨੂੰ ਆਕ੍ਰਿਤੀ-ਮੂਲਕ ਵਰਗੀਕਰਣ ਕਿਹਾ ਹੈ ਅਤੇ ਇਸ ਢੰਗ ਨਾਲ ਸੰਸਾਰ ਦੀਆਂ ਭਾਸ਼ਾਵਾਂ ਦੇ ਪਹਿਲਾਂ "ਅਯੋਗਾਤਮਕ" ਤੇ "ਯੋਗਾਤਮਕ" ਦੋ ਉਪਭੇਦ ਕੀਤੇ ਹਨ ਅਤੇ ਯੋਗਾਤਮਕ ਦੇ ਅਗੋਂ 'ਪ੍ਰਸ਼ਲਿਸ਼ਟ' 'ਅਸ਼ਲਿਸ਼ਟ' 'ਸ਼ਲਿਸ਼ਟ' ਹੋਰ ਉਪਭੇਦ ਮੰਨੇ ਹਨ।

ਇਸ ਤਰ੍ਹਾਂ ਇਨ੍ਹਾਂ ਸਾਰਿਆਂ ਵਿਦਵਾਨਾਂ ਵਲੋਂ ਪ੍ਰਗਟ ਕੀਤੇ ਵਿਚਾਰਾਂ ਦੇ ਵਿਸ਼ਲੇਸ਼ਨ ਤੋਂ ਉਪਰੰਤ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਵਿਸ਼ਵ ਦੀਆਂ ਭਾਸ਼ਾਵਾਂ ਦੇ ਮੋਟੇ ਤੌਰ ਤੇ ਹੇਠ ਲਿਖੇ ਪ੍ਰਕਾਰ ਉਪਲਬਧ ਹਨ :

Isolating	(ਸਥਾਨ-ਪ੍ਰਧਾਨ ਭਾਸ਼ਾ ਪ੍ਰਕਾਰ)
incorporating	(ਵਾਕ-ਪ੍ਰਧਾਨ ਭਾਸ਼ਾ ਪ੍ਰਕਾਰ)
agglutinative	(ਵਿਸ਼ਲੇਸ਼-ਪ੍ਰਧਾਨ ਭਾਸ਼ਾ ਪ੍ਰਕਾਰ)
inflexional	(ਵਿਭਕਤੀ-ਪ੍ਰਧਾਨ ਭਾਸ਼ਾ ਪ੍ਰਕਾਰ)

ਸਥਾਨ ਪ੍ਰਧਾਨ ਭਾਸ਼ਾ ਵਰਗ :

ਦੁਨੀਆਂ ਵਿਚ ਸਥਾਨ ਪ੍ਰਧਾਨ (isolating) ਭਾਸ਼ਾਵਾਂ ਬਹੁਤ ਘਟ ਹਨ। ਇਨ੍ਹਾਂ ਬੋਲੀਆਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਨ੍ਹਾਂ ਵਿਚ ਵਰਤੇ ਹੋਏ ਸ਼ਬਦ ਵਾਕ ਵਿਚ ਪ੍ਰਦਾਨ ਕੀਤੇ ਸਥਾਨ (position) ਦੇ ਅਨੁਸਾਰ, ਨਾਂਵ, ਕ੍ਰਿਆ, ਵਿਸ਼ੇਸ਼ਣ ਜਾਂ ਕ੍ਰਿਆ-ਵਿਸ਼ੇਸ਼ਣ ਬਣਦੇ ਜਾਂਦੇ ਹਨ। ਇਕੋ ਸ਼ਬਦ ਬਿਨਾਂ ਕਿਸੇ ਤਬਦੀਲੀ ਦੇ ਵਾਕ-ਪ੍ਰਯੋਗ ਵਿਚ ਸਭ ਕੁਝ ਬਣ ਸਕਦਾ ਹੈ। ਭਾਸ਼ਾ ਵਿਗਿਆਨ ਕੋਸ਼ ਵਿਚ ਲਿਖਿਆ ਹੈ—"ਸਥਾਨ-ਪ੍ਰਧਾਨ ਭਾਸ਼ਾਵਾਂ ਵਿਚ ਸਾਰੇ ਸ਼ਬਦ ਅਣਬਦਲੇ ਹੀ ਰਹਿੰਦੇ ਹਨ ਅਤੇ ਵਾਕ-ਰਚਨਾਂ ਵਿਚ ਉਨ੍ਹਾਂ ਦੇ ਆਪਸੀ ਸੰਬੰਧ ਉਨ੍ਹਾਂ ਦੀਆਂ ਆਪੋ ਆਪਣੀਆਂ ਥਾਵਾਂ ਦੇ ਆਧਾਰ ਉਤੇ ਹੀ ਸੂਚਿਤ ਕੀਤੇ ਜਾਂਦੇ ਹਨ ਜਾਂ ਯੋਜਕ-ਸ਼ਬਦਾਂ ਦੁਆਰਾ"[2] ਤਾਰਾ ਪੁਰਵਾਲਾ ਦਾ ਵੀ ਇਹੋ ਜਿਹਾ ਹੀ

---

1. 'ਭਾਸ਼ਾ-ਵਿਗਿਆਨ' (ਹਿੰਦੀ) ਪੰਨਾ 54–55
2. "isolating language : A languge in which all words are invariable and their interrelationship in the sence is indicated solely by their relative positions and connective words." M. Pei : . *Dictionary of Linguistics*, p. 107

ਖਿਆਲ ਹੈ (ਵੇਖੋ ਪਿਛੇ inorganic ਦੀ ਪਰਿਭਾਸ਼ਾ ਬਾਰੇ)

ਸਥਾਨ-ਪ੍ਰਧਾਨ ਭਾਸ਼ਾ ਵਰਗ ਦਾ ਉਤਮ ਨਮੂਨਾ ਚੀਨੀ ਭਾਸ਼ਾ ਹੈ । ਚੀਨੀ ਵਿਚ ਰਸਮੀ ਤੌਰ ਤੇ ਕੋਈ ਵਿਆਕਰਣ ਨਹੀਂ । ਉਥੇ ਵਾਕ ਵਿਚ ਸਥਾਨ ਹੀ ਇਕ ਸ਼ਬਦ ਨੂੰ ਨਾਂਵ, ਕ੍ਰਿਆ, ਕ੍ਰਿਆ ਵਿਸ਼ੇਸ਼ਣ ਜਾਂ ਵਿਸ਼ੇਸ਼ਣ ਬਣਾ ਦੇਂਦਾ ਹੈ । ਜਿਵੇਂ :

ਨਗੋ ਤ ਨਿ = ਮੈਂ ਮਾਰਦਾ ਹਾਂ ਤੈਨੂੰ
ਨਿ ਤ ਨਗੋ = ਤੂੰ ਮਾਰਦਾ ਹੈ ਮੈਨੂੰ

ਵਾਕ-ਪ੍ਰਧਾਨ ਭਾਸ਼ਾ ਵਰਗ :

ਇਸ ਵਰਗ (incorporating) ਦੀਆਂ ਭਾਸ਼ਾਵਾ ਵਿਚ ਅਰਥ ਦਾ ਪ੍ਰਗਟਾਉ ਵਖਰੇ ਵਖਰੇ ਸੁਤੰਤਰ ਸ਼ਬਦਾਂ ਦੁਆਰਾ ਨ ਹੋਕੇ, ਸਾਰਿਆਂ ਸ਼ਬਦਾਂ ਨੂੰ ਇਕੋ ਵਾਕ ਵਿਚ ਪੂਰੀ ਤਰ੍ਹਾਂ ਘੋਲ-ਮੇਲ ਕੇ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਸਾਰੇ ਸ਼ਬਦ ਇਕੋ ਹੀ "ਵਾਕ-ਸ਼ਬਦ" (sentence-word) ਬਣੇ ਲਗਦੇ ਹਨ । ਏਥੇ ਸ਼ਬਦ ਜਦੋਂ ਵਾਕ ਵਿਚ ਵਰਤੇ ਜਾਂਦੇ ਹਨ ਤਾਂ ਉਨ੍ਹਾਂ ਦੀ ਕੋਈ ਵਖਰੀ ਹਸਤੀ ਕਾਇਮ ਨਹੀਂ ਰਹਿੰਦੀ । ਉਨ੍ਹਾਂ ਸਾਰਿਆਂ ਸ਼ਬਦਾਂ ਦੇ ਅਗਲੇ-ਪਿਛਲੇ ਅੰਸ਼ ਅਲੋਪ ਕਰਕੇ ਉਨ੍ਹਾਂ ਨੂੰ ਵਾਕ ਵਿਚ ਇਕ-ਜਾਨ ਕਰ ਦਿਤਾ ਜਾਂਦਾ ਹੈ ਅਤੇ ਉਹ ਸਾਰੇ ਮੁਕੰਮਲ ਵਾਕ ਦਾ ਕੰਮ ਸਾਰਦੇ ਹੋਏ ਵੀ ਇਕੋ "ਸ਼ਬਦ" ਜਿਹੇ ਲਗਦੇ ਹਨ ।

ਲੂਈ ਗ੍ਰੇ ਨੇ ਲਿਖਿਆ ਹੈ :

Polysynthetic (incorporating) languages are considered those which make the sentence co-extensive with the word, subject, object, verb etc. being combined into a single unit, no member of which have a seperate existence" (Foundations of Language)

ਗ੍ਰੇ ਨੇ Eskimo ਭਾਸ਼ਾ ਦਾ ਉਦਾਹਰਣ ਦਿਤਾ ਹੈ:

"takusar-iarator-uma-galuor-nerp-a" (ਕੀ ਤੁਸੀਂ ਸਮਝਦੇ ਹੋ ਕਿ ਉਹ ਸਚੀਂ ਮੁਚੀਂ ਉਸ ਦੀ ਦੇਖ ਭਾਲ ਕਰਨ ਲਈ ਜਾਣਾ ਲੋਚਦਾ ਹੈ ?)

ਦੱਖਣੀ ਅਮਰੀਕਾ ਦੀ Cherokee ਭਾਸ਼ਾ ਵੀ ਵਾਕ-ਪ੍ਰਧਾਨ ਭਾਸ਼ਾ ਵਰਗ ਦਾ ਨਮੂਨਾ ਕਹੀ ਜਾਂਦੀ ਹੈ ।

ਵਾਕ-ਪ੍ਰਧਾਨ ਭਾਸ਼ਾ ਦੀ ਸਮੁੱਚੀ ਵਿਸ਼ੇਸ਼ਤਾ ਇਹ ਹੈ ਕਿ ਏਥੇ 'ਵਾਕ ਹੀ ਸ਼ਬਦ ਹੈ ਅਤੇ ਸ਼ਬਦ ਹੀ ਵਾਕ ਹੈ" ।

Tucker ਨੇ ਵਾਕ-ਪ੍ਰਧਾਨ ਭਾਸ਼ਾ ਵਰਗ ਦੀ ਵਿਸ਼ੇਸ਼ਤਾ ਹੇਠ ਲਿਖੇ ਅਨੁਸਾਰ ਉਲੀਕੀ ਹੈ :

In an incorporating language we get "an interweaving or amalgamation of merely the most significant sounds of those different sense elements which in most other languages, stand as seperate words."

—*Introduction to the Natural History of Language.* p. 78

ਤਾਰਾਪੁਰਵਾਲਾ ਨੇ ਗ੍ਰੀਨਲੈਂਡੀ ਭਾਸ਼ਾ ਦਾ ਉਦਾਹਰਣ ਦਿੱਤਾ ਹੈ :

"auli sariar tora suarpok" (he hastens to go fishing) ਇਸ ਵਾਕਰੂਪੀ ਸ਼ਬਦ ਦੇ ਕਈ ਧੁਨੀ-ਖੰਡ ਤਿਆਗੇ ਗਏ ਹਨ ਅਤੇ ਫਲਸਰੂਪ ਜੋ ਬਕਾਇਆ ਹੈ ਉਹ ਇਕੋ ਸ਼ਬਦ ਬਣਕੇ ਵਾਕ ਦਾ ਕੰਮ ਸਾਰਦਾ ਹੈ ।

ਵਿਸ਼ਲੇਸ਼-ਪ੍ਰਧਾਨ ਭਾਸ਼ਾ ਵਰਗ :

ਵਿਸ਼ਲੇਸ਼-ਪ੍ਰਧਾਨ (agglutinative) ਭਾਸ਼ਾਵਾਂ ਗਿਣਤੀ ਵਿਚ ਕਾਫੀ ਹਨ । ਇਸ ਪ੍ਰਕਾਰ ਦੀਆਂ ਭਾਸ਼ਾਵਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਏਥੇ ਸ਼ਬਦ ਦਾ ਹਰ ਅੰਸ਼ ਆਪਣੀ ਸੁਤੰਤਰ ਹਸਤੀ ਨੂੰ ਕਾਇਮ ਰਖਦਾ ਹੈ । ਸ਼ਬਦ-ਰਚਨਾ, ਅਤੇ ਵਾਕ-ਰਚਨਾ ਵੇਲੇ ਵੀ ਸਾਰੇ ਅਰਥ-ਤੱਤ ਤੇ ਸੰਬੰਧ-ਤੱਤ ਵਖਰੇ ਵਖਰੇ ਜੁੜੇ ਰਹਿੰਦੇ ਹਨ ਅਤੇ ਉਹ ਵਾਕ-ਪ੍ਰਧਾਨ ਭਾਸ਼ਾਵਾਂ ਦੀ ਤਰ੍ਹਾਂ ਘੁਲੇ-ਮਿਲੇ ਨਹੀਂ ਰਹਿੰਦੇ ।

ਭਾਸ਼ਾ-ਵਿਗਿਆਨ ਕੋਸ਼ ਦੇ ਅਨੁਸਾਰ ਵਿਸ਼ਲੇਸ਼-ਪ੍ਰਧਾਨ ਭਾਸ਼ਾ ਵਿਚ ਇਕ ਸ਼ਬਦ ਨਾਲ ਕਈ ਅੰਸ਼ ਇਸ ਤਰ੍ਹਾਂ ਸੰਜੁਗਤ ਹੁੰਦੇ ਹਨ ਕਿ ਹਰੇਕ ਅੰਸ਼ ਦਾ ਭਾਵ ਸਥਿਰ ਤੇ ਸਪਸ਼ਟ ਰਹਿੰਦਾ ਹੈ ।[1] ਲੂਈ ਗ੍ਰੇ ਦੇ ਵਿਚਾਰ ਵੀ ਇਸੇ ਤਰ੍ਹਾਂ ਦੇ ਹਨ । ਤਾਰਾਪੁਰਵਾਲਾ ਦਾ

---

1. Agglutinative language ; A language which combines into a single word various linguistic elements, each of which has a distinct, fixed connotation and a seperate existence. M. Pei : *Dictionary of Languages.*

ਕਥਨ ਹੈ ਕਿ :

"The principle of agglutination implies that the elements of the word are *glued on*, or joined on one after the other" p. 25

ਉਸ ਦੇ ਅਨੁਸਾਰ ਵਾਕ-ਪ੍ਰਧਾਨਤਾ ਤੇ ਵਿਸ਼ਲੇਸ਼-ਪ੍ਰਧਾਨਤਾ ਵਿਚ ਦੋ ਬੁਨਿਆਦੀ ਫਰਕ ਹਨ। ਇਕ ਬੰਨੇ, ਹਰੇਕ ਭਾਸ਼ਾ-ਅੰਸ਼ ਖੁਦ-ਬ-ਖੁਦ ਸੁਤੰਤਰ ਸ਼ਬਦ ਵਾਂਗੂ ਰਹਿੰਦਾ ਹੈ ਅਤੇ ਉਹ ਅਣ ਬਦਲੇ ਰੂਪ ਵਿਚ ਵਰਤੇ ਜਾਣ ਦੇ ਕਾਬਲ ਹੈ। ਦੂਜੇ ਬੰਨੇ, ਵਾਕ ਦੇ ਸਾਰੇ ਭਾਸ਼ਾ-ਅੰਸ਼ ਇਸ ਤਰ੍ਹਾਂ ਸੰਜੁਗਤ ਨਹੀਂ ਕੀਤੇ ਜਾਂਦੇ ਹਨ ਕਿ ਉਹ ਇਕ ਰੂਪ ਹੋ ਕੇ "ਵਾਕਮਈ ਸ਼ਬਦ" ਬਣ ਸਕਣ ਜਿਵੇਂ ਕਿ ਵਾਕ-ਪ੍ਰਧਾਨ ਭਾਸ਼ਾ ਦਾ ਹਾਲ ਹੁੰਦਾ ਹੈ। ਇਹ ਸਿਧਾਂਤ ਭਾਸ਼ਾ ਨੂੰ ਇਕ ਸਮਰੱਥਾ ਬਖਸ਼ਦਾ ਹੈ। ਵਿਸ਼ਲੇਸ਼-ਪ੍ਰਧਾਨ ਭਾਸ਼ਾ ਵਿਚ ਅਰਥ-ਤੱਤ ਤੇ ਸੰਬੰਧ-ਤੱਤ ਅੱਡੋ ਅੱਡ ਪਏ ਸਾਫ ਸਾਫ ਦਿਸਦੇ ਰਹਿੰਦੇ ਹਨ ਜਿਵੇਂ ਤਿਲ ਤੇ ਚੌਲ ਇਕਠੇ ਹੁੰਦੇ ਹੋਏ ਵੀ ਅਡੋ ਅਡ ਚਮਕਦੇ ਰਹਿੰਦੇ ਹਨ। ਸੋ ਵਿਸ਼ਲੇਸ਼-ਪ੍ਰਧਾਨ ਭਾਸ਼ਾਵਾਂ ਵਿਚ ਭਾਸ਼ਾ-ਤੱਤ ਤਿਲਚੌਲੀ ਵਾਂਗੂ ਸਪਸ਼ਟ ਤੌਰ ਤੇ ਝਲਕਦੇ ਹਨ।

ਇਸ ਦਾ ਸਭ ਤੋਂ ਆਦਰਸ਼ ਨਮੂਨਾ Finno-Ugric ਭਾਸ਼ਾ-ਪਰਿਵਾਰ ਦੀ ਭਾਸ਼ਾ ਤੁਰਕੀ ਹੈ। ਤੁਰਕੀ ਦਾ ਸਰੂਪ :

sev	(=ਪਿਆਰ)	—root verb
sev-mer	(ਪਿਆਰ ਲਈ)	—infinitive
sev-er	(ਉਹ ਪਿਆਰਦਾ ਹੈ)	
sev-er-im	(ਮੈਂ ਪਿਆਰ ਕਰਦਾ ਹਾਂ)	
sev-me-mek	(ਪਿਆਰ ਨ ਕਰਨ ਲਈ	—negative
sev-dir-mek	(ਪਿਆਰ ਕਰਵਾਉਣਾ)	—passive-voice
...	...	... ...
ev	(=ਘਰ)	—substantive
ev-ler	(ਬਹੁਤੇ ਘਰ)	—plural
ev-den	(ਘਰ ਤੋਂ)	—ablative case
ev-ler-den	(ਬਹੁਤੇ ਘਰਾਂ ਤੋਂ)	—plural & ablative

ਵਿਭਕਤੀ-ਪ੍ਰਧਾਨ ਭਾਸ਼ਾ ਵਰਗ :

ਵਿਭਕਤੀ-ਪ੍ਰਧਾਨ (inflecting) ਭਾਸ਼ਾਵਾਂ ਸੰਸਾਰ ਵਿਚ ਬਹੁਤ ਹੀ ਵਿਕਸਿਤ ਤੇ ਪ੍ਰਫੁਲਤ ਹਨ। ਵਿਭਕਤੀ-ਪ੍ਰਧਾਨ ਭਾਸ਼ਾ ਦੇ ਲੱਛਣ ਉਲੀਕਦਿਆਂ ਲੂਈ ਗ੍ਰੇ ਨੇ ਲਿਖਿਆ ਹੈ :

"The inflectional type is regarded as distinguished from the agglutinative in that the components making up the inflexion of nouns,verbs, etc; have now become the amalgamated with the stem forms that they can no longer be seperated mechanically from the complex constituting a word"

Foundations of Language, p. 301

ਇਸ ਕਿਸਮ ਦੀਆਂ ਭਾਸ਼ਾਵਾਂ ਦੀ ਵਿਸ਼ਿਸ਼ਤਾ ਇਸ ਤੱਥ ਵਿਚ ਹੈ ਕਿ ਏਥੇ ਵਾਕ ਵਿਚ ਸ਼ਬਦਾਂ ਦੇ ਆਪਸੀ ਸੰਬੰਧ ਨਵੇਂ ਜੋੜੇ ਪ੍ਰਤਿਆਂ (ਅਗੇਤਰ, ਪਿਛੇਤਰ, suffixes) ਨਾਲ ਪ੍ਰਗਟ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਪ੍ਰਤਿਆਂ ਬਾਰੇ ਇਹ ਕਹਿਣਾ ਮੁਸ਼ਕਲ ਹੈ ਕਿ ਇਹ ਵੀ ਕਿਸੇ ਦੂਰ ਸਮੇਂ ਵਿਚ ਆਪ ਸੁਤੰਤਰ ਸ਼ਬਦ ਰਹੇ ਹੋਣਗੇ। ਇਹ ਠੀਕ ਹੈ ਕਿ ਅੰਗਰੇਜ਼ੀ ਦਾ ਪ੍ਰਤਿਐ (-ly) ਸ਼ਾਇਦ ਪਹਿਲਾ ਸੁਤੰਤਰ ਸ਼ਬਦ like ਸੀ ਜਿਹੜਾ ਕਿ ਬਾਅਦ ਵਿਚ ਘੱਸਦਾ ਹੋਇਆ ਸਿਰਫ ਕ੍ਰਿਆ-ਵਿਸ਼ੇਸ਼ਣ ਬੋਧਕ ਪ੍ਰਤਿਐ ਰਹਿ ਗਿਆ ਹੈ। ਅਜੇਹੇ ਪ੍ਰਤਿਆਂ ਨੂੰ ਵਾਕ ਵਿਚ ਵਰਤਕੇ ਹੀ ਅਰਥ-ਤੱਤਾਂ ਤੇ ਸੰਬੰਧ ਤੱਤਾਂ ਨੂੰ ਜੋੜਿਆ ਜਾਂਦਾ ਹੈ। ਇਨ੍ਹਾਂ ਤੋਂ ਹੀ ਨਾਂਵ-ਰੂਪ (declensio.i) ਅਤੇ ਕ੍ਰਿਆ-ਰੂਪ (conjugation, ਗਰਦਾਨਾਂ) ਰਚੇ ਜਾਂਦੇ ਹਨ।

ਵਿਭਕਤੀ ਪ੍ਰਧਾਨ ਭਾਸ਼ਾਵਾਂ ਦੀਆਂ ਦੋ ਮੂਲ ਕਿਸਮਾਂ ਮੰਨੀਆਂ ਜਾ ਸਕਦੀਆਂ ਹਨ ਭਾਵੇਂ ਅਜਿਹੀ ਕਿਸਮਬੰਦੀ ਪੂਰੀ ਤਰ੍ਹਾਂ ਵਿਗਿਆਨਕ ਨਹੀਂ ਕਹੀ ਜਾ ਸਕਦੀ। ਇਹ ਕੰਮ-ਚਲਾਊ ਵਰਗਬੰਦੀ ਹੈ। ਦੋ ਕਿਸਮਾਂ ਦੀ ਵੰਡ ਪ੍ਰਤਿਆਂ ਦੀ ਜੜਤ ਉਤੇ ਨਿਰਭਰ ਹੈ। ਅਰਥਾਤ ਜਿਥੇ ਪ੍ਰਤਿਆਂ ਮੂਲ ਸਾਰਥਕ ਸ਼ਬਦ ਦੇ ਅੰਦਰਲੇ ਹਿਸਿਆਂ ਵਿਚ ਸੰਜੁਗਤ ਹੋਕੇ ਵਿਚਾਰ ਪੈਦਾ ਕਰਦੇ ਹਨ ਉਹ "**ਅੰਤਰਮੁਖੀ ਵਿਭਕਤੀ-ਪ੍ਰਧਾਨ**" ਭਾਸ਼ਾ ਵਰਗ ਹੈ। ਪਰੰਤੂ ਜਿਥੇ ਪ੍ਰਤਿਆਂ ਮੂਲ ਸ਼ਬਦ ਦੇ ਬਾਹਰ (ਪਹਿਲਾਂ ਜਾ ਪਿਛੋਂ) ਹੀ ਜੁੜਦੇ ਹਨ ਉਹ "**ਬਾਹਰਮੁਖੀ ਵਿਭਕਤੀ ਪ੍ਰਧਾਨ**" ਭਾਸ਼ਾ ਵਰਗ ਹੈ।

ਅੰਦਰਮੁਖੀ ਵਿਭਕਤੀ ਪ੍ਰਧਾਨ ਵਰਗ ਵਿਚ ਵਰਣਨ-ਯੋਗ ਭਾਸ਼ਾਵਾਂ ਸੈਮਿਟਿਕ

(ਸਾਮੀ ਭਾਸ਼ਾਵਾਂ) ਹਨ। ਅਜਿਹੀਆਂ ਭਾਸ਼ਾਵਾਂ ਵਿਚ ਸ਼ਬਦ ਦੇ ਸੰਬੰਧ ਕਈ ਤਰਾਂ ਦੀਆਂ ਸੁਰ-ਧੁਨੀਆਂ ਨਾਲ ਪ੍ਰਗਟਾਏ ਜਾਂਦੇ ਹਨ ਜਿਹੜੀਆਂ ਕਿ ਮੂਲ ਸ਼ਬਦਾਂ ਦੇ ਅੰਦਰੂਨੀ ਹਿਸੇ ਵਿਚ ਹੀ ਜੜੀਆਂ ਜਾਂਦੀਆਂ ਹਨ। ਇਨ੍ਹਾਂ ਭਾਸ਼ਾਵਾਂ ਵਿਚ ਹਰੇਕ ਧਾਤੂ (root) ਤਿਨ ਵਿਅੰਜਨਾਂ (tri-syllabic) ਦੀ ਹੁੰਦੀ ਹੈ। Mistcli ਦਾ ਕਥਨ ਹੈ ਕਿ ਸਾਮੀ ਭਾਸ਼ਾਵਾਂ ਵਿਚ "ਅਰਥ-ਤੱਤ ਵਿਅੰਜਨਾਂ ਵਿਚ ਮੌਜੂਦ ਰਹਿੰਦਾ ਹੈ ਜਿਥੇ ਕਿ ਸੰਬੰਧ-ਤੱਤ ਸੁਰਾਂ ਵਿਚ ਵਰਤਮਾਨ ਰਹਿੰਦਾ ਹੈ।" ਉਦਾਹਰਣ ਲਈ ਅਰਬੀ ਦਾ ਨਮੂਨਾ ਹਾਜ਼ਰ ਹੈ। ਅਰਬੀ ਵਿਚ ਲਿਖਣ ਦੇ ਅਰਥ ਲਈ ਤ੍ਰੈ-ਅਖਰੀ ਧਾਤੂ/ਕ-ਤ-ਬ/ ਹੈ। ਇਸ ਤੋਂ ਅਗਲੇ ਇਹ ਵਿਕਾਸੀ ਰੂਪ ਬਣਦੇ ਹਨ :

ਕਾਤਿਬ (ਕਿਤਾਬ ਲਿਖਣ ਵਾਲਾ)
ਕਿਤਾਬ (ਜਿਹੜਾ ਲਿਖਿਆ ਗਿਆ ਹੋਵੇ)
ਮਕਤਬ (ਜਿਥੇ ਕਿਤਾਬ ਲਿਖੀ ਜਾਂਦੀ ਹੋਵੇ)
ਕੁਤੁਬ (ਕਿਤਾਬ ਦਾ ਬਹੁਵਚਨ)

ਮਾਰਨ ਅਰਥ ਵਿਚ/ਕ-ਤ-ਲ/ਅਰਬੀ ਦੀ ਇਕ ਹੋਰ ਤ੍ਰੈ-ਅਖਰੀ ਧਾਤੂ ਹੈ।

ਇਸ ਧਾਤੂ ਤੋਂ ਵਿਕਾਸੀ ਰੂਪ ਬਣਦੇ ਹਨ :

ਕਤਲ (ਉਸ ਨੇ ਮਾਰਿਆ)
ਕਤੀਲ (ਉਹ ਮਾਰਿਆ ਗਿਆ)
ਯਕਤੁਲੁ (ਉਹ ਮਾਰਦਾ ਹੈ)
ਕਾਤਿਲ (ਮਾਰਨਵਾਲਾ)
ਮਕਤਲ (ਜਿਥੇ ਕਤਲ ਹੋਵੇ)
ਮਕਤੂਲ (ਜਿਹੜਾ ਕਤਲ ਕੀਤਾ ਗਿਆ ਹੋਵੇ)

ਬਾਹਰਮੁਖੀ ਵਿਭਕਤੀ-ਪ੍ਰਧਾਨ ਭਾਸ਼ਾ ਵਰਗ ਵਿਚ ਸਭ ਤੋਂ ਉਤਮ ਨਮੂਨਾ ਹਿੰਦ-ਯੂਰਪੀ (Indo-European Languages) ਪਰਿਵਾਰ ਹੈ। ਇਸ ਕਿਸਮ ਦੀ ਭਾਸ਼ਾ ਵਿਚ ਪ੍ਰਤਿਐ ਸ਼ਬਦਾਂ ਦੇ ਅਗੱੜ-ਪਿਛੜ ਜੁੜਦੇ ਹਨ। ਕਈ ਵਾਰ ਦਰਮਿਆਨੀ ਪ੍ਰਤਿਆ ਵੀ ਹੁੰਦੇ ਹਨ ਪਰ ਬਹੁਤ ਘੱਟ। ਹਿੰਦ-ਯੂਰਪੀ ਵਿਚ ਧਾਤੂ ਲਗ ਭਗ ਇਕ-ਅਖਰੀ (mono-syllalic) ਹੁੰਦੀ ਹੈ ਜਿਸ ਨਾਲ ਅਗੇਤਰ-ਪਿਛੇਤਰ (ਉਪਸਰਗ, ਪ੍ਰਤਿਐ,ਆਗਮ) ਜੋੜਕੇ ਸਾਰੇ ਸ਼ਬਦ ਰਚੇ ਜਾਂਦੇ ਹਨ। ਭਾਰਤ ਦੀ ਸੰਸਕ੍ਰਿਤ ਭਾਸ਼ਾ ਇਸ ਦੀ ਸੁੰਦਰ ਵੰਨਗੀ ਹੈ। ਮਿਸਾਲ ਵਜੋਂ :

ਗਮ (ਧਾਤੂ, root)
ਗਮਨ (ਗਮ+ਅਨ)
ਆਗਮਨ (ਆ+ਗਮ+ਅਨ)
ਗੰਤਾ (ਗਮ+ਤਾ)
ਸੰਗਮ (ਸੰ+ਗਮ)
ਗੱਛਤਿ (ਗਮ+ਅ+ਤਿ)
ਆਗੱਛਤਿ (ਆ+ਗਮ+ਅ+ਤਿ)

ਏਥੇ ਧਾਤੂ ਤੋਂ ਪਹਿਲਾਂ ਜਾਂ ਮਗਰ ਹੀ ਪ੍ਰਤਿਐ (ਸੰਬੰਧ ਤੱਤ) ਜੁੜਦੇ ਹਨ। ਇਸ ਲਈ ਬਾਹਰਮੁਖੀ ਹਨ। ਇਹ ਸੰਜੋਗਾਤਮਕ (synthetical) ਤੇ ਵਿਜੋਗਾਤਮਕ (analytical) ਦੋ ਕਿਸਮਾਂ ਦੀਆਂ ਹਨ। ਸੰਸਕ੍ਰਿਤ ਭਾਸ਼ਾ ਸੰਜੋਗਾਤਮਕ ਹੈ ਪਰੰਤੂ ਪੰਜਾਬੀ ਭਾਸ਼ਾ ਕਾਫੀ ਹਦ ਤਕ ਵਿਜੋਗਾਤਮਕ ਹੈ।

(ਅ) ਪਰਿਵਾਰਕ ਵਰਗੀਕਰਣ :

ਪਿਛੇ ਅਸੀਂ ਵੇਖਿਆ ਹੈ ਕਿ ਵਿਸ਼ਵ-ਭਾਸ਼ਾਵਾਂ ਨੂੰ ਵੰਡਣ ਲਈ ਦੋ ਮਹਤਵ-ਪੂਰਨ ਆਧਾਰ ਹਨ। ਅਕਾਰਕ ਵਰਗੀਕਰਣ ਤੇ ਪਰਿਵਾਰਕ ਵਰਗੀਕਰਣ। ਆਕਾਰਕ ਵਰਗੀਕਰਣ ਦੀ ਉਪਰ ਵਿਆਖਿਆ ਕਰ ਚੁਕੇ ਹਾਂ। ਹੁਣ ਪਰਿਵਾਰਕ ਵਰਗੀਕਰਣ ਬਾਰੇ ਵਿਚਾਰ ਕਰਦੇ ਹਾਂ।

ਲੂਈ ਗ੍ਰੇ ਨੇ ਲਿਖਿਆ ਹੈ ਕਿ ਪਰਿਵਾਰਕ ਵਰਗੀਕਰਣ ਦੇ ਸਿਧਾਂਤ ਦੀ ਸਥਾਪਨਾ ਵਿਸ਼ਵ-ਪ੍ਰਚਲਤ ਭਾਸ਼ਾਵਾਂ ਦੇ ਇਤਿਹਾਸਕ ਤੇ ਪੈਦਾਇਸ਼ੀ ਸੰਬੰਧਾਂ ਉਤੇ ਨਿਰਭਰ ਹੋਈ ਹੈ। ਇਨ੍ਹਾਂ ਸੰਬੰਧਾਂ ਦੀ ਪੁਸ਼ਟੀ ਹਿਤ ਇਹ ਵੇਖਿਆ ਗਿਆ ਹੈ ਕਿ ਅਜੇਹੀਆਂ ਭਾਸ਼ਾਵਾਂ ਦੀਆਂ ਆਪਸ ਵਿਚ ਧੁਨੀਆਤਮਕ ਤੇ ਰੂਪਾਤਮਕ ਸਾਂਝਾਂ ਹਨ ਜੋ ਇਤਿਹਾਸ, ਪੁਰਾ-ਤੱਤਵ-ਵਿਗਿਆਨ (anthropology) ਅਤੇ ਹੋਰ ਸਮਾਜਿਕ ਵਿਗਿਆਨਾਂ ਦੁਆਰਾ ਤਸਦੀਕੀਆਂ ਗਈਆਂ ਹਨ।[1]

ਅਸੀਂ ਅਕਸਰ ਵੇਖਦੇ ਕਿ ਕੁਝ ਭਾਸ਼ਾਵਾਂ ਭਾਸ਼ਾਈ ਸਾਮਗ੍ਰੀ (ਸ਼ਬਦ, ਕ੍ਰਿਆ ਆਦਿ) ਦੇ ਪਖ ਤੋਂ ਅਤੇ ਪ੍ਰਗਟਾਉ-ਪ੍ਰਣਾਲੀ ਦੇ ਪੱਖ ਤੋਂ ਆਪਸ ਵਿਚ ਰਿਸ਼ਤੇਦਾਰ ਜਾਂ ਸਕੀਆਂ (related) ਹੁੰਦੀਆਂ ਹਨ। ਇਸ ਸਾਂਝੇ ਰਿਸ਼ਤੇ ਦਾ ਪਤਾ ਸਾਨੂੰ ਸ਼ਬਦਾਵਲੀ, ਧੁਨੀ-ਸਮੂਹ, ਵਿਆਕਰਣਕ ਰੀਤ ਦੇ ਤੁਲਨਾਤਮਕ ਅਧਿਐਨ ਤੋਂ ਭਲੀ ਪ੍ਰਕਾਰ ਲਗ

1. *Foundations of Language*, p. 301

ਜਾਂਦਾ ਹੈ। ਜਦੋਂ ਇਹ ਉਪਰੋਕਤ ਤਿੰਨ ਭਾਸ਼ਾਈ ਤੱਤ ਸਾਂਝੇ ਹੁੰਦੇ ਹਨ ਤਾਂ ਅਸੀਂ ਸੁਤੇ ਸਿਧ ਹੀ ਇਸ ਨਤੀਜੇ ਤੇ ਪਹੁੰਚ ਜਾਂਦੇ ਹਾਂ ਕਿ ਇਨ ਜਾਂ ਉਸ ਵਰਗ ਦੀਆਂ ਭਾਸ਼ਾਵਾਂ ਦਾ ਇਕੋ ਸਰਬ ਸਾਂਝਾ ਜੱਦੀ ਸੋਮਾ ਹੈ ਜਿਥੋਂ ਇਹ ਸਾਰਾ ਭਾਸ਼ਾ-ਵਰਗ ਫੁੱਟ ਨਿਕਲਿਆ ਹੈ। ਉਦਾਹਰਣ ਵਜੋਂ ਹਿੰਦ-ਯੂਰਪੀ ਪਰਿਵਾਰ ਦੀਆਂ ਭਾਸ਼ਾਵਾਂ ਦੀ ਤੁਲਨਾ ਵੇਖ ਸਕਦੇ ਹਾਂ। ਇਕ ਸ਼ਬਦ "ਪਿਤਾ" ਜਾਂ "ਪਿਉ" ਲਵੋ :

ਪੰਜਾਬੀ	:	ਪਿਉ
ਸੰਸਕ੍ਰਿਤ	:	ਪਿਤ੍ਰਿ, ਪਿਤਾ
ਗ੍ਰੀਕ	:	pater
ਲੇਟਿਨ	:	pater
ਫ੍ਰੈਂਚ	:	pere
ਸਪੈਨਿਸ਼	:	padro
ਜਰਮਨ	:	vater
ਪ੍ਰਾਚੀਨ ਅੰਗ੍ਰੇਜ਼ੀ	:	faeder
ਅੰਗ੍ਰੇਜ਼ੀ	:	father
(ਇਰਾਨੀ) ਫ਼ਾਰਸੀ	:	ਪਿਦਰ
ਹਿੰਦੀ	:	ਪਿਤਾ

ਇਸੇ ਤਰ੍ਹਾਂ ਪੰਜਾਬੀ ਸ਼ਬਦ "ਧੀ" ਸੰਸਕ੍ਰਿਤ "ਦੁਹਿਤਾ, ਦੁਹਿਤ੍ਰਿ" ਗ੍ਰੀਕ thyater, ਜਰਮਨ tochter ਸਵੀਡਿਸ਼ dotter, ਅਰਮੀਨੀਅਨ dustr, ਡੱਚ dochter, ਡੈਨਿਸ਼ dotter, ਅੰਗਰੇਜ਼ੀ daughter, ਫਾਰਸੀ ਦੁਖਤਰ, ਆਦਿ।

ਇਹ ਸਾਰੀਆਂ ਮਿਸਾਲਾਂ ਇਸ ਗੱਲ ਦੀਆਂ ਨਿਰਸੰਦੇਹ ਗਵਾਹ ਹਨ ਕਿ ਇਨ੍ਹਾਂ ਸਾਰੀਆਂ ਭਾਸ਼ਾਵਾਂ ਦਾ ਜੱਦੀ ਸੋਮਾ ਹਿੰਦ-ਯੂਰਪੀ (Indo-European Language) ਭਾਸ਼ਾ ਹੈ। ਇਹ ਪਰਿਵਾਰਕ ਵਰਗੀਕਰਣ ਦਾ ਵਿਧੀ ਹੈ।

ਵਿਦਵਾਨਾਂ ਨੇ ਪਰਿਵਾਰਕ ਵਰਗੀਕਰਣ ਦੀ ਵਿਧੀ ਨੂੰ ਮੁਖ ਰਖਕੇ ਸੰਸਾਰ ਦੇ ਕਈ ਭਾਸ਼ਾ ਪਰਿਵਾਰ (Families of Languages) ਕਲਪਿਤ/ਨਿਸ਼ਚਿਤ ਕੀਤੇ ਹਨ। Louis Gray[1] ਦੇ ਅਨੁਸਾਰ ਸੰਸਾਰ ਦੀਆਂ ਕੁਲ ਭਾਸ਼ਾਵਾਂ ਦੇ 26 ਪਰਿਵਾਰ ਹਨ ਜਿਨ੍ਹਾਂ ਦਾ ਵੇਰਵਾ ਨਿਮਨ ਅਨੁਸਾਰ ਹੈ :

1. *Foundations of Language*, p. 303

1. Indo-European	14. Sino-Tibeten
2. Hamito-Semitic	15. La-Ti
3. Uralic (or Finno-Ugric)	16. Austro-Asiatic
4. Altaic	17. Malayo-Polynesian
5. Japanese (or Korean)	18. Papuan
6. Eskimo-Aleut	19. Australian
7. Caucasian	20. Tasmanian
8. Ibero-Basque	21. Sudano-Guinean
9. Near-Eastern (or Asianic)	22. Bantu
10. Hyperborean (Palaeo-Asiatic)	23. Hottentot Bushman
11. Burushaski	24. North American
12. Dravidian	25. Mexican Central
13. Andamanese	26. Antillean

Winfred P. Lehmann [1] ਨੇ ਪਰਿਵਾਰਕ ਵਰਗੀਕਰਣ ਦੇ ਸਿਧਾਂਤ ਦੇ ਚਾਨਣੇ ਵਿਚ ਹੇਠ ਲਿਖੇ ਮੁਖ ਮੁਖ ਭਾਸ਼ਾ ਪਰਿਵਾਰ ਪ੍ਰਸਤਾਵਿਤ ਕੀਤੇ ਹਨ :

Indo-European	Hemito-Semitic
Dravidian	Malayo-Polynesian
Caucasion	Ural-Altaic
Palaeo-Asiatic	Sino-Tibetan

H. A. Gleason [2] ਨੇ ਵਿਸ਼ਵ ਦੇ ਭਾਸ਼ਾ-ਪਰਿਵਾਰ ਹੇਠ ਲਿਖੇ ਅਨੁਸਾਰ ਤਜਵੀਜ਼ੇ ਹਨ :

Indo-European	Finno–ugric
Altaic	Basque
Caucasion	Afro–Asiatic
Khoisan	Malyo–Polynesian

1. *Historical Linguistics : An Introduction*, pp. 17–49
2. *An Introduction to Descriptive Linguistics* ch. 28

Dravidian	Austro-Asiatic
Sino-Tibetan	Eskimo Aleut

Mario A Pei ਨੇ "The world's Chief Languages" (p. 26) ਵਿਚ ਵਿਸ਼ਵ ਦੇ ਮੁਖ ਮੁਖ ਭਾਸ਼ਾ-ਪਰਿਵਾਰ ਹੇਠ ਲਿਖੇ ਅਨੁਸਾਰ ਵਰਗਬੱਧ ਕੀਤੇ ਹਨ :-

1. Indo European	2. Hamito-Semitic
3. Ural-Altaic	4 Sino-Tibetan
5. Japanese-Korean	6. Dravidian
7. Malayo-Polynesian	8. Sudanese-Guinean
9. Bantu	10. Hottentot-Bushman
11. Australian & Papuans	12. American- Indian & Eskimo
13. Munda-Monkhmer	14. Basque
15. Hyperborean	16. Caucasian
	17. Ainu

ਉਪਰੋਕਤ ਸਾਰਿਆਂ ਵਿਦਵਾਨਾਂ ਦੇ ਵਿਚਾਰਾਂ ਨੂੰ ਸਾਹਮਣੇ ਰਖ ਕੇ ਵਿਸ਼ਵ ਦੇ ਮੁਖ ਮੁਖ ਭਾਸ਼ਾ-ਪਰਿਵਾਰ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ :

ਭਾਰਤ-ਯੂਰਪੀ (ਭਾਰੋਪੀਯ), ਸਾਮੀ, ਹਾਮੀ, ਦ੍ਰਾਵਿੜੀ, ਮਲਾਇਆ-ਪੋਲੀਨੇਸ਼ੀਅਨ, ਕਾਕੇਸ਼ਸ, ਯੂਰਾਲ-ਅਲਤਾਇਕ, ਤਿੱਬਤ-ਚੀਨੀ, ਆਸਟ੍ਰੋ-ਏਸ਼ੀਆਟਕ,

ਇਨ੍ਹਾਂ ਵਿਚੋਂ ਭਾਰਤ ਯੂਰਪੀ ਸਭ ਤੋਂ ਵਧ ਮਹਤਵ-ਪੂਰਨ ਹੈ। ਪਰ ਇਸਦਾ ਵਰਣਨ ਬਾਅਦ ਵਿਚ ਕੀਤਾ ਜਾਵੇਗਾ। ਸਭ ਤੋਂ ਪਹਿਲਾਂ ਸਾਮੀ ਪਰਿਵਾਰ ਦਾ ਵਰਣਨ ਕਰਦੇ ਹਾਂ।

4

ਵਿਸ਼ਵ ਦੇ ਪ੍ਰਮੁਖ ਭਾਸ਼ਾ-ਪਰਿਵਾਰ

ਸਾਮੀ ਭਾਸ਼ਾ-ਪਰਿਵਾਰ

(The Semitic family of Languages)

ਵਿਸ਼ਵ-ਭਾਸ਼ਾ-ਪਰਿਵਾਰਾਂ ਵਿਚ ਇਸਦਾ ਮਹੱਤਵ-ਪੂਰਨ ਸਥਾਨ ਹੈ। ਭਾਰਤ-ਯੂਰਪੀ (I. E.) ਪਰਿਵਾਰ ਤੋਂ ਬਾਅਦ ਸਾਮੀ ਪਰਿਵਾਰ ਸਭ ਤੋਂ ਵਧ ਵਿਕਸਿਤ ਅਤੇ ਮੰਨਿਆ-ਪ੍ਰਮੰਨਿਆ ਪਰਿਵਾਰ ਹੈ। ਇਸ ਦੀਆਂ ਯਾਦਗਾਰਾਂ ਬਹੁਤ ਹੀ ਪੁਰਾਤਨ ਸਮੇਂ ਤੋਂ ਮਿਲਦੀਆਂ ਹਨ। ਪ੍ਰਾਚੀਨ ਸਮੇਂ ਵਿਚ ਸਾਮੀ ਭਾਸ਼ਾ ਦੇ ਵਕਤੇ ਸਿਆਸੀ ਸ਼ਕਤੀ ਦੇ ਮਾਲਕ ਸਨ ਜਿਸ ਕਾਰਨ ਇਸ ਭਾਸ਼ਾ-ਪਰਿਵਾਰ ਦਾ ਬਹੁਤ ਹੀ ਵਕਾਰ ਵਧਿਆ ਹੋਇਆ ਸੀ। ਭਾਵੇਂ ਅੱਜ ਇਸ ਸਾਮੀ ਖੇਤਰ ਵਿਚ ਓਨੀ ਰਾਜਨੀਤਕ ਤਾਕਤ ਨਹੀਂ ਰਹੀ, ਪਰੰਤੂ ਭਾਸ਼ਾਈ ਤੌਰ ਤੇ ਇਸ ਭਾਸ਼ਾ-ਪਰਿਵਾਰ ਦਾ ਭਾਰਤ-ਯੂਰਪੀ ਤੋਂ ਬਾਅਦ ਅੱਜ ਵੀ ਬੜਾ ਗੌਰਵ ਹੈ। ਇਸ ਪਰਿਵਾਰ ਦੀਆਂ ਕਈ ਭਾਸ਼ਾਵਾਂ, ਖਾਸ ਕਰਕੇ ਅਰਬੀ ਭਾਸ਼ਾ ਵਿਚ, ਉੱਚ ਕੋਟੀ ਦਾ ਧਾਰਮਿਕ ਸਾਹਿਤ ਲਿਖਿਆ ਗਿਆ ਮਿਲਦਾ ਹੈ ਜਿਸਦਾ ਵਿਸ਼ਵ ਦੇ ਇਤਿਹਾਸ ਵਿਚ ਗੌਰਵ-ਪੂਰਨ ਸਥਾਨ ਹੈ। ਦੂਜੀ ਗਲ ਕਰਕੇ ਸਾਮੀ ਭਾਸ਼ਾਵਾਂ ਦੀ ਬੜੀ ਭਾਰੀ ਅਹਿਮੀਅਤ ਹੈ, ਉਹ ਇਹ ਹੈ ਕਿ ਇਨ੍ਹਾਂ ਭਾਸ਼ਾਵਾਂ ਨੇ ਦੁਨੀਆਂ ਦੇ ਲੋਕਾਂ ਨੂੰ ਵਰਣਮਾਲਾ, ਅਤੇ ਲਿਖਣ-ਕਲਾ ਵਰਗੀਆਂ ਤਵਾਰੀਖੀ ਯਾਦਗਾਰਾਂ ਪ੍ਰਦਾਨ ਕੀਤੀਆਂ ਹਨ।

ਸਾਮੀ ਤੇ ਹਾਮੀ :

ਸਾਮੀ ਪਰਿਵਾਰ ਦੀ ਹਾਮੀ ਪਰਿਵਾਰ ਨਾਲ ਬਹੁਤ ਡੂੰਘੀ ਨੇੜਤਾ ਹੈ, ਏਥੋਂ ਤਕ ਕਿ ਕਈ ਭਾਸ਼ਾ ਵਿਗਿਆਨੀ ਇਨ੍ਹਾਂ ਦੋਹਾਂ ਨੂੰ ਇਕੋ ਹੀ ਭਾਸ਼ਾਈ ਇਕਾਈ ਵਿਚ ਸ਼ਾਮਲ ਕਰਨ ਦੇ ਹਾਮੀ ਹਨ। ਡਾ: De Lacy O Leary ਦਾ ਇਹ ਵਿਚਾਰ ਉਲੇਖ-ਯੋਗ ਹੈ ਕਿ ਸਾਮੀ ਵਰਗ ਹਾਮੀ ਪਰਿਵਾਰ ਦਾ ਇਕ ਮੈਂਬਰ ਹੀ ਤਾਂ ਹੈ[1]। ਇਨ੍ਹਾਂ ਦੋਹਾਂ ਦੀਆਂ ਕਾਫੀ ਸਾਂਝਾਂ ਹਨ ਪਰ ਸਭ ਤੋਂ ਵਡੀ ਮੂਲਕ ਵਿਸ਼ੇਸ਼ਤਾ ਇਹ ਹੈ ਕਿ ਜਿਥੇ ਸਾਮੀ ਵਿਚ ਹਰੇਕ ਕ੍ਰਿਆ-ਮੂਲ (ਧਾਤੂ) ਤਿੰਨ-ਅਖਰੀ (trilateral roots) ਹੈ ਉਥੇ ਹਾਮੀ ਵਿਚ ਇਹ ਕ੍ਰਿਆ-ਬਣਤਰ ਗ਼ਾਇਬ ਹੈ। ਇਸ ਲਈ ਆਧੁਨਿਕ ਵਿਦਵਾਨ ਇਨ੍ਹਾਂ ਦੋਹਾਂ ਨੂੰ ਵਖਰੇ ਵਖਰੇ ਪਰਿਵਾਰ ਰਖਣ ਦੇ ਸਮਰਥਕ ਹਨ।

ਸਾਮੀ ਤੇ ਭਾਰਤ-ਯੂਰਪੀ

ਮਨੁਖੀ ਇਤਿਹਾਸ ਵਿਚ ਸਾਮੀ ਤੇ ਭਾਰਤ-ਯੂਰਪੀ ਭਾਸ਼ਾ-ਪਰਿਵਾਰਾਂ ਦੇ ਵਕਤਿਆਂ ਦਾ ਸਭਿਆਚਾਰਕ ਰਿਸ਼ਤਾ ਬਹੁਤ ਹੀ ਕਰੀਬੀ ਤੇ ਡੂੰਘਾ ਰਿਹਾ ਹੈ। ਭੂਗੋਲਿਕ ਗਵਾਂਢ ਤੋਂ ਇਲਾਵਾ ਸਭਿਆਚਾਰਾਂ ਦੇ ਪਰਸਪਰ ਮੇਲ ਨੇ ਇਸ ਰਿਸ਼ਤੇ ਨੂੰ ਸਦੀਆਂ ਤੋਂ ਹੋਰ ਵੀ ਪੀਢਾ ਕੀਤਾ ਹੋਇਆ ਹੈ। ਨਤੀਜਾ ਇਹ ਹੈ ਕਿ ਇਤਿਹਾਸ ਦੇ ਕਈਆਂ ਮੋੜਾਂ ਤੇ ਸਾਮੀ ਤੇ ਭਾਰਤ-ਯੂਰਪੀ ਭਾਸ਼ਾਵਾਂ ਦੇ ਆਪਸੀ ਪ੍ਰਭਾਵ ਉਜਾਗਰ ਹੋਏ ਹਨ। ਇਨ੍ਹਾਂ ਪ੍ਰਭਾਵਾਂ ਦੇ ਤਿੰਨ ਪ੍ਰਤੱਖ ਪ੍ਰਮਾਣ ਸਾਡੇ ਸਾਹਮਣੇ ਹਨ। ਸਭ ਤੋਂ ਪਹਿਲਾ ਬਹੁਤ ਪ੍ਰਾਚੀਨ ਇਕ "ਹਿਟਾਈਟ" (ਹਿੱਤੀ) ਭਾਸ਼ਾ ਹੈ ਜਿਸ ਦਾ ਥਹੁ-ਪਤਾ ਬੋਗ਼ਜ਼-ਕੂਈ (Boghaz-Kuci) ਸ਼ਿਲਾਲੇਖਾਂ ਤੋਂ ਮਿਲਦਾ ਹੈ, ਅਤੇ ਜਿਸ ਉਤੇ ਸਾਮੀ ਭਾਸ਼ਾ ਦਾ ਪ੍ਰਭਾਵ ਮੰਨਿਆ ਜਾਂਦਾ ਹੈ। ਦੂਜਾ ਪ੍ਰਮਾਣ "ਪਹਿਲਵੀ" ਹੈ। ਇਰਾਨ ਦੀ ਮੱਧਕਾਲੀ ਭਾਸ਼ਾ ਪਹਿਲਵੀ ਨਿਰਸੰਦੇਹ ਭਾਰਤ-ਯੂਰਪੀ ਪਰਿਵਾਰ ਦੀ ਸ਼ਾਖਾ ਹੈ ਪਰ ਇਸ ਉਤੇ ਸਾਮੀ ਭਾਸ਼ਾ ਦਾ ਵਧ ਅਸਰ ਹੋਇਆ ਹੈ। ਸਾਡੇ ਨੇੜੇ ਦੇ ਜ਼ਮਾਨੇ ਵਿਚ ਇਕ ਹੋਰ ਜਿਊਂਦੀ ਜਾਗਦੀ ਮਿਸਾਲ ਭਾਰਤ ਵਿਚ ਪਿਛਲੀਆਂ ਸਦੀਆਂ ਵਿਚ ਪ੍ਰਚਲਤ ਹੋਈ "ਉਰਦੂ" ਭਾਸ਼ਾ ਹੈ ਜਿਸ ਦੇ ਵਿਕਾਸ ਵਿਚ ਸਾਮੀ ਪਰਿਵਾਰ ਦਾ ਡੂੰਘਾ ਯੋਗਦਾਨ ਹੈ। ਹਿੱਟਾਇਟ, ਪਹਿਲਵੀ ਅਤੇ ਉਰਦੂ ਇਹ ਤਿੰਨੇ ਹਿੰਦ-ਯੂਰਪੀ ਭਾਸ਼ਾਵਾਂ ਸਾਮੀ ਪ੍ਰਭਾਵ ਦੀਆਂ ਮੂੰਹ ਬੋਲਦੀਆ ਗਵਾਹ ਹਨ।

ਇਸ ਦੇ ਬਾਵਜੂਦ ਸਾਮੀ ਤੇ ਭਾਰਤ-ਯੂਰਪੀ ਭਾਸ਼ਾ ਪਰਿਵਾਰਾਂ ਵਿਚ ਏਨੇ ਵਿਰੋਧੀ ਨੁਕਤੇ ਹਨ ਕਿ ਇਨ੍ਹਾਂ ਦੀ ਮੂਲ-ਜਣ ਕਦੰਤ ਵੀ ਇਕੋ ਨਹੀਂ ਮੰਨੀ ਜਾ ਸਕਦੀ ਭਾਵੇਂ ਕਈ ਵਿਦ-

1. *Comparative Grammar of Semitic Language*, p. 1

ਵਾਲ ਅਜੇਹੇ ਯਤਨ ਕਰ ਵੀ ਚੁਕੇ ਹਨ। ਭਾਰਤੋ-ਯੂਰਪੀ ਭਾਸ਼ਾ-ਪਰਿਵਾਰ ਵਿਚ ਸਾਮੀ ਵਰਗੀ ਤਿੰਨ-ਅਖਰੀ ਧਾਤੂ-ਪ੍ਰਣਾਲੀ ਉਕਾ ਹੀ ਨਹੀਂ ਹੈ। ਸਾਮੀ ਸ਼ਬਦਾਂ ਦੀਆਂ ਸੰਧੀਆਂ ਅੰਦਰਮੁਖੀ ਹਨ, ਪਰ ਭਾਰਤ ਯੂਰਪੀ ਪਰਿਵਾਰ ਵਿਚ ਪ੍ਰਤਿਆਂ ਦੀ ਪ੍ਰਧਾਨਤਾ ਹੈ ਜੋ ਬਾਹਰਮੁਖੀ ਹਨ। ਭਾਰਤ ਯੂਰਪੀ ਦੀ ਸਮਾਸ-ਪ੍ਰਣਾਲੀ (true compounds) ਸਾਮੀ ਵਿਚ ਬਿਲਕੁਲ ਪ੍ਰਚਲਤ ਨਹੀਂ ਹੈ।

ਸਾਮੀ ਪਰਿਵਾਰ ਦੀਆਂ ਪ੍ਰਮੁਖ ਵਿਸ਼ੇਸ਼ਤਾਵਾਂ :

(1) ਸਾਮੀ ਭਾਸ਼ਾ ਦੀ ਸਭ ਤੋਂ ਸਿਰਕਢਵੀਂ ਵਿਸ਼ੇਸ਼ਤਾ ਇਹ ਹੈ ਕਿ ਇਸ ਦੀਆਂ ਧਾਤੂ (ਮੂਲ-ਜੜ੍ਹ = ਮਸਦਰ) ਜਿਨ੍ਹਾਂ ਤੋਂ ਬਹੁਤ ਸਾਰੇ ਸ਼ਬਦ ਨਿਕਲਦੇ ਹਨ, ਤਿੰਨ-ਅਖਰੀ ਹੁੰਦੀਆਂ ਹਨ। ਇਹ ਤਿੰਨ-ਅਖਰ ਤਿੰਨ ਵਿਅੰਜਨ ਹੀ ਹਨ ਜਿਹੜੇ ਸਾਰੀਆਂ ਵਿਕਾਸੀ ਸੂਰਤਾਂ ਵਿਚ ਅਣਬਦਲ, ਅਵਿਕਾਰੀ ਹੀ ਰਹਿੰਦੇ ਹਨ। ਧਾਤੂਆਂ ਦਾ ਮੂਲ ਅਰਥ ਅਗਲੇ ਵਿਕਾਸੀ ਸ਼ਬਦਾਂ ਵਿਚ ਵੀ ਹਰ ਹਾਲਤ ਕਾਇਮ ਰਹਿੰਦਾ ਹੈ। ਜਿਵੇਂ /ਕ-ਤ-ਲ/, /ਕ-ਤ-ਬ/ ਆਦਿ

(2) ਦੂਜੀ ਵਿਸ਼ੇਸ਼ਤਾ ਅੰਦਰਮੁਖੀ ਮੁਖੀ ਸੰਬੰਧ-ਤੱਤਾਂ ਦਾ ਵਿਧਾਨ (internal flexion) ਹੈ। ਧਾਤੂਆਂ ਦੇ ਤਿੰਨ-ਵਿਅੰਜਨਾਂ ਨੂੰ ਉਚਾਰਣ ਦੇਣ ਲਈ ਸੰਬੰਧ-ਦੇ ਰੂਪ ਵਿਚ ਸੁਰਾਂ ਨੂੰ ਸੰਜੁਗਤ ਕੀਤਾ ਜਾਂਦਾ ਹੈ, ਅਤੇ ਸੰਜੋਗ ਉਨ੍ਹਾਂ ਵਿਅੰਜਨਾਂ ਦੇ ਅੰਦਰ ਹੀ ਅੰਦਰ ਕੀਤਾ ਜਾਂਦਾ ਹੈ। /ਜ-ਲ-ਸ/ ਧਾਤੂ ਤੋਂ ਅੰਦਰ ਮੁਖੀ ਸੁਰ-ਪ੍ਰਤਿਆਂ ਨੂੰ ਸੰਜੁਗਤ ਕਰਕੇ / ਜਲੂਸ/, / ਜਲਸਾ / ਅਤੇ ਫਿਰ /ਇਜਲਾਸ/ ਵਰਗੇ ਵਿਕਾਸੀ ਸ਼ਬਦ ਘੜੇ ਜਾਂਦੇ ਹਨ। ਇਨ੍ਹਾਂ ਅੰਦਰਮੁਖੀ ਪ੍ਰਤਿਆਂ ਦੀ ਮਦਦ ਲਈ ਪੂਰਵ-ਪ੍ਰਤਿਐ (pre–fixes) ਅਤੇ ਅੰਤ-ਪ੍ਰਤਿਐ (endings) ਵੀ ਜੋੜੇ ਜਾ ਸਕਦੇ ਹਨ। ਯਥਾ :— ਧਾਤੂ / ਕ-ਤ-ਬ / ਤੋਂ—

/ਅਕਤਬ/, /ਤਕਾਤਬ/, ਇਕਤਬ/,
/ਕਤਾਬਤ/, /ਤਕਤੂਬ/, /ਕਤਬ-ਨਾਂ/

(3) ਸਾਮੀ ਭਾਸ਼ਾਵਾਂ ਵਿਚ ਸਮਾਸ ਪ੍ਰਣਾਲੀ ਬਹੁਤ ਹੀ ਅਲਪ ਹੈ ਜਿਥੇ ਕਿ ਭਾਰਤ-ਯੂਰਪੀ ਪਰਿਵਾਰ ਵਿਚ ਸਮਾਸਾਂ ਦੀ ਬਹੁਤ ਭਰਮਾਰ ਹੈ। ਸਾਮੀ ਭਾਸ਼ਾ ਦੇ ਸਮਾਸ ਆਮ ਤੌਰ ਤੇ ਦੋ ਸ਼ਬਦਾਂ ਤੋਂ ਵਧ ਵੀ ਨਹੀਂ ਹੁੰਦੇ ਅਤੇ ਇਨ੍ਹਾਂ ਦੀ ਪ੍ਰਣਾਲੀ ਹਿੰਦ-ਯੂਰਪੀ ਭਾਸ਼ਾ ਦੇ ਸਮਾਸਾਂ ਤੋਂ ਬਿਲਕੁਲ ਹੀ ਉਲਟੀ ਹੈ। ਹਕੂਮਤੇ-ਹਿੰਦ, ਹਕੂਮਤੇ-ਪਾਕਿਸਤਾਨ, ਦੀਵਾਨੇ-ਗ਼ਾਲਿਬ ਨੂੰ ਉਲਟਾਕੇ ਭਾਰਤੀ

ਯੂਰਪੀ ਭਾਸ਼ਾ ਵਿਚ ਹਿੰਦ ਦੀ ਹਕੂਮਤ, ਪਾਕਿਸਤਾਨੀ ਹਕੂਮਤ, ਗ਼ਾਲਿਬ ਦਾ ਦੀਵਾਨ ਸਮਾਸੀ ਸ਼ਬਦ ਬਣਾਏ ਜਾਣਗੇ।

(4) ਪ੍ਰਾਚੀਨ ਸਾਮੀ-ਭਾਸ਼ਾਵਾਂ ਜਿਵੇਂ ਪ੍ਰਾਚੀਨ ਅਰਬੀ, ਵਿਚ ਨਾਲ ਜੁੜਵੇਂ ਪ੍ਰਤਿਐ (ਪਿਛੇਤਰ) ਲਾਕੇ ਕਰਤਾ, ਕਰਮ, ਅਤੇ ਸੰਬੰਧ ਕਾਰਕ ਬਣਾਏ ਜਾਂਦੇ ਹਨ। ਇਨ੍ਹਾਂ ਅਰਥਾਂ ਵਿਚ ਪ੍ਰਾਚੀਨ ਸਾਮੀ ਸੰਜੋਗਾਤਮਕ (ਜੁੜਵੀਂ) ਸੀ ਪਰ ਨਵੀਨ ਸਾਮੀ ਭਾਸ਼ਾਵਾਂ ਵਿਚ ਇਨ੍ਹਾਂ ਕਾਰਕਾਂ ਨੂੰ ਜ਼ਾਹਰ ਕਰਨ ਲਈ ਵਖਰੇ ਸੰਬੰਧ-ਤੱਤ ਸੂਚਕ ਸ਼ਬਦ ਪ੍ਰਯੁਕਤ ਕੀਤੇ ਜਾ ਰਹੇ ਹਨ। ਇਸ ਲਈ ਆਧੁਨਿਕ ਸਾਮੀ ਭਾਸ਼ਾਵਾਂ ਵੀ ਪੰਜਾਬੀ ਭਾਸ਼ਾ ਵਾਂਗ ਵਿਜੋਗਾਤਮਕ (analytical) (ਨਿਖੜੂ) ਹੋ ਗਈਆਂ ਹਨ।

ਸਾਮੀ ਪਰਿਵਾਰ ਦੀਆਂ ਸ਼ਾਖਾਵਾਂ :

ਡਾਰਾਂ ਪੁਰਵਾਲਾ [1] ਅਨੁਸਾਰ ਸਾਮੀ ਭਾਸ਼ਾ ਪਰਿਵਾਰ ਦੀਆਂ ਪੰਜ ਪ੍ਰਧਾਨ ਸ਼ਾਖਾਵਾਂ ਹਨ ;

(1) Akkadian — (Babylonian—Assyrian)
(2) Cannanite — (ਫੋਨੀਸ਼ੀਅਨ, ਹੀਬਰੂ)
(3) Armaic — (ਫਿਲਸਤੀਨੀ, ਆਧੁਨਿਕ ਅਰਮੀਨੀ)
(4) Arabic — (ਕਲਾਸੀਕਲ ਅਰਬੀ,ਮਿਸਰੀ, ਸਿਨਾਈ)
(5) Abyssinian —

ਲੇਹਮਾਨ (Historical Linguistics, p. 42) ਨੇ ਲਿਖਿਆ ਹੈ ਕਿ Akkadian ਭਾਸ਼ਾ ਕਿੱਲ-ਅਖਰੀ ਲਿਖਤਾਂ ਦੀ ਸ਼ਕਲ ਵਿਚ ਕੋਈ 2800 ਪੂ. ਈ. ਤੋਂ ਲੈ ਕੇ ਈਸਵੀ ਦੇ ਅਰੰਭ ਤਕ ਮਹਿਫ਼ੂਜ਼ ਰਖੀ ਗਈ ਮਿਲਦੀ ਹੈ। Cannanite ਦੀ ਮਹੱਤਵ-ਪੂਰਨ ਸ਼ਾਖਾ "ਫੋਨੀਸ਼ੀਅਨ" ਭਾਸ਼ਾ ਹੈ ਜਿਹੜੀ Labanon ਵਿਚ ਬੋਲੀ ਜਾਂਦੀ ਹੈ। ਦੂਜੀ ਸ਼ਾਖਾ "ਹੀਬਰੂ" ਹੈ ਜਿਸ ਦਾ ਵਿਕਾਸੀ ਸਬੂਤ 1100 ਪੂ. ਈ. ਤੋਂ ਮਿਲਦਾ ਹੈ। Gensis ਵਿਚ ਹੀਬਰੂ ਦੇ ਪ੍ਰਚਾਰ ਦੀ ਕਹਾਣੀ ਦਾ ਬੜਾ ਦਿਲਚਸਪ ਜ਼ਿਕਰ ਕੀਤਾ ਹੈ। ਸਾਮੀ ਪਰਿਵਾਰ ਵਿਚੋਂ "ਅਰਬੀ" ਬੜੀ ਸਮਰਥ ਸ਼ਕਤੀਵਰ ਅਤੇ ਬੜੇ ਕਮਾਲ ਦੀ ਭਾਸ਼ਾ ਹੈ। ਇਸਲਾਮ ਦੀ ਧਰਮ-ਪੁਸਤਕ "ਕੁਰਾਨ" ਅਰਬੀ ਵਿਚ ਹੀ ਲਿਖੀ ਹੋਈ ਹੈ। ਇਸਲਾਮ ਧਰਮ ਦੇ ਪ੍ਰਚਾਰ ਨਾਲ ਅਤੇ ਮੁਸਲਮਾਨੀ ਸਭਿਅਤਾ ਦੀ ਪ੍ਰਭੁਤਾ ਦੇ ਕਾਰਨ

1. *Elements of the science of Language*, p. 402

ਅਰਬੀ ਦੂਰ ਦੂਰ ਤਕ ਫੈਲੀ ਹੋਈ ਭਾਸ਼ਾ ਹੈ। ਫਿਲਸਫਾ, ਰਹੱਸਵਾਦ, ਜੋਤਿਸ਼, ਹਿਸਾਬ, ਛੰਦ ਸ਼ਾਸਤਰ, ਸਾਇੰਸ ਆਦਿ ਵਿਦਿਅਕ ਖੇਤਰਾਂ ਵਿਚ ਅਰਬੀ ਬੜੀ ਅਮੀਰ ਤੇ ਸੰਪੰਨ ਭਾਸ਼ਾ ਹੈ। ਅਰਬੀ ਦੀਆਂ ਬੋਲੀਆਂ ਮੱਧ-ਪੂਰਬ ਅਤੇ ਉਤਰੀ ਅਫਰੀਕਾ ਵਿਚ ਬੋਲੀਆਂ ਜਾਂਦੀਆਂ ਹਨ। ਉਰਦੂ, ਪੰਜਾਬੀ, ਹਿੰਦੀ, ਮਰਾਠੀ, ਬੰਗਲਾ, ਗੁਜਰਾਤੀ ਆਦਿ ਆਧੁਨਿਕ ਭਾਰਤੀ ਭਾਸ਼ਾਵਾਂ ਉਤੇ ਅਰਬੀ ਦਾ ਬੜਾ ਭਾਰੀ ਰਿਣ ਹੈ। ਫਾਰਸੀ, ਤੁਰਕੀ ਭਾਸ਼ਾਵਾਂ ਨੂੰ ਵੀ ਅਰਬੀ ਨੇ ਬਹੁਤ ਪ੍ਰਭਾਵਿਤ ਕੀਤਾ ਹੈ। ਅੰਗਰੇਜ਼ੀ, ਫਰਾਂਸੀਸੀ, ਆਦਿ ਯੂਰਪ ਦੀਆਂ ਉਨਤ ਭਾਸ਼ਾਵਾਂ ਵੀ ਅਰਬੀ ਦੇ ਬਲਵਾਨ ਪ੍ਰਭਾਵ ਤੋਂ ਨਹੀਂ ਬਚ ਸਕੀਆਂ। Algebra, Cipher, Alcohol ਆਦਿ ਸ਼ਬਦ ਅਰਬੀ ਤੋਂ ਉਧਾਰ ਲਏ ਸ਼ਬਦ ਹਨ।

ਹਾਮੀ ਭਾਸ਼ਾ-ਪਰਿਵਾਰ
(The Hamitic family of Languages)

ਹਾਮੀ ਭਾਸ਼ਾ ਪਰਿਵਾਰ ਵੀ ਮਹਤਵ-ਪੂਰਨ ਹੈ। ਉੱਤਰੀ ਅਫਰੀਕਾ ਦੇ ਸਾਰੇ ਇਲਾਕੇ ਵਿਚ ਇਹ ਫੈਲਿਆ ਹੋਇਆ ਹੈ। ਮੱਧ ਤੇ ਦਖਣੀ ਅਫਰੀਕਾ ਤਕ ਵੀ ਇਸ ਦੀਆਂ ਬੋਲੀਆਂ ਦਾ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। Tucker ਦੇ ਅਨੁਸਾਰ ਹਾਮੀ ਪਰਿਵਾਰ suffix-agglutinating ਪ੍ਰਕਾਰ ਦਾ ਭਾਸ਼ਾ-ਪਰਿਵਾਰ ਹੈ।

ਹਾਮੀ ਪਰਿਵਾਰ ਦੀਆਂ ਵਿਸ਼ੇਸ਼ਤਾਵਾਂ :

(1) ਸ਼ਬਦ-ਰਚਨਾ ਵਿਚ ਪ੍ਰਤਿਆਂ ਦੀ ਬਹੁਲਤਾ ਹੈ। ਕ੍ਰਿਆ-ਰੂਪ ਤੇ ਨਾਂਵ-ਰੂਪ ਦੋਹਾਂ ਵਿਚ ਪ੍ਰਤਿਐ ਜੋੜੇ ਜਾਂਦੇ ਹਨ। ਕ੍ਰਿਆ-ਰੂਪਾਂ ਵਿਚ ਅਗੇਤਰ-ਪਿਛੇਤਰ ਦੋਵੇਂ ਹੀ, ਪਰੰਤੂ ਨਾਂਵ ਰੂਪਾਂ ਵਿਚ ਪ੍ਰਤਿਐ ਹੀ। ਕੁਝ ਵਿਕਾਸੀ ਸ਼ਬਦਾਂ ਵਿਚ ਦੂਹਰ (ਪੁਨਰ-ਉਕਤੀ) ਹੁੰਦੀ ਹੈ ਜਿਵੇਂ /ਲਬ/ ਦਾ ਅਰਥ ਮੋੜਨਾ ਪਰ /ਲਬ-ਲਬ/ ਦਾ ਅਰਥ ਮੁੜ ਮੁੜ ਮੋੜਨਾ।

(2) 'ਕ੍ਰਿਆ-ਪਦਾਂ' ਵਿਚ ਕਾਲ ਦਾ ਬੋਧ ਨਹੀਂ ਹੁੰਦਾ ਜਿਵੇਂ ਪੰਜਾਬੀ ਵਿਚ ਹੈ। ਕਾਲ-ਬੋਧ ਲਈ ਵਖਰੇ ਸਹਾਇਕ ਸ਼ਬਦ ਜੋੜੇ ਜਾਂਦੇ ਹਨ। ਇਸ ਲਈ ਹੁਣ ਹਾਮੀ ਭਾਸ਼ਾਵਾਂ 'ਵਿਜੋਗਾਤਮਕ' ਹੋ ਰਹੀਆਂ ਹਨ।

(3) 'ਲਿੰਗ-ਰਚਨਾ' (gender) ਨਰ-ਮਾਦਾ ਉਤੇ ਆਧਾਰਿਤ ਨਹੀਂ ਹੈ। ਅਜ਼ੂਲਨ ਵਡੀਆਂ ਤੇ ਮਜ਼ਬੂਤ ਚੀਜ਼ਾਂ ਪੁਲਿੰਗ ਵਿਚ ਅਤੇ ਕਮਜ਼ੋਰ ਤੇ ਨਿਕੀਆਂ ਚੀਜ਼ਾਂ ਇਸਤਰੀ ਲਿੰਗ ਵਿਚ ਰਖੀਆਂ ਜਾਂਦੀਆਂ ਹਨ।

(4) 'ਵਚਨ' ਕਈ ਤਰ੍ਹਾਂ ਨਾਲ ਵਿਅਕਤ ਕੀਤੇ ਜਾਂਦੇ ਹਨ। 'ਦੁਵਚਨ' (dual number) ਵੀ ਹਾਮੀ ਪਰਿਵਾਰ ਦੀ ਇਕ ਭਾਸ਼ਾ 'ਨਾਮਾ' ਵਿਚ ਮੌਜੂਦ ਹੈ। ਮਿਸਾਲ ਵਜੋਂ Khmir ਭਾਸ਼ਾ ਵਿਚ lisa (= ਹੰਝ) ਇਕ ਵਚਨ ਹੈ। lis ਬਹੁਵਚਨ ਹੈ, lirse ਵੀ ਬਹੁ-ਵਚਨ ਹੈ ਪਰ ਅਰਥ ਹੈ "ਹੰਝੂਆਂ ਦਾ ਹੜ੍ਹ"।

(5) ਤਾਰਾਪੁਰਵਾਲਾ ਅਨੁਸਾਰ ਹਾਮੀ ਪਰਿਵਾਰ ਦੀ ਵਰਣਨਯੋਗ ਖਾਸੀਅਤ law of Polarity ਹੈ। ਅਰਥਾਤ ਜਦੋਂ ਨਾਂਵ-ਰੂਪ (noun) ਨੂੰ ਇਕ ਵਚਨ ਤੋਂ ਬਹੁਵਚਨ ਬਣਾਇਆ ਜਾਂਦਾ ਹੈ ਤਾਂ ਉਸ ਦਾ ਲਿੰਗ ਵੀ ਬਦਲ ਜਾਂਦਾ ਹੈ। ਨਾਂਵ ਇਕ ਵਚਨ ਪੁਲਿੰਗ ਹੈ, ਪਰ ਉਸੇ ਨਾਂਵ ਦਾ ਬਹੁਵਚਨ ਹੋਵੇਗਾ ਇਸਤ੍ਰੀ ਲਿੰਗ।

ਹਾਮੀ ਪਰਿਵਾਰ ਦੀ ਵੰਡ :

ਤਾਰਾਪੁਰਵਾਲਾ ਅਨੁਸਾਰ ਹਾਮੀ ਭਾਸ਼ਾ ਪਰਿਵਾਰ ਦੀਆਂ ਭਾਸ਼ਾਵਾਂ ਦੇ ਤਿੰਨ ਪ੍ਰਮੁਖ ਵਰਗ ਹਨ :–

(1) Lybian (Numidian)

(2) Maroitic

(3) Egyptian

ਪ੍ਰਾਚੀਨ Lybian ਦਾ ਪੁਰਾਤਨ ਰੂਪ ਸ਼ਿਲਾਲੇਖਾਂ ਦੀ ਸ਼ਕਲ ਵਿਚ ਕੋਈ ਚੌਥੀ ਸਦੀ ਪੂ. ਈ. ਤੋਂ ਮਿਲਦਾ ਹੈ। ਆਧੁਨਿਕ Berber ਬੋਲੀ ਵਿਚ ਇਸ ਦੇ ਅੰਸ਼ ਮੌਜੂਦ ਹਨ। ਇਸ ਦੀਆਂ ਅਗਲੀਆਂ ਬੋਲੀਆਂ Kabyle ਅਲਜੀਰੀਆ ਵਿਚ ਅਤੇ Shilha ਮੋਰਾਕੋ ਵਿਚ ਬੋਲੀਆਂ ਜਾਂਦੀਆਂ ਹਨ।

ਪ੍ਰਾਚੀਨ Meroitic ਦਾ ਪਤਾ ਤੀਜੀ ਸਦੀ ਈਸਵੀ ਤੋਂ ਸ਼ਿਲਾਲੇਖਾਂ ਦੀਆਂ ਲਿਖਤਾਂ ਵਿਚੋਂ ਮਿਲਦਾ ਹੈ। ਇਸ ਦੀ Ethiopic ਸ਼ਾਖਾ ਦੇ 'ਨਿਮਨ' ਤੇ 'ਉੱਚ' ਦੋ ਹੋਰ ਵਰਗ ਹਨ ਜਿਨ੍ਹਾਂ ਵਿਚੋਂ Bedauya, ਖਾਮੀਰ, ਸੋਮਾਲੀ, ਗੱਲਾ, ਸਾਹੋ ਬੇਜਾ ਆਦਿ ਉਪ ਬੋਲੀਆਂ ਦਾ ਨਿਕਾਸ ਹੁੰਦਾ ਹੈ। ਸੋਮਾਲੀ ਬੜੀ ਮਹਤਵ-ਪੂਰਨ ਹੈ। ਉੱਚ Kushite (Ethiopic) Abyssinia ਵਿਚ ਬੋਲੀ ਜਾਂਦੀ ਹੈ।

ਹਾਮੀ ਪਰਿਵਾਰ ਵਿਚ ਮਿਸਰੀ (Egyptian) ਸਭ ਤੋਂ ਜ਼ਿਆਦਾ ਮਹਤਵ-ਪੂਰਨ

ਹੈ। ਮਿਸਰੀ ਦਾ ਲਿਖਤੀ ਸਾਹਿਤ ਪਿਛਲੀਆਂ ਕੋਈ ਤੀਹ ਸਦੀਆਂ ਤੋਂ ਨਿਰੰਤਰ ਪੈਦਾ ਹੁੰਦਾ ਆ ਰਿਹਾ ਹੈ। ਪ੍ਰਾਚੀਨ ਲਿਖਤਾਂ hieroglyphs ਵਿਚ ਲਿਪੀਬੱਧ ਮਿਲਦੀਆਂ ਹਨ ਜਿਸ ਤੋਂ hieretic ਤੇ demotic ਲਿਪੀਆਂ ਵਿਕਸਿਤ ਹੋਈਆਂ ਹਨ।

ਪਿਛਲੇਰੀ ਮਿਸਰੀ ਵਿਚੋਂ Coptic ਭਾਸ਼ਾ ਦਾ ਨਿਕਾਸ ਹੋਇਆ। ਤੀਜੀ ਸਦੀ ਈਸਵੀ ਵਿਚ ਬਾਈਬਲ ਦਾ ਤਰਜਮਾ ਕੋਪਟਿਕ ਵਿਚ ਕੀਤਾ ਗਿਆ ਸੀ। ਇਸ ਵਿਚ ਖਾਸਾ ਸਾਰਾ ਈਸਾਈ ਧਰਮ ਸਾਹਿਤ ਵੀ ਰਚਿਆ ਗਿਆ। ਪਰੰਤੂ 10ਵੀਂ ਸਦੀ ਤੋਂ ਬਾਅਦ ਇਸ ਉੱਤੇ ਇਸਲਾਮ ਤੇ ਅਰਬੀ ਭਾਸ਼ਾ ਦਾ ਏਨਾ ਗ਼ਲਬਾ ਵਧਿਆ ਕਿ ਓੜਕ ਨੂੰ Coptic ਮਰ-ਮਿਟ ਗਈ। ਪਰ ਧਰਮ ਭਾਸ਼ਾ ਦੀ ਸ਼ਕਲ ਵਿਚ ਅਜੇ ਵੀ ਜਿਊਂਦੀ ਹੈ।

ਦ੍ਰਾਵਿੜੀ ਪਰਿਵਾਰ

(The Dravidian family of Languages)

ਦ੍ਰਾਵਿੜੀ ਭਾਸ਼ਾ ਪਰਿਵਾਰ ਭਾਰਤ ਵਿਚ ਨਰਮਦਾ ਨਦੀ ਤੇ ਗੋਦਾਵਰੀ ਤੋਂ ਲੈ ਕੇ ਕੰਨਿਆ ਕੁਆਰੀ ਤਕ ਫੈਲਿਆ ਹੋਇਆ ਹੈ। ਇਸਤੋਂ ਬਿਨਾਂ ਇਸ ਦੇ ਬੋਲਣ ਵਾਲੇ ਸ੍ਰੀਲੰਕਾ, ਲਕਾਦੀਵੀਪ, ਬਲੋਚਿਸਤਾਨ, ਮੱਧ ਭਾਰਤ ਤੇ ਬਿਹਾਰ-ਉੜੀਸਾ ਵਿਚ ਵੀ ਰਹਿੰਦੇ ਹਨ। ਦ੍ਰਾਵਿੜੀ ਪਰਿਵਾਰ ਦੀਆਂ ਘਟੋ ਘਟ ਚਾਰ ਭਾਸ਼ਾਵਾਂ ਬੜੀਆਂ ਸੰਪੰਨ ਤੇ ਸੁਵਿਕਸਿਤ ਹਨ ਅਤੇ ਜਿਨ੍ਹਾਂ ਵਿਚ ਬੜਾ ਅਮੀਰ ਸਾਹਿਤ ਰਚਿਆ ਗਿਆ ਮਿਲਦਾ ਹੈ।

ਇਨ੍ਹਾਂ ਭਾਸ਼ਾਵਾਂ ਨੂੰ ਸੰਸਾਰ ਦੇ ਕਈ ਪ੍ਰਧਾਨ ਪਰਿਵਾਰਾਂ ਨਾਲ ਸੰਜੁਗਤ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਗਈ ਹੈ। ਪ੍ਰੋ. O. Schrader (ਸ਼੍ਰੇਡਰ) ਨੇ ਦ੍ਰਾਵਿੜੀ ਨੂੰ Finno Ugric ਪਰਿਵਾਰ ਨਾਲ ਮੇਲਣ ਦਾ ਪ੍ਰਸਤਾਵ ਰਖਿਆ। Dr. G. U. Pope ਦੀ ਸਥਾਪਨਾ ਹੈ ਕਿ ਦ੍ਰਾਵਿੜੀ ਪਰਿਵਾਰ ਘਟੋ ਘਟ 'ਰੂਪ-ਵਿਗਿਆਨਿਕ ਪਖ ਤੋਂ ਹਿੰਦ-ਯੂਰਪੀ ਪਰਿਵਾਰ ਦੀ ਰਚਨਾ-ਪ੍ਰਣਾਲੀ ਨਾਲ ਮਿਲਦਾ ਜੁਲਦਾ ਹੈ। ਪਰ ਹਕੀਕਤ ਇਹ ਹੈ ਕਿ ਦ੍ਰਾਵਿੜੀ ਪਰਿਵਾਰ ਹੋਰ ਕਿਸੇ ਪਰਿਵਾਰ ਨਾਲ ਪਰਿਵਾਰਕ ਆਧਾਰ ਤੇ ਨਹੀਂ ਜੋੜਿਆ ਜਾ ਸਕਦਾ। ਇਸ ਦਾ ਸੁਤੰਤਰ ਢਾਂਚਾ ਤੇ ਵਿਆਕਰਣ ਹੈ। ਇਸ ਲਈ ਦ੍ਰਾਵਿੜੀ ਪਰਿਵਾਰ ਆਪਣੇ ਆਪ ਸੁਤੰਤਰ ਤੇ ਵਖਰਾ ਪਰਿਵਾਰ ਹੈ।

ਦ੍ਰਾਵਿੜੀ ਪਰਿਵਾਰ ਦੀਆਂ ਵਿਸ਼ੇਸ਼ਤਾਵਾਂ :

(1) ਦ੍ਰਾਵਿੜ ਪਰਿਵਾਰ ਦੀਆਂ ਭਾਸ਼ਾਵਾਂ agglutinating ਕਿਸਮ ਦੀਆਂ ਭਾਸ਼ਾਵਾਂ ਹਨ। ਮੂਲ ਧਾਤੂ ਤੇ ਪ੍ਰਤਿਐ ਅਸਾਨੀ ਨਾਲ ਨਿਖੇੜੇ ਜਾ ਸਕਦੇ ਹਨ ਜਿਵੇਂ ਤੁਰਕੀ ਭਾਸ਼ਾ ਵਿਚ।

(2) ਇਸ ਪਰਿਵਾਰ ਵਿਚ ਸਵਰ ਧੁਨੀਆਂ / ਏ / ਅਤੇ / ਓ/ ਹ੍ਰਸਵ ਵੀ ਹਨ ਅਤੇ ਦੀਰਘ ਵੀ ਹਨ। ਹਿੰਦ-ਯੂਰਪੀ ਜਾਂ ਆਰੀਆਈ ਗਰੁਪ ਵਿਚ ਇਹ ਸਵਰ ਦੀਰਘ ਹੀ ਹਨ।

(3) ਏਥੇ ਉਪਸਰਗ (ਪੂਰਵ-ਪ੍ਰਤਿਐ=ਅਗੇਤਰ) ਦੀ ਬਜਾਇ ਪਰਸਰਗ (postpostion) ਹੀ ਪ੍ਰਯੁਕਤ ਹੁੰਦੇ ਹਨ।

(4) ਵਿਸ਼ੇਸ਼ਣਾਂ ਦੇ ਰੂਪ ਵਿਸੇਸ਼ਯ ਦੇ ਅਨੁਕੂਲ ਨਹੀਂ ਬਦਲਦੇ ਜਿਵੇਂ ਸੰਸਕ੍ਰਿਤ ਜਾਂ ਪੰਜਾਬੀ ਵਿਚ ਹਨ।

(5) ਕ੍ਰਿਆਰੂਪਾਂ ਵਿਚ ਕਰਮਣੀ ਵਾਚ (passive voice) ਨਹੀਂ ਹੈ। ਇਸ ਦੇ ਲਈ ਸਹਾਇਕ ਕ੍ਰਿਆ ਵਰਤੀ ਜਾਂਦੀ ਹੈ।

(6) ਸ਼ਬਦ ਦੇ ਅਖੀਰਲੇ ਵਿਅੰਜਨ ਅੰਕਤ-ਧੁਨੀ ਜੋੜੀ ਜਾਂਦੀ ਹੈ ਜਿਵੇਂ 'ਆਪ' ਦਾ 'ਆਪੁ', 'ਰਾਮ' ਦਾ ਰਾਮੁ'।

(7) ਮੂਰਧਨੀ ਟ-ਵਰਗ ਵਿਅੰਜਨ ਧੁਨੀਆਂ ਦੀ ਏਥੇ ਪ੍ਰਧਾਨਤਾ ਹੈ। ਕਈ ਸਜਣ ਇਹ ਖਿਆਲ ਕਰਦੇ ਹਨ ਕਿ ਸੰਸਕ੍ਰਿਤ ਵਿਚ ਮੂਰਧਨੀ ਧੁਨੀਆਂ ਦ੍ਰਾਵਿੜੀ ਪ੍ਰਭਾਵ ਦੀ ਹੀ ਉਪਜ ਹਨ।

ਦ੍ਰਾਵਿੜੀਭਾਸ਼ਾ-ਪਰਿਵਾਰ ਦੇ ਹੇਠ ਲਿਖੇ ਮੁਖ ਭਾਸ਼ਾ-ਵਰਗ ਹਨ :

(1) ਦ੍ਰਾਵਿੜ — ਤਾਮਿਲ, ਕੰਨੜ, ਤੁਲੂ, ਕੁਡਾਗੂ (ਕੁਰਗੀ), ਟੋਡਾ
(2) ਮਧਵਰਤੀ — ਗੋਂਡੀ, ਕੁਰੁਖ, ਕੂਈ, ਕੋਲਾਮੀ
(3) ਤੇਲਗੂ — ਆਂਧਰਾ-ਤੇਲਗੂ
(4) ਬਾਹਰਵਰਤੀ — ਬਰਾਹੂਈ (ਬਰੂਹੀ)

ਇਸ ਪਰਿਵਾਰ ਦੀਆਂ ਭਾਸ਼ਾਵਾਂ ਵਿਚੋਂ "ਤਾਮਿਲ" ਸਭ ਤੋਂ ਪ੍ਰਾਚੀਨ ਹੈ। ਤਾਮਿਲ ਵਿੱਚ ਬਹੁਤ ਉਤਮ ਸਾਹਿਤ ਮਿਲਦਾ ਹੈ। ਤੀਜੀ ਸਦੀ ਪੂ. ਈ. ਤੋਂ ਲੈਕੇ ਇਸ ਦਾ ਵਿਕਾਸ ਨਿਰੰਤਰ ਹੁੰਦਾ ਆ ਰਿਹਾ ਹੈ। ਪ੍ਰਾਚੀਨ ਤਾਮਿਲ ਪੁਰਾਤਨ ਲਿਪੀ "ਵੱਟੇਲੁਤੂ" ਵਿਚ ਲਿਖੀ ਜਾਂਦੀ ਸੀ। ਤਾਮਿਲ ਵਿੱਚ 'ਸ਼ਨ' ਸ਼ੈਲੀ ਸਾਹਿਤਕ ਰਚਨਾ ਲਈ ਵਰਤੀ ਜਾਂਦੀ ਹੈ ਅਤੇ "ਕੋਡੁਮ" ਕਾਰ-ਵਿਹਾਰੀ ਤੇ ਬੋਲਚਾਲੀ ਬੋਲੀ ਹੈ। ਏਸ ਵਿਚ ਸੰਸਕ੍ਰਿਤ ਸ਼ਬਦਾਂ ਦੀ ਬਹੁਲਤਾ ਹੈ। ਆਧੁਨਿਕ ਤਾਮਿਲ ਭਾਰਤ ਦੇ 'ਤਮਿਲਨਾਡੂ' (ਮਦ੍ਰਾਸ) ਪ੍ਰਦੇਸ਼ ਦੀ ਰਾਜ ਭਾਸ਼ਾ ਹੈ।

"ਕੰਨੜ" ਮੈਸੂਰ ਦੀ ਭਾਸ਼ਾ ਹੈ। ਅਜ ਕਲ ਇਸ ਪ੍ਰਦੇਸ਼ ਦਾ ਨਾਮਕਰਣ 'ਕਰਣਾਟਕ' ਕਰ ਦਿੱਤਾ ਗਿਆ ਹੈ। ਕੰਨੜ ਕਰਣਾਟਕ ਪ੍ਰਦੇਸ਼ ਦੀ ਰਾਜ ਭਾਸ਼ਾ ਹੈ। ਕੰਨੜ ਦਾ ਸਭ ਤੋਂ ਪੁਰਾਣਾ ਗ੍ਰੰਥ "ਕਵਿ ਰਾਜ ਮਾਰਗ" ਹੈ ਜੋ ਨ੍ਰਿਪ ਤੁੰਗ ਦੀ ਰਚਨਾ ਹੈ। 'ਤੁਲੂ' ਬੰਬਈ ਪ੍ਰਾਂਤ ਦੇ ਸਰਹੱਦੀ ਖੇਤਰ ਵਿੱਚ ਬੋਲੀ ਜਾਂਦੀ ਹੈ। ਕੁਰਗ ਦੀ ਭਾਸ਼ਾ "ਕੁਡਾਗੂ" ਹੈ। ਨੀਲਗਿਰੀ ਦੇ ਜੰਗਲੀ ਵਸਨੀਕਾਂ ਦੀਆਂ ਭਾਸ਼ਾਵਾ 'ਟੂਡਾ' ਤੇ 'ਕੋਟਾ' ਹਨ। ਵਿੰਧ ਪ੍ਰਦੇਸ਼ ਦੇ ਕੁਝ ਵਸਨੀਕਾਂ ਦੀ ਭਾਸ਼ਾ "ਗੋਂਡੀ" ਹੈ। ਬਿਹਾਰ, ਉੜੀਸਾ ਤੇ ਮੱਧ ਭਾਰਤ ਦੀਆਂ ਸਰਹਦਾਂ ਉੱਤੇ 'ਕੁਰੁਖ' ਬੋਲਣ ਵਾਲੇ ਰਹਿੰਦੇ ਹਨ। ਪ੍ਰਾਚੀਨ ਬਰਾਰ ਦੇ ਪੱਛਮੀ ਇਲਾਕੇ ਵਿੱਚ "ਕੋਲਾਮੀ" ਦਾ ਖੇਤਰ ਹੈ।

"ਤੇਲਗੂ" ਭਾਰਤ ਦੇ "ਆਂਧ੍ਰ" ਪ੍ਰਦੇਸ਼ ਦੀ ਰਾਜ ਭਾਸ਼ਾ ਹੈ। ਇਸ ਦੇ ਵਕਤੇ 'ਤਿਲੰਗੇ' ਕਹੇ ਜਾਂਦੇ ਸਨ, ਇਸ ਇਲਾਕੇ ਦਾ ਆਮ ਨਾਉਂ 'ਤਿਲੰਗਾਨਾ' ਵੀ ਹੈ। ਇਸ ਵਿੱਚ ਢੇਰ ਸਾਹਿਤ ਹੈ। ਇਹ ਸੰਸਕ੍ਰਿਤ ਤੋਂ ਕਾਫ਼ੀ ਪ੍ਰਭਾਵਤ ਹੈ।

"ਮਲਿਆਲਮ" ਕੇਰਲ ਪ੍ਰਦੇਸ਼ ਦੀ ਰਾਜ ਭਾਸ਼ਾ ਹੈ। ਇਹ ਤਾਮਿਲ ਭਾਸ਼ਾ ਦੀ 'ਜੇਠੀ' ਧੀ ਮੰਨੀ ਜਾਂਦੀ ਹੈ। ਨੌਵੀਂ ਸਦੀ ਈ. ਵਿੱਚ ਇਹ ਤਾਮਿਲ ਤੋਂ ਉਪਜੀ ਹੈ। ਇਸ ਉੱਤੇ ਸੰਸਕ੍ਰਿਤ ਦਾ ਬਹੁਤ ਪ੍ਰਭਾਵ ਹੈ। ਪਰ ਮੁਸਲਮਾਨ ਵਕਤੇ 'ਮਾਪਿੱਲਾਈ' ਇਸ ਦੀ ਸੁੱਚੀ ਤੇ ਅਸਲੀ ਨੁਹਾਰ ਨੂੰ ਬਰਕਰਾਰ ਰੱਖਣ ਵਿੱਚ ਸਫ਼ਲ ਹੋਏ ਹਨ।

ਆਪਣੇ ਪਰਿਵਾਰ ਤੋਂ ਵਿਛੁੰਨੀ ਅਤੇ ਸੈਂਕੜੇ ਕੋਹਾਂ ਦੀ ਵਿਥ ਤੇ ਪ੍ਰਚਲਤ "ਬਰੂਹੀ" ਇਕ ਬੜੀ ਅਦਭੁਤ ਦ੍ਰਾਵਿੜੀ ਭਾਸ਼ਾ ਹੈ। ਇਸ ਦਾ ਪ੍ਰਚਾਰ ਤੇ ਪ੍ਰਚਲਨ ਪਾਕਿਸਤਾਨ ਦੇ ਬਲੋਚਿਸਤਾਨ ਪ੍ਰਦੇਸ਼ ਵਿਚ ਜਾਰੀ ਹੈ ਜਿਥੇ ਇਸਦੇ ਚੁਤਰਫ਼ੇ ਈਰਾਨੀ ਭਾਸ਼ਾਵਾਂ ਹਨ। ਇਹ ਇਕ ਅਸਚਰਜ ਦੀ ਗੱਲ ਹੈ ਕਿ "ਬਰੂਹੀ" ਪਰਦੇਸੀ ਬੋਲੀਆਂ ਦੇ ਘੇਰੇ ਵਿਚ ਘਿਰੀ ਹੋਈ ਵੀ ਅਜੇ ਜਿਊਂਦੀ ਭਾਸ਼ਾ ਹੈ। ਇਸ ਉੱਤੇ ਈਰਾਨੀ, ਪਸ਼ਤੋ ਤੇ ਬਲੂਚੀ ਦਾ ਅਸਰ ਹੈ। ਇਸ ਦੇ ਬੋਲਣ ਵਾਲੇ ਸਾਰੇ ਮੁਸਲਮਾਨ ਹਨ ਜੋ ਤਾਦਾਦ ਵਿਚ ਡੇਢ ਲਖ ਦੇ ਲਗ ਭਗ ਦਸੇ ਜਾਂਦੇ ਹਨ।

ਦ੍ਰਾਵਿੜੀ ਪਰਿਵਾਰ ਦਾ ਆਰੀਆ ਭਾਸ਼ਾਵਾਂ ਉੱਤੇ ਪ੍ਰਭਾਵ :

ਦ੍ਰਾਵਿੜੀ ਪਰਿਵਾਰ ਸੰਸਕ੍ਰਿਤ ਤੋਂ ਬਹੁਤ ਪ੍ਰਭਾਵਤ ਹੈ। ਪਰੰਤੂ ਦ੍ਰਾਵਿੜੀ ਨੇ ਭਾਰਤ ਦੀਆ ਆਰੀਆ ਭਾਸ਼ਾਵਾ ਨੂੰ ਵੀ ਪ੍ਰਭਾਵਿਤ ਕੀਤਾ ਹੈ। (1) ਆਰੀਆ ਪਰਿਵਾਰ ਦੀਆਂ ਮੂਰਧਨੀ ਟ–ਵਰਗ ਧੁਨੀਆਂ ਦੀ ਉਤਪਤੀ ਵਿਚ ਦ੍ਰਾਵਿੜੀ ਭਾਸ਼ਾ ਦਾ ਕਾਫੀ ਹੱਥ ਹੈ। (2) /ਰ/ ਦਾ /ਲ਼/ ਵਿਚ ਪਰਿਵਰਤਨ (3) ਮਰਾਠੀ ਆਦਿ ਵਿਚ ਦੋ ਦੀ ਥਾਂ ਤਿੰਨ

ਲਿੰਗਾਂ ਦਾ ਜਾਰੀ ਰਹਿਣਾ (4) ਸੈਲਾਂ ਦੀ ਗਿਣਤੀ (ਸੇਰ, ਰੁਪੀਆ) ਉਤੇ ਆਧਾਰਤ ਮਾਪ-ਤੋਲ ਆਦਿ ਗੱਲਾਂ ਦ੍ਰਾਵਿੜੀ ਪ੍ਰਭਾਵ ਦੀ ਪੈਦਾਵਾਰ ਹਨ।

ਮਲਾਇਆ-ਪੋਲੀਨੇਸ਼ੀਅਨ ਭਾਸ਼ਾ ਪਰਿਵਾਰ
(The Malayo-polynasian family of Languages)

ਇਹ ਭਾਸ਼ਾ-ਪਰਿਵਾਰ ਮੈਡਾਗਾਸਕਰ ਤੋਂ ਲੈ ਕੇ ਪੱਛਮ ਵਿਚ ਈਸਟ ਦੀਪ ਤਕ ਫੈਲਿਆ ਹੋਇਆ ਹੈ। ਇਸ ਪਰਿਵਾਰ ਨੂੰ ਕਈ ਵਿਦਵਾਨ ਆਸਟਰੋਨੇਸ਼ੀਅਨ ਪਰਿਵਾਰ ਵੀ ਆਖਦੇ ਹਨ। ਇਸ ਦੇ ਤਾਰਾਪੁਰਵਾਲਾ ਅਤੇ ਡਾ. ਤਿਵਾਰੀ ਦੇ ਅਨੁਸਾਰ ਪੰਜ ਵਰਗ ਹਨ :

Indonesian, Melanesian, Polynesian, Papuan, Australian.

ਇੰਡੋਨੇਸ਼ੀਅਨ : ਇਸ ਨੂੰ 'ਮਲਾਇਨ' ਪਰਿਵਾਰ ਵੀ ਕਹਿੰਦੇ ਹਨ। ਇਹ ਪਰਿਵਾਰ ਪ੍ਰਚਲਤ ਨਹੀਂ ਹੈ। ਸ਼ਬਦਾਂ ਅਤੇ ਧਾਤੂਆਂ ਵਿਚ ਕੋਈ ਖਾਸ ਅੰਤਰ ਨਹੀਂ ਹੈ। ਇਕੋ ਹੀ ਸ਼ਬਦ ਮੌਕੇ ਮੁਤਾਬਕ ਨਾਂਵ, ਕ੍ਰਿਆ, ਵਿਸ਼ੇਸ਼ ਆਦਿ ਦੀ ਸ਼ਕਲ ਵਿਚ ਵਰਤਿਆ ਜਾ ਸਕਦਾ ਹੈ।

ਇੰਡੋਨੇਸ਼ੀਆ ਦਾ ਇਲਾਕਾ ਪਹਿਲਾਂ ਭਾਰਤ ਦੀ ਹੀ ਸਭਿਆਚਾਰਕ ਬਸਤੀ ਸੀ। ਇਨ੍ਹਾਂ ਬੋਲੀਆਂ ਉਤੇ ਸੰਸਕ੍ਰਿਤ ਦਾ ਬਹੁਤ ਪ੍ਰਭਾਵ ਹੈ। ਉਥੋਂ ਦੇ ਪ੍ਰਸਿਧ ਨਾਂ ਸੁਕਾਰਨੋ 'ਸੁਕਰਣ' ਬੂਮੋ 'ਬ੍ਰਹਮਾ' ਜਸਵਿਦਗਦ 'ਯਸ਼ੋ ਵਿਦਗਧ' ਆਦਿ ਸੰਸਕ੍ਰਿਤ ਦੀ ਹੀ ਉਪਜ ਹਨ।

ਇੰਡੋਨੇਸ਼ੀਆ ਵਰਗ ਵਿਚ ਮਲਯ, ਤਗਾਲ, ਜਾਵਾਨੀਜ਼, ਤਿੰਨ ਪ੍ਰਧਾਨ ਉਪ-ਵਰਗ ਹਨ। ਮਲਯ ਮਲਾਇਆ ਦੀਪ ਦੀ, ਤਗਾਲ ਫਿਲਿਪਾਇਨ ਦੀ, ਜਾਵਾਨੀਜ਼ ਜਾਵਾ ਦੀਪ ਦੀ ਭਾਸ਼ਾ ਹੈ। ਭਾਸ਼ਾ-ਵਿਗਿਆਨ ਕੋਸ਼ (M. Pei.) ਦੇ ਅਨੁਸਾਰ ਮਲਯ ਭਾਸ਼ਾ, Thailand, Indo-china Sumatra, Borneo, Celebes, Timor ਅਤੇ ਹੋਰ ਕਈ ਦੀਪਾਂ ਦੀ ਰਾਸ਼ਟ੍ਰ ਭਾਸ਼ਾ (lingua franca) ਹੈ।

ਮਲੇਨੇਸ਼ੀਅਨ : ਇਹ ਵਰਗ ਫਿਜੀ ਆਦਿ ਛੋਟੇ ਛੋਟੇ ਟਾਪੂਆਂ ਵਿਚ ਫੈਲਿਆ ਹੋਇਆ ਹੈ। ਇਸਦੀਆਂ ਕਈ ਬੋਲੀਆਂ ਹਨ।

ਪਾਲੀਨੇਸ਼ੀਅਨ : ਇਹ ਵਰਗ ਮਲੇਨੇਸ਼ੀਆ ਦੇ ਪੂਰਬ-ਦਖਣ ਵਿਚ ਪ੍ਰਚਲਤ ਹੈ। ਇਸ ਵਰਗ ਦੀਆਂ ਬੋਲੀਆਂ—ਮਓਰੀ ਭਾਸ਼ਾ ਨਿਊਜ਼ੀਲੈਂਡ ਵਿਚ, ਟੋਂਗੀ ਟੋਂਗਾ ਵਿਚ, ਸਮੋਈ ਭਾਸ਼ਾ ਸਮੋਆ ਵਿਚ, ਹਵਾਈ ਭਾਸ਼ਾ ਹਵਾਈ ਦੀਪ ਵਿਚ ਤਾਹਿਤੀ ਭਾਸ਼ਾ ਤਾਹਿਤੀ ਦੀਪ ਵਿਚ ਅਤੇ ਮਾਰਕਵੇਸਨ ਭਾਸ਼ਾ ਮਾਰਕਵੇਸਾਜ਼ ਦੀਪ ਵਿਚ ਬੋਲੀ ਜਾਂਦੀ ਹੈ।

ਪਾਪੂਆਂ ਵਰਗ : ਇਹ ਵਰਗ ਨਿਊ ਗਿਨੀ (New Guinea) ਦੇ ਨੇੜੇ ਦੇ ਨਿਕੇ ਨਿਕੇ ਦੀਪਾਂ ਵਿਚ ਫੈਲਿਆ ਹੋਇਆ ਹੈ। ਇਸ ਵਰਗ ਦੀ ਮਫੋਰ ਭਾਸ਼ਾ (Mafor) ਹੀ ਪ੍ਰਮੁਖ ਹੈ, ਇਹ ਨਿਊਗਿਨੀ ਦੀ ਪ੍ਰਧਾਨ ਸਾਹਿਤਕ ਭਾਸ਼ਾ ਹੈ।

ਅਸਟਰੇਲੀਅਨ ਵਰਗ : ਇਸ ਵਰਗ ਦੀਆਂ ਭਾਸ਼ਾਵਾਂ ਅਸਟਰੇਲੀਆ ਅਤੇ ਤਸਮਾਨੀਆ ਵਿਚ ਬੋਲੀਆਂ ਜਾਂਦੀਆਂ ਹਨ। ਆਸਟਰੇਲੀਆ ਵਿਚ ਇਸ ਵਰਗ ਦੇ ਬੋਲਣ ਵਾਲੇ ਦਿਨ ਬਦਿਨ ਘਟਦੇ ਜਾ ਰਹੇ ਹਨ। ਕਈ ਵਿਦਵਾਨ ਇਸ ਪਰਿਵਾਰ ਨੂੰ ਭਾਰਤ ਦੇ ਦ੍ਰਾਵਿੜੀ ਪਰਿਵਾਰ ਨਾਲ ਜੋੜਨ ਲਈ ਯਤਨਸ਼ੀਲ ਹਨ ਪਰ ਇਹ ਸਿਧਾਂਤ ਪਰਵਾਨ ਨਹੀਂ ਹੈ। ਇਸ ਦੀ ਪ੍ਰਧਾਨ ਭਾਸ਼ਾ 'ਮੈਕਵਾਰੀ ਹੈ।

ਕਾਕੇਸ਼ਸ ਭਾਸ਼ਾ ਪਰਿਵਾਰ
(The Caucasian Family of Languages)

ਭਾਸ਼ਾਈ ਵੰਨਸੁਵੰਨਤਾਵਾਂ ਦਾ ਜੇਕਰ ਕੋਈ ਚਿਤਰ-ਵਿਚਿਤਰ ਖੇਤਰ ਹੈ ਤਾਂ ਉਹ ਕਾਕੇਸ਼ਸ ਹੈ। ਏਥੇ ਅਰਮੀਨੀ, ਅਜ਼ਰਬੇਜਾਨੀ, ਈਰਾਨੀ, ਰੂਸੀ, ਯੂਕਰੇਨੀ ਆਦਿ ਮਸ਼ਹੂਰ ਭਾਸ਼ਾਵਾਂ ਤੋਂ ਇਲਾਵਾ ਅਜੇਹੀਆ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਸਾਮੂਹਕ ਤੌਰ ਤੇ 'ਕਾਕੇਸ਼ਸ' ਪਰਿਵਾਰ ਕਿਹਾ ਜਾਂਦਾ ਹੈ।

ਕਾਲੇ ਸਾਗਰ ਅਤੇ ਕੈਸਪੀਅਨ ਸਾਗਰ ਦਰਮਿਅਨ ਕਾਕੇਸ਼ਸ ਪਹਾੜੀਆਂ ਉਤੇ ਕਾਕੇਸ਼ਸ ਭਾਸ਼ਾਵਾ ਦਾ ਵਿਕਾਸ ਹੋਇਆ ਹੈ। ਪਹਾੜੀ ਇਲਾਕੇ ਦੇ ਕਾਰਨ ਇਨ੍ਹਾਂ ਬੋਲੀਆਂ ਵਿਚ ਇੰਨੀ ਭਿਨਤਾ ਹੈ ਕਿ ਕਈ ਵਾਰ ਇਨ੍ਹਾਂ ਦੀ ਸਰਬ-ਸਾਂਝੀ ਨਸਲੀ ਜੱਦ ਬਾਰੇ ਭੁਲੇਖਾ ਪੈਦਾ ਹੋਣ ਲਗ ਪੈਂਦਾ ਹੈ।

ਕਾਕੇਸ਼ਸ ਭਾਸ਼ਾ ਪਰਿਵਾਰ agglutinating ਕਿਸਮ ਦਾ ਪਰਿਵਾਰ ਹੈ। ਸ਼ਬਦ–ਰਚਨਾ ਵਿਚ ਅਗੇਤਰ (ਉਪ ਸਰਗ) ਤੇ ਪਿਛੇਤਰ (ਪ੍ਰਤਿਐ=suffix) ਸੰਜੁਗਤ ਕੀਤੇ ਜਾਂਦੇ ਹਨ। ਇਨ੍ਹਾਂ ਵਿਚ ਵਿਅੰਜਨਾ ਦੀ ਪ੍ਰਧਾਨਤਾ ਹੈ ਅਤੇ ਸ੍ਵਰ-ਧੁਨੀਆ ਘਟ ਹਨ। ਕ੍ਰਿਆ-ਰੂਪ ਬਹੁਤ ਗੁੰਝਲਦਾਰ ਹਨ ਅਤੇ ਕਈ ਵਾਰ ਮੂਲ ਧਾਤੂ ਦਾ ਕੋਈ ਥਹੁ-ਪਤਾ ਹੀ ਨਹੀਂ ਲਗਦਾ।

ਕਾਕੇਸ਼ਸ ਪਰਿਵਾਰ ਦੇ ਮੁਖ ਤੌਰ ਤੇ ਉੱਤਰੀ ਕਾਕੇਸ਼ਸ ਤੇ ਦਖਣੀ ਕਾਕੇਸ਼ਸ ਦੋ ਉਪਵਰਗ ਹਨ। ਉੱਤਰੀ ਉਪ-ਵਰਗ ਨੂੰ circassian ਅਤੇ ਦਖਣੀ-ਵਰਗ ਨੂੰ Kartvelian ਵੀ ਕਿਹਾ ਜਾਂਦਾ ਹੈ। ਦਖਣੀ ਉਪ-ਵਰਗ ਦੀ ਮਸ਼ਹੂਰ ਭਾਸ਼ਾ ਜਾਰਜੀਅਨ (Georgian) ਹੈ ਜਿਸ ਦੀ ਆਪਣੀ ਨਵੇਕਲੀ ਲਿਪੀ ਹੈ ਅਤੇ ਜਿਸ ਵਿਚ ਪਿਛਲੇ ਹਜ਼ਾਰ

ਸਾਲ ਤੋਂ ਸਾਹਿਤ-ਰਚਨਾ ਹੁੰਦੀ ਆ ਰਹੀ ਹੈ।

ਯੂਰਾਲ—ਅਲਤਾਇਕ ਪਰਿਵਾਰ
(The Ural Altaic family of Languages)

ਕੋਈ ਸਮਾਂ ਸੀ ਜਦੋਂ ਇਨ੍ਹਾਂ ਦੋਹਾਂ ਪਰਿਵਾਰਾਂ ਨੂੰ (ਯੂਰਾਲ ਪਰਿਵਾਰ ਅਤੇ ਅਲਤਾਇਕ ਪਰਿਵਾਰ) ਜੋੜਕੇ 'ਸਕੀਥੀਅਨ' 'ਤਾਤਾਰਿਕ' 'ਤੂਰਾਨੀ' ਨਾਂ ਵੀ ਦਿਤੇ ਜਾਂਦੇ ਸਨ। ਪਰੰਤੂ ਆਧੁਨਿਕ ਭਾਸ਼ਾ-ਵਿਗਿਆਨੀ ਯੂਰਾਲ-ਅਲਤਾਇਕ ਪਰਿਵਾਰ ਕਹਿਣਾ ਹੀ ਪਸੰਦ ਕਰਦੇ ਹਨ ਕਿਉਂਕਿ ਜੁਗਰਾਫ਼ੀਆਈ ਨੁਕਤੇ ਤੋਂ ਇਹ ਵਧੇਰੇ ਪ੍ਰਮਾਣਿਕ ਜਾਪਦਾ ਹੈ। ਇਸ ਪਰਿਵਾਰ ਦੀਆਂ ਭਾਸ਼ਾਵਾਂ ਯੂਰਾਲ ਤੇ ਅਲਤਾਈ ਪਰਬਤਾਂ ਦੇ ਦਰਮਿਆਨ ਟਰਕੀ, ਹੰਗਰੀ, ਫਿਨਲੈਂਡ ਤੋਂ ਲੈਕੇ ਭੂਮੱਧ ਸਾਗਰ ਤੇ ਉੱਤਰੀ ਸਾਗਰ ਤਕ ਫੈਲੀਆਂ ਹੋਈਆਂ ਸਨ। ਇਲਾਕਾਈ ਵਿਸਤਾਰ ਦੀ ਦ੍ਰਿਸ਼ਟੀ ਤੋਂ ਹਿੰਦ-ਯੂਰਪੀ ਤੋਂ ਬਾਦ ਇਹ ਨੰਬਰ ਦੋ ਉਤੇ ਹੈ। ਇਨ੍ਹਾਂ ਦੋਹਾਂ ਵਰਗਾਂ ਦੀਆਂ ਦੋ ਖਾਸ ਭਾਸ਼ਾਈ ਵਿਲਖਣਤਾਵਾਂ ਆਪਸ ਵਿਚ ਮਿਲਦੀਆਂ ਜੁਲਦੀਆਂ ਹਨ :

(1) ਪ੍ਰਤਿਆਂ ਦਾ ਸਲੇਸ਼ (suffix—agglutination) ਅਰਥਾਤ ਅਣਬਦਲੇ ਮੂਲ-ਧਾਤੂ ਨਾਲ ਬੇਅੰਤ ਅੰਤ-ਪ੍ਰਤਿਐ ਸੰਜੁਗਤ ਕੀਤੇ ਜਾ ਸਕਦੇ ਹਨ ਜਿਹੜੇ ਕਿ ਅੜ ਅੜ ਦਿਸਦੇ ਰਹਿੰਦੇ ਹਨ।

(2) ਸੁਰ-ਅਨੁਰੂਪਤਾ (vowel—harmony)। ਅਰਥਾਤ ਧਾਤੂ (root) ਦੀਆਂ ਸੁਰ-ਧੁਨੀਆਂ ਦੇ ਅਨੁਸਾਰ ਜਾਂ ਵਜ਼ਨ ਉਤੇ ਪ੍ਰਤਿਆਂ ਦੀਆਂ ਸੁਰ-ਧੁਨੀਆਂ ਵੀ ਹ੍ਰਸਵ ਜਾਂ ਦੀਰਘ ਕਰ ਲਈਆਂ ਜਾਂਦੀਆਂ ਹਨ। 'ਸੇਵ' ਦੇ ਨਾਲ 'ਮੇਕ' ਪ੍ਰਤਿਐ (ਸੇਵਮੇਕ) ਪਰੰਤੂ 'ਅਟ' ਦੇ ਨਾਲ 'ਲਰ' ਜੋੜ ਕੇ 'ਅਟਲਰ' ਬਣਦੇ ਹਨ।

ਜਿਵੇਂ ਕਿ ਸਪਸ਼ਟ ਹੈ ਇਸ ਪਰਿਵਾਰ ਦੇ ਦੋ ਮੁਖ ਵਰਗ :

(1) ਯੂਰਾਲ ਭਾਸ਼ਾ ਵਰਗ ਅਤੇ (2) ਅਲਤਾਇਕ ਭਾਸ਼ਾ-ਵਰਗ।

ਯੂਰਾਲ ਭਾਸ਼ਾ-ਵਰਗ :

ਯੂਰਾਲ ਭਾਸ਼ਾ ਵਰਗ ਦੇ ਦੋ ਮੁਖ ਉਪ-ਵਰਗ ਹਨ। ਅਰਥਾਤ Finno-Ugric ਅਤੇ Samoyed। ਫਿਨੋ-ਯੂਗ੍ਰਿਕ ਵਿਚ Finnic, Permian ਅਤੇ Ugric ਭਾਸ਼ਾ-ਵਰਗ ਸ਼ਾਮਲ ਹਨ। ਫਿਨਿਕ ਭਾਸ਼ਾ ਫਿਨਲੈਂਡ ਅਤੇ ਉੱਤਰੀ ਰੂਸ ਵਿਚ ਪ੍ਰਚਲਤ ਹੈ। Ugric ਭਾਸ਼ਾ-ਸਮੂਹ Siberia ਵਿਚ ਯੂਰਾਲ ਪਹਾੜੀਆਂ ਦੇ ਲਾਗੇ ਫੈਲਿਆ ਹੈ। Samoyed ਭਾਸ਼ਾ-ਵਰਗ ਵੀ arctic Siberia ਵਿਚ ਪ੍ਰਚਲਤ ਹੈ।

ਅਲਤਾਇਕ ਭਾਸ਼ਾ-ਵਰਗ :

ਅਲਤਾਇਕ ਭਾਸ਼ਾ-ਸਮੂਹ ਵਿਚ ਤੁਰਕੀ, ਮੰਗੋਲ ਅਤੇ ਮੰਚੂ ਤਿੰਨ ਪ੍ਰਧਾਨ ਭਾਸ਼ਾ-ਸ਼ਾਖਾਵਾਂ ਹਨ। 'ਤੁਰਕੀ' ਵਿਚ ਲਗ ਭਗ 28 ਉਪਬੋਲੀਆਂ ਹਨ। ਤੁਰਕਿਸ਼ ਉਪਬੋਲੀ ਪ੍ਰਧਾਨ ਰਹੀ ਹੈ। ਇਸ ਵਿਚ ਚੰਗਾ ਸਾਹਿਤ ਉਪਲਬਧ ਹੈ। ਇਸ ਉੱਤੇ ਅਰਬੀ ਤੇ ਫਾਰਸੀ ਦਾ ਬਹੁਤ ਪ੍ਰਭਾਵ ਪਿਆ ਹੈ, ਪਰ ਬਦਲੇ ਵਿਚ ਇਨ੍ਹਾਂ ਨੂੰ ਤੁਰਕੀ ਨੇ ਵੀ ਪ੍ਰਭਾਵਿਤ ਕੀਤਾ ਹੈ। ਭਾਰਤ ਦੇ ਪਹਿਲੇ ਮੁਗਲ ਬਾਦਸ਼ਾਹ ਬਾਬਰ ਨੇ ਆਪਣੀ ਸ੍ਵੈ-ਜੀਵਨੀ 'ਤੁਜ਼ਕੇ-ਬਾਬਰੀ' ਤੁਰਕੀ ਭਾਸ਼ਾ ਵਿਚ ਹੀ ਲਿਖੀ ਸੀ। ਚੀਨੀ ਤੁਰਕਿਸਤਾਨ ਤਕ ਇਸਦਾ ਪ੍ਰਚਾਰ ਹੈ।

'ਮੰਗੋਲ' ਭਾਸ਼ਾ ਸਮੂਹ ਉੱਤਰ-ਪੂਰਬੀ ਸਾਇਬੇਰੀਆ ਵਿਚ ਮਿਲਦਾ ਹੈ। ਤਿੱਬਤ, ਮੰਚੂਰੀਆ, ਚੀਨ ਤਕ ਮੰਗੋਲ ਭਾਸ਼ਾ-ਵਰਗ ਫੈਲਿਆ ਹੋਇਆ ਹੈ। 'ਮੰਚੂ' ਭਾਸ਼ਾ ਵਰਗ ਮੰਚੂਰੀਆ ਵਿਚ ਪ੍ਰਧਾਨ ਹੈ ਅਤੇ ਜਾਪਾਨੀ ਟਾਪੂਆਂ ਤਕ ਫੈਲਿਆ ਹੋਇਆ ਹੈ।

ਕਈ ਵਿਦਵਾਨ ਕੋਰੀਆਈ ਤੇ ਜਾਪਾਨੀ ਭਾਸ਼ਾਵਾਂ ਨੂੰ ਅਲਤਾਇਕ ਪਰਿਵਾਰ ਵਿਚ ਸ਼ਾਮਲ ਕਰਦੇ ਹਨ ਪਰ ਇਨ੍ਹਾਂ ਦੇ ਸੰਬੰਧ ਪਕੇ ਤੌਰ ਤੇ ਸਥਾਪਿਤ ਨਹੀਂ ਹੋਏ।

ਤਿੱਬਤ-ਚੀਨੀ ਭਾਸ਼ਾ-ਪਰਿਵਾਰ

(The Sino-Tibetan family of Languages)

ਤਿੱਬਤ-ਚੀਨੀ ਭਾਸ਼ਾ ਪਰਿਵਾਰ ਨੂੰ ਭਾਸ਼ਾ ਵਿਗਿਆਨੀਆਂ ਨੇ Tibeto-Chinese, Sino-Tibetan ਅਤੇ mono-Syllabic ਆਦਿ ਨਾਂ ਪ੍ਰਦਾਨ ਕੀਤੇ ਹਨ। ਇਕ-ਅੱਖਰੀ ਨਾਂ ਇਸ ਪਰਿਵਾਰ ਦੀ ਭਾਸ਼ਾ-ਸ਼ੈਲੀ ਦਾ ਹੈ। ਜਿਸ ਦਾ ਭਾਵ ਇਹ ਹੈ ਕਿ ਇਸ ਪਰਿਵਾਰ ਦੀਆਂ ਭਾਸ਼ਾਵਾਂ ਦਾ ਹਰ ਸ਼ਬਦ ਇਕ-ਅਖਰ ਵਾਲਾ ਹੀ ਹੁੰਦਾ ਹੈ। ਅਖਰ ਏਥੇ Syllable ਦੇ ਅਰਥ ਵਿਚ ਪ੍ਰਯੁਕਤ ਹੈ। ਅਰਥਾਤ ਉਹ Syllable ਜਿਹੜਾ ਧੁਨੀਆਂ ਦਾ ਇਕ ਗਰੁਪ ਹੁੰਦਾ ਹੈ ਜਿਸ ਵਿਚ ਇਕ ਵਿਅੰਜਨ ਅਤੇ ਇਕ ਸ੍ਵਰ ਜਾਂ ਵਿਅੰਜਨਾਂ ਦਾ ਗੁਛਾ ਜਿਹੜਾ ਇਕ ਯੂਨਿਟ (ਇਕਾਈ) ਦੀ ਸ਼ਕਲ ਵਿਚ ਉਚਾਰਿਆ ਜਾਵੇ।

ਤਿਬਤ-ਚੀਨ ਦਾ ਪ੍ਰਸਾਰ ਪੂਰਬੀ ਤੇ ਦੱਖਣ ਪੂਰਬੀ ਏਸ਼ੀਆ ਵਿਚ ਹੋਇਆ ਹੈ। ਚੀਨ, ਸਿਆਮ, ਤਿਬਤ ਬਰਮਾ, ਵਿਚ ਇਹ ਪਰਿਵਾਰ ਪਸਰਿਆ ਹੋਇਆ ਹੈ। ਹਿੰਦ-ਯੂਰਪੀ ਭਾਸ਼ਾ-ਪਰਿਵਾਰ ਤੋਂ ਉਪਰੰਤ ਇਸ ਪਰਿਵਾਰ ਦੇ ਬੋਲਣ ਵਾਲੇ ਸਭ ਤੋਂ ਵਧ ਹਨ।

ਬਾਕੀ ਪਰਿਵਾਰਾਂ ਦੇ ਮੁਕਾਬਲੇ ਵਿਚ ਤਿਬਤ-ਚੀਨੀ ਪਰਿਵਾਰ ਦੀਆ ਭਾਸ਼ਾਵਾਂ ਹਦਬੰਦੀ ਦੇ ਲਿਹਾਜ਼ ਨਾਲ ਨਾਲੋ ਨਾਲ ਜੁੜੀਆਂ ਹੋਈਆਂ ਹਨ। ਇਸ ਦਾ ਖੇਤਰ ਭੂਗੋਲਕ, ਸਭਿਆਚਰਕ ਅਤੇ ਕੁਝ ਹਦ ਤਕ ਧਾਰਮਿਕ ਅਤੇ ਨਸਲ-ਵਿਗਿਆਨਕ ਤੌਰ ਤੇ

ਇਕਮੇਲ ਹੈ।

ਤਿਬਤ-ਚੀਨੀ ਦੇ ਭਾਸ਼ਾ ਵਰਗ :

ਇਸ ਦੇ ਮੁਖ ਤੌਰ ਤੇ ਤਿਨ ਭਾਸ਼ਾ-ਵਰਗ ਹਨ—ਤਿੱਬਤ-ਬਰਮੀ, ਥਾਈ-ਚੀਨੀ ਅਤੇ yenissi ਵਰਗ।

'ਤਿਬਤੀ-ਬਰਮੀ' ਦੀਆਂ ਕਈ ਬੋਲੀਆਂ ਹਨ। ਖਾਸ 'ਤਿਬਤੀ' ਭਾਸ਼ਾ ਨੂੰ ਭਾਰਤ ਦੇ ਲੋਕ 'ਭੋਟੀ' ਜਾਂ 'ਭੋਟੀਆ' ਆਖਦੇ ਹਨ। ਭੋਟੀਆ ਵਿਚ ਕਾਫੀ ਸਾਹਿਤ ਰਚਿਆ ਹੋਇਆ ਮਿਲਦਾ ਹੈ। ਭਾਰਤ ਦੇ ਸਭਿਆਚਾਰਕ ਇਤਿਹਾਸ ਵਿਚ ਭੋਟੀ ਦਾ ਬੜਾ ਅਹਿਮ ਹਿੱਸਾ ਹੈ।

ਦਰਸ਼ਨ-ਸ਼ਾਸਤਰ; ਬੁਧ ਧਰਮ, ਸਾਹਿਤ ਅਤੇ ਹੋਰ ਅਜੇਹੇ ਵਿਸ਼ਿਆਂ ਦੇ ਉਨ੍ਹਾਂ ਸੰਸਕ੍ਰਿਤ ਗ੍ਰੰਥਾਂ ਦਾ ਤਿਬਤੀ ਉਲਥਾ ਅਜੇ ਵੀ ਪ੍ਰਾਪਤ ਹੈ ਜਿਹੜੇ ਮੂਲ ਰੂਪ ਵਿਚ ਗੁੰਮ ਹੋ ਗਏ ਹਨ। ਬਰਮੀ ਨੂੰ ਛੱਡ ਕੇ ਬੋਲੀਆਂ ਵਿਚ ਕੋਈ ਸਾਹਿਤ ਨਹੀਂ ਹੈ। ਤਿਬਤੀ ਵਰਗ ਦੀਆਂ ਬੋਲੀਆਂ ਹਿਮਾਲੀਆ, ਉਤਰੀ ਆਸਾਮ, ਚੀਨ ਦੀ ਸਰਹੱਦੀ ਇਲਾਕੇ ਵਿਚ ਬੋਲੀਆਂ ਜਾਂਦੀਆਂ ਹਨ। ਮੱਧ ਤੇ ਦਖਣੀ ਆਸਾਮ ਵਿਚ ਨਾਗਾ, ਬੋਦੋ, ਕੂਕੀ, ਆਦਿ ਬੋਲੀਆਂ ਹਨ। ਹੁਣੇ ਜਿਹੇ 'ਬੋਦੋ' ਭਾਸ਼ਾ ਲਈ ਰੋਮਨ ਲਿਪੀ ਵਰਤਣ ਬਾਰੇ ਅੰਦੋਲਨ ਜਾਰੀ ਹੋਇਆ ਸੀ। ਬੋਦੋ ਸਾਹਿਤਕਾਰ ਬੋਦੋ ਲਈ 'ਦੇਵ ਨਾਗਰੀ' ਲਿਪੀ ਪ੍ਰਯੁਕਤ ਕਰਨ ਦੀ ਤਜਵੀਜ਼ ਉਤੇ ਵੀ ਗੌਰ ਕਰ ਰਹੇ ਹਨ।

'ਬਰਮੀ' ਵਰਗ ਵਿਚ ਕਈ ਬੋਲੀਆਂ ਹਨ ਪਰੰਤੂ ਸਟੈਂਡਰਡ ਸਾਹਿਤਕ ਭਾਸ਼ਾ ਦੀ ਸ਼ਕਲ ਵਿਚ 'ਬਰਮੀ' ਖਾਸ ਹੀ ਪ੍ਰਮੁਖ ਹੈ। ਇਸ ਦਾ ਸਾਹਿਤ ਬੁਧ ਧਰਮ ਦੀ ਭਾਸ਼ਾ 'ਪਾਲੀ' ਤੋਂ ਪ੍ਰਭਾਵਿਤ ਹੈ।

'ਥਾਈ-ਚੀਨੀ' ਵਿਚ 'ਥਾਈ' ਪ੍ਰਧਾਨ ਹੈ। ਇਸ ਨੂੰ 'ਸਿਆਮੀ' ਵੀ ਕਿਹਾ ਜਾਂਦਾ ਹੈ। ਬੋਲਣ ਵਾਲੇ 'ਸ਼ਾਨ' ਕਹਿਲਾਉਂਦੇ ਹਨ। ਆਸਾਮ ਦੇ ਪੂਰਬੀ ਹਿਸੇ ਅਤੇ ਬਰਮਾ ਦੇ ਕੁਝ ਭਾਗਾਂ ਵਿਚ ਇਸ ਭਾਸ਼ਾ ਦਾ ਖੇਤਰ ਹੈ। ਇਸ ਵਰਗ ਉਤੇ ਆਰੀਆ ਭਾਸ਼ਾ ਦਾ ਬਹੁਤ ਅਸਰ ਪੈ ਰਿਹਾ ਹੈ। Yenissi ਵਰਗ ਕੋਈ ਖਾਸ ਮਹਤਵਪੂਰਨ ਨਹੀਂ ਹੈ।

ਚੀਨੀ-ਭਾਸ਼ਾ :

ਇਕ-ਅੱਖਰੀ ਪਰਿਵਾਰ ਦੀ ਖਰੀ ਤੇ ਆਦਰਸ਼ ਵੰਨਗੀ ਜੇਕਰ ਕੋਈ ਹੈ ਤਾਂ ਉਹ 'ਚੀਨੀ ਭਾਸ਼ਾ' ਹੈ। ਇਸ ਦਾ ਇਤਿਹਾਸ ਘਟੋ ਘਟ **ਪੰਜ ਹਜ਼ਾਰ** ਸਾਲ ਪੁਰਾਣਾ ਹੈ। ਚੀਨੀ ਨਸਲ ਮੁਹੱਜ਼ਬ ਤੇ ਸੁਸੰਸਕ੍ਰਿਤ ਹੈ ਅਤੇ ਇਸ ਦੀ ਸੰਸਕ੍ਰਿਤੀ ਪੰਜ ਹਜ਼ਾਰ ਵਰ੍ਹਿਆਂ

ਤੋਂ ਅਟੁੱਟ ਤੇ ਅਖੰਡ ਰੂਪ ਵਿਚ ਚਲੀ ਆ ਰਹੀ ਹੈ। 'ਚੀਨੀ' ਨੂੰ ਇਸ ਗਲ ਦਾ ਫ਼ਖ਼ਰ ਹਾਸਲ ਹੈ ਕਿ ਉਸ ਵਿਚ ਸਾਹਿਤ ਦੀ ਅਖੰਡ ਧਾਰਾ ਅਤੇ ਲਿਖਤਾਂ ਪੁਰਾਣੇ ਤੋਂ ਪੁਰਾਣੇ ਸਮੇਂ ਤੋਂ ਲੈ ਕੇ ਹੁਣ ਤਕ ਉਪਲਬਧ ਹਨ। ਭਾਸ਼ਾ ਦੀ ਪਵਿਤਰਤਾ ਦੇ ਸੰਕਲਪ ਨੇ ਅਤੇ ਧਾਰਮਿਕ ਗ੍ਰੰਥਾਂ ਪ੍ਰਤੀ ਉੱਚ ਭਾਵਨਾ ਨੇ ਚੀਨ ਦੀ ਸਾਹਿਤਕ ਭਾਸ਼ਾ ਨੂੰ ਇਕਰੂਪਤਾ ਵਿਚ ਰਖਣ ਲਈ ਚੋਖਾ ਕੰਮ ਕੀਤਾ ਹੈ। ਲਿਖਤੀ ਚੀਨੀ ਅਤੇ ਬੋਲਚਾਲੀ ਚੀਨੀ ਵਿਚ ਬੜਾ ਅੰਤਰ ਹੈ।

ਚੀਨੀ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ :

(1) ਚੀਨੀ ਬਾਕੀ ਪਰਿਵਾਰ ਦੀ ਤਰ੍ਹਾਂ ਸਥਾਨ-ਪ੍ਰਧਾਨ (isolating) ਭਾਸ਼ਾ ਹੈ। ਵਾਕ ਵਿਚ ਪ੍ਰਾਪਤ ਸਥਾਨ ਦੇ ਅਨੁਸਾਰ ਇਕੋ ਸ਼ਬਦ ਨਾਂਵ, ਵਿਸ਼ੇਸ਼ਣ ਜਾਂ ਕ੍ਰਿਆ ਬਣ ਜਾਂਦਾ ਹੈ। 'ਹੁਆ ਪਓ ਮੀਨ' ਰਾਜਾ ਪਰਜਾ ਦੀ ਰਖਿਆ ਕਰਦਾ ਹੈ ਪਰ ਸਥਾਨ-ਬਦਲੀ ਕਰਕੇ 'ਮੀਨ ਪਓ ਹੁਆ' ਦਾ ਅਰਥ ਪਰਜਾ ਰਾਜਾ ਦੀ ਰਖਿਆ ਕਰਦੀ ਹੈ।

(2) ਚੀਨੀ ਭਾਸ਼ਾ ਇਕੱਖਰੀ (mono-syllabic) ਹੈ। ਹਰ ਸ਼ਬਦ ਇਕ ਅਖਰ੍ਹੀਦਾ ਹੁੰਦਾ ਹੈ। ਸ਼ਬਦ ਵਿਚ ਕਿਸੇ ਤਰ੍ਹਾਂ ਦੀ ਕੋਈ ਤਬਦੀਲੀ, ਵਿਕਾਰ, ਵਿਗਾੜ ਜਾਂ ਪਰਿਵਰਤਨ ਨਹੀਂ ਹੁੰਦਾ, ਨਾ ਉਹ ਘਟਦਾ ਹੈ,ਨਾ ਵਧਦਾ ਹੈ। ਸ਼ਬਦ ਵਾਕ ਵਿਚ ਕਿਤੇ ਰਖੋ ਤਤਰੂਪ ਵਿਚ ਹੀ ਰਹੇਗਾ।

(3) ਚੀਨੀ ਭਾਸ਼ਾ ਦੀ ਮਹਤਵ-ਪੂਰਨ ਵਿਸ਼ੇਸ਼ਤਾ ਟੋਨ-ਪ੍ਰਣਾਲੀ ਹੈ। ਚੀਨੀ ਵਿਚ ਆਰੀਆ ਭਾਸ਼ਾ ਵਾਂਗ ਅਗੇਤਰ-ਪਿਛੇਤਰ ਜੋੜ ਕੇ ਸ਼ਬਦ-ਰਚਨਾ ਦਾ ਕੋਈ ਵੀ ਤਰੀਕਾ ਨਹੀਂ। ਉਥੇ ਤਾਂ ਘੜੇ-ਘੜਾਏ ਤੇ ਬਣੇ-ਬਣਾਏ ਸ਼ਬਦ ਮਿਲਦੇ ਹਨ ਜਿਨ੍ਹਾਂ ਵਿਚ ਕੋਈ ਪਰਿਵਰਤਨ ਨਹੀਂ ਕੀਤਾ ਜਾਂਦਾ। ਚੀਨੀ ਕੋਸ਼ ਵਿਚ 42,000 ਦੇ ਨੇੜੇ ਤੇੜੇ ਸ਼ਬਦ ਹਨ। ਪੜ੍ਹੇ ਲਿਖੇ ਆਦਮੀ ਨੂੰ ਕੋਈ ਔਸਤ 4200 ਸ਼ਬਦ ਆਪਣੇ ਖਿਆਲ ਜ਼ਾਹਰ ਕਰਨ ਲਈ ਚਾਹੀਦੇ ਹਨ। ਪੀਕਿੰਗ ਦੀ ਚੀਨੀ ਉਪ ਭਾਸ਼ਾ 'ਮੰਦਾਰਿਨ' ਵਿਚ ਆਪਣੇ ਆਪ ਵਿਚ ਸਪਸ਼ਟ ਤੇ ਸੁਤੰਤਰ ਸਾਰੇ ਕੋਈ 420 ਸ਼ਬਦ ਹਨ। ਏਨੀ ਥੋੜੀ ਸਪਸ਼ਟ ਸ਼ਬਦਾਵਲੀ ਦੀ ਮਦਦ ਨਾਲ ਆਮ ਚੀਨੀ ਵਕਤੇ ਨੇ ਹਰ ਤਰ੍ਹਾਂ ਦਾ ਭਾਵ ਤੇ ਗਿਆਨ ਪ੍ਰਗਟ ਕਰਨਾ ਹੈ। ਇਸ ਲਈ ਉਹ ਹਰੇਕ ਸ਼ਬਦ ਤੋਂ 'ਟੋਨ' (tone) ਦੀ ਸਹਾਇਤਾ ਨਾਲ ਘਟੋ ਘਟ ਦਸ ਵਖਰੇ ਵਖਰੇ ਅਰਥ ਗ੍ਰਹਿਣ ਕਰਦਾ ਹੈ।

ਚੀਨ ਦੇ ਭਾਸ਼ਾ ਵਿਗਿਆਨੀ ਤਾਂ ਅਠ ਤਰ੍ਹਾਂ ਦੀ ਟੋਨ ਦਸਦੇ ਹਨ। ਪਰ ਤਾਰਾਪੁਰਵਾਲਾ ਦੇ ਅਨੁਸਾਰ ਵਾਸਤਵ ਵਿਚ ਚਾਰ ਸਹੀ ਟੋਨਾਂ ਹਨ। ਇਸ ਲਈ ਚੀਨੀ ਭਾਸ਼ਾ ਸਭ ਤੋਂ ਵਧ 'tonal' ਭਾਸ਼ਾ ਹੈ। ਟੋਨ ਦੇ ਪ੍ਰਭਾਵ ਹੇਠ ਚੀਨੀ ਭਾਸ਼ਾ ਦਾ ਓਹੀ ਤੇ ਇਕੋ

ਲਫ਼ਜ਼ ਕਈ ਅਰਥ ਦਿੰਦਾ ਹੈ । ਜਿਵੇਂ :

Yen¹ — ਧੂੰਆਂ, Yen² — ਲੂਣ,

Yen³ — ਅੱਖ Yen⁴ — ਹੰਸ ।

(4) ਜੋੜੇ ਸ਼ਬਦਾਂ ਦਾ ਸੰਜੋਗ (coupling of words in pairs) ਵੀ ਇਕ ਹੋਰ ਵਿਧੀ ਹੈ । ਅਰਥ ਨੂੰ ਹੋਰ ਸਪਸ਼ਟ ਕਰਨ ਲਈ ਚੀਨੀ ਵਕਤਾ ਸਮ-ਅਰਥਕ ਦੋ ਸ਼ਬਦਾਂ ਨੂੰ ਇਕੱਠੇ ਬਾਂ ਇਕਠੇ ਕਰਕੇ ਬੋਲ ਲੈਂਦਾ ਹੈ। ਇਸ ਵਿਧੀ ਨਾਲ ਵੀ ਅਰਥ ਪ੍ਰਗਟਾਇਆ ਜਾਂਦਾ ਹੈ ।

(5) ਰਸਮੀ ਵਿਆਕਰਣ ਦੀ ਅਣਹੋਂਦ ਵੀ ਚੀਨੀ ਭਾਸ਼ਾ ਦੀ ਵਿਲਖਣਤਾ ਹੈ । ਚੀਨੀ ਭਾਸ਼ਾ ਵਿਚ ਸਾਡੇ ਵਾਲੇ ਸ਼ਬਦ 'ਵਿਆਕਰਣ' ਦੇ ਮੁਕਾਬਲੇ ਦਾ ਕੋਈ ਵੀ ਸ਼ਬਦ ਨਹੀਂ ਹੈ ਹਾਲਾਂਕਿ ਚੀਨੀ ਪੰਜ ਹਜ਼ਾਰ ਸਾਲ ਤੋਂ ਜਾਰੀ ਹੋਈ ਭਾਸ਼ਾ ਹੈ । Giles ਨੇ ਆਪਣੀ ਪੁਸਤਕ 'China and the Chinese' ਵਿਚ ਲਿਖਿਆ ਹੈ :

"These monosyllables (ਅੱਖਰ-ਰੂਪ ਸ਼ਬਦ) seen always to have been, incapable of inflection (ਰੂਪ), agglutination, or change of any kind. They are in reality root-ideas, and are capable of adopting themselves to their surroundings, and of playing each one such parts as noun, verb, adverb and conjunction".

ਚੀਨੀ ਦੀ ਸ਼ਬਦਾਵਲੀ ਨੂੰ 'ਪੂਰਨ' ਤੇ 'ਖਾਲੀ' ਦੋ ਤਰ੍ਹਾਂ ਦੀਆਂ ਸ਼ਰੇਣੀਆਂ ਵਿਚ ਵੰਡਿਆ ਜਾਂਦਾ ਹੈ । ਵਿਆਕਰਣ ਦਾ ਹੋਰ ਕੋਈ ਨੇਮ ਲਾਗੂ ਨਹੀਂ ਕੀਤਾ ਜਾਂਦਾ ।

(6) ਚੀਨੀ ਲਿਪੀ ਦਾ ਵਿਕਾਸ ਤੇ ਪ੍ਰਸਾਰ ਚੀਨੀ ਭਾਸ਼ਾ ਲਈ ਇਕ ਵਰਦਾਨ ਹੈ । ਹਜ਼ਾਰਾਂ ਸਾਲਾਂ ਤੋਂ ਇਹ ਭਾਸ਼ਾ ਚੀਨੀ ਲਿਪੀ ਵਿਚ ਲਿਖੀਦੀ ਆ ਰਹੀ ਹੈ । ਚੀਨੀ ਭਾਸ਼ਾ ਲਿਪੀ ਚਿਤਰ-ਮੂਲਕ ਤੇ ਭਾਵ-ਮੂਲਕ ਕਿਸਮ ਦੀ ਲਿਪੀ ਹੈ। ਹਰ ਸ਼ਬਦ ਲਈ ਵਖਰਾ ਲਿਪੀ-ਚਿੰਨ੍ਹ ਹੈ । ਕਿਆਸ ਕਰੋ ਕਿ ਉਥੇ ਕਿੰਨੇ ਲਿਪੀ-ਚਿੰਨ੍ਹ ਹੋਣਗੇ ਜਿਥੇ ਲਫ਼ਜ਼ ਹਜ਼ਾਰਾਂ ਦੀ ਗਿਣਤੀ ਵਿਚ ਹਨ । ਇਸ ਵਿਚ ਕਈ ਮੁਸ਼ਕਲਾਤਾਂ ਹਨ। ਇਕੋ ਹੀ ਲਿਪੀ ਚਿੰਨ੍ਹ ਵਖਰੀ ਉਪ ਭਾਸ਼ਾ ਤੇ ਵਖਰੇ ਵਿਕਾਸ-ਪੜਾ ਉਤੇ ਵਖਰਾ ਉਚਾਰਨ ਦੇ ਸਕਦਾ ਹੈ । ਯਾਦ ਰਹੇ ਕਿ ਚੀਨੀ ਲਿਪੀ-ਚਿੰਨ੍ਹਾਂ ਤੋਂ ਸ਼ਬਦਾਂ ਦਾ ਧੁਨੀ ਮੂਲਕ ਉਚਾਰਨ ਨਹੀਂ ਲਭਿਆ ਜਾ ਸਕਦਾ, ਸਿਰਫ ਭਾਵ ਹੀ ਗ੍ਰਹਿਣ ਕੀਤਾ ਜਾਂਦਾ ਹੈ । ਇਹੋ ਕਾਰਣ ਹੈ ਕਿ ਦੂਰ ਦੂਰ ਸਰਹੱਦਾਂ ਦੇ ਚੀਨੀ ਲੋਕ ਆਪਸ ਵਿਚ ਬੋਲਕੇ ਸ਼ਾਇਦ ਗੱਲ ਬਾਤ ਨ ਸਕਣ ਅਤੇ ਆਪੋ ਵਿਚ ਨ ਸਮਝਣ ਪਰ

ਚੀਨੀ ਲਿਪੀ ਵਿਚ ਲਿਖਕੇ ਉਹ ਚੰਗੀ ਤਰ੍ਹਾਂ ਵਾਰਤਾਲਾਪ ਕਰ ਸਕਦੇ ਹਨ ਕਿਉਂਕਿ ਚੀਨੀ ਲਿਪੀ ਦੇ ਚਿੰਨ੍ਹ ਭਾਵ-ਬੋਧਕ ਹਨ, ਧੁਨੀ-ਬੋਧਕ ਨਹੀਂ। ਚੀਨੀ ਭਾਸ਼ਾ ਵਿਚ ਛਪਦੇ ਆਮ ਅਖਬਾਰ ਪੜ੍ਹਨ ਲਈ ਪਾਠਕ ਨੂੰ ਘਟੋ ਘਟ 3000 ਵਖਰੇ ਵਖਰੇ ਲਿਪੀ ਚਿੰਨ੍ਹਾਂ ਤੋਂ ਜਾਣੂ ਹੋਣਾ ਪੈਂਦਾ ਹੈ ਜਿਥੇ ਕਿ ਫਿਲਾਸਫੀ ਤੇ ਸਾਹਿਤ ਪੜ੍ਹਨ ਲਈ ਤਾਂ ਕਈ ਹਜ਼ਾਰ ਲਿਪੀ ਚਿੰਨ੍ਹ ਸਿਖਣ ਦੀ ਲੋੜ ਹੈ।

ਇਕ ਫਾਇਦਾ ਵੀ ਹੈ ਲਿਖਤੀ ਚਿੰਨ੍ਹ ਚੀਨ ਦੇ ਸਾਰਿਆਂ ਇਲਾਕਿਆਂ ਵਿਚ ਇਕੋ ਹੀ ਭਾਵ (ਅਰਥ) ਦੇ ਸੂਚਕ ਬਣ ਜਾਂਦੇ ਹਨ ਅਰਥਾਤ ਹਰ ਚਿੰਨ੍ਹ ਤੋਂ ਹਰ ਥਾਂ ਇਕੋ ਉਹੀ ਅਰਥ ਗ੍ਰਹਿਣ ਹੁੰਦਾ ਪਰ ਉਸੇ ਚਿੰਨ੍ਹ ਦਾ ਉਚਾਰਨ ਇਲਾਕੇ ਵਾਰ ਵਖਰਾ ਵਖਰਾ ਹੋ ਜਾਂਦਾ ਹੈ। ਮਿਸਾਲ ਵਜੋਂ :

"ਆਦਮੀ" ਅਰਥ ਦਾ ਬੋਧਕ ਚੀਨੀ ਲਿਪੀ ਚਿੰਨ੍ਹ ਮੁਲਕ ਭਰ ਵਿਚ ਇਕੋ ਤਰ੍ਹਾਂ ਨਾਲ ਲਿਖਿਆ ਜਾਂਦਾ ਹੈ ਪਰੰਤੂ ਉਸੇ ਇਕੋ ਦੇ ਉਚਾਰਨ ਪ੍ਰਾਂਤ-ਵਾਰ ਕਈ ਕਈ ਹਨ ਹਨ ਜਿਵੇਂ :

jen, nyin, nen, len ਅਤੇ yen[1]

ਚੀਨੀ ਦੇ ਦੋ ਵਡੇ ਉਪ-ਵਰਗ ਸਨ—ਉਤਰੀ ਚੀਨੀ ਤੇ ਦਖਣੀ ਚੀਨੀ। ਉਤਰੀ ਚੀਨੀ ਵਿਚ Peking, Mandarin ਬੋਲੀਆਂ ਹਨ ਅਤੇ ਦਖਣੀ ਚੀਨੀ ਵਿਚੋਂ Canton Hakka, Amoy ਅਤੇ Nanking ਬੋਲੀਆਂ ਹਨ।

ਦੱਖਣ-ਪੂਰਬੀ ਏਸ਼ੀਆਈ ਪਰਿਵਾਰ

(The Austro-Asiatic family of Languages)

ਦੱਖਣ-ਪੂਰਬੀ ਏਸ਼ੀਆਈ ਭਾਸ਼ਾ-ਪਰਿਵਾਰ ਜਾਂ Austroasiatic ਪਰਿਵਾਰ Annam ਕੰਬੋਡੀਆ, ਕੋਚੀਨ-ਚੀਨ, ਸਿਆਮ ਦਾ ਕੁਝ ਇਲਾਕਾ, ਮਲਾਇਆ ਦਾ ਇਲਾਕਾ ਭਾਰਤ ਦਾ ਛੋਟਾ ਨਾਗਪੁਰ ਅਤੇ Nicober ਟਾਪੂ ਵਿਚ ਫੈਲਿਆ ਹੋਇਆ ਹੈ। ਇਸ ਦੇ ਤਿੰਨ ਭਾਸ਼ਾ-ਵਰਗ ਹਨ :

(1) ਮੁੰਡਾ (Kol, Kolarian ਵੀ) ਪੱਛਮ ਵਿਚ

(2) ਮਾਨ-ਖਮੇਰ, ਦਰਮਿਆਨ ਵਿਚ

1. Louis Gray : *Foundations of Languages*,

(3) Annam-Muong ਪੂਰਬ ਵਿਚ

'ਮੁੰਡਾ' ਦੇ ਉਪਵਰਗ ਹਨ, ਉੱਤਰੀ ਜਿਸ ਵਿਚ Manchati, Kanawari Bunan, Limbu, Dhimal ਬੋਲੀਆਂ ਹਨ ਅਤੇ ਦੱਖਣੀ ਜਿਸ ਵਿਚ Santali Mundari Bhumy, Koda, Asuri Kurku ਬੋਲੀਆਂ ਸ਼ਾਮਲ ਹਨ ।

'ਮਾਨ ਖਮੇਰ' ਦੇ ਛੇ ਭਾਸ਼ਾ ਵਰਗ ਹਨ :—ਮੱਧਵਰਤੀ (Mon Khomer Bahnar) ਪੂਰਬੀ (Cham, Sedang), Malaccan (Semang, Sekai, Yakun) Nicobarese; ਅਤੇ Salwen Basin ਅਤੇ Khasi ਹਨ ।

ਭਾਰਤੀ ਯੂਰਪੀ ਭਾਸ਼ਾ–ਪਰਿਵਾਰ

(The Indo-Europan family of Languages)

ਭਾਰਤ-ਯੂਰਪੀ ਭਾਸ਼ਾ-ਪਰਿਵਾਰ ਸੰਸਾਰ ਦੇ ਸਾਰੇ ਬਾਕੀ ਭਾਸ਼ਾ-ਪਰਿਵਾਰਾਂ ਨਾਲੋਂ ਪ੍ਰਮੁਖ, ਮਹਤਵ-ਪੂਰਨ ਤੇ ਪ੍ਰਧਾਨ ਹੈ। ਇਸ ਦੀ ਮਹਾਨਤਾ ਦੇ ਕਈ ਕਾਰਣ ਹਨ। ਪਹਿਲਾ ਕਾਰਣ ਇਹ ਹੈ ਕਿ ਇਸ ਦੇ ਬੋਲਣ ਵਾਲਿਆਂ ਦੀ ਗਿਣਤੀ ਸਭ ਤੋਂ ਵਧੀਕ ਹੈ। ਦੂਜੀ ਗਲ ਭੂਗੋਲਿਕ ਹੈ। ਇਹ ਪਰਿਵਾਰ ਧਰਤੀ ਦੇ ਬਹੁਤ ਵਡੇ ਖੇਤਰ ਵਿਚ ਫੈਲਿਆ ਹੋਇਆ ਹੈ। ਅਗਲੀ ਗਲ ਇਹ ਹੈ ਕਿ ਇਹ ਪਰਿਵਾਰ ਸਭਿਅਤਾ, ਸਹਿਤ ਅਤੇ ਵਿਕਾਸ ਦੇ ਪੱਖ ਤੋਂ ਬਹੁਤ ਅਗ੍ਰਗਾਮੀ ਹੈ। ਸਿਆਸੀ ਨੁਕਤੇ ਤੋਂ ਭਾਰਤ-ਯੂਰਪੀ ਪਰਿਵਾਰ ਦੇ ਵਕਤੇ ਆਲਮੀ ਤਾਕਤਾ ਦੇ ਸੁਆਮੀ ਹਨ। ਇਸ ਲਈ ਇਨ੍ਹਾਂ ਦੀ ਭਾਸ਼ਾ (ਭਾਸ਼ਾਵਾਂ) ਵੀ ਸਮਰਥ, ਸ਼ਕਤੀਵਰ, ਵਿਆਪਕ, ਅਤੇ ਦੂਜੀਆਂ ਭਾਸ਼ਾਂਵਾਂ ਦੇ ਮੁਕਾਬਲੇ ਵਿਚ ਵਿਸ਼ੇਸ਼ ਹਕੂਕਾਂ ਦੀ ਹਕਦਾਰ ਬਣਦੀ ਗਈ ਹੈ।

ਪਹਿਲਾ ਐਲਾਨ :

ਫਿਲਿਪੋ ਸਾਸੇਤੀ (Filippo Sassetti) ਪਹਿਲਾ ਤਜਾਰਤੀ ਯਾਤਰੂ ਸੀ ਜਿਸ ਨੇ ਗੋਆ ਪ੍ਰਦੇਸ਼ ਵਿਚ ਪੰਜ ਸਾਲਾ (1583-88) ਨਿਵਾਸ ਕਰਨ ਤੋਂ ਉਪਰੰਤ ਇਹ ਸੰਕੇਤ ਕੀਤਾ ਕਿ ਯੂਰਪ ਦੀਆਂ ਪ੍ਰਮੁਖ ਭਾਸਾਵਾਂ ਅਤੇ ਸੰਸਕ੍ਰਿਤ ਦੇ ਦਰਮਿਆਨ ਕੋਈ

ਯਕੀਨੀ ਰਿਸ਼ਤਾ ਹੈ। ਲੇਕਿਨ ਭਾਰਤ-ਯੂਰਪੀ ਪਰਿਵਾਰ ਨੂੰ ਮੁਢਲੇ ਰੂਪ ਵਿਚ ਵਾਚਣ ਤੇ ਸਥਾਪਿਤ ਕਰਨ ਦਾ ਸਿਹਰਾ ਸਰ ਵਿਲੀਅਮ ਜੋਨਜ਼[1] (Sir William Jones) ਦੇ ਸਿਰ ਹੈ ਜੋ ਈਸਟ ਇੰਡੀਆ ਕੰਪਨੀ ਵਲੋਂ ਕਲਕੱਤੇ ਵਿਚ ਨਿਯੁਕਤ ਅਫ਼ਸਰ ਸੀ ਅਤੇ ਜਿਸ ਨੇ 1786 ਵਿਚ Royal Asiatic Society ਲਈ ਇਕ ਖੋਜ ਪਤਰ ਲਿਖਕੇ ਬਿਨਾ ਕਿਸੇ ਤਿਜਕ ਤੇ ਸ਼ੰਕਿਆਂ ਤੋਂ, ਇਹ ਸਾਬਤ ਕਰ ਦਿਤਾ ਕਿ ਸੰਸਕ੍ਰਿਤ, ਲੇਟਿਨ, ਗ੍ਰੀਕ ਅਤੇ ਜਰਮੈਨਿਕ ਭਾਸ਼ਾਵਾਂ ਦੀ ਆਪਸ ਵਿਚ ਬਹੁਤ ਡੂੰਘੀ ਇਤਿਹਾਸਕ ਸਾਂਝ ਹੈ ਅਤੇ ਇਨ੍ਹਾਂ ਦਾ ਕੋਈ ਸਰਬ ਸਾਂਝਾ ਸਰੋਤ ਹੈ। ਜੋਨਜ਼ ਦਾ ਇਹ ਇਲਹਾਮੀ ਕਥਨ ਇਕ ਇਤਿਹਾਸਕ ਅਹਿਮੀਅਤ ਦਾ ਧਾਰਨੀ ਬਣ ਗਿਆ ਹੈ ਜਿਹੜਾ ਕਿ ਆਮ ਪੁਸਤਕਾਂ ਵਿਚ ਮੁੜ ਮੁੜ ਦੁਹਰਾਇਆ ਜਾਂਦਾ ਹੈ। ਇਹ ਕਥਨ ਮੂਲ ਰੂਪ ਵਿਚ ਅੰਕਿਤ ਕੀਤਾ ਜਾਂਦਾ ਹੈ:

"The Sanskrit language, whatever may be its antiquity is of a wonderful structure; more perfect than the Greek, more, copious than the Latin, and more exquisitely refined than either; yet bearing to both of them a stronger affinity, both in the roots of verbs and in the forms of grammer, than could have been produced by accident; so strong that no philologer could examine the Sanskrit, Greek and Latin, without believing them to have sprung from some common source which, perhaps, no longer exists."

ਵਿਲੀਅਮ ਜੋਨਜ਼ ਦਾ ਇਹ ਬਿਆਨ ਜਿਥੇ ਇਤਿਹਾਸਕ ਤੇ ਤੁਲਨਾਤਮਕ ਭਾਸ਼ਾ ਵਿਗਿਆਨ ਦੀ ਨੀਂਹ-ਪੱਥਰ ਹੈ ਉਥੇ ਭਾਰਤ-ਯੂਰਪੀ ਪਰਿਵਾਰ ਦੇ ਸੰਕਲਪ ਤੇ ਜਨਮ ਦਾ ਪਹਿਲਾ ਤਸਦੀਕਿਆ ਐਲਾਨ ਹੈ। ਉਸ ਤੋਂ ਬਾਦ ਜਰਮਨ ਦੇ ਵਿਦਵਾਨਾਂ F. Von Schlegal, Grimm, Rask, Franz Bopp, Humboldt ਦੀਆਂ ਖੋਜਾਂ ਨੇ ਇਸ ਪਰਿਵਾਰ ਨੂੰ ਹੋਰ ਵੀ ਪ੍ਰਮਾਣਿਕ ਬਣਾਇਆ ਹੈ।

ਇਸ ਤਰ੍ਹਾਂ ਭਾਰਤ-ਯੂਰਪੀ ਪਰਿਵਾਰ ਦੀ ਹੋਂਦ ਨੇ ਵਿਸ਼ਵ ਪੱਧਰ ਉਤੇ ਭਾਸ਼ਾ-ਚਿੰਤਨ ਵਿਚ ਇਕ ਤਰਥੱਲੀ ਪੈਦਾ ਕਰਨ ਦਾ ਮਾਣ ਪ੍ਰਾਪਤ ਕੀਤਾ ਹੈ। ਦਰਅਸਲ ਭਾਰਤ

1. R. H. Robins : *A short History of Linguistics*, p.p.133-34

ਯੂਰਪੀ ਪਰਿਵਾਰ ਦੀ ਖੋਜ ਨਾਲ, ਭਾਸ਼ਾ-ਵਿਗਿਆਨ ਵਰਗੀ ਸਾਇੰਸ ਦਾ "ਸ੍ਰੀ ਗਣੇਸ਼" ਹੋਇਆ ਹੈ। ਇਸ ਪ੍ਰਸੰਗ ਵਿਚ ਲੇਹਮਾਨ ਦਾ ਕਥਨ ਬਹੁਤ ਹੀ ਢੁਕਵਾਂ ਪ੍ਰਤੀਤ ਹੁੰਦਾ ਹੈ। ਉਸ ਨੇ ਕਿਹਾ ਹੈ ਕਿ ਭਾਰਤ-ਯੂਰਪੀ ਪਰਿਵਾਰ ਦਾ ਵਿਸਤ੍ਰਿਤ ਅਧਿਐਨ ਦੁਨੀਆ ਦੀਆ ਵਿਸ਼ਾਲ ਭੂ-ਖੰਡ ਵਿਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾ ਦੇ ਆਪਸੀ ਸਬੰਧਾਂ ਦੀ ਜਾਣਕਾਰੀ ਲਈ ਅਤੇ ਇਤਿਹਾਸਿਕ ਭਾਸ਼ਾ—ਵਿਗਿਆਨ ਦੀ ਵਿਧੀ ਨੂੰ ਜਾਨਣ ਲਈ ਬਹੁਤ ਹੀ ਮਹਤਵਪੂਰਨ ਹੈ। ਇਸ ਤੋਂ ਇਲਾਵਾ ਭਾਰਤ-ਯੂਰਪੀ ਵਕਤਿਆਂ ਦੇ ਰਾਜਨੀਤਕ ਤੇ ਆਰਥਿਕ ਰੋਲ ਦੇ ਕਾਰਨ ਭਾਰੋਪਾਯ ਭਾਸ਼ਾ-ਪਰਿਵਾਰ ਸ਼ਾਇਦ ਸਭ ਤੋਂ ਵਧ ਵਡਿਆਈ ਵਾਲਾ ਅਤੇ ਅੱਜ ਸਭ ਤੋਂ ਵਧ ਵਸੀਹ ਦਾਇਰੇ ਵਿਚ ਵਰਤਿਆ ਜਾਣ ਵਾਲਾ ਪਰਿਵਾਰ ਹੈ।[1]

ਨਾਮਕਰਣ :

ਇਸ ਪਰਿਵਾਰ ਦਾ ਖੇਤਰ ਉੱਤਰੀ ਭਾਰਤ ਤੋਂ ਲੈ ਕੇ ਈਰਾਨ ਤੇ ਅਰਮੇਨੀਆ ਦੇ ਵਿਚੋਂ ਵਿਚ ਹੁੰਦਾ ਹੋਇਆ ਬ੍ਰਿਟੇਨ ਤੇ ਬ੍ਰਿਟਿਸ਼ ਟਾਪੂਆਂ ਤਕ ਫੈਲੀਆ ਹੋਇਆ ਹੈ। ਇਸ ਦੇ ਪੂਰਬੀ ਸਿਰੇ ਤੇ ਭਾਰਤੀ ਭਾਸ਼ਾ ਅਤੇ ਪਛਮੀ ਸਿਰੇ ਤੇ ਜਰਮਨ ਭਾਸ਼ਾਵਾਂ ਹਨ। ਇਸ ਸਾਰੇ ਵਿਆਪਕ ਖੇਤਰ ਦੇ ਭਾਸ਼ਾ ਪਰਿਵਾਰ ਦੇ ਨਾ ਬਾਰੇ ਕਈ ਤਰ੍ਹਾਂ ਦੇ ਸੁਝਾ ਪੇਸ਼ ਕੀਤੇ ਜਾਂਦੇ ਰਹੇ ਹਨ। ਮੈਕਸਮੂਲਰ (Max Muller) ਤੇ ਹੋਰ ਕਈ ਵਿਦਵਾਨਾਂ ਨੇ ਇਸ ਪਰਿਵਾਰ ਨੂੰ 'ਆਰਯਾ' (ਆਰਯਨ) ਨਾਂ ਦਿਤਾ। ਪਹਿਲੇ ਪਹਿਲ ਇਸ ਨੂੰ ਭੂਗੋਲਿਕ ਦ੍ਰਿਸ਼ਟੀ ਤੋਂ Indo-Germanic ਵੀ ਕਿਹਾ ਗਿਆ ਅਤੇ ਜਰਮਨ ਵਿਦਵਾਨ ਹੁਣ ਵੀ

---

1. "Detailed study of the Indo-European family is important for understanding of historical linguistic method as well as for knowledge of the interrelationships of some of the world's most widely spoken languages.
—Moreover because of the political and economic role of the speakees using languages belonging to it, the Indo-European family is probably the most important and Indo Euwidely used today"

Winfred P. Lehmann : *Historical Linguistics : An Introduction* p. 18

ਇਸੇ ਨਾਮਕਰਣ ਉੱਤੇ ਅਟੱਲ ਤੇ ਬਜ਼ਿਦ ਹਨ । Indo-Celtic ਨਾਂ ਵੀ ਵਰਤੋਂ ਵਿਚ ਆਇਆ ਹੈ ਪਰ ਪ੍ਰਚਲਤ ਨਹੀਂ ਹੋ ਸਕਿਆ । ਇਸੇ ਤਰ੍ਹਾਂ Sanskritic, Caucasian Japhetic ਨਾਂ ਵੀ ਤਜਵੀਜ਼ੇ ਗਏ ਪਰ Indo-European ਨਾਂ ਹੀ ਸਭ ਤੋਂ ਵਧ ਮਸ਼ਹੂਰ ਹੋ ਕੇ ਲੋਕ-ਪ੍ਰਿਯ ਬਣ ਗਿਆ । ਅਜ ਕਲ ਵਿਸ਼ਵ ਪਧਰ ਉੱਤੇ ਭਾਸ਼ਾ-ਵਿਗਿਆਨ ਵਿਚ Indo-European ਨਾਂ ਹੀ ਪ੍ਰਚਲਤ ਹੈ । ਆਮ ਪੁਸਤਕਾਂ ਵਿਚ ਇਸ ਦਾ ਸੰਖੇਪ ਰੂਪ I. E. (P. I. E.) ਹੀ ਦਿਤਾ ਜਾਂਦਾ ਹੈ । ਭਾਵੇਂ ਇਸ ਨਾਂ ਵਿਚ ਵੀ ਊਣਤਾਈਆਂ ਹਨ ਅਤੇ ਬਹੁਤਾ ਤਸਲੀਬਖਸ਼ ਨਹੀਂ ਪਰ ਇਸ ਦੇ ਪ੍ਰਚਾਰ ਤੇ ਪ੍ਰਸਾਰ ਕਰ ਕੇ ਇਹ ਕਾਫ਼ੀ ਹਦ ਤਕ ਮਕਬੂਲ ਹੋ ਗਿਆ ਹੈ ।

ਪੰਜਾਬੀ ਤੇ ਹਿੰਦੀ ਵਿਚ ਇਸ ਦਾ ਉਲਥਾ "ਭਾਰਤ-ਯੂਰਪੀ", "ਭਾਰੋਪੀਯ" ਅਤੇ "ਹਿੰਦ-ਯੂਰਪੀ" ਕੀਤਾ ਜਾਂਦਾ ਹੈ । "ਭਾਰੋਪੀਯ" "ਭਾਰਤ" ਅਤੇ "ਯੋਰੋਪੀਯ" ਦੇ ਸ਼ਬਦਾਂ ਦੇ ਮੇਲ ਦਾ ਸੰਖੇਪ ਰੂਪ ਹੈ ਜਿਹੜਾ ਹੁਣੇ ਹੁਣੇ ਵਰਤੋਂ ਵਿਚ ਆਇਆ ਹੈ ।

ਭਾਰਤ-ਯੂਰਪੀ ਆਦਿ-ਭਾਸ਼ਾ ਦੇ ਬੋਲਾਰੇ :

ਭਾਰਤ-ਯੂਰਪੀ ਮੂਲ ਭਾਸ਼ਾ (Proto I. E.) ਦੇ ਆਦਿ ਬੋਲਾਰੇ ਕੌਣ ਸਨ ? ਭਾਸ਼ਾ ਦੇ ਖੋਜੀਆਂ ਮੂਹਰੇ ਇਹ ਇਕ ਦਿਲਚਸਪ ਸਵਾਲ ਬਣਿਆ ਹੋਇਆ ਹੈ । ਡਾ: ਐਸ. ਕੇ. ਚਟਰਜੀ[1] ਦਾ ਵਿਚਾਰ ਹੈ ਕਿ ਮੂਲ ਭਾਰੋਪੀਯ ਦੇ ਵਕਤੇ ਉਹ ਪੁਰਖੇ ਸਨ ਜਿਨ੍ਹਾਂ ਨੂੰ ਕਈ ਖੋਜੀ "Wiros" ਕਹਿਣ ਦੇ ਹੱਕ ਵਿਚ ਹਨ । Wiros ਮੂਲ ਭਾਰੋਪੀਯ ਭਾਸ਼ਾ ਦਾ ਲਫ਼ਜ਼ ਹੈ ਜਿਸ ਦਾ ਮਾਇਨਾ "ਆਦਮੀ" ਹੈ । Wiros ਤੋਂ ਹੀ ਸੰਸਕ੍ਰਿਤ ਸ਼ਬਦ "ਵੀਰ", ਲਾਤੀਨੀ 'uir' ਜਰਮੈਨਿਕ 'Wer' ਅਤੇ old Irish ਵਿਚ 'fer' ਵਿਕਸਤ ਹੋਏ ਹਨ । ਇਸ ਤਜਵੀਜ਼ ਦੇ ਚਾਨਣੇ ਵਿਚ ਇਹ 'ਵੀਰ' ਹੀ ਭਾਰਤ-ਯੂਰਪੀ ਘਰਾਣੇ ਦੀ ਆਦਿ-ਭਾਸ਼ਾ ਦੇ ਪਹਿਲ-ਪਲੇਠੇ ਪਿਤਾ-ਪੁਰਖੇ ਸਨ ਜਿਨ੍ਹਾਂ ਨਾਲ ਅਨੇਕੀਆਂ ਬਹੁਤ ਸਾਰੀਆਂ ਕੌਮੀਅਤਾਂ ਤੇ ਕੌਮਾਂ ਸੰਬੰਧਤ ਹਨ ।

ਪਰ ਇਹ ਕਹਿਣਾ ਬਹੁਤ ਔਖਾ ਹੈ ਬਲਕਿ ਨਾਮੁਮਕਿਨ ਹੈ ਕਿ ਇਹ 'ਵੀਰਾਸ' ਕਿਸ ਤਰ੍ਹਾਂ ਦੇ ਸਨ ਅਤੇ ਹੁਣ ਕਿਹੜੇ ਲੋਕ ਉਨ੍ਹਾਂ ਦੀ ਅਸਲੀ ਖਰੇ ਹੱਡ ਵਾਲੀ ਸੰਤਾਨ ਹਨ ? ਭਾਰਤੀ ਰਵਾਇਤਾਂ ਬ੍ਰਾਹਮਣਾਂ, ਕਸ਼ਤ੍ਰੀਆਂ, ਵੈਸ਼ਾਂ ਨੂੰ ਖਰੇ ਨਸਲ ਦੇ "ਵੀਰਾਸ" ਦਸਦੀਆਂ ਹਨ ਜਿਹੜੇ 'ਆਰਯ' 'ਆਰਯਨ' ਈਰਾਨੀ 'ਏਰੀਆਨਾ' ਆਦਿ ਮਾਣ ਮੱਤੇ ਖ਼ਿਤਾਬਾਂ ਨੂੰ ਨਾਲ ਲੈਕੇ ਭਾਰਤ ਦੀ ਪੱਧਰੀ ਧਰਤੀ ਉੱਤੇ ਦਾਖ਼ਲ ਹੋਏ ਸਨ । ਜਰਮਨੀ ਦੇ ਲੋਕ

1. S. K. Chatterji : *Indo-Aryans aad Hindi* P-6

ਵੀ ਆਪਣੇ ਆਪ ਨੂੰ ਸੱਚੇ ਤੇ ਖਰੇ 'ਆਰਯ' ਦਸਦੇ ਹਨ ਜਿਹੜੇ ਭਾਰਤ-ਯੂਰਪੀ ਪਰਿਵਾਰ ਦੀ ਜਿਉਂਦੀ ਜਾਗਦੀ ਸੱਚੀ ਔਲਾਦ ਹਨ ।

ਭਾਰਤ-ਯੂਰਪੀ ਪਰਿਵਾਰ ਦਾ ਆਦਿ ਦੇਸ਼
(original home of Indo-Europeans)

ਭਾਰਤ-ਯੂਰਪੀ (ਭਾਰੋਪੀਯ) ਭਾਸ਼ਾ ਪਰਿਵਾਰ ਦੇ ਮੂਲ ਸਥਾਨ ਜਾਂ ਆਦਿ ਦੇਸ਼ ਦੇ ਸੰਬੰਧ ਵਿਚ ਵਿਦਵਾਨਾਂ ਅੰਦਰ ਬੜਾ ਮਤਭੇਦ ਹੈ । ਸਾਨੂੰ ਅਜੇ ਇਸ ਗੱਲ ਦਾ ਪਤਾ ਨਹੀਂ ਹੈ ਕਿ ਪ੍ਰਾਚੀਨ ਭਾਰੋਪੀਯ ਭਾਸ਼ਾ 'ਕਿਥੇ' ਵਿਕਸਿਤ ਹੋਈ ਅਤੇ ਨਾ ਹੀ ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਇਸ ਭਾਸ਼ਾ ਦੇ ਬੋਲਣ ਵਾਲੇ 'ਵੀਰਾਸ਼' 'ਕਦੋਂ' ਅਣਵੰਡੇ ਕਬੀਲੇ ਦੀ ਸ਼ਕਲ ਵਿਚ ਵਸਦੇ ਸਨ ? ਇਉਂ ਪ੍ਰਤੀਤ ਹੁੰਦਾ ਹੈ ਕਿ ਤੀਜੀ ਸਹਸ੍ਰਾਬਦੀ (Millennium) ਦੀਆਂ ਅੰਤਲੀਆਂ ਸਦੀਆਂ ਦੇ ਦੌਰਾਨ, ਇਹ ਲੋਕ ਪਹਿਲੀ ਵਾਰ ਉੱਤਰੀ Mesopotamia ਅਤੇ ਪੂਰਬੀ ਏਸ਼ੀਆ ਮਾਈਨਰ ਦੇ ਸੁਸਭਿਆ ਲੋਕਾਂ ਦੇ ਸੰਪਰਕ ਵਿਚ ਆਏ ਅਤੇ 2000 ਪੂ. ਈ ਦੇ ਨੇੜੇ-ਤੇੜੇ ਤਾਂ ਇਨ੍ਹਾਂ ਦੇ ਮੈਸੋਪੋਟਾਮੀਆ ਵਿਚ ਵੱਸਣ ਦੇ ਉਘੇ ਸਬੂਤ ਮਿਲਦੇ ਹਨ[1] । ਪਰ ਸਵਾਲ ਇਹ ਹੈ ਕਿ ਆਦਿ-ਭਾਰੋਪੀਯ ਲੋਕ ਮੈਸੋਪੋਟਾਮੀਆਂ ਵਿਚ ਕਿਥੋਂ ਆਏ ਅਤੇ ਕਿਹੜਾ ਇਨ੍ਹਾਂ ਦਾ original home ਹੈ ?

ਇਸ ਸਵਾਲ ਦਾ ਹਲ ਢੂੰਡਣ ਲਈ ਵਿਦਵਾਨਾਂ ਨੇ ਪੁਰਾਤਨ ਸਾਹਿਤ, ਪੁਰਾਤਨ ਭੂਗੋਲ, ਮੌਸਮ-ਵਿਗਿਆਨ, ਜੋਤਿਸ਼, ਪੁਰਾਤਤਵ-ਵਿਗਿਆਨ, ਮਨੁਖ-ਵਿਗਿਆਨ ਨਸਲ-ਵਿਗਿਆਨ ਅਤੇ ਭਾਸ਼ਾ-ਵਿਗਿਆਨ ਆਦਿ ਅਨੇਕ ਤਰ੍ਹਾਂ ਦੇ ਗਿਆਨਾਂ ਦਾ ਸਹਾਰਾ ਲਿਆ ਹੈ । ਫਲ ਸਰੂਪ ਕਈ ਮਤ ਸਾਹਮਣੇ ਆਏ ਹਨ । ਇਨ੍ਹਾਂ ਸਾਰਿਆਂ ਮਤਾਂ ਨੂੰ ਚਾਰ ਵਰਗਾਂ ਵਿਚ ਰਖਿਆ ਜਾ ਸਕਦਾ ਹੈ ।

(ੳ) ਮੂਲ ਸਥਾਨ ਭਾਰਤ ਵਿਚ ਸੀ । (ਅ) ਮੂਲ ਸਥਾਨ ਏਸ਼ੀਆ ਵਿਚ ਸੀ,
(ੲ) ਮੂਲ ਸਥਾਨ ਕਿਤੇ ਯੂਰਪ ਵਿਚ ਸੀ, (ਸ) ਮੂਲ ਸਥਾਨ ਯੂਰਪ ਤੇ ਏਸ਼ੀਆ ਦੇ ਸੰਨ੍ਹ ਵਿਚ ਸੀ ।

(ੳ) ਆਦਿ ਸਥਾਨ ਭਾਰਤ ਵਿਚ ਸੀ, ਇਸ ਮਤ ਦੇ ਸਮਰਥਕ ਆਮ ਕਰ ਕੇ ਭਾਰਤੀ ਵਿਦਵਾਨ ਹੀ ਹਨ । ਮਹਾ ਮਹੋਪਾਧਿਆਇ ਡਾ: ਗੰਗਾਨਾਥ ਝਾ ਨੇ ਇਹ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਮੂਲ ਨਿਵਾਸ-ਸਥਾਨ ਭਾਰਤ ਦਾ "ਬ੍ਰਹਮ ਰਿਸ਼ੀ ਦੇਸ਼"

1. S. K. Chatterji : *Indo-Aryans & Hind*

ਸੀ।[1] ਡੀ. ਐਸ. ਤ੍ਰਿਵੇਦੀਪੰਜਾਬ ਦੇ ਇਲਾਕੇ ਮੁਲਤਾਨ ਵਿਚ "ਦੇਵਿਕਾ" ਨਦੀ ਦੇ ਕੰਢੇ ਮੂਲ ਨਿਵਾਸ ਮੰਨਣ ਦੇ ਹਕ ਵਿਚ ਹੈ। ਐਲ. ਡੀ. ਕੱਲਾ ਕਸ਼ਮੀਰ ਅਤੇ ਹਿਮਾਲਾ ਦੇ ਇਲਾਕੇ ਦੀ ਪੁਸ਼ਟੀ ਕਰਦਾ ਹੈ। "ਰਿਗਵੈਦਿਕ ਇੰਡੀਆ" ਦੇ ਲੇਖਕ ਅਵਿਨਾਸ਼ ਚੰਦ੍ਰ ਦਾਸ ਸਰਸਵਤੀ ਨਦੀ ਦੇ ਕਿਨਾਰੇ ਹਿਮਾਲੇ ਵਿਚ ਆਦਿ ਦੇਸ਼ ਮੰਨਣ ਦੀ ਸਲਾਹ ਦਿੰਦੇ ਹਨ। ਡਾ: ਸੰਪੂਰਣਾਨੰਦ ਅਤੇ ਹੋਰ ਕਈ ਵਿਦਵਾਨ ਇਸ ਮਤ ਦੇ ਸਮਰਥਕ ਹਨ। ਇਸ ਮਤ ਦੀ ਪੁਸ਼ਟੀ ਹਿਤ ਜਿਹੜੀਆਂ ਦਲੀਲਾਂ ਪ੍ਰਸਤੁਤ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਦਾ ਸਾਰੰਸ਼ ਹੇਠਾਂ ਦਿਤਾ ਜਾਂਦਾ ਹੈ :

(1) ਸਾਡੇ ਪਾਸ ਅਜਿਹਾ ਕੋਈ ਪ੍ਰਮਾਣ ਨਹੀਂ ਹੈ ਕਿ ਵੈਦਿਕ ਆਰੀਆ ਲੋਕ ਬਾਹਰੋਂ ਆਏ ਪਰਦੇਸੀ ਸਨ ਅਤੇ ਉਹ ਵਤਨ ਛਡ ਕੇ ਭਾਰਤ ਵਿਚ ਦਾਖਲ ਹੋਏ ਸਨ। ਸਗੋਂ ਇਸ ਦੇ ਉਲਟ ਕਿਜੇਹੀ ਸਾਹਿਤਕ ਸਾਮਗ੍ਰੀ ਅਵਸ਼ ਮਿਲਦੀ ਹੈ ਜਿਹੜੀ ਇਸ ਗੱਲ ਦੀ ਲਖਾਇਕ ਹੈ ਕਿ ਵੈਦਿਕ ਆਰੀਆ "ਸਪਤ ਸਿੰਧੂ" ਨੂੰ ਆਪਣਾ ਆਦਿ-ਘਰ ਸਮਝਦੇ ਸਨ (ਦੇਵ ਕ੍ਰਿਤ ਯੋਨੀ, ਦੇਵ ਨਿਰਮਿਤ ਦੇਸ਼)।

2. ਵੈਦਿਕ ਸਾਹਿਤ (ਰਿਗਵੇਦ, ਸਾਮਵੇਦ, ਯਜੁਰਵੇਦ) ਆਰੀਆਂ ਦਾ ਪ੍ਰਾਚੀਨ-ਤਮ ਪ੍ਰਾਪਤ ਸਾਹਿਤ ਹੈ। ਇਸ ਦਾ ਬਾਹਰਲੇ ਕਿਸੇ ਹੋਰ ਦੇਸ ਦੇ ਪ੍ਰਾਚੀਨ ਸਾਹਿਤ ਵਿਚ ਕੋਈ ਸੰਕੇਤ ਨਹੀਂ। ਜੇਕਰ ਆਰੀਆ ਲੋਕ ਬਾਹਰਲੇ ਮੁਲਕ ਵਿਚੋਂ ਆਏ ਹੁੰਦੇ ਤਾਂ ਉਥੇ ਵੀ ਵੈਦਿਕ ਸਾਹਿਤ ਦਾ ਕੋਈ ਨਾ ਕੋਈ ਪੂਰਬਲਾ ਰੂਪ ਅਵਸ਼ ਹੁੰਦਾ।

(3) ਵੇਦ-ਗ੍ਰੰਥਾਂ ਦੇ ਸੰਪਾਦਨ ਤੋਂ ਪਹਿਲਾਂ ਆਰੀਆ ਲੋਕਾਂ ਵਿਚ ਯੱਗ ਵਿਧਾਨ ਜ਼ੋਰਾਂ ਤੇ ਸੀ। ਇਸ ਲਈ "ਪੰਜਾਬ" ਦੇ ਉੱਤਰ ਵਲ ਮੁੰਜਵੰਤ ਜਾਂ ਮੂਜਵੰਤ ਪਰਬਤ 'ਸੋਮ' ਦਾ ਘਰ ਸੀ ਜਿਥੋਂ ਯਗ-ਪ੍ਰਥਾ ਸ਼ੁਰੂ ਹੋਈ।

(4) ਰਿਗਵੇਦ ਵਿਚ ਸੰਚਿਤ ਭੂਗੋਲਿਕ ਵਰਣਨ ਇਸ ਹਕੀਕਤ ਦੀ ਸਾਖੀ ਭਰਦਾ ਹੈ ਕਿ ਪੰਜਾਬ ਅਤੇ ਇਸ ਦਾ ਆਸੇ-ਪਾਸੇ ਦਾ ਇਲਾਕਾ ਉਨ੍ਹਾਂ ਆਰੀਆ ਦਾ ਮੂਲ ਸਥਾਨ ਸੀ ਜਿਨ੍ਹਾਂ ਨੇ ਰਿਗਵੇਦ ਦੇ ਮੰਤਰ (ਭਜਨ) ਰਚੇ ਸਨ।

ਖੰਡਨ :—ਪਰ ਭਾਰਤੀ ਸਥਾਨ ਵਾਲਾ ਮਤ ਸਵੀਕਾਰ ਨਹੀਂ ਕੀਤਾ ਜਾਂਦਾ। ਇਸਦੇ ਬਰਖਿਲਾਫ਼ ਹੇਠ ਲਿਖੇ ਨੁਕਤੇ ਹਨ। ਭਾਰਤ ਯੂਰਪੀ ਪਰਿਵਾਰ ਦੀਆਂ ਬਹੁਤੀਆਂ ਭਾਸ਼ਾਵਾਂ

1. ਇਹ ਸਾਰੀ ਸੂਚਨਾ ਕੇ. ਐਮ. ਮੁਨਸ਼ੀ ਦੁਆਰਾ ਸੰਪਾਦਿਤ, "The vedic Age" ਵਿਚ ਸੰਗ੍ਰਹਿਤ B. K. Ghosh ਦੇ ਲੇਖ, 'The Arvan Problem" (Appendix, ਸ਼੍ਰੀ ਕਾਂਤ ਸ਼ਾਸਤ੍ਰੀ) ਵਿਚੋਂ ਇਕਤਰ ਕੀਤੀ ਗਈ ਹੈ।

ਯੂਰਪ ਵਿਚ ਹੀ ਸੰਘਣੀਆਂ ਸੰਘਣੀਆਂ ਨੇੜੇ ਨੇੜੇ ਜੁੜੀਆਂ ਹੋਈਆਂ ਮਿਲਦੀਆਂ ਹਨ, ਪਰ ਇਸ ਤੋਂ ਉਲਟ ਯੂਰਪ ਤੋਂ ਬਾਹਰ ਭਾਰੋਪੀਯ ਭਾਸ਼ਾਵਾਂ ਦੀਆਂ ਸ਼ਾਖਾਂ ਖਿੰਡੀਆਂ ਪੁੰਡੀਆਂ ਮਿਲਦੀਆਂ ਹਨ ਜਿਹੜੀਆਂ ਕਿ ਸਾਮੀ ਭਾਸ਼ਾ-ਖੇਤਰਾਂ ਅਤੇ ਯੂਰਾਲ-ਅਲਤਾਇਕ ਭਾਸ਼ਾ-ਖੇਤਰਾਂ ਦੇ ਵਿਚੋਂ ਇਕ ਲੰਮੀ ਲਕੀਰ ਦੀ ਤਰ੍ਹਾਂ ਫੈਲਦੀਆਂ ਹੋਈਆਂ ਰਿਗਵੇਦ ਸਮੇਂ ਦੇ 'ਪੰਜਾਬ' ਵਿਚ ਆ ਕੇ ਖੜੋ ਗਈਆਂ ਸਨ। ਦੂਜੀ ਗੱਲ, ਸਾਰੇ ਭਾਰਤ ਵਿਚ ਆਰੀਆ ਭਾਸ਼ਾ ਤੋਂ ਬਿਨਾ ਹੋਰ ਵੀ ਅਨ-ਆਰੀਆ ਭਾਸ਼ਾ-ਪਰਿਵਾਰ ਤੋਂ ਬਿਨਾਂ ਹੋਰ ਕੋਈ ਭਾਸ਼ਾ ਨ ਹੁੰਦੀ। ਇਸ ਤੋਂ ਬਿਨਾਂ ਮੋਹਨ-ਜੋ-ਦੜੋ ਦਾ ਯੁਗ ਪੂਰਵ-ਰਿਗਵੇਦ ਹੈ, ਇਸ ਲਈ ਭਾਸ਼ਾ-ਵਿਗਿਆਨਕ ਨੁਕਤੇ ਤੋਂ ਇਹ ਸਿਧ ਹੋ ਚੁਕਿਆ ਹੈ ਕਿ ਭਾਰਤ-ਯੂਰਪੀ ਮੂਲ ਭਾਸ਼ਾ ਦੇ ਨੇੜੇ ਸੰਸਕ੍ਰਿਤ ਨਹੀਂ ਸਗੋਂ ਲਿਥੂਆਨੀਅਨ ਹੈ। ਬਾਲ ਗੰਗਾਧਰ ਤਿਲਕ ਜਿਹੇ ਭਾਰਤੀ ਵਿਦਵਾਨ ਵੀ ਮੂਲ ਸਥਾਨ ਭਾਰਤ ਤੋਂ ਬਾਹਰ ਹੀ ਮੰਨਦੇ ਹਨ।

(ਅ) ਏਸ਼ੀਆ ਨੂੰ ਆਦਿ ਸਥਾਨ ਮੰਨਣ ਵਾਲਿਆਂ ਵਿਚੋਂ ਪਹਿਲਾ ਨਾਂ Max Muller ਦਾ ਲਿਆ ਜਾ ਸਕਦਾ ਹੈ। ਮੈਕਸਮੂਲਰ ਦੇ ਅਨੁਸਾਰ ਇਹ ਥਾਂ Pamir Plateau ਜਾਂ ਮੱਧ ਏਸ਼ੀਆ ਸੀ। Edward Meyer, Oldenberg, A. B. Keith ਵੀ ਇਸ ਮਤ ਦੇ ਪਖ ਵਿਚ ਹਨ। ਇਟਲੀ ਦੇ ਮਾਨਵ-ਵਿਗਿਆਨੀ Sergi (ਸੇਰਜੀ) ਨੇ ਏਸ਼ੀਆ ਮਾਈਨਰ ਦਾ ਅਨੁਮਾਨ ਕੀਤਾ ਹੈ। ਹਿਟਾਈਟ ਭਾਸ਼ਾ ਦੇ ਰਿਕਾਰਡਾਂ ਤੋਂ ਵੀ ਇਸ ਦੀ ਪੁਸ਼ਟੀ ਸੰਭਵ ਹੈ। ਨੇਹਰਿੰਗ (Nehring) ਨੇ ਪੁਰਾਣੇ ਬਰੇ ਖੁਰੇ ਮਿਟੀ ਦੇ ਭਾਂਡਿਆਂ (pottery) ਦਾ ਅਧਿਐਨ ਕਰਕੇ "ਦਖਣੀ ਰੂਸ" ਦਾ ਸਿਧਾਂਤ ਪੇਸ਼ ਕੀਤਾ ਹੈ। ਰੂਸੀ (ਸਲੈਵੋਨਿਕ) ਭਾਸ਼ਾ ਦੇ ਵਿਦਵਾਨ ਪ੍ਰੋ. ਸ਼ਰੇਡਰ (Schrader) ਨੇ linguistic Palaentology ਤੋਂ ਪ੍ਰਾਪਤ ਸਬੂਤਾਂ ਦੇ ਚਾਨਣੇ ਵਿਚ ਦੱਖਣੀ ਰੂਸ ਵਿਚ ਵੋਲਗਾ ਨਦੀ ਦੇ ਕਿਨਾਰੇ ਮੂਲ ਸਥਾਨ ਹੋਣ ਦਾ ਮਤ ਪ੍ਰਸਤੁਤ ਕੀਤਾ ਹੈ।

(ੲ) Penka ਅਤੇ ਇਸ ਦੇ ਸੰਪ੍ਰਦਾਈਆਂ ਨੇ ਜਰਮਨੀ ਦੇਸ਼ ਨੂੰ ਭਾਰੋਪੀਯ ਭਾਸ਼ਾ ਦੀ 'ਜਨਮ ਭੂਮੀ' ਸਵੀਕਾਰ ਕੀਤਾ ਹੈ। ਬਹੁਤ ਸਾਰੇ ਯੂਰਪੀ ਵਿਦਵਾਨ ਇਸ ਖਿਆਲ ਨਾਲ ਸਹਿਮਤ ਹਨ। ਇਸ ਸਿਧਾਂਤ ਦਾ ਆਧਾਰ ਕੌਮੀਅਤ (racial reasons) ਹੈ। ਇਹ ਦਲੀਲ ਦਿਤੀ ਜਾਂਦੀ ਹੈ ਕਿ ਜਰਮਨੀ ਦੇਸ਼ਾਂ ਖਾਸ ਕਰਕੇ ਸਕੈਂਡੀਨੇਵੀਆ ਦੇ ਅੰਦਰੂਨੀ ਇਲਾਕਿਆਂ ਵਿਚ ਜਰਮੈਨਿਕ ਕੌਮ ਤੋਂ ਬਿਨਾਂ ਕੋਈ ਹੋਰ ਗ਼ੈਰ-ਕੌਮ ਕਦੇ ਵੀ ਕਾਬਜ਼ ਨਹੀਂ ਹੋਈ। ਇਸ ਲਈ ਸੁਦੇਸ਼ੀ ਜਰਮਨ ਕੌਮ ਸਦਾ ਤੋਂ ਹੀ ਭਾਰੋਪੀਯ ਭਾਸ਼ਾ ਬੋਲਦੀ ਚਲੀ ਆ ਰਹੀ ਹੈ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਜਰਮਨ ਭੂਮੀ ਹੀ ਭਾਰੋਪੀਯ ਮੂਲ ਭਾਸ਼ਾ ਦਾ ਉਦਭਵ-ਸਥਾਨ

ਸੀ। Penka ਨੇ ਜਰਮਨੀ ਵਿਚ ਪ੍ਰਚਲਿਤ 'Aryan' ਸ਼ਬਦ ਉਤੇ ਬੜਾ ਬਲ ਦਿਤਾ ਹੈ ਅਤੇ ਪ੍ਰਮਾਣਿਤ ਕਰਨ ਲਈ ਪੂਰੀ ਵਾਹ ਲਾਈ ਹੈ ਕਿ ਜਰਮੈਨਿਕ ਪ੍ਰਦੇਸ Scandinavia ਹੀ ਭਾਰਤ–ਯੂਰਪੀ ਪਰਿਵਾਰ ਦਾ ਮੂਲ ਸਥਾਨ ਹੈ।

(ਸ) Brandenstein (1936 ਈ.) ਨੇ Semasiology (ਅਰਥ-ਵਿਗਿਆਨ) ਦੀ ਪ੍ਰਕ੍ਰਿਆ ਦਾ ਸਹਾਰਾ ਲੈ ਕੇ ਇਕ ਨਵੀਂ ਥਿਊਰੀ ਪੇਸ਼ ਕੀਤੀ ਹੈ। ਉਸ ਦੀ ਧਾਰਨਾ ਹੈ ਕਿ ਭਾਰੋਪੀਯ ਭਾਸ਼ਾ ਦੇ ਭਿੰਨ ਭਿੰਨ ਪੜਾਵਾਂ ਤੇ ਪੱਧਰਾਂ ਤੇ ਪ੍ਰਾਪਤ ਹੋਈ ਸ਼ਬਦਾਵਲੀ ਦੇ ਅਧਿਐਨ ਤੋਂ ਅਤੇ ਇਨ੍ਹਾਂ ਸ਼ਬਦਾਂ ਦੇ ਪਰਿਵਰਤਿਤ ਅਰਥ-ਤੱਤਾਂ ਤੋਂ ਅਸੀਂ ਭਾਰੋਪੀਯ ਲੋਕਾਂ ਦੀ ਪੂਰਬ–ਇਤਿਹਾਸਕ ਜਨਮ ਭੂਮੀ ਬਾਰੇ ਅਤੇ ਉਨ੍ਹਾਂ ਦੀਆਂ ਸਭਿਆਚਾਰਕ ਸਰਗਰਮੀਆਂ ਬਾਰੇ ਸਹਿਜੇ ਹੀ ਕੋਈ ਨਿਰੋੜ ਕਢ ਸਕਦੇ ਹਾਂ। ਬ੍ਰਾਂਦੇਸ਼ਤਾਇਨ ਦੇ ਅਨੁਸਾਰ ਹਿੰਦ-ਈਰਾਨੀ ਸ਼ਾਖਾ ਵਿਚ ਅਰਥ-ਵਿਗਿਆਨਿਕ ਵਿਕਾਸ ਦਾ ਪੁਰਾਤਨ ਪੜਾ ਦ੍ਰਿਸ਼ਟੀਗੋਚਰ ਹੁੰਦਾ ਹੈ ਇਸ ਤੋਂ ਇਹ ਨਤੀਜਾ ਕਢਿਆ ਹੈ ਕਿ ਸਭ ਤੋਂ ਪਹਿਲਾਂ ਹਿੰਦ-ਈਰਾਨੀ ਭਾਸ਼ਾ ਵਾਲੇ ਹੀ ਆਪਣੀ ਮੂਲ ਭਾਸ਼ਾ ਤੋਂ ਵਖਰੇ ਹੋਏ ਸਨ ਅਤੇ ਬਾਕੀ ਸ਼ਾਖਾਵਾਂ, ਉਨ੍ਹਾਂ ਦੀ ਰਵਾਨਗੀ ਤੋਂ ਉਪਰੰਤ, ਕਾਫੀ ਸਮੇਂ ਇਕਠੀਆਂ ਵਸਦੀਆਂ ਰਹੀਆਂ ਸਨ। ਪ੍ਰਾਚੀਨ ਭਾਰਤ-ਯੂਰਪੀ ਸ਼ਬਦਾਵਲੀ ਤੋਂ ਇਸ ਗਲ ਦਾ ਸੰਕੇਤ ਮਿਲਦਾ ਹੈ ਕਿ ਆਦਿ–ਭਾਰੋਪੀਯ ਲੋਕ ਕਿਸੇ ਪਰਬਤ-ਮਾਲਾ ਦੇ ਪੈਰੀਂ ਵਸਦੇ ਮੈਦਾਨੀ ਇਲਾਕੇ ਵਿਚ ਰਹਿੰਦੇ ਸਨ ਅਤੇ ਉਹ ਇਲਾਕਾ ਯੂਰਾਲ ਪਰਬਤ ਦੇ ਦਖਣ ਵਲ ਕਿਰਗੀਜ਼ ਮੈਦਾਨ (Kirghiz Steppe) ਹੀ ਹੋ ਸਕਦਾ ਹੈ।[1]

ਸਾਰੰਸ਼ :

ਉਪਰੋਕਤ ਸਾਰਿਆਂ ਮਤਾਂ ਦਾ ਜੇਕਰ ਵਿਵੇਚਨ ਕਰੀਏ ਤਾਂ ਇਉਂ ਲਗਦਾ ਹੈ ਕਿ ਵਿਦਵਾਨ ਆਪੋ ਆਪਣੀ ਮਾਤ-ਭੂਮੀ ਦੇ ਮੋਹ ਵਿਚ ਸਿਧਾਂਤ ਪੇਸ਼ ਕਰਦੇ ਹਨ। ਇਸ ਮੋਹ ਤੋਂ ਉਤਾਂਹ ਉਠਕੇ ਕੋਈ ਸਿਧਾਂਤ ਵਿਗਿਆਨਿਕ ਲੀਹਾਂ ਤੇ ਨਹੀਂ ਉਸਰ ਸਕਿਆ। ਅਜੇਹੀ ਸਥਿਤੀ ਵਿਚ ਬ੍ਰਾਂਦੇਸ਼ਤਾਈਨ ਦਾ ਮਤ ਹੀ ਕਾਫੀ ਹਦ ਤਕ ਸਵੀਕਾਰ ਕੀਤਾ ਜਾ ਸਕਦਾ ਹੈ ਕਿ ਮੂਲ ਭਾਰੋਪੀਯਾਂ ਦਾ "ਜੱਦੀ ਘਰ" ਯੂਰਾਲ ਦੇ ਦਖਣੀ ਪਾਸੇ ਵਲ ਕਿਰਗੀਜ਼ ਦਾ ਮੈਦਾਨ ਹੈ।

---

1. *"The Vedic Age"* edited by K. M. Munshi, p. 215


ਮੂਲ ਭਾਰਤ-ਯੂਰਪੀ ਭਾਸ਼ਾ ਦਾ ਵਿਕਾਸ :

ਭਾਰਤ-ਯੂਰਪੀ ਭਾਸ਼ਾ-ਪਰਿਵਾਰ ਦੇ ਵਿਕਾਸ ਦੇ ਵਰਣਨ ਕਰਨ ਤੋਂ ਪਹਿਲਾਂ 'ਹਿੱਤੀ' ਜਾਂ 'ਹਿੱਟਾਈਟ' (Hittite) ਕਲਾਸੀਕਲ ਭਾਸ਼ਾ ਬਾਰੇ ਚਰਚਾ ਕਰਨਾ ਜ਼ਰੂਰੀ ਹੈ। ਹਿੱਟਾਈਟ ਭਾਸ਼ਾ ਬਾਰੇ ਪਿਛਲੀ ਸਦੀ ਦੇ ਚੌਥੇ ਚਰਨ ਵਿਚ ਹੀ ਪਹਿਲੀ ਵਾਰ ਕੁਝ ਵਾਕਫ਼ੀਅਤ ਹੋਈ ਹੈ। 1893 ਈ. ਵਿਚ ਏਸ਼ੀਆ ਮਾਈਨਰ ਦੇ ਬੋਗਜ਼ਕੁਈ (Bogazkoi) ਮੁਕਾਮ ਦੀ ਖੁਦਾਈ (excavation) ਸਮੇਂ ਹਿਊਗੋ ਵਿੰਕਲਰ (Hugo Winkler) ਨੂੰ ਕੁਝ ਕਿੱਲਾਖਰੀ ਲੇਖ (cuneiform documents) ਮਿਲੇ ਸਨ ਜਿਨ੍ਹਾਂ ਵਿਚ ਇੰਦ੍ਰ, ਮਿਤ੍ਰ, ਵਰੁਣ, ਅਸ਼ਵਿਨ ਆਦਿ ਵੈਦਿਕ, ਦੇਵਤਿਆਂ ਨਾਲ ਮਿਲਦੇ ਜੁਲਦੇ ਨਾਵਾਂ ਦਾ ਸਪਸ਼ਟ ਉਲੇਖ ਹੋਇਆ ਹੈ। ਇਨ੍ਹਾਂ ਦੀ decipherment ਕਰ ਕੇ ਵਿਦਵਾਨਾਂ ਨੇ ਇਹ ਸਿੱਧ ਕਰ ਦਿਤਾ ਕਿ ਇਨ੍ਹਾਂ ਲੇਖਾਂ ਦੀ ਭਾਸ਼ਾ 'ਹਿੱਟਾਈਟ' ਹੀ ਹੈ। ਇਹ ਮੁਕਾਮ 1700 ਪੂ. ਈ. ਤੋਂ ਲੈ ਕੇ 1200 ਪੂ. ਈ. ਤਕ ਹਿੱਤੀ ਬਾਦਸ਼ਾਹਤ ਦੀ ਰਾਜਧਾਨੀ ਰਿਹਾ ਹੈ। ਹਿੱਟਾਈਟ ਦਾ ਵਿਕਾਸ-ਕਾਲ ਕੋਈ 2000 ਪੂ. ਈ. ਤੋਂ ਲੈ ਕੇ 1200 ਪੂ. ਈ. ਮੰਨਿਆ ਜਾ ਸਕਦਾ ਹੈ। ਇਸ ਭਾਸ਼ਾ ਉਤੇ ਸਾਮੀ ਭਾਸ਼ਾ-ਪਰਿਵਾਰ ਦਾ ਢੇਰ ਅਸਰ ਵੇਖਿਆ ਗਿਆ ਹੈ।

1917 ਈ. ਵਿਚ B. Hrozny ਨੇ ਵਿਸ਼ਾਲ ਅਧਿਐਨ ਕਰ ਕੇ ਆਪਣੀ ਜਰਮਨ ਪੁਸਤਕ 'Die sprache der Hethiter' ਵਿਚ ਹਿੱਟਾਈਟ ਨੂੰ ਭਾਰਤ-ਯੂਰਪੀ ਪਰਿਵਾਰ ਦੀ ਭਾਸ਼ਾ ਸਾਬਤ ਕਰ ਦਿਤਾ ਹੈ। ਪਹਿਲਾਂ ਪਹਿਲ ਸੰਸਕ੍ਰਿਤ, ਗ੍ਰੀਕ, ਲੇਟਿਨ ਦੀ ਤਰ੍ਹਾਂ ਹਿੱਟਾਈਟ ਨੂੰ ਵੀ ਭਾਰਤ-ਯੂਰਪੀ ਪਰਿਵਾਰ ਦੀ ਧੀ ਮੰਨਿਆ ਜਾਂਦਾ ਸੀ ਅਤੇ 'ਕੇਂਤੁਮ' ਸ਼ਾਖਾ ਨਾਲ ਜੋੜਿਆ ਜਾਂਦਾ ਸੀ ਪਰੰਤੂ ਹੁਣ ਸਟੁਰਟਵੇਂਟ ਦਾ ਇਹ ਸਿਧਾਂਤ ਪ੍ਰਵਾਨ ਚੜ੍ਹ ਗਿਆ ਹੈ ਕਿ ਹਿੱਟਾਈਟ 'ਭਾਰੋਪੀਜ਼' ਦੀ ਧੀ ਨਾ ਹੋ ਕੇ ਉਸ ਦੀ ਭੈਣ ਹੈ।[1] ਇਸ ਲਈ ਭਾਰਤ-ਯੂਰਪੀ ਦਾ ਵਿਕਾਸ-ਨਕਸ਼ਾ ਹੀ ਬਦਲ ਗਿਆ ਹੈ ਅਤੇ ਭਾਰਤ-ਯੂਰਪੀ ਦੀ ਤਵਾਰੀਖੀ ਜੱਦੀ ਸ਼ੁਰੂਆਤ ਹੋਰ ਵੀ ਪਿਛਾਂਹ ਧਰੂਹੀ ਗਈ ਹੈ। S. K. Chatterji ਨੇ *'Indo-Aryan And Hindi'* (p. 249) ਵਿਚ Indo-Hittite ਦਾ ਵਿਕਾਸ-ਨਕਸ਼ਾ ਇਸ ਤਰ੍ਹਾਂ ਉਲੀਕਿਆ ਹੈ :

---

1. ਭੋਲਾਨਾਥ ਤਿਵਾਰੀ : 'ਹਿੰਦੀ ਭਾਸ਼ਾ', ਪੰਨਾ 10



ਹਿੱਟਾਈਟ ਦੀ ਖੋਜ-ਪ੍ਰਾਪਤੀ ਦੇ ਬਾਵਜੂਦ ਇਸ ਪਰਿਵਾਰ ਦਾ ਨਾਮ ਅਤੇ ਵਿਕਾਸ 'ਭਾਰਤ-ਯੂਰਪੀ' ਸਿਰਲੇਖ ਅਧੀਨ ਹੀ ਵਿਚਾਰਿਆ ਜਾਂਦਾ ਹੈ।

ਭਾਰਤ-ਯੂਰਪੀ ਮੂਲ ਭਾਸ਼ਾ ਦਾ ਭਾਸ਼ਾਈ ਸਰੂਪ :

ਇਸ ਪਰਿਵਾਰ ਦੀ ਮੂਲ ਭਾਸ਼ਾ (Proto-Indo-European) ਦੀ ਭਾਸ਼ਾਈ ਜਾਣਕਾਰੀ ਇਸ ਪਰਿਵਾਰ ਦੀਆਂ ਹੋਰ ਜੀਵਿਤ ਭਾਸ਼ਾਵਾਂ ਦੇ ਤੁਲਨਾਤਮਕ ਅਧਿਐਨ ਤੋਂ ਸੰਗ੍ਰਹਿ ਕੀਤੀ ਗਈ ਹੈ। ਉਸ ਮੂਲ ਭਾਸ਼ਾ ਦਾ ਕੋਈ ਲਿਖਤੀ ਜਾਂ ਤਸਦੀਕ-ਸ਼ੁਦਾ ਸਬੂਤ ਪ੍ਰਾਪਤ ਨਹੀਂ ਹੈ, ਪਰ ਦੂਜੀਆਂ ਕਲਾਸੀਕਲ ਭਾਸ਼ਾਵਾਂ ਦੀ ਸਹਾਇਤਾ ਨਾਲ ਇਸ ਮੂਲ 'ਭਾਰੋਪੀਯ' ਦੀ ਕਲਪਨਾ ਕਰ ਕੇ ਇਸ ਦਾ ਪੁਨਰ-ਨਿਰਮਾਣ (re-construction) ਕੀਤਾ ਗਿਆ ਹੈ। ਪਰ ਇਹ ਕਲਪਨਾ ਅਤੇ ਅਨੁਮਾਨ ਵੀ ਵਿਗਿਆਨਕ ਕਸਵੱਟੀਆਂ ਨਾਲ ਪੁਸ਼ਟ ਹੈ ਜਿਹੜਾ ਕਾਫ਼ੀ ਹਦ ਤਕ ਸਹੀ ਤੇ ਯਥਾਰਥ ਹੋਵੇਗਾ। ਇਸ ਪੁਨਰ-ਨਿਰਮਿਤ ਮੂਲ ਭਾਰਤ-ਯੂਰਪੀ ਭਾਸ਼ਾ ਦੀ ਜਾਣਕਾਰੀ ਅਤੇ ਉਸ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਏਥੇ ਦਿੱਤੀਆਂ ਜਾ ਰਹੀਆਂ ਹਨ।

ਧੁਨੀ-ਸਮੂਹ :

ਸ੍ਵਰ

ਹ੍ਰਸਵ (short) : ਅ, ਇ, ਉ, ਰਿ, ਲ੍ਰਿ, ਏੱ, ਓੱ,

ਦੀਰਘ (long) : ਆ, ਈ, ਊ, ਰੀ, ਲ੍ਰੀ, ਏ, ਓ,

[1]ਅਤਿ ਹ੍ਰਸਵ (shwa) : /ə/

---

1. Shwa ਹੀਬਰੂ ਭਾਸ਼ਾ ਦਾ ਲਫ਼ਜ਼ ਹੈ। ਇਹ neutral vowel ਦਾ ਨਾਮ ਹੈ ਜਿਸ ਨੂੰ I. P. A ਵਿਚ ਅੰਗਰੇਜ਼ੀ ਅੱਖਰ e ਉਲਟਾਕੇ ਚਿੰਨ੍ਹਤ ਕੀਤਾ ਜਾਂਦਾ ਹੈ। *Dictionary of Linguistics*

ਅਰਧ-ਸੁਰ (ਅੰਤਸਥ) : ਯ੍ , ਵ੍ , ਲ੍

ਰ੍ , ਨ੍ , (ਨ.), , ਮ੍ (ਮ.)

ਵਿਅੰਜਨ

ਕੰਠੀ :	ਕੰਠ-ਤਾਲਵੀ (palatal) : ਕ੍ , ਖ , ਗ੍ ; ਘ ,
	ਕੰਠ-ਜਿਹਬਾ ਮੂਲੀ (uvular) : ਕ਼ , ਖ਼ , ਗ਼ , ਘ਼ ,
	ਕੰਠ-ਹੋਠੀ (labio-velar) : ਕ੍ਵ , ਖ੍ਵ , ਗ੍ਵ , ਘ੍ਵ ,
ਦੰਤੀ :	ਤ, ਥ, ਦ, ਧ, ਨ
ਹੋਠੀ :	ਪ, ਫ, ਬ, ਭ, ਮ,
ਕੰਪਿਤ :	ਰ
ਪਾਸੇਦਾਰ :	ਲ
ਊਸ਼ਮ :	ਸ , ਜ਼
(spirants) ਸੰਘਰਸ਼ੀ :	ਧ਼ , ਹ , ਥ਼ , ਦ਼ ; ਖ਼, ਗ਼ , ਝ਼

ਸੁਰਦਬਾ (accent)

ਗ੍ਰੀਕ ਭਾਸ਼ਾ ਦੇ grave, acute ਅਤੇ circumflex ਅਤੇ ਸੰਸਕ੍ਰਿਤ ਦੇ ਉਦਾੱਤ, ਅਨੁਦਾੱਤ ਅਤੇ ਸ੍ਵਰਿਤ ਆਧਾਰ ਉਤੇ ਇਹ ਕਿਆਸ ਸਹੀ ਲਗਦਾ ਹੈ ਕਿ ਮੂਲ ਭਾਰੋਪੀਯ ਵਿਚ ਸੁਰਦਬਾ ਦਾ ਪ੍ਰਚਾਰ ਸੀ। ਮੂਲ ਭਾਸ਼ਾ ਵਿਚ ਸੁਰਦਬਾ ਮੁਢਲੀ ਹਾਲਤ ਵਿਚ ਬਲਾਤਮਕ (stress accent) ਸੀ ਪਰ ਬਾਅਦ ਵਿਚ ਇਹ ਸੰਗੀਤਾਤਮਕ (musical accent) ਹੋ ਗਿਆ। ਇਸ ਸੁਰਦਬਾਂ ਦੇ ਕਾਰਣ ਸ਼ਬਦਾਂ ਦੇ ਅਰਥ ਬਦਲ ਜਾਂਦੇ ਸਨ ਇਸ ਲਈ ਇਸ ਦਾ ਬਹੁਤ ਖਿਆਲ ਕੀਤਾ ਜਾਂਦਾ ਸੀ।

ਅਪਸ਼ਰੁਤੀ (Ablaut) [1]

ਭਾਰਤ ਯੂਰਪੀ ਪਰਿਵਾਰ ਦੀਆਂ ਕਲਾਸੀਕਲ ਭਾਸ਼ਾਵਾਂ (Skt. Gk. Latin)

---

1. By this (Ablaut), a root occured in a number of vowel gradation in the various derivative words, and inflected declinational and conjugational forms, and the affix elements also showed these gradations—e. g.

ਭਰੇਤਿ, ਭੇਭੋਰ, ਭਰੋਸ, ਭੋਰੋਸ, ਭ੍ਰਿਤੋਸ, ਭੇਭ੍ਰੂਈ.

S. K. Chatterjee : *Indo Aryans and Hindi*, p. 20

ਦੇ ਅਧਿਐਨ ਤੋਂ ਜ਼ਾਹਰ ਹੁੰਦਾ ਹੈ ਕਿ ਮੂਲ ਭਾਰੋਪੀਜ ਭਾਸ਼ਾ ਵਿਚ ablaut ਅਰਥਾਤ ਸੁਰ-ਪਰਿਵਰਤਨ ਦਾ ਰਿਵਾਜ ਸੀ। ਧਾਤੂ ਜਾਂ ਸ਼ਬਦ ਤੋਂ ਅਗਾਂਹ ਬਣਨ ਵਾਲੇ ਰੂਪਾਂ ਵਿਚ ਸੁਰ-ਧੁਨੀਆਂ ਦਾ ਜਿਹੜਾ ਪਰਿਵਰਤਨ ਹੁੰਦਾ ਹੈ ਉਹੋ ਹੀ ਅਪਸ਼ਰੁਤੀ ਹੈ ਜਿਵੇਂ sing-sang-sung-song ਇਹ ਦੋ ਤਰ੍ਹਾਂ ਦਾ ਹੈ ਮਾਤਰਿਕ (quantitative) ਅਤੇ ਗੁਣਾਤਮਕ (qualitative)। ਪਹਿਲੇ ਕਿਸਮ ਦਾ ਸੁਰ-ਪਰਿਵਰਤਨ ਕਾਫੀ ਘਟ ਹੈ। ਸੰਸਕ੍ਰਿਤ ਵਿਚ ਦੂਜੇ ਕਿਸਮ ਦੇ ਪਰਿਵਰਤਨ ਦੇ ਨਿਯਮ ਸਨ ਜਿਨ੍ਹਾਂ ਨੂੰ ਪਾਣਿਨੀ-ਵਿਆਕਰਣ ਵਿਚ 'ਗੁਣ' ਵ੍ਰਿਧੀ' ਅਤੇ 'ਸੰਪ੍ਰਸਾਰਣ' ਤਕਨੀਕੀ ਨਾਂ ਦਿਤੇ ਜਾਂਦੇ ਹਨ।

ਸੰਜੁਗਤ ਸੁਰ :

ਸੰਜੁਗਤ ਸੁਰਾਂ ਦੀ ਗਿਣਤੀ ਲਗ ਭਗ 36 ਸੀ। ਇਹ ਉਪਰੋਕਤ ਹ੍ਰਸਵ ਅਤੇ ਦੀਰਘ ਸੁਰਾਂ ਦੇ ਵਾਰੋ ਵਾਰੀ ਬਣਾਏ ਜੋੜਿਆਂ ਨਾਲ ਬਣ ਜਾਂਦੇ ਸਨ :

ਆਇ, ਅਰਿ, ਅਲਿ , ਓਉ, ਆਦਿ

ਵਿਆਕਰਣ :

ਮੂਲ ਭਾਰਤ-ਯੂਰਪੀ ਭਾਸ਼ਾ ਦੀ ਵਿਆਕਰਣਕ ਸੰਰਚਨਾ ਅਤਿਅੰਤ ਗੁੰਝਲਦਾਰ ਸੀ। ਰੂਪ ਬਹੁਤ ਜ਼ਿਆਦਾ ਸਨ। ਇਕ ਇਕ ਸ਼ਬਦ ਜਾਂ ਕ੍ਰਿਆ ਦੇ ਅਨੇਕਾਂ ਰੂਪ (ਗਰਦਾਨਾਂ) ਬਣਦੇ ਤੇ ਵਰਤੇ ਜਾਂਦੇ ਸਨ।

ਕਾਰਕ : ਕਾਰਕ (case) ਅੱਠ ਸਨ :

ਕਰਤਾ :	nominative
ਕਰਮ :	accusative
ਕਰਣ :	instrumental
ਸੰਪ੍ਰਦਾਨ :	dative
ਅਪਾਦਾਨ :	ablative
ਅਧਿਕਰਣ :	locative
ਸੰਬੋਧਨ :	vocative

ਵਚਨ : ਵਚਨ (number) ਤਿੰਨ ਸਨ :

ਇਕ ਵਚਨ : singular

ਦੁਵਚਨ : dual

ਬਹੁਵਚਨ : plural

ਲਿੰਗ : ਲਿੰਗ (gender) ਤਿੰਨ ਸਨ :–

ਪੁਲਿੰਗ : masculine

ਇਸਤ੍ਰੀ ਲਿੰਗ : feminine

ਨਪੁੰਸਕ ਲਿੰਗ : neuter

ਸੰਖਿਆ : ਦਸ ਉਂਗਲੀਆਂ ਦੀ ਸਹਾਇਤਾ ਨਾਲ ਗਿਣਤੀ ਕਰਨ ਕਰ ਕੇ ਦਸ਼ਮ ਲਵ (decimal) ਪ੍ਰਣਾਲੀ ਪ੍ਰਚਲਤ ਸੀ।

ਕ੍ਰਿਆ : ਕ੍ਰਿਆ ਵਿਚ ਤਿੰਨ ਵਚਨ, ਤਿੰਨ ਪੁਰਸ਼, ਦੋ ਪਦ (ਆਤਮਨੇ ਪਦ ਅਤੇ ਪਰਸਮੈ ਪਦ) ਸਨ tense (ਕਾਲ) ਤੇ mood ਦੀ ਜਾਣਕਾਰੀ ਨਹੀਂ ਸੀ। ਵਾਚ (voice) ਇਕੋ 'ਕਰਤਰੀ ਵਾਚ' ਹੀ ਸੀ 'ਕਰਮਣੀ ਵਾਚ' ਮਗਰੋਂ ਜਾ ਕੇ ਜਾਰੀ ਹੋਇਆ। ਖ਼ਾਲਸ ਕਾਲ ਦੇ ਪਖ ਤੋਂ ਭਾਰਤ ਯੂਰਪੀ ਮੂਲ ਭਾਸ਼ਾ ਵਿਚ ਵਰਤਮਾਨ ਕਾਲ ਤੇ ਭੂਤ ਕਾਲ ਦੋ ਹੀ ਕਾਲ ਸਨ।

ਕ੍ਰਿਆਪਦ : ਕ੍ਰਿਆ ਦੀਆਂ ਖ਼ਾਸ ਖ਼ਾਸ ਹਾਲਤਾਂ ਨੂੰ ਪ੍ਰਗਟਾਉਣ ਲਈ ਅੱਡ ਅੱਡ ਸੁਤੰਤਰ ਸ਼ਬਦਾਂ ਦੀ ਵਰਤੋਂ ਹੁੰਦੀ ਸੀ। ਉਹ ਸ਼ਬਦ ਸੰਸਕ੍ਰਿਤ ਦੇ ਸਮੇਂ 'ਉਪਸਰਗ' (prefix) ਬਣ ਗਏ ਹਨ। ਸੰਸਕ੍ਰਿਤ ਵਿਚਲੇ 21 ਉਪਸਰਗ ਇਨ੍ਹਾਂ ਦਾ ਹੀ ਵਿਕਾਸ ਹੈ।

ਪ੍ਰਤਿਐ : ਭਾਰਤ ਯੂਰਪੀ ਮੂਲ ਭਾਸ਼ਾ ਵਿਚ ਪ੍ਰਤਿਆ (suffixes) ਦੀ ਬਹੁਤਾਤ ਸੀ। ਕਈ ਤਰ੍ਹਾਂ ਦੇ gerunds ਅਤੇ infinitive ਸਨ ਜਿਹੜੇ ਅਗੋਂ ਆਕੇ ਅਲੋਪ ਹੋ ਗਏ।

ਸਮਾਸ : ਮੂਲ ਭਾਰੋਪੀ ਵਿਚ ਸਮਾਸ (compound) ਬਣਾਉਣ ਦੀ ਬੜੀ ਸਮਰਥਾ ਸੀ। ਕੁਝ ਸਮਾਸ ਗ੍ਰੀਕ, ਸੰਸਕ੍ਰਿਤ ਵਿਚ ਸੁਰਖਿਅਤ ਹਨ।

ਸ਼ਬਦਾਵਲੀ :

ਜਿਵੇਂ ਕਿ ਕੁਦਰਤੀ ਹੈ ਕਿ ਭਾਰਤ ਯੂਰਪੀ ਮੂਲ ਭਾਸ਼ਾ ਦੀ ਸ਼ਬਦਾਵਲੀ ਬਹੁਤੀ ਅਮੀਰ ਨਹੀਂ ਸੀ। ਇਸ ਨੇ ਆਪਣੀਆਂ ਨਿਕਟਵਰਤੀ ਗੁਆਂਢੀ ਭਾਸ਼ਾਵਾਂ ਤੋਂ ਪ੍ਰਭਾਵਿਤ ਹੋਕੇ ਕਈ ਕਈ ਸ਼ਬਦ ਉਧਾਰੇ ਲਏ ਹੋਣਗੇ। ਗੁਆਂਢੀ ਬੋਲੀਆਂ ਵਿਚ Ural, Altaic

Mesopotamia speech, Sumerian, Semitic, Akkadian,

ਪ੍ਰਸਾਨ ਸਨ ਜਿਨ੍ਹਾਂ ਤੋਂ ਕਾਫੀ ਸ਼ਬਦ ਗ੍ਰਹਿਣ ਕੀਤੇ :

Sumerian	:	gu (d)	=	ਬਲਦ, ਗਊ
Akkadian	:	pilaqqu	=	ਕੁਹਾੜਾ
Sumerian	:	urudu	=	ਲੋਹਾ

ਇਨ੍ਹਾਂ ਸ਼ਬਦਾਂ ਦੇ ਸੰਸਕ੍ਰਿਤ ਰੂਪ ਤਰਤੀਬ ਨਾਲ ਗੋ, ਪਰਸ਼ੁ, ਰੁਧਿਰ (ਰੋਧ) ਹਨ ।[1]

---

1. ਮੂਲ ਭਾਰਤ-ਯੂਰਪੀ ਭਾਸ਼ਾ ਦੀ ਰੂਪ ਰੇਖਾ ਦਾ ਆਧਾਰ ਇਹ ਪੁਸਤਕਾਂ ਹਨ : *Indo-Aryan And Hindi* (S. K. Chatterjee) ਹਿੰਦੀ ਭਾਸ਼ਾ (ਭੋਲਾ ਨਾਥ ਤਿਵਾਰੀ), ਹਿੰਦੀ ਭਾਸ਼ਾ ਕਾ ਉਦਗਮ ਔਰ ਵਿਕਾਸ (ਡਾ: ਉਦਯ ਨਾਰਾਯਣ ਤਿਵਾਰੀ) — ਲੇਖਕ

6

ਭਾਰਤ ਯੂਰਪੀ ਪਰਿਵਾਰ ਦੀ ਵੰਡ

(The division of Indo-European)

ਭਾਰਤ-ਯੂਰਪੀ ਪਰਿਵਾਰ ਦੋ ਪ੍ਰਧਾਨ ਵਰਗਾਂ ਵਿਚ ਵੰਡਿਆ ਜਾਂਦਾ ਹੈ। ਇਹ ਦੋ ਵਰਗ ਹਨ:--ਕੇਂਟੁਮ (centum) ਅਤੇ ਸ਼ਤਮ (satam)। ਹੁਣ ਤਕ ਇਹ ਵੰਡ ਬੜੀ ਤਸੱਲੀਬਖ਼ਸ਼ ਸਮਝੀ ਜਾਂਦੀ ਹੈ। ਇਕ ਤਾਂ ਇਹ ਵੰਡ-ਰੇਖਾ (demarcation) ਬੜੀ ਸਪਸ਼ਟ ਤੇ ਸਾਫ਼ ਹੈ, ਅਤੇ ਦੂਜੀ ਗੱਲ ਇਨ੍ਹਾਂ ਵਿਚ ਕੋਈ ਉਛਾਲਾ ਨਹੀਂ ਅਤੇ ਨਾ ਹੀ ਕੋਈ ਹੱਦ-ਟੱਪਣ ਦੀ ਗੱਲ ਹੈ। 1870 ਵਿਚ ਜਰਮਨ ਵਿਦਵਾਨ ਅਸਕੋਲੀ (Ascoli) ਨੇ ਸਭ ਤੋਂ ਪਹਿਲਾਂ ਇਹ ਵੰਡ-ਰੇਖਾ ਉਲੀਕੀ ਸੀ[1]। ਉਸ ਨੇ ਪੇਸ਼ ਕੀਤਾ ਸੀ ਕਿ ਮੂਲ ਭਾਰੋਪੀਯ ਭਾਸ਼ਾ ਵਿਚ ਕੰਠ-ਤਾਲਵੀ (palatal sounds) ਧੁਨੀਆਂ ਦਾ ਗੁਟ ਸੀ। ਇਨ੍ਹਾਂ ਵਿਚੋਂ /ਕ/ (k) ਧੁਨੀ ਦੋ ਸ਼ਕਲਾਂ ਵਿਚ ਵਿਕਸਿਤ ਹੋਈ। ਕਈ ਭਾਰੋਪੀਯ ਭਾਸ਼ਾਵਾਂ ਵਿਚ ਇਹ ਕ-ਧੁਨੀ velar ਬਣਕੇ ਖ਼ਾਲਸ /ਕ/ ਬਣੀ ਅਤੇ ਬਾਕੀ ਕੁਝ ਕੁ

1. Taraporewala, *Elemens of the Science of Language*, p. 270

ਭਾਸ਼ਾਵਾਂ ਵਿਚ ਇਹ sibilant (ਊਸ਼ਮ) /ਸ਼/ ਜਾਂ /ਸ/ ਧੁਨੀ ਦੀ ਸ਼ਕਲ ਵਿਚ ਵਟ ਗਈ। ਇਸ ਵਿਕਾਸ ਦਾ ਵਧੀਆ ਨਮੂਨਾ ਸੌ (hundred) ਦੇ ਅਰਥ ਲਈ ਲਾਤਿਨ ਭਾਸ਼ਾ ਵਿਚ ਵਰਤਿਆ ਜਾਂਦਾ ਸ਼ਬਦ centum ਹੈ ਅਤੇ ਅਵੇਸਤਾ (ਈਰਾਨੀ) ਭਾਸ਼ਾ ਵਿਚ **'ਸ਼ਤਮ'** ਹੈ। ਇਨ੍ਹਾਂ ਦੋ ਸ਼ਬਦਾਂ ਨੂੰ ਸਾਹਮਣੇ ਰਖਕੇ ਇਨ੍ਹਾਂ ਦੇ ਪ੍ਰਧਾਨ ਭਾਸ਼ਾ-ਵਰਗਾਂ ਨੂੰ ਤਰਤੀਬਵਾਰ 'ਕੇਂਟੁਮ' ਅਤੇ 'ਸ਼ਤਮ' ਵਰਗ ਕਿਹਾ ਜਾਣ ਲਗਾ। ਮੂਲ I. E. ਦੇ /k/ ਦੇ /ਕ/ ਤੇ /ਸ/ ਵਿਚ ਹੋਏ ਵਿਕਾਸ ਦੀ ਭਾਸ਼ਾਈ ਤਾਲਿਕਾ ਵੇਖਣ-ਯੋਗ ਹੈ :—

ਦਸ (ten)

ਸ਼ਤਮ ਗਰੁਪ	**ਕੇਂਟੁਮ ਗਰੁਪ**
ਸੰਸਕ੍ਰਿਤ : ਦਸ	ਗ੍ਰੀਕ : deka
ਅਵੇਸਤਾ : ਦਸ	ਲੇਟਿਨ : decem
ਅਰਮੀਨੀਅਨ : ਤਸਨ (tasn)	OLR. : deich
old church Slavic : desti (ਰੂਸੀ)	Gothic : taihun
Lithunian : desimt	

ਸੌ (hundred)

ਸੰਸ. :	ਸ਼ਤਮੁ	GR. :	hekaton
ਅਵੇਸਤਾ :	ਸਤੇੰਮ	Lat. :	centum
ਹਿੰਦੀ :	ਸੌ	French :	ਕੇਂਤ
old church Slavic :	suto (ਰੂਸੀ)	OLR. :	cet
ਪੰਜਾਬੀ :	ਸੌ	ਗੇਲਿਕ :	ਕਉਡ
Lithunian :	simtas	Gothic :	Hund
ਫ਼ਾਰਸੀ :	ਸਦ	ਤੋਖੇਰੀਅਨ :	Kandh
ਬਲਗੇਰੀਅਨ :	ਸੁਤੋ		

ਉਪਰੋਕਤ ਟਾਕਰੇ ਤੋਂ ਸਪਸ਼ਟ ਉਜਾਗਰ ਹੋ ਜਾਂਦਾ ਹੈ ਕਿ ਕੁਝ ਭਾਸ਼ਾਵਾਂ ਵਿਚ ਇਕੋ ਮੂਲ ਭਾਸ਼ਾ ਦੇ ਸ਼ਬਦ ਵਿਚ /ਕ/ ਹੈ ਅਤੇ ਕੁਝ ਵਿਚ /ਸ/ ਹੈ। ਇਸ ਆਧਾਰ ਉਤੇ ਵਰਗੀਕਰਣ ਦਾ ਇਹ ਨਾਮਕਰਣ (ਕੇਂਟੁਮ ਤੇ ਸਤਮ) ਸਰਬ-ਪ੍ਰਵਾਨ ਹੋਇਆ ਹੈ। ਕੇਂਟੁਮ ਤੇ ਸ਼ਤਮ ਵਰਗਾਂ ਤੋਂ ਹੋਰ ਅਗਾਂਹ ਵਿਕਸਿਤ ਹੋਏ ਉਪ-ਵਰਗਾਂ ਅਤੇ ਕਲਾਸੀਕਲ ਭਾਸ਼ਾਵਾਂ ਨੂੰ ਹੇਠਾਂ ਨਕਸ਼ੇ ਦੇ ਰੂਪ ਵਿਚ ਅੰਕਿਤ ਕੀਤਾ ਜਾਂਦਾ ਹੈ :-

ਮੂਲ ਭਾਰਤ ਯੂਰਪੀ ਭਾਸ਼ਾ

[1] ਸਤਮ ਵਰਗ

7. ਅਲਬੇਨੀਅਨ : Albanian
8. ਬਾਲਟੋ-ਸਲੇਵਿਕ : Balto-Slavic
9. ਅਰਮੀਨੀਅਨ : Armenian
10. ਹਿੰਦ-ਈਰਾਨੀ : Indo-Iranian

[2] ਕੇਂਟੁਮ ਵਰਗ

1. ਕੈਲਟਿਕ : Keltic
2. ਜਰਮੈਨਿਕ : Germanic (Teutonic)
3. ਇਟੈਲਿਕ : Italic
4. ਗ੍ਰੀਕ : Greek (Hellenic)
5. ਹਿੱਟਾਈਟ : Hittite
6. ਤੋਖਾਰੀਅਨ : Tokharian

---

1. *Satam Languages :* Those Indo-European Languages in which the Proto-Indo-European guttural [k] sound has changed into the sibilant [s]. (Balto-slavic, Albanian, Armenian, Indo-Iranian.)
2. *Centum Languages :* Thoso Indo-European languages in which the Proto-Indo-European guttural [k] sound is represented by, [k]. (greek, Italic, celtic, Germanic, Hittite Tokharian)

Mario Pei, *Dictionary of Linguistics*, entries *Satam, Centum.*

ਹੁਣ ਇਨ੍ਹਾਂ ਭਾਸ਼ਾ-ਵਰਗਾਂ ਦਾ ਤਰਤੀਬਵਾਰ ਵਰਣਨ ਕਰਦੇ ਹਾਂ।

ਕੇਲਟਿਕ ਭਾਸ਼ਾ (The Keltic Language) :

ਕੇਲਟਿਕ (Keltic) ਕੇਂਟੁਮ ਵਰਗ ਦੀ (I.E.) ਪਰਿਵਾਰ ਦੀ ਪ੍ਰਾਚੀਨ ਭਾਸ਼ਾ ਹੈ, ਭਾਸ਼ਾ ਹੀ ਨਹੀਂ, ਭਾਸ਼ਾ ਉਪ-ਵਰਗ ਹੈ। ਇਸ ਦੇ ਅੰਗਰੇਜ਼ੀ ਸ਼ਬਦ ਜੋੜ Celtic ਵੀ ਪ੍ਰਚਲਤ ਹਨ। ਕਈ ਇਸ ਦੇ ਪੰਜਾਬੀ ਜੋੜ 'ਕੇਲਤਿਕ' ਵੀ ਲਿਖਦੇ ਹਨ।

ਅਜ ਤੋਂ ਕੋਈ ਦੋ ਹਜ਼ਾਰ ਵਰ੍ਹੇ ਪਹਿਲਾਂ ਇਸ ਬ੍ਰਾਂਚ ਦੇ ਬੋਲਣ ਵਾਲੇ ਮੱਧ ਯੂਰਪ, ਉਤਰੀ ਇਟਲੀ, ਫ਼੍ਰਾਂਸ (Gaul) ਦੇ ਵਡੇ ਸਾਰੇ ਇਲਾਕੇ, ਸਪੇਨ, ਏਸ਼ੀਆ ਮਾਈਨਰ ਅਤੇ ਗ੍ਰੇਟ ਬ੍ਰਿਟੇਨ ਆਦਿ ਵਿਚ ਵਸਦੇ ਸਨ। ਪਰ ਹੁਣ ਇਸ ਦਾ ਇਲਾਕਾਈ -ਪਸਾਰ ਬਹੁਤ ਸੁੰਗੜ ਗਿਆ ਹੈ ਅਤੇ ਆਇਰਲੈਂਡ, ਵੇਲਸ, ਸਕਾਟਲੈਂਡ, ਬ੍ਰਿਟੇਨੀ ਅਤੇ ਕਾਰਨਵਾਲ ਦੇ ਕੁਝ ਹੀ ਹਿਸਿਆਂ ਵਿਚ ਕੇਲਟਿਕ-ਭਾਸ਼ਾ ਬਾਕੀ ਬਚਦੀ ਹੈ[1]। ਲੈਟਿਨ ਸ਼ਾਖਾ ਨਾਲ ਇਸਦੀ ਬਹੁਤ ਸਮਾਨਤਾ ਹੈ।

ਲੇਹਮਾਨ ਅਤੇ ਤਾਰਾਪੁਰਵਾਲਾ ਅਨੁਸਾਰ ਇਸ ਸ਼ਾਖਾ ਦੀਆਂ ਦੋ ਉਪ-ਸ਼ਾਖਾਵਾਂ ਸਨ-- q-Keltic ਅਤੇ p-Keltic. ਇਸ ਵੱਖਰਤਾ ਦਾ ਆਧਾਰ ਇਹ ਤੱਥ ਸੀ ਕਿ ਇਕ ਉਪਸ਼ਾਖਾ ਦੀ /ਕ-ਧੁਨੀ/ ਦੂਜੀ ਵਿਚ /ਪ/ ਬਣ ਜਾਂਦੀ ਸੀ ਜਿਵੇਂ I. E. *Penque ਵੈਲਸ਼ ਵਿਚ pump ਬਣ ਗਈ ਅਤੇ ਆਇਰਿਸ਼ ਵਿਚ coic। ਕੇਲਟਿਕ ਸ਼ਾਖਾ ਦੀਆਂ ਮੁਖ ਭਾਸ਼ਾਵਾਂ ਇਹ ਹਨ :

ਕੇਲਟਿਕ ਭਾਸ਼ਾ-ਵਰਗ
- Gallic (ਗਾਲਿਕ)
- Britannic (Brythonic) P-Keltic
  - Welsh ਵੇਲਸ਼
  - Cornish ਕਾਰਨਿਸ਼
  - Breton ਬ੍ਰੀਟਨ
- Goidelic (q-Keltic
  - Irish ਆਇਰਿਸ਼
  - Scotch ਸਕਾਚ
  - Manx ਮੈਂਕਸ

ਵੇਲਸ਼ (Kymric) ਕੇਲਟਿਕ ਭਾਸ਼ਾਵਾਂ ਵਿਚੋਂ ਕਈ ਨੁਕਤਿਆਂ ਤੋਂ ਵਡੀ

1. ਭੋਲਾਨਾਥ ਤਿਵਾਰੀ, ਭਾਸ਼ਾ-ਵਿਗਿਆਨ, ਪੰਨਾ 108

ਮਹਤਵ-ਪੂਰਨ ਭਾਸ਼ਾ ਹੈ । ਇਹ ਜਿਉਂਦੀ ਤੇ ਸ਼ਕਤੀਵਰ ਭਾਸ਼ਾ ਹੈ ਜਿਸ ਨੂੰ ਕੋਈ ਦਸ ਲੱਖ ਵਿਅਕਤੀ ਬੋਲਦੇ ਹਨ । ਇਸ ਦੇ ਪੁਰਾਣੇ ਰੀਕਾਰਡ ਅਠਵੀਂ ਸਦੀ ਈਸਵੀ ਤੋਂ ਮਿਲਦੇ ਹਨ । ਕਾਰਨਿਸ਼ ਦਾ ਹੁਣ ਨਾਮੋ ਨਿਸ਼ਾਨ ਮਿਟ ਗਿਆ ਹੈ । Breton ਉੱਤਰ-ਪਛਮੀ ਫਰਾਂਸ ਦੇ ਸੰਖੇਪ ਜਿਹੇ ਇਲਾਕੇ ਦੀ ਭਾਸ਼ਾ ਹੈ ।

ਆਇਰਿਸ਼ ਪ੍ਰਾਚੀਨ ਸਾਹਿਤ ਦੀ ਮਾਲਕ ਅਮੀਰ ਭਾਸ਼ਾ ਹੈ । ਪ੍ਰਾਚੀਨ ਆਇਰਿਸ਼ ਵਿਆਕਰਣ ਦੀ ਪੁਨਰ-ਉਸਾਰੀ ਵਿਚ ਆਇਰਿਸ਼ ਪ੍ਰਾਚੀਨ ਸ਼ਬਦਕੋਸ਼ Wurzburg ਨੇ ਬੜੀ ਸਾਮਗਰੀ ਮੁਹਈਆ ਕੀਤੀ ਹੈ । ਆਧੁਨਿਕ ਅਇਰਿਸ਼ ਭਾਸ਼ਾ ਨੂੰ ਆਇਰਲੈਂਡ ਦੇ ਨਵਜਾਏ ਦੇਸ਼ ਪਿਆਰ ਤੋਂ ਬੜੀ ਪਰੇਰਨਾ ਤੇ ਸ਼ਕਤੀ ਮਿਲੀ ਹੈ । ਇਸ ਦਾ ਨਵ-ਜੀਵਨ ਸ਼ੁਰੂ ਹੋਇਆ ਹੈ । ਸਕਾਚ ਤੇ ਮੈਂਕਸ ਹੁਣ ਮ੍ਰਿਤ ਭਾਸ਼ਾ ਹਨ ।

ਗਾਲਿਕ ਕਦੇ ਬਹੁ-ਵਿਕਾਸੀ ਭਾਸ਼ਾ ਸੀ ਪਰ ਹੁਣ ਖ਼ਤਮ ਹੋ ਚੁਕੀ ਹੈ ।

ਜਰਮੈਨਿਕ ਭਾਸ਼ਾ

(Germanic Language-branch)

ਜਰਮੈਨਿਕ ਭਾਸ਼ਾ ਭਾਰਤ-ਯੂਰਪੀ ਭਾਸ਼ਾ-ਪਰਿਵਾਰ ਦੀ ਪ੍ਰਮੁਖ ਸ਼ਾਖਾ ਹੈ ।' ਜਰਮੈਨਿਕ ਦਾ ਪ੍ਰਸਾਰ ਉੱਤਰ ਵਿਚ ਸਕੈਂਡੀਨੇਵੀਆ ਤੋਂ ਦੱਖਣ ਵਿਚ Ore Mountains ਤਕ ਅਤੇ ਪੱਛਮ ਵਿਚ Rhine ਤੋਂ ਲੈ ਕੇ ਪੂਰਬ ਵਿਚ Vistula ਤਕ ਹੋਇਆ ।[1] Lehmann ਦੇ ਕਥਨ ਅਨੁਸਾਰ ਜਰਮੈਨਿਕ ਬੋਲਣ ਵਾਲੇ ਕਬੀਲੇ ਈਸਵੀ ਸੰਨ ਦੇ ਲਗ ਭਗ ਸ਼ੁਰੂ ਸ਼ੁਰੂ ਵਿਚ ਮੂਲ ਘਰ ਬਾਰ ਨੂੰ ਛਡਦੇ ਹੋਏ ਛਿਪਦੇ ਵਲ iceland, Greenland ਅਤੇ ਅਮਰੀਕਾ ਵਲ ਗਏ, ਚੜ੍ਹਦੇ ਪਾਸੇ ਪਹਿਲੋਂ ਦੀਆਂ Baltic ਅਤੇ Slavic ਪਰਿਵਾਰਾਂ ਦੇ ਇਲਾਕਿਆਂ ਵਲ ਗਏ ਅਤੇ ਦਖਣ ਵਲ ਅਫਰੀਕਾ ਤਕ ਪਹੁੰਚੇ । ਸੋਲ੍ਹਵੀਂ ਸਦੀ ਵੇਲੇ ਦੂਜੇ ਪ੍ਰਸਾਰ (expanson) ਸਮੇਂ ਜਰਮੈਨਿਕ-ਭਾਸ਼ੀ ਦਖਣੀ ਅਫਰੀਕਾ, ਭਾਰਤ ਅਤੇ ਆਸਟਰੇਲੀਆ ਤਕ ਪਹੁੰਚੇ ।

ਮੂਲ ਜਰਮੈਨਿਕ ਭਾਸ਼ਾ ਤੇ ਕਬੀਲਿਆਂ ਬਾਰੇ ਕਲਾਸੀਕਲ ਲਿਖਾਰੀਆਂ ਜਿਵੇਂ Caesar ਅਤੇ Tacitus ਨੇ ਬੜੀਆਂ ਕੀਮਤੀ ਸੂਚਨਾਵਾਂ ਅੰਕਿਤ ਕੀਤੀਆਂ ਹਨ । ਇਸ ਕਾਲ ਦੀ ਭਾਸ਼ਾ ਦੇ ਸਰੂਪ ਬਾਰੇ ਕੋਈ ਪ੍ਰਾਚੀਨ ਅਭਿਲੇਖ ਤਾਂ ਨਹੀਂ ਮਿਲਦੇ ਪਰੰਤੂ

---

1. Simeon Potter : *Our Language,* p. 11

ਜਰਮੇਨਿਕ-ਭਾਸ਼ੀਆਂ ਦੇ ਸੰਬੰਧ ਵਿਚ Tacitus ਨੇ 98 ਈ. ਵਿਚ ਆਪਣੀ ਪੁਸਤਕ 'Germania' ਵਿਚ ਜੋ ਵਰਨਣ ਕੀਤਾ ਹੈ ਉਨ੍ਹਾਂ ਨੇ ਇਨ੍ਹਾਂ ਲੋਕਾਂ ਦੇ ਸਭਿਆਚਾਰ, ਸਾਹਿਤ ਤੇ ਭਾਸ਼ਾ ਉਤੇ ਭਰਪੂਰ ਚਾਨਣਾ ਪਾਇਆ ਹੈ।[1] ਪ੍ਰਾਚੀਨ ਅਭਿਲੇਖਾਂ ਦੀ ਅਣਹੋਂਦ ਕਰ ਕੇ ਮੂਲ-ਜਰਮੇਨਿਕ ਨੂੰ ਉਸ ਤੋਂ ਵਿਕਸਿਤ ਹੋਈਆਂ ਜੀਵਤ ਭਾਸ਼ਾਵਾਂ ਦੇ ਟਾਕਰੇ ਤੋਂ ਮੁੜ ਕੇ ਸਿਰਜਿਆ ਜਾ ਸਕਦਾ ਹੈ। ਪੁਨਰ-ਉਸਾਰੀ ਦੀ ਵਿਧੀ ਨਾਲ ਹੀ ਮੂਲ-ਜਰਮੇਨਿਕ ਦੇ ਸੁਰੂਪ-ਲੱਛਣ ਲਭੇ ਗਏ ਹਨ। ਮੂਲ-ਜਰਮੇਨਿਕ ਤੋਂ ਉਪ ਭਾਸ਼ਾਈ ਅੰਤਰਾਂ ਕਰ ਕੇ ਤਿੰਨ ਪੜਸਾਖਾਂ ਦਾ ਵਿਕਾਸ ਹੋਇਆ ਹੈ:

ਮੂਲ-ਜਰਮੇਨਿਕ

ਪੱਛਮੀ ਜਰਮੇਨਿਕ | ਉੱਤਰੀ ਜਰਮੇਨਿਕ (old Norse) | ਪੂਰਬੀ ਜਰਮੇਨਿਕ

ਉਤਰੀ ਜਰਮੇਨਿਕ ਤੋਂ ਆਧੁਨਿਕ Scandinavian ਭਾਸ਼ਾਵਾਂ ਉਪਜੀਆਂ ਹਨ ਜਿਸ ਵਿਚ Norwegian, Swedish, Danish, Icelandic ਅਤੇ Gutnish ਉਲੇਖ-ਯੋਗ ਹਨ। ਉਤਰੀ ਜਰਮੇਨਿਕ ਦੀ ਪ੍ਰਾਚੀਨਤਮ ਲਿਖਤੀ ਰੂਪ ਰੇਖਾ 300 ਈ. ਤੋਂ ਲੈ ਕੇ Runic ਸ਼ਿਲਾਲੇਖਾਂ ਤੋਂ ਲਭਦੀ ਹੈ। ਉਸ ਤੋਂ ਉਪਰੰਤ ਹੀ ਇਸ ਵਿਚ ਉਪਭਾਸ਼ਾਈ ਅੰਤਰ ਪੈਦਾ ਹੋਏ ਅਤੇ ਓੜਕ ਨੂੰ ਉਪਰੋਕਤ ਪੜਸ਼ਾਖਾਂ ਦੀ ਸ਼ਕਲ ਵਿਚ ਉਭਰ ਕੇ ਪ੍ਰਵਾਨ ਚੜ੍ਹ ਗਏ।

ਪੂਰਬੀ ਜਰਮੇਨਿਕ ਤੋਂ ਗਾਥਿਕ (Gothic), Burgundian, ਅਤੇ Vandal ਪੜਸ਼ਾਖਾਂ ਉਪਜੀਆਂ। ਇਨ੍ਹਾਂ ਵਿਚੋਂ ਗਾਥਿਕ ਹੀ ਪ੍ਰਾਚੀਨ-ਤਮ ਜਰਮੇਨਿਕ ਭਾਸ਼ਾ ਹੈ ਜਿਸ ਦੇ ਲਿਖਤੀ ਨਮੂਨੇ ਸਾਨੂੰ ਮਿਲਦੇ ਹਨ। ਇਸ ਪ੍ਰਕਰਨ ਵਿਚ Bishop Wulfilas (A. D. 311-381) ਦੁਆਰਾ ਬਾਈਬਲ ਦਾ ਗਾਥਿਕ ਉਲਥਾ ਹੈ ਜੋ ਖੰਡਿਤ ਰੂਪ ਵਿਚ ਉਪਲਬਧ ਹੈ। ਪਰੰਤੂ ਸਮੇਂ ਦੇ ਫੇਰ ਨਾਲ ਹੁਣ ਕੋਈ ਵੀ ਪੂਰਬੀ ਜਰਮੇਨਿਕ ਪੜਸ਼ਾਖਾ ਸੁਰਜੀਤ ਨਹੀਂ ਰਹੀ।

ਪੱਛਮੀ ਜਰਮੇਨਿਕ ਤੋਂ 'ਉੱਚ ਜਰਮਨ', 'ਨਿਮਨ ਜਰਮਨ', ਡੱਚ, Flemish,

---

1. C. L. Barber : *The Story of Language*, p. 103

Frisian, ਅਤੇ ਇੰਗਲਿਸ਼ ਪੜਸ਼ਾਖਾ ਪ੍ਰਫੁਤ ਹੋਈਆਂ ਹਨ।

'ਨਿਮਨ ਜਰਮਨ' ਤੋਂ Anglo-Saxon (old English) ਦੀ ਉਤਪੱਤੀ ਹੋਈ ਹੈ। ਅੰਗਰੇਜ਼ੀ ਦਾ ਪ੍ਰਮਾਣਿਕ ਵਿਕਾਸ ਸੱਤਵੀਂ ਸਦੀ ਈ. ਤੋਂ ਹੋਣਾ ਸ਼ੁਰੂ ਹੋਇਆ ਹੈ। Caedmon's Hymn ਅਤੇ Beowulf ਸਾਹਿਤਕ ਰਚਨਾਵਾਂ ਪੁਰਾਤਨ ਇੰਗਲਿਸ਼ ਵਿਚ ਹੀ ਹਨਜਿਨ੍ਹਾਂ ਦੀ ਸਿਰਜਨਾ 750 ਦੇ ਲਾਗੇ ਚਾਗੇ ਹੋਈ ਹੈ। ਪ੍ਰਾਚੀਨ ਇੰਗਲਿਸ਼ ਦੀਆਂ Kentish, Saxon ਅਤੇ Anglian ਤਿੰਨ ਪ੍ਰਸਿਧ ਬੋਲੀਆਂ ਸਨ। ਇਨ੍ਹਾਂ ਨੂੰ ਹੀ ਹੋਰ ਅਗੇ Northumbrian ਅਤੇ Mercian ਵਿਚ ਵਰਗ ਬੱਧ ਕੀਤਾ ਜਾਂਦਾ ਹੈ। ਅਜ ਕਲ ਲੰਡਨ ਦੀ ਇੰਗਲਿਸ਼ ਹੀ ਟਕਸਾਲੀ ਭਾਸ਼ਾ ਦਾ ਆਦਰਸ਼ ਮੰਨੀ ਜਾਂਦੀ ਹੈ।

ਲਗ ਭਗ 1600 ਈ. ਤੋਂ ਇੰਗਲਿਸ਼ ਲਗਾਤਾਰ ਵਧ ਫੁਲ ਰਹੀ ਹੈ। ਅੰਤਰ-ਰਾਸ਼ਟਰੀ ਸੰਚਾਰ-ਸਾਧਨ ਦੀ ਹੈਸੀਅਤ ਵਿਚ ਸੰਪਰਕ ਭਾਸ਼ਾ ਜਾਂ ਦੂਜੀ ਭਾਸ਼ਾ, ਵਰਤੀ ਜਾ ਰਹੀ ਹੈ। ਗਿਣਤੀ ਦੇ ਲਿਹਾਜ਼ ਨਾਲ Mandrin Chinese ਭਾਸ਼ਾ ਤੋਂ ਬਾਅਦ ਅੰਗ੍ਰੇਜ਼ੀ ਦੇ ਹੀ ਸਭ ਤੋਂ ਵਧ ਬੋਲਣ ਵਾਲੇ ਹਨ।[1]

Frisian ਲਗ ਭਗ ਸਮਾਪਤ ਹੈ। Frankish ਪ੍ਰਧਾਨ ਤੌਰ ਤੇ Netherland ਵਿਚ ਪ੍ਰਚਲਤ ਹੋਈ। ਇਸ ਦੀਆਂ ਪੜਸ਼ਾਖਾਂ Dutch ਅਤੇ Flemish ਵਿਚ ਖਾਸਾ ਸਾਹਿਤ ਪੈਦਾ ਹੋਇਆ ਹੈ।

"ਉੱਚ ਜਰਮਨ" ਉਤਮ ਭਾਸ਼ਾ-ਵਰਗ ਹੈ। ਇਹ ਕੁਲ ਜਰਮਨੀ ਦੇਸ਼ ਅਤੇ ਆਸਟ੍ਰੀਆ ਦੇ ਬਹੁਤ ਵਡੇ ਹਿਸੇ ਦੀ ਸਾਹਿਤਕ ਤੇ ਸਭਿਆਚਾਰਕ ਭਾਸ਼ਾ ਹੈ। ਅਠਵੀਂ ਸਦੀ ਤੋਂ ਇਸ ਦਾ ਸਾਹਿਤ ਮਿਲਦਾ ਹੈ। ਇਸ ਦੀਆਂ ਪੜਸ਼ਾਖਾਂ ਵਿਚੋਂ "ਆਧੁਨਿਕ ਜਰਮਨ" ਵਰਣਨ-ਯੋਗ ਹੈ। Luther ਦੀ ਜਰਮਨ ਬਾਈਬਲ ਦੇ ਨਾਲ ਹੀ ਇਸ ਦਾ ਅਰੰਭ ਮੰਨਿਆ ਜਾਂਦਾ ਹੈ। ਧੁਨੀ-ਪ੍ਰਣਾਲੀ, ਵਾਕ-ਰਚਨਾ, ਪ੍ਰਤਿਆਂ ਦੀ ਵੰਨਸੁਵੰਨਤਾ ਅਤੇ ਗੁਣਵੀਂ ਰੁਚੀ ਕਰ ਕੇ ਆਧੁਨਿਕ ਜਰਮਨ ਆਪਣੀ ਮੂਲ ਭਾਸ਼ਾ'ਜਰਮੈਨਿਕ'ਦੇ ਬਹੁਤ ਨੇੜੇ ਹੈ।

ਇਟੈਲਿਕ ਭਾਸ਼ਾ
(The Italic Language branch)

ਇਸ ਵਰਗ ਲਈ ਇਟੈਲਿਕ ਤੇ ਲੈਟਿਨ ਦੋਵੇਂ ਨਾਂ ਪ੍ਰਚਲਤ ਹਨ। ਇਟੈਲਿਕ ਨੂੰ p-Italic ਅਤੇ q-Italio ਵਿਚ ਵੰਡਿਆ ਜਾਂਦਾ ਹੈ। p-Italic ਦੀਆਂ ਕਈਆਂ ਬੋਲੀਆਂ ਦਾ ਪ੍ਰਾਚੀਨ ਇਟਲੀ ਵਿਚ ਕਾਫੀ ਦੇਰ ਤਕ ਬੋਲ ਬਾਲਾ ਰਿਹਾ ਪਰ ਮਗਰੋਂ ਆਕੇ ਰੋਮ ਸਾਮਰਾਜ ਦੇ ਪ੍ਰਸਾਰ ਨਾਲ ਲੈਟਿਨ ਦਾ ਇਨ੍ਹਾਂ ਉਤੇ ਪੂਰਾ ਗਲਬਾ ਹੋ ਗਿਆ। ਸੋ

1. Le mann : *Historical Linguistics : An Introduction*, p. 38

Italic ਸਾਖਾ ਵਿਚ ਲੈਟਿਨ ਹੀ ਪ੍ਰਧਾਨ ਭਾਸ਼ਾ ਹੈ। ਜਿਸ ਦੀ ਪ੍ਰਧਾਨਤਾ ਨੂੰ ਮੁਖ ਰਖਕੇ ਕਈ ਵਿਦਵਾਨ ਇਸ ਸਾਰੀ ਸ਼ਾਖਾ ਨੂੰ ਲੈਟਿਨ ਭਾਸ਼ਾ ਕਹਿਣ ਦੇ ਹੱਕ ਵਿਚ ਹਨ।

p-Italic ਦੀਆਂ oscon ਅਤੇ Umbrian ਦੋ ਪ੍ਰਧਾਨ ਪਤਸ਼ਾਖਾ ਸਨ। Oscan ਦੱਖਣੀ ਇਟਲੀ ਵਿਚ ਅਤੇ Umbrian ਉਤਰੀ ਇਟਲੀ ਵਿਚ ਬੋਲੀ ਜਾਂਦੀ ਸੀ।

k-Italic ਵਰਗ ਹੀ ਲਗਾਤਾਰ ਵਿਕਾਸ ਕਰਦਾ ਆ ਰਿਹਾ ਹੈ। ਇਸ ਦੀ ਪ੍ਰਧਾਨ ਭਾਸ਼ਾ 'Latin' ਬੜੀ ਮਹਾਨ ਭਾਸ਼ਾ ਹੈ। ਰੋਮਨ ਰਾਜ ਦੇ ਪ੍ਰਸਾਰ ਨਾਲ ਇਹ ਦੂਰ ਦੂਰ ਤਕ ਫੈਲਦੀ ਗਈ। ਧਰਮ, ਸਾਹਿਤ, ਸਭਿਆਚਾਰ ਅਤੇ ਦਰਸ਼ਨ ਦੇ ਪਖ ਤੋਂ ਲੈਟਿਨ ਬੜੀ ਧਨੀ ਭਾਸ਼ਾ ਹੈ। 500 ਪੂ. ਈ. ਤਕ ਇਸ ਦੇ ਲੇਖ ਮਿਲਦੇ ਹਨ। ਲੈਟਿਨ ਦਾ ਇਤਿਹਾਸ ਤਿੰਨ ਹਿਸਿਆਂ ਵਿਚ ਵੰਡਿਆ ਜਾਂਦਾ ਹੈ:

ਪ੍ਰਾਚੀਨ ਲੈਟਿਨ (old Latin) ਕਲਾਸੀਕਲ ਲੈਟਿਨ (classical Latin) ਅਤੇ ਨਵੀਨ ਲੈਟਿਨ (Neo-latin)। ਨਵੀਨ ਲੈਟਿਨ ਹੀ Lingua Romana ਦੇ ਨਾਂ ਹੇਠ ਮਸ਼ਹੂਰ ਰਹੀ ਹੈ। ਨਵੀਨ ਲੈਟਿਨ ਹੀ ਵਿਆਪਕ ਤੌਰ ਤੇ ਫੈਲਦੀ ਗਈ ਅਤੇ ਮਹਿਕੂਮ ਲੋਕਾਂ ਉਤੇ ਲੱਦੀ ਜਾਂਦੀ ਰਹੀ। ਇਸ ਕਾਰਨ ਇਸ ਦਾ ਇਕ ਵਡੇ ਭੂ-ਖੰਡ ਵਿਚ ਪ੍ਰਚਾਰ ਹੋ ਗਿਆ। ਚੂੰਕਿ ਇਹ ਰੋਮਨ ਸਾਮਰਾਜ ਦੀ ਭਾਸ਼ਾ ਰਹੀ ਇਸ ਲਈ ਇਸ ਦੇ ਪ੍ਰਭਾਵ ਤੋਂ ਉਪਜੀਆਂ ਭਾਸ਼ਾਵਾਂ ਨੂੰ 'ਰੋਮਾਂਸ ਭਾਸ਼ਾਵਾਂ (Romance Languages) ਕਿਹਾ ਜਾਣ ਲਗਾ। ਮੋਟੇ ਤੌਰ ਤੇ ਰੋਮਾਂਸ ਭਾਸ਼ਾਵਾਂ ਸੱਤ ਹਨ ਜਿਹੜੀਆਂ ਪ੍ਰਚਲਤ ਤੇ ਜੀਵਤ ਹਨ।[1]

Italian	:	ਇਟਾਲੀਅਨ
Rhaeto-Romanic	:	ਰੇਟੋ-ਰੋਮਨ
Romanian	:	ਰੋਮਾਨੀਅਨ
Provencal	:	ਪ੍ਰੋਵੇਂਕਲ
Spanish	:	ਸਪੈਨਿਸ਼
French	:	ਫ੍ਰਾਂਸੀਸੀ
Protuguese	:	ਪੁਰਤਗਾਲੀ

1. ਭੋਲਾਨਾਥ ਤਿਵਾਰੀ, 'ਭਾਸ਼ਾ-ਵਿਗਿਆਨ ਕੋਸ਼'

ਇਟਾਲੀਅਨ ਇਟਲੀ ਦੀ ਭਾਸ਼ਾ ਹੈ। ਇਸ ਦੀਆਂ ਕਈ ਉਪਬੋਲੀਆਂ ਹਨ ਪਰੰਤੂ ਕੈਂਦਰੀ ਇਟਾਲੀਅਨ ਹੀ ਪ੍ਰਧਾਨ ਹੈ। ਇਸ ਵਿਚ ਹੀ ਦਾਂਤੇ ਨੇ ਮਹਾਂਕਾਵਿ ਦੀ ਰਚਨਾ ਕੀਤੀ ਸੀ। ਸਾਹਿਤਕ ਪਖ ਤੋਂ ਕਾਫੀ ਅਮੀਰ ਹੈ। ਰੇਟੋ-ਰੋਮਨ ਫ਼੍ਰਾਂਸ ਤੇ ਇਟਲੀ ਦੇ ਸਰਹਦੀ ਇਲਾਕਿਆਂ ਵਿਚ ਪ੍ਰਚਲਤ ਹੈ। Roumanian, ਰੋਮਾਨੀਆਂ ਦੀ ਭਾਸ਼ਾ ਹੈ। ਦੱਖਣੀ ਫਰਾਂਸ ਦੀ ਪ੍ਰਮੁਖ ਭਾਸ਼ਾ ਪ੍ਰੋਵੇਂਕਲ 13ਵੀਂ ਸਦੀ ਤਕ ਜਾਰੀ ਰਹੀ ਹੈ। ਹੁਣ ਇਸ ਦੀਆਂ ਉਪ ਬੋਲੀਆਂ ਮਿਲਦੀਆਂ ਹਨ। ਸਪੇਨ ਦੇ ਲੋਕਾਂ ਦੀ ਬੋਲੀ ਸਪੈਨਿਸ਼ ਹੈ ਜਿਹੜੀ ਕਿ ਸਪੇਨ ਤੋਂ ਬਾਹਰ ਵੀ ਚਲੀ ਗਈ ਹੈ। ਫ੍ਰਾਂਸੀਸੀ ਇਸ ਵਰਗ ਦੀ ਬਹੁਤ ਪ੍ਰਧਾਨ ਭਾਸ਼ਾ ਹੈ। ਅਠਵੀਂ ਸਦੀ ਤੋਂ ਇਸ ਦੇ ਚਿੰਨ੍ਹ ਮਿਲਦੇ ਹਨ। ਪੁਰਤਗਾਲੀ ਪੁਰਤਗਾਲ ਦੀ ਪ੍ਰਧਾਨ ਭਾਸ਼ਾ ਹੈ। ਇਹ Brazil ਵਿਚ ਵੀ ਬੋਲੀ ਜਾਂਦੀ ਹੈ। ਭਾਰਤ ਦੇ ਗੋਆ ਪ੍ਰਦੇਸ਼ ਵਿਚ ਇਸ ਦੀ ਸਾਖਾ 'ਹਿੰਦ-ਪੁਰਤਗਾਲੀ' ਵੀ ਬੋਲੀ ਜਾਂਦੀ ਹੈ।

ਗ੍ਰੀਕ ਭਾਸ਼ਾ
(The Greek language branch)

ਗ੍ਰੀਕ ਭਾਸ਼ਾ (Hellenic branch) ਗ੍ਰੀਸ ਦੇਸ਼ ਦੀ ਭਾਸ਼ਾ ਚਲੀ ਆ ਰਹੀ ਹੈ। ਗ੍ਰੀਸ ਦੀਆਂ ਭੂਗੋਲਿਕ ਸਥਿਤੀਆਂ ਹੀ ਅਜੇਹੀਆਂ ਸਨ ਕਿ ਇਹ ਸਿਆਸੀ ਤੌਰ ਤੇ ਨਿਕੇ ਨਿਕੇ ਰਾਜਾਂ ਵਿਚ ਵੰਡਿਆ ਗਿਆ ਜਿਸ ਕਾਰਨ ਕਈ ਉਪ ਬੋਲੀਆਂ ਵਿਕਸਿਤ ਹੋ ਗਈਆਂ। ਗ੍ਰੀਕ ਦਾ ਪ੍ਰਾਚੀਨ ਰੂਪ ਹੋਮਰ ਦੇ ਮਹਾ ਕਾਵਿ 'ਇਲੀਅਡ' ਤੇ 'ਓਡੀਸੀ' ਵਿਚ ਉਪਲਬਧ ਹੁੰਦਾ ਹੈ।

ਭਾਰਤ-ਯੂਰਪੀ ਪਰਿਵਾਰ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਪ੍ਰਾਚੀਨ ਗ੍ਰੀਸ ਵਿਚ ਮਿਲਦੀਆਂ ਹਨ ਅਤੇ ਸੰਸਕ੍ਰਿਤ ਭਾਸ਼ਾ ਦੀ ਤਰ੍ਹਾਂ ਇਸ ਵਿਚ ਵਿਆਕਰਣ ਦੀ ਬੜੀ ਵਿਸਤ੍ਰਿਤ ਪ੍ਰਣਾਲੀ ਸੁਰਖਿਅਤ ਹੈ। ਸੰਸਕ੍ਰਿਤ ਨਾਲ ਇਸ ਦੀ ਬਹੁਤ ਡੂੰਘੀ ਸਾਂਝ ਹੈ। ਭਾਰੋਪੀਜ ਭਾਸ਼ਾ ਦੇ ਪ੍ਰਕਰਨ ਵਿਚ ਗ੍ਰੀਕ ਤੇ ਸੰਸਕ੍ਰਿਤ ਦੀਆਂ ਬਹੁਤ ਸਾਰੀਆਂ ਗੱਲਾਂ ਸਾਂਝੀਆਂ ਹਨ। ਦੋਹਾਂ ਦੇ ਮਹਤਵ-ਪੂਰਨ ਨੁਕਤੇ ਦਰਜ ਕੀਤੇ ਜਾਂਦੇ ਹਨ :

ਗ੍ਰੀਕ ਵਿਚ ਭਾਰੋਪੀਜ ਦੇ ਸੁਰ ਅਤੇ ਸੰਸਕ੍ਰਿਤ ਵਿਚ ਵਿਅੰਜਨ ਸੁਰਖਿਅਤ ਹਨ। ਦੋਹਾਂ ਵਿਚ ਬਲਾਤਮਕ ਤੇ ਸੰਗੀਤਕ ਬਲਾਘਾਤ ਹੈ। ਦੋਹਾਂ ਵਿਚ ਨਾਂਵ ਤੇ ਪੜਨਾਂਵ ਦੀ ਰੂਪ-ਬਹੁਲਤਾ ਹੈ। ਦੋਹਾਂ ਵਿਚ ਅਵਿਆਂ (indeclinables : ਕ੍ਰਿਆ ਵਿਸ਼ੇਸ਼ਣ, ਯੋਜਕ, ਪਰਸਰਗ) ਦੀ ਕਾਫੀ ਭਰਮਾਰ ਹੈ। ਕ੍ਰਿਆ-ਪ੍ਰਤਿਆਂ (ਕ੍ਰਿਦੰਤਾਂ) ਦੀ ਵੀ ਬਹੁਤਾਇਤ ਹੈ। ਦੋਹਾਂ ਵਿਚ ਇਕਵਚਨ ਤੇ ਬਹੁਵਚਨ ਤੋਂ ਇਲਾਵਾ ਦੁਵਚਨ (dual) ਵੀ ਹੈ। ਦੋਹਾਂ ਵਿਚ

ਲੰਮੇ ਲੰਮੇ ਸਮਾਸ ਘੜਨ ਦੀ ਯੋਗਤਾ ਹੈ ।

ਗ੍ਰੀਕ ਭਾਸ਼ਾ ਦੀਆਂ ਸ਼ਾਖਾਂ—ਪਰਸ਼ਾਖਾਂ ਹੇਠਾਂ ਦਰਜ ਹਨ :

ਗ੍ਰੀਕ-ਹੈਲੇਨਿਕ-ਹੋਮਰਿਕ-ਕਲਾਸੀਕਲ

- Doric : ਡੋਰਿਕ
- north-western dialect : ਉੱਤਰ ਪੱਛਮੀ ਸ਼ਾਖਾਂ
- Aeolic : ਏਓਲਿਕ
- Arcadian : ਆਰਕੇਡੀਅਨ
- Ionic-Attic : ਏਓਨੀ-ਐਟਿਕ

ਐਟਿਕ (Attic) ਭਾਸ਼ਾ ਦਾ ਪੰਜਵੀਂ ਸਦੀ ਪੂ. ਈ. ਵਿਚ ਉਨਤੀ-ਕਾਲ ਸੀ । ਇਹੋ ਉੱਥੋਂ ਦੇ ਰਾਜ ਦੀ ਰਾਸ਼ਟਰ-ਭਾਸ਼ਾ ਬਣੀ ਸੀ । ਅਗੇ ਜਾ ਕੇ ਇਹੋ Koine ਦੇ ਨਾਂ ਹੇਠ ਮਸ਼ਹੂਰ ਹੋ ਗਈ ਕੋਇਨੇ ਭਾਸ਼ਾ ਹੀ ਪਲੇਟੋ, ਅਰਸਤੂ ਅਤੇ ਸਿਕੰਦਰ ਦੀ ਭਾਸ਼ਾ ਸੀ ਇਸ ਤੋਂ ਹੀ ਵਰਤਮਾਨ ਗ੍ਰੀਕ ਭਾਸ਼ਾ ਦਾ ਵਿਕਾਸ ਹੋਇਆ ਹੈ । ਵਰਤਮਾਨ ਗ੍ਰੀਕ ਗ੍ਰੀਸ, ਤੁਰਕੀ, ਕ੍ਰੀਟ, ਸਾਈਪ੍ਰਸ ਆਦਿ ਵਿਚ ਬੋਲੀ ਜਾਂਦੀ ਹੈ । ਪ੍ਰਾਚੀਨ ਗ੍ਰੀਕ ਤੋਂ ਲੈ ਕੇ ਵਰਤਮਾਨ ਗ੍ਰੀਕ ਤਕ ਅੱਠ ਭਿੰਨ ਭਿੰਨ ਸਪਸ਼ਟ ਭਾਸ਼ਾਈ ਪੜਾ ਦ੍ਰਿਸ਼ਟੀ-ਗੋਚਰ ਹੁੰਦੇ ਹਨ ਜਿਨ੍ਹਾਂ ਦਾ ਵੇਰਵਾ ਹੇਠਾਂ ਅੰਕਿਤ ਹੈ :

1. Old Greek (B. c. 100–500)

Homeric

2. Classical Greek (B c. 500–300)

(Old Attic B. c. 500–400)

(New Attic B.c. 400–300)

3. Post-classical Greek (B. c. 300–300 A. D.)

Hellenistic

Graceo–Roman

4. Transitional (A. D. 300–600)

5. Neo-Hellenic (A. D. 600–1000)

Byzantine

6. Mediaval Greek (A. D. 1000–1450)

7. Early Modern Greek (A. D. 1450–1800)

|

8. Modern Greek (A. D. 1800–onwards)

ਹਿੱਟਾਈਟ ਭਾਸ਼ਾ

(The Hittite branch)

ਜਰਮਨ ਵਿਦਵਾਨ Hugo Winkler ਨੇ ਸਭ ਤੋਂ ਪਹਿਲਾਂ ਹਿੱਤੀ ਭਾਸ਼ਾ ਦੇ ਸ਼ਿਲਾਲੇਖ ਲਭੇ ਜਿਹੜੇ ਕਿ ਏਸ਼ੀਆ ਮਾਈਨਰ ਵਿਚ Ankara ਤੋਂ 90 ਮੀਲ ਦੀ ਵਿਥ ਉਤੇ ਵਾਕਿਆ Bogaz-Koi ਅਸਥਾਨ ਦੀ ਖੁਦਾਈ ਤੋਂ ਮਿਲੇ ਸਨ। ਇਸ ਨਾਲ ਸੁਮੇਰੀਅਨ ਤੇ ਅੱਕਾਦੀਅਨ ਕਿਲੱਖਰੀ ਲਿਪੀ ਵਿਚ ਲਿਖੇ ਹਜ਼ਾਰਾਂ ਸ਼ਿਲਾਲੇਖਾਂ ਦੀ ਖੋਜ ਹੋਈ। ਜਦੋਂ ਇਨ੍ਹਾਂ ਨੂੰ ਲਿਪੀਅੰਤਰ ਕੀਤਾ ਗਿਆ ਤਾਂ ਨਿਸ਼ਚਿਤ ਰੂਪ ਵਿਚ ਇਨ੍ਹਾਂ ਦੀ ਭਾਸ਼ਾ ਹਿੱਟਾਈਟ ਹੀ ਸਾਬਤ ਕੀਤੀ ਗਈ ਹੈ। ਇਨ੍ਹਾਂ ਸ਼ਿਲਾਲੇਖਾਂ ਦੇ ਅਧਿਐਨ ਤੋਂ ਹਿਟਾਈਟ ਦੀ ਭਾਸ਼ਾਈ ਰੂਪਰੇਖਾ ਪ੍ਰਗਟ ਹੋਈ ਹੈ ਉਂਜ ਬਾਈਬਲ ਤੇ ਹੀਬਰੂ ਸਮਿਆਂ ਤੋਂ ਹਿਟਾਈਟ ਜਾਤੀ ਤੇ ਭਾਸ਼ਾ ਬਾਰੇ ਕਾਫੀ ਚਿਰਾਂ ਤੋਂ ਵਾਕਫੀਅਤ ਚਲੀ ਆਉਂਦੀ ਰਹੀ ਹੈ।

E. H. Sturtevant, Walter Petersen, ਆਦਿ ਵਿਦਵਾਨਾਂ ਨੇ ਹਿਟਾਈਟ ਦੇ ਵਿਆਕਰਣ ਅਤੇ ਧੁਨੀ-ਪ੍ਰਣਾਲੀ ਸੰਬੰਧੀ ਵਿਗਿਆਨਿਕ ਅਧਿਐਨ ਪੇਸ਼ ਕੀਤਾ ਹੈ। ਇਨ੍ਹਾਂ ਤੋਂ ਇਹੋ ਸਿਧ ਹੁੰਦਾ ਹੈ ਕਿ ਹਿੱਟਾਈਟ ਭਾਰੋਪੀਯ ਪਰਿਵਾਰ ਦੀ ਭਾਸ਼ਾ ਹੈ ਜਿਸ ਉਤੇ ਸਾਮੀ ਭਾਸ਼ਾਵਾਂ ਦਾ ਪ੍ਰਭਾਵ ਹੈ। ਹਿਟਾਈਟ ਬਹੁਤ ਹੀ ਪ੍ਰਾਚੀਨ ਹੈ ਸ਼ਾਇਦ ਹਿਟਾਈਟ ਸਾਮਰਾਜ (1900–1650 B.c) ਦੇ ਸਮੇਂ ਇਸ ਦਾ ਬੋਲਬਾਲਾ ਹੋਵੇਗਾ। ਕਈ ਵਿਦਵਾਨ ਇਸ ਨੂੰ ਭਾਰੋਪੀਯ ਦੀ ਭੈਣ ਮੰਨਦੇ ਹਨ ਅਤੇ ਕਈ ਕੇਂਟੁਮ ਗਰੁਪ ਦੀ ਧੀ-ਭਾਸ਼ਾ ਆਖਦੇ ਹਨ। ਮਗਰਲਾ ਵਿਚਾਰ ਹੀ ਅਜੇ ਜ਼ਿਆਦਾ ਪ੍ਰਵਾਨ ਚਲ ਰਿਹਾ ਹੈ।

ਹਿੱਟਾਈਟ ਤੇ Tokharian ਮਿਲਾਕੇ ਇਕ ਸੰਜੁਗਤ ਸ਼ਾਖਾ ਦੀ ਵੀ ਕਲਪਨਾ ਕੀਤੀ ਜਾਂਦੀ ਹੈ।

ਤੋਖਾਰੀਅਨ ਭਾਸ਼ਾ

(The Tokharian Branch)

ਵਰਤਮਾਨ ਸਦੀ ਦੇ ਮੁਢ ਵਿਚ ਤੋਖਾਰੀਅਨ ਜਾਂ ਤੋਖਾਰੀ ਭਾਸ਼ਾ ਦੀ ਖੋਜ ਹੋਈ

ਹੈ। ਫਰਾਂਸੀਸੀ ਤੇ ਜਰਮਨ ਵਿਦਵਾਨਾਂ ਨੂੰ ਮੱਧ ਏਸੀਆ ਦੇ ਤੁਰਫਾਨ ਪ੍ਰਦੇਸ਼ ਵਿਚ ਅਜਿਹੇ ਗਰੰਥ ਅਤੇ ਪਤਰ ਪ੍ਰਾਪਤ ਹੋਏ ਜਿਹੜੇ ਬ੍ਰਾਹਮੀ ਤੇ ਖਰੋਸ਼ਠੀ ਲਿਪੀ ਵਿਚ ਸਨ। ਜਦੋਂ ਪਰੋਫੈਸਰ Sieg ਨੇ ਇਨ੍ਹਾਂ ਦਾ ਲਿਪੀਅੰਤਰ ਕਰਕੇ ਅਧਿਐਨ ਕੀਤਾ ਤਾਂ ਇਕ ਨਵੀਂ ਭਾਸ਼ਾ ਦਾ ਪਤਾ ਚਲਿਆ ਜਿਸ ਦਾ ਸੰਬੰਧ ਭਾਰਤ-ਯੂਰਪੀ ਭਾਸ਼ਾ ਦੇ ਕੇਂਟੁਮ-ਗਰੁਪ ਨਾਲ ਜਾ ਜੁੜਦਾ ਹੈ। ਇਸ ਨੂੰ 'ਤੁਖਾਰੀਅਨ' ਕਿਹਾ ਗਿਆ। ਗ੍ਰੀਅਰਸਨ ਦੇ ਅਨੁਸਾਰ 'ਮਹਾਂ ਭਾਰਤ' ਅਤੇ ਗ੍ਰੀਕ ਪੁਸਤਕਾਂ ਵਿਚ ਤਰਤੀਬਵਾਰ 'ਤੁਸਾਰਾ' (ਤੁਖਾਰਾ) ਅਤੇ 'ਤੋਖਾਰੋਈ' ਕੌਮਾਂ ਦੇ ਨਾਂ ਮਿਲਦੇ ਹਨ। 'Tokharoi' Indo-Scythian ਜਾਤੀ ਦੇ ਵੰਸ਼ਜ ਸਨ। ਦੂਜੀ ਸਦੀ ਪੂ. ਈ. ਵਿਚ ਗਰੇਸੋ-ਬੈਕਟਰੀਅਨ ਰਾਜ ਦੇ ਪਤਨ ਤੋਂ ਉਪਰੰਤ ਮੱਧ ਏਸ਼ੀਆ ਵਿਚ ਤੋਖਾਰੋਈ ਕੌਮ ਨੇ ਬਾਦਸ਼ਾਹਤ ਕਾਇਮ ਕੀਤੀ ਸੀ ਜਿਹੜੀ ਕਿ ਸੱਤਵੀ ਸਦੀ ਈ. ਤਕ ਜਾਰੀ ਰਹੀ ਜਦੋਂ 'ਹੂਣਾਂ' ਨੇ ਇਸ ਨੂੰ ਖਤਮ ਕਰ ਦਿਤਾ। ਹੋ ਸਕਦਾ ਹੈ ਇਹ ਇਨ੍ਹਾਂ ਲੋਕਾਂ ਦੀ ਭਾਸ਼ਾ ਸੀ।

ਤੋਖਾਰੀਅਨ ਦਾ ਹਿਟਾਈਟ ਵਰਗ ਨਾਲ ਬਹੁਤ ਸੰਘਣਾ ਸੰਬੰਧ ਹੈ। ਪਰ ਇਸ ਉਤੇ ਗੁਆਂਢੀ ਯੂਰਾਲ ਤੇ ਅਲਤਾਇਕ ਭਾਸ਼ਾਵਾਂ ਦਾ ਬਹੁਤ ਪ੍ਰਭਾਵ ਪਿਆ ਹੈ। ਪਿਛਲੇ ਸਾਲਾਂ ਵਿਚ ਤੋਖਾਰੀ ਭਾਸ਼ਾ ਦੇ ਵਿਆਕਰਣ ਬਾਰੇ Schultze, Sieg ਅਤੇ Siegling ਨੇ ਸੰਮਿਲਤ ਰੂਪ ਵਿਚ ਪੁਸਤਕ ਪ੍ਰਕਾਸ਼ਿਤ ਕੀਤੀ ਹੈ। ਤੋਖਾਰੀ ਵਿਚ 'ਸੌ' ਲਫਜ਼ ਲਈ 'ਕੰਧ' ਸ਼ਬਦ ਮਿਲਿਆ ਹੈ ਇਸ ਕਾਰਨ ਇਸ ਨੂੰ ਕੇਂਟੁਮ ਵਰਗ ਵਿਚ ਸ਼ਾਮਲ ਕੀਤਾ ਗਿਆ ਹੈ 'ਸ਼ਤਮ' ਵਰਗ ਵਿਚ ਨਹੀਂ। ਬਾਕੀ ਪੱਖਾਂ ਵਿਚ ਤੋਖਾਰੀ ਦੀ ਸੰਸਕ੍ਰਿਤ ਨਾਲ ਕਾਫੀ ਸਮਾਨਤਾ ਹੈ।

ਸਤਮ ਵਰਗ


ਅਲਬੇਨੀਅਨ ਭਾਸ਼ਾ
(The Albanian branch)

ਅਲਬੇਨੀਅਨ ਦਰਅਸਲ ਭਾਰੋਪੀਯ ਭਾਸ਼ਾ ਦੀ ਇਕ ਪ੍ਰਸਿਧ ਤੇ ਕਿਸੇ ਵੇਲੇ ਦੂਰ ਦੂਰ ਤਕ ਫੈਲੀ ਹੋਈ ਬਰਾਂਚ 'Illyrian' ਦੀ ਬਚੀ ਹੋਈ ਇਕ ਪੜਸ਼ਾਖਾ ਹੈ। ਇਲੀਰੀਅਨ ਸ਼ਾਖਾ ਦੇ ਬੋਲਣ ਵਾਲੇ ਏਡਰੀਆਟਿਕ ਸਾਗਰ ਦੇ ਕੰਢੇ ਕਾਰਿੰਥੀਅਨ ਦੀ ਖਾੜੀ ਤੋਂ ਇਟਲੀ ਦੇ ਦੱਖਣ-ਪੂਰਬੀ ਹਿਸੇ ਤਕ ਫੈਲੇ ਹੋਏ ਸਨ। ਕੁਝ ਕੁ ਸਿਲਾਲੇਖਾਂ ਨੂੰ ਛਡਕੇ ਇਸ ਦਾ ਹੋਰ ਕੋਈ ਸਾਹਿਤ ਨਹੀਂ ਮਿਲਦਾ। ਇਲੀਰੀਅਨ ਦਾ ਕੁਝ ਵੀ ਬਕਾਇਆ

ਨਹੀਂ ਹੈ । ਸਿਰਫ ਅਲਬੇਨੀਅਨ ਸ਼ਾਖਾ ਹੀ ਮਿਲਦੀ ਹੈ । ਕਿਸੇ ਵੇਲੇ ਅਲਬੇਨੀਅਨ ਨੂੰ ਸੁਤੰਤਰ ਭਾਸ਼ਾ ਮੰਨਣ ਤੋਂ ਵਿਦਵਾਨ ਮੁਨਕਰ ਸਨ ਪਰ ਹੁਣ ਇਸ ਨੂੰ ਇਕ ਵਖਰੀ ਭਾਸ਼ਾ ਮੰਨ ਲਿਆ ਗਿਆ ਹੈ ।

ਅਲਬੇਨੀਅਨ ਦੇ ਬੋਲਣ ਵਾਲੇ ਅਲਬੇਨੀਆ ਵਿਚ ਅਤੇ ਕੁਝ ਕੁ ਗ੍ਰੀਸ ਵਿਚ ਹਨ । ਇਸ ਵਿਚ ਕਈ ਉਪਬੋਲੀਆਂ ਹਨ ਪਰ ਦੋ ਮਸ਼ਹੂਰ ਹਨ—ਘੇਘ ਅਤੇ ਟੋਸਕ । ਅਲਬੇਨੀਅਨ ਦਾ ਸਾਹਿਤ 17ਵੀਂ ਈ. ਤੋਂ ਮਿਲਣ ਲਗਦਾ ਹੈ । ਇਸ ਤੋਂ ਪਹਿਲਾਂ ਕੋਈ ਪ੍ਰਮਾਣਿਕ ਲਿਖਤ ਸਾਮਗ੍ਰੀ ਨਹੀਂ ਮਿਲਦੀ । ਇਸ ਲਈ ਇਸ ਦਾ ਕੋਈ ਇਤਿਹਾਸਿਕ ਅਧਿਐਨ ਸੰਭਵ ਨਹੀਂ । ਆਪਣੇ ਵਿਕਾਸ ਵਿਚ ਅਲਬੇਨੀਅਨ ਨੇ ਤੁਰਕੀ, ਸਲਾਵੋਨਿਕ, ਲੈਟਿਕ ਤੇ ਗ੍ਰੀਕ ਦੇ ਬਹੁਤ ਸਾਰੇ ਸ਼ਬਦ ਗ੍ਰਹਿਣ ਕਰ ਲਏ ਹਨ ।

Illyrian ਦੀ ਵੰਡ ਇਸ ਪ੍ਰਕਾਰ ਹੈ :—



ਬਾਲਟਿਕ ਭਾਸ਼ਾ

(The Baltic branch)

ਇਸ ਨੂੰ Lettic ਵੀ ਆਖਦੇ ਹਨ । ਇਸ ਦੀਆਂ ਤਿੰਨ ਬੋਲੀਆਂ ਹਨ— old Prussian, Lithuanion ਅਤੇ Lettish ਪ੍ਰਾਚੀਨ ਪਰੁਸ਼ੀਅਨ ਸਤਾਰ੍ਹਵੀ ਸਦੀ ਵਿਚ ਅਲੋਪ ਹੋ ਗਈ ਸੀ । ਇਸ ਦੀ ਜਾਣਕਾਰੀ ਜਰਮਨ-ਪਰੁਸ਼ੀਅਨ ਸੰਕੇਤਾਵਲੀ (Glossary) ਅਤੇ Luther's catechism (1547 ਈ.) ਦੇ ਉਲਥੇ ਦੀ ਸ਼ਕਲ ਵਿਚ ਪਹਿਲੇ ਪਹਿਲੋਂ ਰਿਕਾਰਡ ਹੋਈ ਹੈ ।

ਲਿਥੁਆਨੀਅਨ ਦਾ ਖੇਤਰ ਪਰੂਸ਼ਾ ਦੇ ਉਤਰ-ਪੂਰਬ ਵਿਚ ਹੈ। ਇਸ ਦਾ ਸਾਹਿਤ ਸੋਲ੍ਹਵੀਂ ਸਦੀ ਤੋਂ ਮਿਲਦਾ ਹੈ, ਇਸ ਦੀ ਪੁਰਾਣੀ ਪੁਸਤਕ 'ਦੋਨੇਲੇਟਿਸ' ਦੀ 'ਸੀਜ਼ਨਸ' ਹੈ ਜਿਹੜੀ 1750 ਈ. ਦੇ ਨੇੜੇ-ਤੇੜੇ ਲਿਖੀ ਗਈ ਸੀ। ਪਹਿਲੇ ਮਹਾਂ ਯੁਧ ਤੋਂ ਬਾਅਦ ਬਾਲਸ਼ੇਵਿਕ ਰਾਸ਼ਟਰੀ ਅੰਦੋਲਨ ਦੇ ਫਲ ਸਰੂਪ ਲਿਥੁਆਨੀਅਨ ਅਤੇ Lettish ਦੀ ਪੁਨਰ ਸੁਰਜੀਤੀ ਲਈ ਯਤਨ ਸ਼ੁਰੂ ਹੋਏ ਹਨ। ਆਧੁਨਿਕ ਲਿਥੁਆਨੀਅਨ ਦੀ ਉਲੇਖ-ਯੋਗ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ Pitch accent, ਕ੍ਰਿਆ ਰੂਪ (inflection) ਅਤੇ ਨਾਂਵ ਰੂਪਾਂ ਦੀ ਵਖਰਤਾ ਨੂੰ ਕਾਇਮ ਰਖਿਆ ਗਿਆ ਹੈ। 'ਪੁਤਰ' ਦੇ ਅਰਥ ਵਿਚ ਲਿਥੁ-ਸ਼ਬਦ 'ਸੂਨੁਸ' ਹੈ ਜਿਸ ਦਾ ਸਮਰੂਪ ਸੰਸਕ੍ਰਿਤ ਸ਼ਬਦ 'ਸੂਨੁ' ਮਿਲਦਾ ਹੈ। Eiti (ਉਹ ਜਾਂਦਾ ਹੈ) ਦਾ ਸੰਸਕ੍ਰਿਤ ਰੂਪ 'ਏਤਿ' ਹੈ ਜਿਹੜਾ ਲੇਟਿਨ ਵਿਚ 'it' ਹੈ।

ਲਿਥੁਆਨੀਅਨ ਦੀ ਪ੍ਰਾਚੀਨਤਾ ਬਾਰੇ ਬੀ. ਕੇ. ਘੋਸ਼ ਨੇ ਠੀਕ ਕਿਹਾ ਹੈ ਕਿ "Moreover, of all the living Indo-European Languages of the present day, it is Lithuanian, and not Sanskrit...that has kept closest to the basic idiom reconstructed by comparative Philology "The Vedic Age, p. 206

ਬਾਲਟਿਕ ਗਰੁਪ ਦੀ ਤੀਜੀ ਭਾਸ਼ਾ Lettish ਵਿਚ ਢੇਰ ਤਬਦੀਲੀਆਂ ਵਾਪਰ ਗਈਆਂ ਹਨ। ਇਸ ਦੀ ਜਾਣਕਾਰੀ 16ਵੀਂ ਸਦੀ ਈ. ਤੋਂ ਹੋਈ ਹੈ। Pitch accent ਦਾ ਅਭਾਵ ਹੈ। ਇਸ ਵਿਚ ਬਹੁਤ ਸਾਰੇ inflexional endings (ਕ੍ਰਿਆਵੀ ਪ੍ਰਤਿਐ) ਗੁੰਮ ਹੋ ਗਏ ਹਨ। Lithuania ਅਤੇ Latvia ਲੋਕ ਰਾਜਾਂ ਦੀ ਸਥਾਪਨਾ ਨਾਲ ਇਹ ਦੋਵੇਂ ਸਟੈਂਡਰਡ ਭਾਸ਼ਾਵਾਂ ਬਣ ਗਈਆਂ ਹਨ।

ਸਲੈਵੋਨਿਕ ਭਾਸ਼ਾ

(The Slavonic branch)

ਸਲੈਵੋਨਿਕ ਭਾਸ਼ਾ ਦਾ ਬਹੁਤ ਵਿਸਤਾਰ ਹੋਇਆ ਹੈ। ਰੋਮਨਾਂ ਦੇ ਰਾਜ ਸਮੇਂ ਪਹਿਲੇ ਪਹਿਲ ਇਸ ਦੇ ਬੋਲਣ ਵਾਲੇ ਦੂਰ ਦੱਖਣੀ ਪੋਲੈਂਡ ਅਤੇ ਪੱਛਮੀ ਰੂਸ ਵਿਚ ਵਸੇ ਸਨ। ਸਤਾਰ੍ਹਵੀਂ ਸਦੀ ਵਿਚ ਇਨ੍ਹਾਂ ਦਾ ਸੰਪਰਕ ਬਲਗੇਰੀਆ ਨਾਲ ਸਥਾਪਤ ਹੋਇਆ। ਅਜ

ਕਲ ਸਲੈਵੋਨਿਕ ਭਾਸੀ ਲੋਕ ਰੂਸ, ਪੋਲੈਂਡ, ਗਲਸੀਆ, ਆਸਟ੍ਰੀਆ, ਬੋਹੇਮੀਆ, ਮੋਰਾਵੀਆ, ਸਰਵੀਆ, ਬਲਗੇਰੀਆ ਅਤੇ ਸਲਾਵੇਨੀਆ ਆਦਿ ਖੇਤਰਾਂ ਵਿਚ ਰਹਿੰਦੇ ਹਨ।

ਈਸਾਈ ਮਤ ਦੇ ਪ੍ਰਚਾਰ ਦੇ ਨਾਲ ਇਸ ਭਾਸ਼ਾ ਦੇ ਪ੍ਰਾਚੀਨ ਨਮੂਨੇ ਮਿਲੇ ਹਨ। 850 ਈ. ਤੋਂ ਥੋੜਾ ਚਿਰ ਬਾਅਦ ਦੋ ਈਸਾਈ ਮਿਸ਼ਨਰੀ Cyril ਅਤੇ Methodius ਏਧਰ ਆਏ ਇਨ੍ਹਾਂ ਲੋਕਾਂ ਵਿਚ ਈਸਾਈ ਧਰਮ ਦਾ ਪ੍ਰਚਾਰ ਕੀਤਾ ਅਤੇ ਬਾਈਬਲ ਦਾ ਸਲੈਵੋਨਿਕ ਭਾਸ਼ਾ ਵਿਚ ਅਨੁਵਾਦ ਵੀ ਕੀਤਾ। ਇਹੋ ਅਨੁਵਾਦ ਭਾਸ਼ਾ Old Church Slavic ਜਾਂ Old Bulgarian ਕਰ ਕੇ ਮਸ਼ਹੂਰ ਹੈ।[1] ਰੂਸੀ ਚਰਚ ਨੇ ਇਸੇ ਭਾਸ਼ਾ ਨੂੰ ਹੀ ਆਪਣੀ ਦਫਤਰੀ ਭਾਸ਼ਾ ਦੀ ਸ਼ਕਲ ਵਿਚ ਕਾਇਮ ਰਖਿਆ ਹੈ। ਪੂਰਬੀ ਯੂਰਪ ਵਿਚ ਇਸਦਾ ਉਹੋ ਰੁਤਬਾ ਹੈ ਜਿਹੜਾ ਕਿ ਰੋਮਨ ਯੂਰਪ ਵਿਚ ਲੈਟਿਨ ਦਾ ਹੈ। ਸਲੈਵੋਨਿਕ ਦੀ ਵੰਡ ਇਸ ਤਰ੍ਹਾਂ ਹੈ ;

1. Lehmann : *Historical'Linguistics--An Introduction*, p. 25

- Slavic
  - South Slavic
    ਦਖਣੀ ਸਲੈਵਿਕ
    - old church-Slavic : Bulgarian
    - Illyrian Slavic : Serbo-Croatian
  - Russian
    (ਰੂਸੀ)
    - Russian
      - Great Russian
    - Ruthenian
      - White Russian
      - little Russian (Ukranian)
  - West Slavic
    - czecho-Slovakian
      - Czech
      - Morvian
      - Slovakian
    - sorabian :
      - Wendic
    - Lechish
      - Polish
      - Polabish

ਪ੍ਰਾਚੀਨ ਬਲਗੇਰੀਅਨ (old Church Slavonic) ਬਹੁਤ ਮਹੱਤਵ-ਪੂਰਨ ਹੈ। ਸੰਸਕ੍ਰਿਤ, ਗ੍ਰੀਕ ਤੇ ਲੈਟਿਨ ਨਾਲ ਇਸ ਦੀ ਬੜੀ ਸਮਾਨਤਾ ਹੈ। ਆਧੁਨਿਕ ਬਲਗੇਰੀਅਨ ਉੱਤੇ ਤੁਰਕੀ, ਗ੍ਰੀਕ, ਰੋਮਾਨੀਅਨ ਅਤੇ ਅਲਬੇਨੀਅਨ ਦਾ ਚੋਖਾ ਅਸਰ ਹੈ।

ਮਹਾ-ਰੂਸੀ (Great Russian) ਰੂਸ ਦੀ ਸਟੈਂਡਰਡ ਭਾਸ਼ਾ ਹੈ। 'ਚਿੱਟੀ ਰੂਸੀ' ਅਤੇ 'ਲਘੂ ਰੂਸੀ' ਇਸ ਦੇ ਹੋਰ ਰੂਪ ਹਨ ਜਿਹੜੇ ਹੰਗਰੀ (Hungary) ਤਕ ਫੈਲੇ ਹੋਏ ਹਨ : ਚੈਕੋਸਲੋਵਾਕੀਆ ਦੀ ਚੈਕ ਭਾਸ਼ਾ ਅਤੇ ਪੋਲੈਂਡ ਦੀ ਪੋਲਿਸ਼ ਵੀ ਮਹੱਤਵ-ਪੂਰਨ ਹਨ ਅਤੇ ਆਪਣੀ ਗੁਲਾਮੀ ਦੇ ਸਮੇਂ ਵਿਚ ਇਨਾਂ ਭਾਸ਼ਾਵਾਂ ਨੂੰ ਸੁਰਜੀਤ ਰਖਣ ਦਾ ਸਿਹਰਾ ਇਨ੍ਹਾਂ ਲੋਕਾਂ ਦੀ ਰਾਸ਼ਟਰੀ ਭਾਵਨਾ ਦੇ ਸਿਰ ਤੇ ਹੈ। ਹੁਣ ਇਨ੍ਹਾਂ ਦੀ ਪ੍ਰਫੁਲਤਾ ਹੋ ਰਹੀ ਹੈ।

ਰਾਜਨੀਤਕ ਵਿਸਤਾਰ ਦੇ ਸਦਕਾ ਰੂਸੀ ਦੱਖਣ ਵਲ Caucasus ਵਿਚ ਅਤੇ ਚੜ੍ਹਦੇ ਵਲ Siberia ਤਕ ਫੈਲ ਗਈ ਹੈ। ਹੁਣ ਵੀ ਇਹ ਪ੍ਰਸਾਰ ਜਾਰੀ ਹੈ। ਅਜ 'ਰੂਸੀ' ਦੁਨੀਆਂ ਦੀਆਂ ਸਭ ਤੋਂ ਵਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚੋਂ ਇਕ ਹੈ।

ਅਰਮੀਨੀਅਨ ਭਾਸ਼ਾ

(The Armenian branch of languages)

ਅਰਮੀਨੀਅਨ ਸ਼ਾਖਾ ਦਖਣੀ caucasus ਅਤੇ ਪਛਮੀ ਤੁਰਕੀ ਵਿਖੇ ਪ੍ਰਚਲਤ ਹੈ। ਅੱਕਾਦੀਅਨ ਅਤੇ ਗ੍ਰੀਕ ਦੇ ਹਵਾਲਿਆਂ ਤੋਂ ਕਿਆਸ ਕੀਤਾ ਜਾਂਦਾ ਹੈ ਕਿ ਅਰਮੀਨੀ ਲੋਕ ਅਰਮੀਨੀਆਂ ਵਿਚ ਈਸਾ ਤੋਂ ਕੁਝ ਸਦੀਆਂ ਪਹਿਲਾਂ ਹਜਰਤ ਕਰ ਕੇ ਆਏ ਸਨ। ਭਾਸ਼ਾ ਦੇ ਪ੍ਰਾਚੀਨ ਰੂਪ ਪੰਜਵੀਂ ਸਦੀ ਤੋਂ ਪਹਿਲਾਂ ਦੇ ਨਹੀਂ ਹਨ। ਅਰਮੀਨੀਅਨ ਦੇ ਪ੍ਰਾਚੀਨ ਰੂਪ ਈਸਾਈ ਪਾਦਰੀਆਂ ਵਲੋਂ ਕੀਤੇ ਗਏ ਧਾਰਮਿਕ ਉਲਥਿਆਂ ਵਿਚ ਹੀ ਸੁਰਖਿਅਤ ਹਨ। ਵਰਤਮਾਨ ਅਰਮੀਨੀਅਨ ਦੀਆਂ ਦੋ ਪੜਸ਼ਾਖਾਂ ਹਨ। ਨਕਸ਼ਾ ਇਉਂ ਹੈ :-

Armenian Languages
— Phrygian (?)
— old Armenian: Modern Armenian
    | Ararat (Asiatic)
    | Stambul (European)

ਅਰਾਰਾਟ ਦੀ ਵਰਤੋਂ ਏਸ਼ੀਆ ਵਿਚ ਹੁੰਦੀ ਹੈ ਪਰ ਸਤੰਬੂਲ ਯੂਰਪ ਦੇ ਹਿੱਸੇ ਵਿਚ ਬੋਲੀ ਜਾਂਦੀ ਹੈ। ਅਰਮੀਨੀਆ ਉੱਤੇ ਈਰਾਨੀ ਬੋਲੀਆਂ ਦਾ ਬੇਅੰਤ ਪ੍ਰਭਾਵ ਹੈ ਕਿਉਂਕਿ ਇਸ ਇਲਾਕੇ ਉੱਤੇ ਈਰਾਨੀ ਸ਼ਹਿਜ਼ਾਦਿਆਂ ਦੀ ਹਕੂਮਤ ਰਹੀ ਹੈ। ਬਾਦਸ਼ਾਹੀ ਦਰਬਾਰ ਅਤੇ ਸਭਿਆਚਾਰ ਲਈ ਵਰਤੀ ਜਾਂਦੀ ਅਰਮੀਨੀ ਉੱਤੇ ਈਰਾਨੀ/ਫ਼ਾਰਸੀ ਦਾ ਬਹੁਤ ਹੀ ਗ਼ਲਬਾ ਹੈ। ਇਸ ਉੱਤੇ ਸਾਮੀ ਭਾਸ਼ਾਵਾਂ (ਅਰਬੀ ਆਦਿ) ਦਾ ਵੀ ਕਾਫ਼ੀ ਪ੍ਰਭਾਵ ਹੈ।

ਅਰਮੀਨੀਅਨ ਦੀ ਸਤੰਬੂਲ ਭਾਸ਼ਾ ਕਾਲੇ ਸਾਗਰ ਦੇ ਕੰਢੇ Constantinople ਵਿਚ ਬੋਲੀ ਜਾਂਦੀ ਹੈ।

7

ਹਿੰਦ - ਈਰਾਨੀ ਭਾਸ਼ਾ-ਵਰਗ

(The Indo-Iranian branch of Languages)

ਹਿੰਦ-ਈਰਾਨੀ 'ਭਾਰਤ-ਯੂਰਪੀ' ਭਾਸ਼ਾ-ਪਰਿਵਾਰ ਦੇ 'ਸ਼ਤਮ-ਵਰਗ' ਦੀ ਇਕ ਮਹੱਤਵ-ਪੂਰਨ ਸ਼ਾਖਾ ਹੈ। ਇਸ ਨੂੰ 'ਆਰਯ ਸ਼ਾਖਾ' ਵੀ ਕਿਹਾ ਜਾਂਦਾ ਹੈ। ਕਿਉਂਕਿ ਭਾਰਤੀ ਆਰੀਆ ਲੋਕ ਆਪਣੇ ਆਪ ਨੂੰ 'ਆਰਯ' ਤਾਂ ਆਖਦੇ ਹੀ ਸਨ, ਈਰਾਨੀ ਵੀ ਇਸ ਨਾਂ ਨਾਲ ਸੰਬੋਧਤ ਹੁੰਦੇ ਸਨ। ਆਰਯ ਦਾ ਈਰਾਨੀ (ਅਵੇਸਤਕ) ਰੂਪ Airya ਹੈ ਜਿਹੜਾ ਕਿ ਸੰਬੰਧ ਕਾਰਕ ਦੇ ਬਹੁਵਚਨੀ ਪ੍ਰਤਿਐ ਨਾਲ ਜੁੜਕੇ airyana ਬਣਿਆ, ਫਿਰ ਪਹਲਵੀ ਵਿਚ eran ਅਤੇ ਫਿਰ 'ਈਰਾਨ' ਬਣਿਆ ਹੈ। ਇਸ ਦੇ ਟਾਕਰੇ ਦਾ ਸੰਸਕ੍ਰਿਤ 'ਸ਼ਬਦ 'ਆਰਯਾਣਾਮ੍' (ਸੰਬੰਧ ਕਾਰਕੀ ਰੂਪ) ਹੈ ਅਰਥਾਤ 'ਆਰੀਆਂ ਦਾ (ਦੇਸ)'। ਇਸ ਲਈ ਇਸ ਭਾਸ਼ਾ-ਸ਼ਾਖਾ ਨੂੰ 'ਆਰੀਆ ਸ਼ਾਖਾ' ਕਹਿਣਾ ਦਰੁਸਤ ਹੈ। ਪਰ ਆਮ ਕਰਕੇ ਇਸ ਨੂੰ Indo-Iranian ਹੀ ਕਿਹਾ ਜਾਂਦਾ ਹੈ।

ਹਿੰਦ-ਈਰਾਨੀ ਸ਼ਾਖਾ ਨਾਲ ਹੀ ਇਸ ਬੰਨੇ ਸੰਸਕ੍ਰਿਤ ਪ੍ਰਾਕ੍ਰਿਤਾਂ, ਅਪਭ੍ਰੰਸ਼ਾਂ, ਅਤੇ ਪੰਜਾਬੀ ਆਦਿ ਦਾ ਸੰਬੰਧ ਹੈ। ਅਤੇ ਦੂਜੇ ਬੰਨੇ ਅਗਨੀ-ਪੂਜ ਪਾਰਸੀਆਂ ਦੀ ਧਰਮ ਭਾਸ਼ਾ,

'ਅਵੇਸਤਾ', 'ਜ਼ੰਦ-'ਅਵੇਸਤਾ', 'ਗਾਥਾ' ਅਤੇ ਪਹਿਲਵੀ, ਫਾਰਸੀ-ਈਰਾਨੀ ਭਾਸ਼ਾ—ਪਤਾ ਇਸੇ ਨਾਲ ਹੀ ਸੰਬੰਧਤ ਹਨ।

ਹਿੰਦ–ਆਰੀਆ ਭਾਸ਼ਾ-ਪਰਿਵਾਰ (Indo–Aryans) ਦਾ ਤਾਂ ਸੰਸਾਰ ਨੂੰ ਕਾਫ਼ੀ ਚਿਰਾਂ ਤੋਂ ਪਤਾ ਸੀ ਪਰ ਈਰਾਨੀ ਪਰਿਵਾਰ ਦਾ ਸਾਖਿਆਤਕਾਰ (ਖੋਜ) ਦੁਨੀਆਂ ਦੇ ਵਿਦਵਾਨਾਂ ਲਈ ਬੜਾ ਰੋਚਕ ਤੇ ਦਿਲਚਸਪ ਸਿਧ ਹੋਇਆ ਹੈ। 18ਵੀਂ ਸਦੀ ਦੀ ਪਹਿਲੀ ਚੁਥਾਈ ਵਿਚ ਅਵੇਸਤਾ ਦੇ ਨੁਸਖ਼ੇ (ਹੱਥ ਲਿਖਤ ਗ੍ਰੰਥ) ਯੂਰਪ ਵਿਚ ਪਹੁੰਚੇ ਸਨ ਉਥੇ ਉਨ੍ਹਾਂ ਨੂੰ ਕੋਈ ਪੜ੍ਹਨ ਵਾਲਾ ਨਹੀਂ ਸੀ। ਓੜਕ ਨੂੰ ਇਕ ਫਰਾਂਸੀਸੀ Anquetil du Perron 1754 ਵਿਚ ਹਿੰਦੁਸਤਾਨ ਆਇਆ ਅਤੇ ਸੂਰਤ ਵਿਚ ਰਹਿਕੇ ਉਹ ਅਠ ਸਾਲਾਂ ਤਕ ਅਵੇਸਤਾ ਦੀ ਭਾਸ਼ਾ ਤੇ ਲਿਪੀ ਪਾਰਸੀ ਪੁਜਾਰੀਆਂ ਕੋਲੋਂ ਪੜ੍ਹਦਾ ਰਿਹਾ। ਅਖੀਰ 1771 ਵਿਚ ਉਸ ਨੇ ਅਵੇਸਤਾ ਦਾ ਮੂਲ ਟੈਕਸਟ ਤੇ ਅਨੁਵਾਦ ਪ੍ਰਕਾਸ਼ਿਤ ਕਰਵਾਇਆ।

ਉਦੋਂ ਤੋਂ ਯੂਰਪੀਨ ਸਕਾਲਰ ਅਵੇਸਤਾ ਤੇ ਈਰਾਨੀ ਭਾਸ਼ਾ ਬਾਰੇ ਮੁਤਾਲਿਆ ਕਰਦੇ ਰਹੇ। ਅੰਤ ਨੂੰ 1826 ਵਿਚ ਡੈਨਿਸ਼ ਵਿਦਵਾਨ Rask ਨੇ ਇਹ ਐਲਾਨ ਕੀਤਾ ਕਿ ਸੰਸਕ੍ਰਿਤ ਅਤੇ ਅਵੇਸਤਾ ਵਿਚ ਬੜੀ ਗੂੜ੍ਹੀ ਭਾਸ਼ਾਗਤ ਸਾਂਝ ਹੈ। ਇਹ ਸਾਂਝ ਉਦੋਂ ਪ੍ਰਮਾਣਿਕ ਰੂਪ ਵਿਚ ਸਵੀਕਾਰ ਹੋਈ ਜਦੋਂ ਯੂਰਪ ਦੇ ਸੰਸਕ੍ਰਿਤ-ਵਿਦਵਾਨ ਵੀ ਅਵੇਸਤਾ ਦੇ ਅਧਿਐਨ ਵਿਚ ਜੁਟੇ। ਜਰਮਨ ਭਾਸ਼ਾ-ਵਿਗਿਆਨੀ Bopp ਨੇ ਸੰਸਕ੍ਰਿਤ-ਅਵੇਸਤਾ ਦਾ ਤੁਲਨਾਤਮਕ ਵਿਆਕਰਣ ਪ੍ਰਕਾਸ਼ਿਤ ਕੀਤਾ ਅਤੇ Jackson ਨੇ Avesta Grammar ਦੀ ਰਚਨਾ ਕੀਤੀ।[1] ਇਸ ਤਰ੍ਹਾਂ ਯੂਰਪੀ ਵਿਦਵਾਨ ਦੀ ਮਿਹਨਤ ਨਾਲ ਹਿੰਦ-ਈਰਾਨੀ ਸ਼ਾਖਾ ਦਾ ਪੂਰਾ ਪੂਰਾ ਗਿਆਨ ਹੋ ਸਕਿਆ।

ਜੱਦੀ ਘਰ

ਐਸ, ਕੇ. ਚਟਰਜੀ ਦਾ ਵਿਚਾਰ ਹੈ ਕਿ ਹਿੰਦ-ਈਰਾਨੀ ਭਾਸ਼ਾ ਦੇ ਪੂਰਵਜ ਤੀਜੀ–ਸਹਸ੍ਰਾਬਦੀ ਪੂ. ਈ. (Millennium) ਦੇ ਦੂਜੇ ਅੱਧ ਵਿਚ 'ਯੂਰਾਲ ਪਰਬਤ ਦੇ ਦਖਣੀ ਪਾਸੇ ਦੇ ਕਿਰਗੀਜ਼ ਮੈਦਾਨ' ਵਾਲੇ ਜੱਦੀ ਘਰ ਨੂੰ ਛੱਡਕੇ ਸਭ ਤੋਂ ਪਹਿਲਾਂ ਉਤਰੀ ਮੱਧ ਏਸ਼ੀਆ ਦੇ ਮੈਦਾਨਾਂ ਵਲ ਤੁਰੇ ਅਤੇ ਕਾਕੇਸ਼ਸ (Caucasus) ਤੇ ਮੈਸੋਪੋਟਾਮੀਆਂ ਵਿਚੋਂ ਪੈਂਡੇ ਮਾਰਦੇ ਹੋਏ ਈਰਾਨ ਪਹੁੰਚੇ। ਬਾਕੀ ਸ਼ਾਖਾਵਾਂ ਨਿਖੜਕੇ ਪੱਛਮ ਵਲ ਤੁਰ ਪਈਆਂ ਅਤੇ ਸ਼ਾਇਦ ਪੋਲੈਂਡ ਪਹੁੰਚੀਆਂ ਜਿਹੜੀ ਧਰਤੀ 'ਵੀਰਾਸ' ਲਈ ਸਜਰਾ 'ਵਿਕਾਸ-ਕੇਂਦਰ' (nidus) ਬਣੀ।[2] ਇਹ ਸੰਭਵ ਹੈ ਕਿ ਹਿੰਦ-ਇਰਾਨੀ ਸ਼ਾਖਾ ਦੇ ਵਿਛੜਨ

---

1. P. D. Gune *'An Introduction to Comparative Philology'* pp. 125–26

2. *Indo-Aryans and Hindi*, p. 12–13

ਤੋਂ ਪਹਿਲਾਂ ਹਿੱਟਾਈਟ ਤੇ ਤੋਖਾਰੀ ਨਸ ਭਾਸ਼ਾ ਟੋਲੀ ਸਥਾਨ ਵਲੋਂ ਵਿਛੜ ਚੁਕੀਆਂ ਸਨ ਪਰ ਇਹ ਸਹੀ ਜਾਪਦਾ ਹੈ ਕਿ ਬਾਕੀ ਪੱਛਮੀ ਘਰਾਂਚਾਂ ਤੋਂ ਕਿਤੇ ਪਹਿਲਾਂ ਇਹ ਹਿੰਦ-ਈਰਾਨੀ ਸ਼ਾਖਾ ਯਕੀਨਨ ਮੂਲ ਘਰ ਤੋਂ ਈਰਾਨ ਵਲ ਰਵਾਨਾ ਹੋ ਚੁਕੀ ਸੀ। Eduard Meyer ਅਨੁਸਾਰ ਹਿੰਦ-ਈਰਾਨੀ ਭਾਸ਼ਾ ਟੋਲੀ ਕਾਫੀ ਚਿਰ ਏਧਰ-ਉਧਰ ਤੁਰਦੀ ਫਿਰਦੀ ਆਖ਼ਰਕਾਰ ਪਾਮੀਰ ਪ੍ਰਦੇਸ (Pamir region) ਵਿਚ ਵਸ ਗਈ। ਇਹੋ ਪ੍ਰਦੇਸ਼ ਅਣਵੰਡੀ ਹਿੰਦ-ਈਰਾਨੀ ਸ਼ਾਖਾ ਦਾ 'ਮੂਲ ਘਰ' ਕਿਹਾ ਜਾ ਸਕਦਾ ਹੈ। ਪਰ Ernest Harzfeld ਓਕਸਸ-ਘਾਟੀ (Oxus and Jaxartes) ਨੂੰ ਇਸ ਸ਼ਾਖਾ ਦਾ 'ਮੂਲ ਨਿਵਾਸ ਮੰਨਦਾ ਹੈ।[1] ਡਾ: ਗ੍ਰੀਅਰਸਨ ਵੀ ਇਸ ਸਿਧਾਂਤ ਦੇ ਸਮਰਥਕ ਹਨ। ਏਥੇ ਹੀ ਹਿੰਦ-ਈਰਾਨੀ ਸ਼ਾਖਾ ਦੀ ਅਣਵੰਡੀ ਟੋਲੀ ਵਿਚ ਆਪਣਾ ਹੀ ਇਕ ਸਾਂਝਾ ਸਭਿਆਚਾਰ, ਮਿਥਿਹਾਸ ਤੇ ਧਰਮ ਪੈਦਾ ਹੋਇਆ ਜਿਸ ਦੇ ਸਹੀ ਸਰੂਪ ਨੂੰ 'ਵੇਦਾਂ' ਅਤੇ 'ਅਵੇਸਤਾ ਗ੍ਰੰਥਾਂ' ਦੇ ਤੁਲਨਾਤਮਕ ਅਧਿਐਨ ਤੋਂ ਭਲੀ ਪ੍ਰਕਾਰ ਵੇਖਿਆ ਜਾ ਸਕਦਾ ਹੈ। ਮੂਲ ਹਿੰਦ-ਈਰਾਨੀ ਵਰਗ ਦੇ ਸਾਂਝੇ ਧਰਮ ਤੇ ਮਿਥਿਹਾਸ ਦੇ ਪ੍ਰਮਾਣ ਉਨ੍ਹਾਂ ਵਿਚ ਪ੍ਰਚਲਤ ਕਰਮ-ਕਾਂਡੀ ਸ਼ਬਦ (cult-words) ਤੋਂ ਨਿਰਸੰਦੇਹ ਉਪਲਬਧ ਹੁੰਦੇ ਹਨ।

ਮਿਸਾਲ ਵਜੋਂ :

ਵੈਦਿਕ ਸੰਸਕ੍ਰਿਤ	ਅਵੇਸਤਾ	ਪੰਜਾਬੀ ਅਰਥ
ਸੋਮ	haome	ਸੋਮ ਰਸ
ਹੋਤਾ (ਹੋਤ੍ਰਿ)	zuotar	ਹਵਨ ਕਰਨ ਵਾਲਾ
ਅਥਰਵਨ	ਅਥਰਵਨ	ਅਥਰਵਵੇਦ ਦੇ ਮੰਤਰ
ਮੰਤ੍ਰ	ਮੰਥ੍ਰ	ਰਿਚਾ ਜਾਂ ਸ਼ਲੋਕ
ਯਜਤ	yazata	–––
yajna	yasna	ਯੱਗ ਆਦਿ
ਆਹੂਤਿ	ਆਜ਼ੂਤਿ	ਯਗ ਵਿਚ ਸਾਮਗ੍ਰੀ

ਮੂਲ ਹਿੰਦ-ਈਰਾਨੀ ਵਰਗ ਦੇ ਧਰਮ ਵਿਚ ਕੁਦਰਤੀ ਦੇਵੀ-ਦੇਵਤਿਆਂ ਦੀ ਲੰਮੀ ਕਤਾਰ ਮਿਲਦੀ ਹੈ ਪਰ ਮੋਟੇ ਤੌਰ ਤੇ ਇਹ ਧਰਮ ਦੋ ਤਰ੍ਹਾਂ ਦਾ ਰੂਪ ਅਖਤਿਆਰ ਕਰਕੇ ਪ੍ਰਚਲਿਤ ਹੋਇਆ ਸੀ 'ਅਸੁਰ-ਧਰਮ" ਅਤੇ ਦੂਜਾ ਸੀ 'ਦੇਵ-ਧਰਮ'। ਹਿੰਦ-

1. 'The Vedic Age' Ed. K. M. Munshi, p, 222

ਈਰਾਨੀਆਂ ਦਾ ਦੇਵ-ਧਰਮ ਭਾਰੋਪੀਯਾਂ ਦੇ *deivo ਦਾ ਵਿਗੜਿਆ ਰੂਪ ਲਗਦਾ ਹੈ ਪਰ ਅਸੁਰ-ਧਰਮ ਬਿਲਕੁਲ ਨਵਾਂ ਸੰਕਲਪ ਸੀ। Christensen ਦਾ ਖਿਆਲ ਹੈ ਕਿ ਅਸੁਰ-ਧਰਮੀ ਹਿੰਦ-ਈਰਾਨੀ ਲੋਕ ਵਧੇਰੇ ਸੁਸਭਿਅ ਤੇ ਪ੍ਰਸ਼ਤਾ-ਖਿਆਲੀਏ ਸਨ ਜਿਥੇ ਕਿ ਦੇਵ-ਧਰਮੀ ਲੋਕ ਘੱਟ ਤਹਜ਼ੀਬ-ਯਾਫਤਾ ਅਤੇ ਲੁਟ-ਮਾਰ ਕਰਨ ਦੀਆਂ ਰੁਚੀਆਂ ਵਾਲੇ ਸਨ। ਅਸੁਰ-ਧਰਮੀ ਈਰਾਨ ਵਿਚ ਹੀ ਟਿਕੇ ਰਹੇ ਅਤੇ ਉਥੋਂ ਦੇ ਮਢੀਵੀ ਵਸਨੀਕ ਬਣ ਗਏ ਪਰ ਹਿੰਮਤੀ ਦੇਵ-ਧਰਮੀ ਉਥੋਂ ਅਗਾਂਹ ਵਧਕੇ ਪੂਰਬ ਵਲ ਤੁਰਦੇ ਹੋਏ ਅਖੀਰ ਹਿੰਦੁਸਤਾਨ ਵਿਚ ਅਪੜ ਗਏ।[1]

ਮੂਲ ਹਿੰਦ-ਈਰਾਨੀ ਸਾਂਝੇ ਧਰਮ ਦੀਆਂ ਕਈ ਹੋਰਨਾਂ ਗੱਲਾਂ ਵੀ ਉਲੇਖ-ਯੋਗ ਹਨ। ਉਨ੍ਹਾਂ ਵਿਚ ਜਨੇਊ-ਪੂਜਾ ਪ੍ਰਚਲਿਤ ਸੀ। ਦੇਵਤਿਆਂ ਦੀ ਗਿਣਤੀ 33 ਸੀ, ਮੂਰਤੀ-ਪੂਜਾ ਦਾ ਕੋਈ ਨਾਂ-ਨਿਸ਼ਾਨ ਨਹੀਂ ਸੀ। ਦੇਵ-ਧਰਮੀ ਤਾਂ ਹਿੰਦ ਵਲ ਤੁਰ ਪਏ ਪਰ ਪਿਛੋਂ ਅਸੁਰ-ਧਰਮ ਦਾ ਇਹ ਰੂਪ ਜ਼ੋਰੋਥੁਸਟਰਾ ਦੇ ਉਦੈ ਹੋਣ ਤਕ ਨਿਰੰਤਰ ਜਾਰੀ ਰਿਹਾ। ਜ਼ੋਰੋਥੁਸਟਰਾ ਦੀ ਹੈਸੀਅਤ ਉਹੋ ਹੀ ਹੈ ਜਿਹੜੀ ਕਿ ਭਾਰਤ ਵਿਚ ਭਗਵਾਨ ਬੁੱਧ ਦੀ ਹੈ ਅਤੇ ਗ੍ਰੀਸ ਵਿਚ Orpheus ਦੀ ਹੈ। ਇਹ ਸਾਰੇ ਹੀ ਮਹਾਂ ਪੁਰਸ਼ ਸਮਾਜ ਸੁਧਾਰਕ ਸਨ ਅਤੇ ਖਾਸ ਕਰਕੇ ਕੱਟੜ ਅਹਿੰਸਾਵਾਦੀ (ਅਦਮ-ਤਸ਼ੱਦਦ ਦੇ ਹਾਮੀ) ਸਨ। ਜ਼ੋਰੋਤੁਸਟ੍ਰਾ ਨੇ ਪਸ਼ੂਆਂ ਦੀ ਕੁਰਬਾਨੀ ਦਾ ਵਿਰੋਧ ਕੀਤਾ ਅਤੇ ਹੌਲੀ ਹੌਲੀ ਅਸੁਰ-ਧਰਮ ਨੂੰ ਪੈਰੋਂ ਕਢ ਮਾਰਿਆ।

ਹਿੰਦ-ਈਰਾਨੀ ਸ਼ਾਖਾ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ[2]

ਹਿੰਦ-ਈਰਾਨੀ ਭਾਸ਼ਾ ਦਾ ਵਿਕਾਸ-ਕਾਲ 2000 ਪੂ. ਈ. ਤੋਂ 1500 ਪੂ. ਈ. ਤਕ ਮੰਨਿਆ ਜਾਂਦਾ ਹੈ।

(1) ਮੂਲ ਭਾਰੋਪੀਯ ਦੇ ਤਿੰਨ ਮੂਲ ਸੁਰ / ਅ, ਏ, ਓ / ਗ੍ਰੀਕ, ਲੈਟਿਨ ਵਿਚ ਜਿਉਂ-ਦੇ-ਤਿਉਂ ਰਹੇ ਪਰ ਹਿੰਦ-ਈਰਾਨੀ ਵਿਚ ਇਨ੍ਹਾਂ ਤਿੰਨਾਂ ਦੀ ਥਾਂ / ਅ / ਧੁਨੀ ਆ ਗਈ :

1. Quoted in 'The Vedic Age' Ed KM Munshi, p. 224
2. *Elements of the Science of Language*, p. 307-8

ਭਾਰੋਪੀਯ	ਗ੍ਰੀਕ ਲੈਟਨ	ਸੰਸਕ੍ਰਿਤ	ਅਵੇਸਤਾ	ਪੰਜਾਬੀ
* nebhos	nephos	ਨਭਹ੍	nabo	ਨਭ (ਅਸਮਾਨ)
* ekuos	equus	ਅਸ਼ਵਹ੍	aspo	ਅਸ਼ਵ (ਘੋੜਾ)
* apo	apa	ਅਪ	apo ਫ਼ਾ. (ਆਬ)	ਆਬ (ਪਾਣੀ)

(2) ਭਾਰੋਪੀਯ ਅਰਧ ਹ੍ਰਸਵ ਸੁਰ (Schwa) / ə / ਹਿੰਦ-ਈਰਾਨੀ ਵਿਚ / ਇ / ਹੋ ਗਿਆ : ਗ੍ਰੀ. pater, ਸੰ. ਪਿਤਾ, ਅਵੇਸਤਾ pita.

(3) ਭਾਰੋਪੀਯ ਦੇ ਮੂਲ-ਕੰਠੀ ਵਿਅੰਜਨ / ਕ, ਖ, ਗ, ਘ / ਤਰਤੀਬ ਵਾਰ / ਸ਼, ਸ਼ਹ, ਜ਼, ਜ਼ਹ / ਹੋ ਗਏ।

ਸੰਖੇਪ ਵਿਚ ਇਸ਼ਾਰੇ ਮਾਤਰ ਦੀ ਇਹ ਤੁਲਨਾ ਇਹ ਸਿਧ ਕਰਦੀ ਹੈ ਕਿ ਹਿੰਦ-ਈਰਾਨੀ ਭਾਸ਼ਾ ਵਰਗ ਦੀਆਂ ਪ੍ਰਤਿਨਿਧ ਸੰਸਕ੍ਰਿਤ ਤੇ ਅਵੇਸਤਾ ਬੋਲੀਆਂ ਆਪਣੀ ਮੂਲ ਭਾਰੋਪੀਯ ਭਾਸ਼ਾ ਨਾਲ ਕਾਫੀ ਮਿਲਦੀਆਂ ਹਨ।

ਵੰਡ :

ਹਿੰਦ-ਈਰਾਨੀ ਮੂਲ ਭਾਸ਼ਾ-ਘਰਾਣੇ ਨੂੰ ਅਗਲੇ ਉਪ-ਘਰਾਣਿਆਂ ਵਿਚ ਵੰਡਿਆ ਜਾਂਦਾ ਹੈ। ਕਈਆਂ ਦਾ ਕਿਆਸ ਹੈ ਕਿ ਹਿੰਦ-ਈਰਾਨੀ ਬੋਲੀ ਵਾਲੇ ਓਕਸਸ-ਘਾਟੀ ਤੋਂ ਨਿਖੜਕੇ ਹੋਰ ਅਗੇ ਵਧੇ। ਇਕ ਟੋਲੀ ਈਰਾਨ ਚਲੀ ਗਈ, ਦੂਜੀ ਕਸ਼ਮੀਰ ਅਤੇ ਉਸ ਦੇ ਆਲੇ ਦੁਆਲੇ ,ਅਤੇ ਤੀਜੀ ਟੋਲੀ ਗਾਂਧਾਰ (ਕੰਧਾਰ) ਦੇਸ ਨੂੰ ਲੰਘ ਕੇ ਖੈਬਰ ਤੇ ਤੇ ਬੋਲਾਨ ਦਰਰਿਆਂ ਥਾਣੀ ਸਪਤ ਸਿੰਧੂ (ਪੰਜਾਬ) ਵਿਚ ਦਾਖਲ ਹੋ ਗਈ। ਇਸ ਤਰ੍ਹਾਂ ਹਿੰਦ-ਈਰਾਨੀ ਕੌਮ ਤਿੰਨ ਟੋਲਿਆਂ ਵਿਚ ਵੰਡੀ ਗਈ ਅਤੇ ਨਾਲ ਹੀ ਹਿੰਦ-ਈਰਾਨੀ ਭਾਸ਼ਾ ਤਿੰਨ ਸ਼ਾਖਾਵਾਂ ਵਿਚ ਵਿਕਸਿਤ ਹੋਈ। ਹਿੰਦ-ਈਰਾਨੀ ਦੀ ਵੰਡ ਬਾਬਤ ਤਿੰਨ ਮਤ ਹਨ। ਸਟੇਨ ਕੋਨੋਵ (Sten Konow) ਹਿੰਦ-ਇਰਾਨੀ ਦੀਆਂ 'ਹਿੰਦ-ਆਰੀਆਈ' ਤੇ 'ਈਰਾਨੀ' ਦੋ ਸ਼ਾਖਾ ਮੰਨਦਾ ਹੈ ਅਤੇ 'ਦਰਦ' ਨੂੰ ਈਰਾਨੀ ਦੇ ਅੰਤਰਗਤ ਰਖਣ ਦੇ ਹਕ ਵਿਚ ਹੈ। ਜੂਲ ਬਲਾਖ (Jules Bloch) ਤੇ ਕੁਝ ਹੋਰ ਦੋ ਸ਼ਾਖਾ ਮੰਨਕੇ 'ਦਰਦ' ਨੂੰ ਭਾਰਤੀ ਭਾਸ਼ਾ ਵਿਚ ਗਿਣਦੇ ਹਨ। ਗ੍ਰੀਅਰਸਨ ਹਿੰਦ-ਈਰਾਨੀ ਦੀਆਂ ਤਿੰਨ ਸ਼ਾਖਾਂ ਮੰਨਦਾ ਹੈ। ਨਿਰਸੰਦੇਹ 'ਦਰਦ' ਭਾਸ਼ਾ ਕੁਲ ਹਿੰਦ-ਆਰੀਆਈ ਤੇ ਈਰਾਨੀ ਦੇ ਸੰਨ੍ਹ ਵਿਚ ਸਥਿਤ ਹੈ ਇਸ ਲਈ ਕੁਦਰਤੀ ਤੌਰ ਤੇ ਇਸ ਵਿਚ ਦੋਹਾਂ ਪਾਸਿਆਂ ਦੀਆਂ ਭਾਸ਼ਾਈ ਖੂਬੀਆਂ

ਮਿਲਦੀਆਂ ਹਨ। ਇਸ ਹਾਲਤ ਵਿਚ ਇਹੋ ਨਿਆਇ-ਸੰਗਤ ਹੈ ਕਿ 'ਦਰਦ' ਨੂੰ ਇਕ ਸੁਤੰਤਰ ਤੇ ਅਲਗ ਸ਼ਾਖਾ ਮੰਨੀਏ। ਵੰਡ ਅਨੁਸਾਰ ਤਿੰਨ ਸ਼ਾਖਾ ਇਹ ਹਨ:

ਹਿੰਦ-ਈਰਾਨੀ ਭਾਸ਼ਾ-ਵਰਗ —
- —ਈਰਾਨੀ ਭਾਸ਼ਾ ਬੰਸ
- —ਦਰਦ
- —ਹਿੰਦ-ਆਰੀਆਈ

ਈਰਾਨੀ

ਓਕਸਸ ਦੀ ਘਾਟੀ ਤੋਂ ਵਿਛੜਕੇ ਹਿੰਦ-ਈਰਾਨੀਆਂ ਦੀ ਇਕ ਟੋਲੀ ਈਰਾਨ, ਮੱਧ ਏਸ਼ੀਆ ਵਿਚ ਪੂਰਬ ਵਲ ਚੀਨ ਦੇ ਕੰਢੇ ਤਕ ਅਤੇ ਦੂਜੇ ਬੰਨੇ ਕਾਕੇਸ਼ਸ ਤਕ ਅਤੇ ਅਫ਼ਗਾਨਿਸਤਾਨ ਤਕ ਫੈਲ ਗਈ। ਇਹੋ ਟੋਲੀ ਬਾਦ ਵਿਚ ਈਰਾਨੀ ਭਾਸ਼ਾ ਬੋਲਣ ਵਾਲੀ ਬਣ ਗਈ। ਈਰਾਨੀ ਭਾਸ਼ਾ ਵਿਚ ਛੇਤੀ ਹੀ ਕਾਫ਼ੀ ਸਾਰਾ ਧਾਰਮਿਕ ਸਾਹਿਤ ਪੈਦਾ ਹੋਇਆ ਜਿਸ ਦਾ ਖਾਸਾ ਸਾਰਾ ਹਿੱਸਾ ਮਹਾਨ ਸਿਕੰਦਰ (331 ਪੂ. ਈ.) ਦੇ ਹਮਲੇ ਸਮੇਂ ਪਰਸੇਪਾਲਿਸ ਦੇ ਭਿਆਨਕ ਅਗਨੀ ਕਾਂਡ ਵਿਚ ਸੜ ਦਿਤਾ ਗਿਆ। ਪੰਜ ਸਦੀਆਂ ਬਾਦ ਸਾਸਾਨੀ ਰਾਜ ਵਿਚ ਅਗਨੀ-ਭੇਟ ਹੋਏ ਸਾਹਿਤਕ ਨੁਕਸਾਨ ਨੂੰ ਮੁੜ ਪੂਰਾ ਕਰਨ ਦਾ ਯਤਨ ਕੀਤਾ ਗਿਆ ਪਰ ਇਸ ਨੂੰ ਵੀ ਖ਼ਲੀਫ਼ਾ ਅਲ-ਮੁਤਵੱਕਿਲ (847-61 ਈ.) ਦੇ ਹੁਕਮ ਨਾਲ ਹੋਈ ਗ਼ੈਰ-ਮੁਸਲਮਾਨਾਂ ਦੀ ਕਤਲੇ-ਆਮ ਵੇਲੇ ਤਬਾਹ ਕਰ ਦਿਤਾ ਗਿਆ। ਜੋ ਕੁਝ ਬਾਕੀ ਬਚਿਆਂ ਉਹ ਜ਼ੋਰੋਸਟਰਾ ਧਰਮ ਦੀਆਂ ਪਵਿਤਰ ਪੁਸਤਕਾਂ 'ਅਵੇਸਤਾ' ਦੀ ਸ਼ਕਲ ਵਿਚ ਪ੍ਰਾਪਤ ਹਨ।

ਪ੍ਰਾਚੀਨ ਈਰਾਨੀ ਬੋਲੀਆਂ ਵਿਚ ਲਿਖੇ ਕੁਝ ਸ਼ਿਲਾਲੇਖ ਵੀ ਮਿਲਦੇ ਹਨ ਜਿਹੜੇ ਹੈਖਮੀਨੀ ਰਾਜਵੰਸ਼ ਦੇ ਬਾਨੀ Kurush (558-30 ਪੂ. ਈ.) ਦੇ ਸਮੇਂ ਵਿਚ ਲਿਖੇ ਗਏ ਸਨ। ਇਨ੍ਹਾਂ ਵਿਚੋਂ ਸਭ ਤੋਂ ਵਧ ਮਸ਼ਹੂਰ, ਚੰਗੀ ਤਰ੍ਹਾਂ ਸੁਰਖਿਅਤ ਅਤੇ ਬੇਹਿਸਤੁਨ ਪਹਾੜੀ ਦੀ ਵਡੀ ਸਾਰੀ ਸਿਲ ਤੇ ਉਕਰੀ ਹੋਈ ਸ਼ਿਲਾ-ਲਿਖਤ, ਸ਼ਹਿਨਸ਼ਾਹ ਦਾਰਾ (Darius 522–486 ਪੂ. ਈ.) ਦੀ ਹੈ। ਇਨ੍ਹਾਂ ਸ਼ਿਲਾਲੇਖਾਂ ਦੇ ਅਧਿਐਨ ਤੋਂ ਈਰਾਨੀ ਭਾਸ਼ਾ ਦੇ ਪੁਰਾਤਨ ਰੂਪ ਦੀ ਪ੍ਰਮਾਣਿਕ ਜਾਣਕਾਰੀ ਮਿਲਦੀ ਹੈ।

ਈਰਾਨੀ ਦੀ ਵੰਡ

ਈਰਾਨੀ ਭਾਸ਼ਾ ਨੂੰ ਪਹਿਲਾਂ ਪੂਰਬੀ-ਈਰਾਨੀ ਤੇ ਪੱਛਮੀ–ਈਰਾਨੀ ਭੂਗੋਲਿਕ

ਤੌਰ ਤੇ ਦੋ ਹਿਸਿਆਂ ਵਿਚ ਵੰਡਿਆ ਜਾਂਦਾ ਹੈ। ਪਰ ਸਥਾਨਮੁਖੀ ਵੰਡ ਨਾਲੋਂ ਕਾਲਮੁਖੀ ਵੰਡ ਵਧ ਵਿਗਿਆਨਕ ਜਾਪਦੀ ਹੈ। ਕਾਲ ਨੂੰ ਆਧਾਰ ਬਣਾਕੇ ਕੀਤੀ ਗਈ ਵੰਡ ਮੁਤਾਬਕ 'ਈਰਾਨੀ' ਦੇ ਤਿੰਨ ਰੂਪ ਹਨ :

(1) ਪ੍ਰਾਚੀਨ ਈਰਾਨੀ
(2) ਮਧਕਾਲੀਨ ਈਰਾਨੀ
(3) ਨਵੀਨ ਈਰਾਨੀ

ਭਾਵੇਂ ਈਰਾਨੀ ਦਾ ਕਾਲ ਦੇ ਸੰਦਰਭ ਵਿਚ ਭਾਸ਼ਾਗਤ ਵਿਕਾਸ ਲੜੀਬੱਧ ਨਹੀਂ ਹੈ ਪਰ ਫਿਰ ਵੀ ਇਸ ਦੀ ਵੰਡ ਦੀ ਵਿਧੀ ਅਤੇ ਨਾਮਕਰਣ ਕਾਫੀ ਹਦ ਤਕ ਤਸੱਲੀਬਖ਼ਸ਼ ਹੈ। ਈਰਾਨੀ ਦੀ ਵਿਕਾਸ-ਪ੍ਰਕ੍ਰਿਆ ਹਿੰਦ-ਆਰੀਆਈ ਭਾਸ਼ਾ ਵਾਂਗੂ ਹੀ ਪੂਰੀ ਹੁੰਦੀ ਹੈ। ਹਿੰਦ-ਆਰੀਆ, ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼ ਅਤੇ ਨਵੀਨ ਭਾਸ਼ਾਵਾਂ ਦੀ ਵਿਕਾਸ-ਪ੍ਰਕ੍ਰਿਆ ਵਿਚੋਂ ਲੰਘਦੀ ਹੈ ਅਤੇ ਸਮਾਨੰਤਰ ਰੂਪ ਵਿਚ ਈਰਾਨੀ ਵੀ ਪ੍ਰਾਚੀਨ ਫਾਰਸੀ, ਅਵੇਸਤਾ, ਪਹਿਲਵੀ ਅਤੇ ਆਧੁਨਿਕ ਫਾਰਸੀ ਦੇ ਪੜਾਵਾਂ ਨੂੰ ਪਾਰ ਕਰਦੀ ਹੈ। ਇਨ੍ਹਾਂ ਦੋਹਾਂ ਭਾਸ਼ਾ-ਕੁਲਾਂ ਦਾ ਸਮਾ ਵੀ ਲਗ ਭਗ ਮਿਲਵਾਂ ਹੈ ਅਤੇ ਵਿਕਾਸ ਪ੍ਰਕ੍ਰਿਆ ਵੀ ਕਾਫੀ ਹਦ ਤਕ ਮਿਲਦੀ ਹੈ।

(1) ਪ੍ਰਾਚੀਨ ਈਰਾਨੀ :

ਲੇਹਮਾਨ ਦੇ ਵਿਚਾਰ ਅਨੁਸਾਰ ਪ੍ਰਾਚੀਨ ਈਰਾਨੀ ਦੀਆਂ ਦੋ ਬੋਲੀਆਂ ਸਨ : 'ਅਵੇਸਤਾ' ਤੇ 'ਪ੍ਰਾਚੀਨ ਫਾਰਸੀ'।

ਅਵੇਸਤਾ : ਅਵੇਸਤਾ ਸ਼ਬਦ ਦਾ ਅਰਥ ਹੈ 'ਸ਼ਾਸਤ੍ਰ' ਜਾਂ 'ਗਿਆਨ ਦੀ ਪੁਸਤਕ'। ਤਾਰਾਪੁਰਵਾਲਾ (ਫੁਟਨੋਟ, ਪੰਨਾ 309) ਦਾ ਵਿਚਾਰ ਹੈ ਕਿ ਅਵੇਸਤਾ ਦਾ ਮਤਲਬ 'ਧਰਮ ਪੁਸਤਕ=scriptures" ਹੈ। ਇਸ ਦਾ ਨਿਕਾਸ ਮੂਲ ਧਾਤੂ 'ਅਸ੍' ਤੇ 'ਅਕਿ' ਤੋਂ ਹੁੰਦਾ ਹੈ। ਪਰ ਹੁਣ ਇਹੋ ਅਵੇਸਤਾ ਨਾਂ ਧਰਮ ਪੁਸਤਕ ਦੀ ਭਾਸ਼ਾ ਲਈ ਵਰਤਿਆ ਜਾਂਦਾ ਹੈ ਅਤੇ ਪੁਰਾਣਾ ਨਾਂ 'ਜ਼ੰਦ' ਅਤੇ 'ਪ੍ਰਾਚੀਨ ਬੈਕਟ੍ਰੀਅਨ' ਤਿਆਗਿਆ ਗਿਆ ਹੈ। ਕਈ ਵਾਰ ਇਸ ਭਾਸ਼ਾ ਨੂੰ ਜ਼ੰਦੇਵਸਤਾ' ਵੀ ਕਿਹਾ ਜਾਂਦਾ ਹੈ।

ਡਾ. ਭੋਲਾਨਾਥ ਤਿਵਾਰੀ ਦਾ ਕਥਨ ਹੈ ਕਿ ਜਿਸ ਤਰ੍ਹਾਂ 'ਵੇਦ' ਸ਼ਬਦ ਦੀ ਵਿਉਤਪਤੀ ਸੰਸਕ੍ਰਿਤ ਧਾਤੂ 'ਵਿਦ੍' ਤੋਂ ਹੁੰਦੀ ਹੈ ਜਿਸ ਦਾ ਅਰਥ 'ਜਾਣਨਾ' ਹੈ ਉਸੇ ਤਰ੍ਹਾਂ ਅਵੇਸਤਾ ਸ਼ਬਦ ਦਾ ਨਿਕਾਸ ਈਰਾਨੀ ਧਾਤੂ 'ਵਿਦ੍' ਤੋਂ ਹੁੰਦਾ ਹੈ ਜਿਸ ਦਾ

ਅਰਥ ਵੀ 'ਗਿਆਨ' ਹੈ। ਨਿਰੁਕਤੀ ਦੇ ਇਸ ਪੱਖ ਤੋਂ 'ਵੇਦ' ਤੇ 'ਅਵੇਸਤਾ' ਦੋਵੇਂ ਇਕੋ ਮੂਲ ਤੋਂ ਉਪਜੇ ਸ਼ਬਦ ਹਨ। ਅਗਨੀਪੂਜ ਪਾਰਸੀਆਂ ਦੇ ਧਰਮ ਗ੍ਰੰਥ ਦਾ ਨਾਂ ਹੈ 'ਅਵੇਸਤਾ' ਅਤੇ ਉਸੇ ਲੜੀ ਵਿਚ ਉਨ੍ਹਾਂ ਧਰਮ ਗ੍ਰੰਥਾਂ ਦੀ ਭਾਸ਼ਾ ਦਾ ਨਾਂ ਵੀ ਅਵੇਸਤਾ ਹੈ।

[1]ਅਵੇਸਤਾ (ਕਦੇ ਜੰਦ ਜਾਂ ਪ੍ਰਾਚੀਨ ਬੈਕਟ੍ਰੀਅਨ) ਬੈਕਟ੍ਰੀਆ ਦੇ ਬਾਦਸ਼ਾਹ ਵਿਸ਼ਤਾਸਪ (vis'taspa) ਦੀ ਰਾਜ ਭਾਸ਼ਾ ਸੀ। ਇਸੇ ਬਾਦਸ਼ਾਹ ਨੂੰ ਜ਼ੋਰੋਥੋਸਟ੍ਰਾ ਨੇ ਆਪਣੇ ਧਰਮ ਵਿਚ ਦੀਖਿਅਤ ਕੀਤਾ ਸੀ। ਜ਼ੋਰੋਥੋਸਟ੍ਰਾ-ਧਰਮ ਦੀ ਪਵਿਤ੍ਰ ਸਾਮਗ੍ਰੀ 21 ਜਿਲਦਾਂ ਵਿਚ ਸੰਗ੍ਰਹਿ ਕੀਤੀ ਗਈ ਦੱਸੀ ਜਾਂਦੀ ਹੈ ਅਤੇ ਵਿਸ਼ੇ ਅਨੁਸਾਰ ਤਰਤੀਬ ਦਿਤੀ ਗਈ ਹੈ। ਅਵੇਸਤਾ ਦਾ ਸੰਕਲਨ ਦਾਰਾ ਪ੍ਰਥਮ ਦੇ ਜ਼ਮਾਨੇ ਵਿਚ ਹੋਇਆ ਅਤੇ ਉਦੋਂ ਇਨ੍ਹਾਂ ਸੰਕਲਨਾਂ ਨੂੰ ਚੰਮ ਦੇ ਚੀਰਾਂ ਉਤੇ ਅੰਕਿਤ ਕਰ ਕੇ ਪਰਸੇਪਾਲਿਸ ਦੇ ਸ਼ਾਹੀ ਅਜਾਇਬ ਘਰਾਂ ਵਿਚ ਸੁਰਖਿਅਤ ਕੀਤਾ ਗਿਆ। ਜਦੋਂ ਸਿਕੰਦਰ ਨੇ ਪਰਸੇਪਾਲਿਸ ਨੂੰ ਸਾੜਿਆ ਤੇ ਫੂਕਿਆ ਉਦੋਂ ਇਹ ਸੰਕਲਨ ਵੀ ਅਗਨੀ ਭੇਟ ਹੋ ਗਏ ਅਤੇ ਨਸ਼ਟ ਹੋ ਗਏ। ਸੰਭਵ ਹੈ ਇਸ ਦੀਆਂ ਹੋਰ ਨਕਲਾਂ ਹੋਣ ਪਰ ਉਨ੍ਹਾਂ ਦਾ ਕੋਈ ਨਿਸ਼ਾਨ ਨਹੀਂ ਬਚਿਆ। ਪਰ ਇਹ ਪ੍ਰਤੀਤ ਹੁੰਦਾ ਹੈ ਕਿ ਅਗਲੀਆਂ ਪੰਜ ਸਦੀਆਂ ਦੇ ਦੌਰਾਨ ਮੈਕਡੋਨੀਅਨ (Macedonian Conquest) ਵਿਜੈ ਦੇ ਸਮੇਂ ਅਵੇਸਤਾ ਦੇ ਕਈ ਗ੍ਰੰਥ ਪੁਜਾਰੀਆਂ ਨੂੰ ਜ਼ਬਾਨੀ ਯਾਦ ਰਹੇ ਹੋਣਗੇ। ਫਿਰ ਜਦੋਂ ਜੋਰੋਸਟ੍ਰਾ-ਧਰਮ ਦੀ ਪੁਨਰ-ਸੁਰਜੀਤੀ ਹੋਈ ਅਤੇ Valkhash (Vologeses I 51–77 A. D.) ਦੇ ਰਾਜ-ਕਾਲ ਵਿਚ ਇਹ ਰਾਜ-ਧਰਮ ਵਜੋਂ ਸਤਿਕਾਰਿਆ ਜਾਣ ਲਗਾ, ਤਾਂ ਇਹ 21 Nasks ਫਿਰ ਇਕਤ੍ਰ ਕਰ ਕੇ ਲਿਖਤੀ ਰੂਪ ਵਿਚ ਪ੍ਰਗਟਾਏ ਗਏ। ਇਹ ਕਾਰਜ ਸਾਸਾਨੀ ਰਾਜ ਵਿਚ ਜਾਰੀ ਰਿਹਾ ਅਤੇ ਪਹਿਲੇ ਦੋ ਬਾਦਸ਼ਾਹਾਂ Ardashir I (226-240 A. D.) ਅਤੇ Shapur I (240-271 A. D.) ਦੇ ਸਮੇਂ ਇਹ ਕਾਰਜ ਮੁਕੰਮਲ ਹੋਇਆ। ਅਰਬਾਂ ਦੇ ਹਮਲੇ (651 A. D.) ਤੋਂ ਉਪਰੰਤ ਜ਼ੋਰੋਸਟਰਾ ਧਰਮ ਦਾ ਫਿਰ ਪਤਨ ਹੋਣ ਲੱਗਾ। ਪਰ ਅਵੇਸਤਾ ਦੇ ਇਹ ਪਵਿਤ੍ਰ ਮੂਲ-ਪਾਠ ਖ਼ਲੀਫ਼ਾ ਅਲਮਾਮੂਨ (813–833 A. D.) ਦੀ ਬਾਦਸ਼ਾਹਤ ਵੇਲੇ ਵੀ ਵੀ ਮੌਜੂਦ ਰਹੇ। ਮਗਰੋਂ ਅਲ-ਮਾਅਮੂਨ ਦੇ ਕੱਟੜ ਉਤਰ–ਅਧਿਕਾਰੀਆਂ ਨੇ ਗੈਰ–ਮੁਸਲਮਾਨਾਂ ਦਾ ਜੋ ਕਤਲੇ ਆਮ ਸ਼ੁਰੂ ਕੀਤਾ ਉਸੇ ਵਿਚ ਕਾਫੀ ਅਵੇਸਤਾ ਗ੍ਰੰਥ ਨਸ਼ਟ ਕਰ ਦਿਤੇ ਗਏ ਅਤੇ ਮੰਗੋਲਾ ਦੇ ਹਮਲੇ (1258 A. D.) ਵੇਲੇ ਤਾਂ ਸਾਰੇ ਹੀ ਤਬਾਹ

1. Tarapore wala, "*Elements of the Science of Language*, p. 320-21.

ਕੀਤੇ ਗਏ। ਹੁਣ ਤਾਂ ਅਵੇਸਤਾ ਦੇ ਬਚਦੇ-ਖੁਚਦੇ ਕੁਝ ਅੰਸ਼ ਹੀ ਮਿਲਦੇ ਹਨ। ਇਨ੍ਹਾਂ ਅੰਸ਼ਾਂ ਨੂੰ ਯੂਰਪ ਵਿਚ Westergaard ਅਤੇ Geldner ਨੇ ਸੰਪਾਦਿਤ ਕੀਤਾ ਅਤੇ ਭਾਰਤ ਵਿਚ K. E. Kanga ਜਿਹੇ ਪਾਰਸੀ ਵਿਦਵਾਨਾਂ ਨੇ ਪ੍ਰਕਾਸ਼ਿਤ ਕੀਤਾ ਹੈ। ਇਨ੍ਹਾਂ ਸੰਪਾਦਿਤ ਅਵੇਸਤਾ ਮੂਲ-ਪਾਠਾਂ ਵਿਚ 'ਯਜ਼ਨ' (ਯੱਗ) ਵਿਸਪੇਰੇਦ (ਬਲੀ ਸਬੰਧੀ ਕਰਮਕਾਂਡ) ਅਤੇ ਵੇਂਦੀਦਾਦ (ਭੂਤ-ਪ੍ਰੇਤਾਂ ਦੇ ਵਿਰੋਧੀ ਨੇਮ) ਸ਼ਾਮਲ ਹਨ। ਇਨ੍ਹਾਂ ਵਿਚ 'ਅਹੁਰ ਮਜ਼ਦਾ' ਦੀ ਉਪਾਸ਼ਨਾ ਹੈ। ਅਵੇਸਤਾ ਵਿਚ ਜੋ ਪ੍ਰਾਰਥਨਾਵਾਂ ਹਨ ਉਨ੍ਹਾਂ ਨੂੰ 'ਗਾਥਾ' ਕਿਹਾ ਜਾਂਦਾ ਹੈ। ਇਹ ਗਾਥਾਵਾਂ ਰਿਗਵੇਦ ਦੇ ਮੰਤ੍ਰਾਂ ਦੀ ਤਰ੍ਹਾਂ ਸ਼ਲੋਕ-ਬੱਧ ਹਨ। ਅਵੇਸਤਾ-ਪਾਠ ਉਤੇ ਜਿਹੜੀ ਟੀਕਾ ਮਿਲਦੀ ਹੈ ਉਸ ਨੂੰ 'ਜ਼ੰਦ' ਕਿਹਾ ਜਾਂਦਾ ਹੈ। ਜ਼ੰਦ ਦਾ ਮੂਲ ਅਰਥ ਹੀ ਟੀਕਾ (ਕਮੈਂਟਰੀ) ਹੁੰਦਾ ਹੈ। ਇਸ ਆਧਾਰ ਉਤੇ ਸਾਰੀ ਇਸ ਭਾਸ਼ਾ ਨੂੰ 'ਜ਼ੰਦ-ਅਵੇਸਤਾ' ਵੀ ਕਿਹਾ ਗਿਆ ਹੈ।

ਅਵੇਸਤਾ, ਪ੍ਰਾਚੀਨ ਫ਼ਾਰਸੀ ਤੋਂ ਮੁਕਾਬਲਤਨ ਕਾਫ਼ੀ ਪੁਰਾਣੀ ਹੈ। ਅਵੇਸਤਾ ਦੇ ਪੁਰਾਤਨ ਭਾਗ ਅਰਥਾਤ 'ਗਾਥਾ' ਦੀ ਰਚਨਾ ਕੋਈ ਸੱਤਵੀਂ ਸਦੀ ਪੂ. ਈ, ਦੇ ਨੇੜੇ ਤੇੜੇ ਮੰਨੀ ਜਾਂਦੀ ਹੈ। ਅਗਲੇ ਅੰਸ਼ ਤੀਜੀ-ਚੌਥੀ ਸਦੀ ਪੂਰਵ-ਈਸਵੀ ਦੇ ਹਨ। ਅਵੇਸਤਾ ਗ੍ਰੰਥ ਦਾ ਸੰਗ੍ਰਹਿ ਤੇ ਸੰਪਾਦਨ ਈਸਾ ਦੀ ਤੀਜੀ ਸਦੀ ਤੋਂ ਸਤਵੀਂ ਸਦੀ ਦੇ ਵਿਚਕਾਰ ਹੋਇਆ। ਹੁਣ ਜਿਹੜਾ ਸਾਹਿਤ ਉਪਲਬਧ ਹੈ ਉਹ ਪੂਰੇ ਸਾਹਿਤ ਦਾ ਅੰਸ਼ ਮਾਤਰ ਹੀ ਹੈ ਬਾਕੀ ਗੌਰਾਂ ਹਵੇਂ ਤਬਾਹ ਹੋ ਚੁਕਿਆ ਹੈ।

ਅਵੇਸਤਾ ਭਾਸ਼ਾ ਦਾ ਸਰੂਪ

ਧੁਨੀ-ਸਮੂਹ :

ਸੁਰ

ਹ੍ਰਸਵ-ਸੁਰ : ਅ, ਇ, ਉ, ਏੱ, ਓੱ

ਅਰਧ ਹ੍ਰਸਵ ਸੁਰ : ਅ਼

ਦੀਰਘ ਸੁਰ : ਆ, ਈ, ਊ, ਏ, ਓ,

ਸੰਜੁਗਤ ਸੁਰ : ਅਏ, ਓਇ, ਅਓ, ਆਇ, ਆਉ, ਅ਼ਇ

ਵਿਅੰਜਨ

ਸਪਰਸ਼ : ਕ ਗ, ਤ, ਦ, ਪ, ਬ,

ਸਪਰਸ਼ ਸੰਘਰਸ਼ੀ : ਚ, ਜ,

ਅਨੁਨਾਸਿਕ : ਙ, ਞ, ਨ, ਮ

ਲੁੰਠਿਤ : ਰ

ਸੰਘਰਸ਼ੀ : ਖ, ਗ, ਤ., ਥ., ਦ, ਫ਼ ਸ., ਸ਼, ਜ਼, ਝ., ਵ., ਹ.,

ਅਰਧ ਸੁਰ : ਯ, ਵ

ਅਨੁਸਵਾਰ : ਂ

ਭਾਰਤੀ ਭਾਸ਼ਾਵਾਂ ਦੇ ਮੁਕਾਬਲੇ ਅਵੇਸਤਾ ਵਿਚ ਟ-ਵਰਗ ਧੁਨੀਆਂ ਨਹੀਂ ਹਨ। ਅਵੇਸਤਾ ਵਿਚ /ਲ/ ਵੀ ਨਹੀਂ ਹੈ ਉਸ ਹੀ ਥਾਂ /ਰ/ ਹੈ। ਅਵੇਸਤਾ ਵਿਚ epenthesis ਤੇ prothesis ਦੀ ਬਹੁਤ ਪ੍ਰਵਿਰਤੀ ਹੈ ਅਰਥਾਤ ਸ਼ਬਦਾਂ ਦੇ ਵਿਚਕਾਰ /ਇ ਜਾਂ ਉ/ ਸੁਰਾਂ ਨੂੰ ਵਾਧੂ ਜੋੜਨਾਂ ਜਿਵੇਂ ਸੰਸਕ੍ਰਿਤ ਸ਼ਬਦ 'ਤਰੁਣਮ' ਦੀ ਥਾਂ ਅਵੇਸਤਾ "ਤਉਰੁਨੇਮ" ਅਤੇ ਸ਼ਬਦਾਂ ਦੇ ਮੁਢ (ਆਦਿ) ਵਿਚ ਸੁਰ ਜੋੜਨੇ ਜਿਵੇਂ ਸੰ. 'ਰੋਪਯੇਤਿ' ਦੀ ਥਾਂ ਅਵੇਸਤਾ ਉਰਾ ਯੇਇਤਿ' ਆਦਿ।

ਵਿਆਕਰਣ ਰੂਪ :—ਅਵੇਸਤਾ ਵਿਚ ਅਠ ਕਾਰਕ, ਤਿੰਨ ਵਚਨ, ਤਿੰਨ ਲਿੰਗ, ਅਤੇ ਕ੍ਰਿਆ ਰੂਪਾਂ ਵਿਚ ਤਿੰਨ ਪੁਰਖ, ਤਿੰਨ ਵਚਨ, ਦੋ ਪਦ, ਚਾਰ ਮੂਡ ਸਨ। ਕਾਲ ਤਿੰਨ ਹਨ। ਭਵਿਖਤ ਦੀ ਵਰਤੋਂ ਬਹੁਤ ਘਟ ਹੈ। ਪ੍ਰੇਰਣਾਰਥਕ, ਇਛਾਰਥਕ ਪ੍ਰਕ੍ਰਿਆ ਦੇ ਰੂਪ ਵੀ ਹਨ।

ਅਵੇਸਤਾ ਤੇ ਸੰਸਕ੍ਰਿਤ :

ਈਰਾਨ ਦੀ 'ਅਵੇਸਤਾ' ਅਤੇ ਭਾਰਤ ਦੀ 'ਸੰਸਕ੍ਰਿਤ' ਖਾਸ ਕਰ ਕੇ ਵੇਦਾਂ ਦੀ ਭਾਸ਼ਾ (ਵੈਦਿਕ ਸੰਸਕ੍ਰਿਤ) ਦੀ ਆਪਸ ਵਿਚ ਬਹੁਤ ਹੀ ਡੂੰਘੀ, ਸਪਸ਼ਟ ਤੇ ਹੈਰਾਨੀ-ਜਨਕ ਸਾਂਝ ਹੈ। ਪਿਛਲੀਆਂ ਸਦੀਆਂ ਵਿਚ "ਵੇਦ ਤੇ ਅਵੇਸਤਾ" ਭਾਸ਼ਾ-ਵਿਗਿਆਨੀਆਂ ਲਈ ਬੜਾ ਹੀ ਭਾਸ਼ਾਈ ਮਨੋਰੰਜਨ, ਦਿਲਚਸਪੀ ਤੇ ਰੋਚਕਤਾ ਦਾ ਵਿਸ਼ਾ ਬਣਿਆ ਰਿਹਾ ਹੈ। ਇਸ ਸਾਂਝ-ਏਕਤਾ ਦਾ ਖਾਸ ਕਾਰਨ ਇਹੋ ਹੈ ਕਿ ਵੈਦਿਕ ਤੇ ਅਵੇਸਤਾ ਦੇ ਜੱਦੀ ਖਾਨਦਾਨੀ ਬੋਲਾਰੇ ਇਕੋ ਹੀ ਬੋਲੀ ਬੋਲਦੇ ਸਨ ਅਤੇ ਈਰਾਨ ਤੇ ਹਿੰਦ ਵਿਚ ਸਦੀਵੀ ਵਸੇਬੇ ਤੋਂ ਪਹਿਲਾ ਇਕੋ ਥਾਂ ਅਣਵੰਡੇ ਰੂਪ ਵਿਚ ਇਕਠੇ ਵਸਦੇ ਰਸਦੇ ਸਨ[1]। ਉਹ ਖਾਸਾ ਸਾਰਾ

1. B. K. Ghosh : *Linguistic Introduction to Sanskrit*, p. 27.

ਚਿਰ ਇਕਠੇ ਰਹੇ । ਅਤੇ ਇਕੋ ਹੀ ਸਮਾਜ ਦੇ ਅੰਗ-ਸੰਗ ਬਣੇ ਰਹੇ । ਇਨ੍ਹਾਂ ਸਾਂਝੀਆਂ ਅਦਭੁਤ ਸਭਿਆਚਾਰਕ ਸਾਂਝਾਂ ਦੀ ਪੁਸ਼ਟੀ ਸਾਨੂੰ ਉਦੋਂ ਭਲੀ ਭਾਂਤ ਤਤਕਾਲ ਮਿਲ ਜਾਂਦੀ ਹੈ ਜਦੋਂ ਅਸੀਂ ਵੇਦ-ਪਾਠ ਤੇ ਅਵੇਸਤਾ-ਪਾਠ ਨੂੰ ਜ਼ਰਾ ਕੁ ਡੂੰਘੀ ਨੀਝ ਲਾਕੇ ਦ੍ਰਿਸ਼ਟੀ ਗੋਚਰ ਕਰਦੇ ਹਾਂ । ਕਿੰਨੀ ਨੇੜਤਾ ਹੈ ਇਨ੍ਹਾਂ ਦੋਹਾਂ ਵਿਚ ! ਨ ਸਿਰਫ ਭਾਸ਼ਾ ਦੇ ਪਹਿਲੂ ਤੋਂ, ਸਗੋਂ ਵਿਸ਼ੇ ਅਤੇ ਵਾਤਾਵਰਣ ਦੇ ਪਖ ਤੋਂ ਵੀ । ਸੱਚੀ ਗਲ ਤਾਂ ਇਹ ਹੈ ਕਿ ਦੋਹਾਂ ਵਿਚ ਇਕੋ ਜਿਹੀ ਸਾਂਝੀ ਰੂਹ ਠਾਠਾਂ ਮਾਰਦੀ ਦਿਸਦੀ ਹੈ । ਵੇਖਣ ਵਾਲਾ ਦੰਗ ਰਹਿ ਜਾਂਦਾ ਹੈ ।

ਦੋਹਾਂ ਦੀ ਇਸ ਗੂੜ੍ਹੀ ਨੇੜਤਾ ਨੂੰ ਵੇਖਕੇ ਵਿਦਵਾਨਾਂ ਨੇ ਤਰ੍ਹਾਂ ਤਰ੍ਹਾਂ ਦੇ ਖਿਆਲ ਜ਼ਾਹਰ ਕੀਤੇ ਹਨ । ਡਾ. ਵਿਆਸ ਦਾ ਉਲੇਖ ਹੈ ਕਿ ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਅਵੇਸਤਾ-ਭਾਸ਼ਾ ਕਾਲੀਦਾਸ ਦੀ ਕਲਾਸੀਕਲ ਸੰਸਕ੍ਰਿਤ ਨਾਲੋਂ ਵੈਦਿਕ ਸੰਸਕ੍ਰਿਤ ਦੇ ਕਿਤੇ ਜ਼ਿਆਦਾ ਨੇੜੇ ਹੈ[1]"

ਜੈਕਸਨ ਨੇ ਬੜਾ ਸੋਹਣਾ ਕਿਹਾ ਹੈ ਕਿ "ਸੰਸਕ੍ਰਿਤ ਦਾ ਲਗ ਭਗ ਹਰੇਕ ਸ਼ਬਦ ਸਿਰਫ ਧੁਨੀ-ਨਿਯਮ ਲਾਗੂ ਕਰ ਕੇ ਤੁਰਤ ਹੀ ਆਵੇਸਤਾ-ਵਿਚ ਬਦਲਿਆ ਜਾ ਸਕਦਾ ਹੈ, ਇਹੋ ਗਲ ਅਵੇਸਤਾ ਤੋਂ ਸੰਸਕ੍ਰਿਤ ਬਨਾਉਣ ਵਿਚ ਵੀ ਘਟਦੀ ਹੈ ।[2]

ਅਵੇਸਤਾ ਤੇ ਵੈਦਿਕ ਸੰਸਕ੍ਰਿਤ ਵਿਚ ਜੋ ਫਰਕ ਹੈ ਉਹ ਗੁਰ ਕ ਦੀਆਂ ਉਪ ਬੋਲੀਆਂ ਨਾਲੋਂ ਕੋਈ ਬਹੁਤਾ ਨਹੀਂ ਹੈ । ਇਉਂ ਦੋਹਾਂ ਵਿਚ ਧੁਨੀ, ਰੂਪ, ਵਾਕ ਤੇ ਸ਼ਬਦ-ਭੰਡਾਰ ਦੇ ਪਖੋਂ ਜਿਹੜੀ ਨੇੜਤਾ ਹੈ ਉਹ ਇਨ੍ਹਾਂ ਦੋਹਾਂ ਦੇ ਨਮੂਨਿਆਂ ਤੋਂ ਬਿਲਕੁਲ ਸਪਸ਼ਟ ਹੋ ਜਾਂਦੀ ਹੈ ।

ਅਵੇਸਤਾ ਦਾ ਇਕ ਬੰਦ ਹੈ :

"ਯੋ ਯਥਾ ਪੁ ਥ੍ਰਅਮ ਤਉਰੁਨਅਮ ਹਓਮਅਮ ਵੰਦ ਏਤਾ ਮਸ਼ਯੋ ।

---

1. ਭੋਲਾ ਸ਼ੰਕਰ ਵਯਾਸ, "ਸੰਸਕ੍ਰਿਤ ਕਾ ਭਾਸ਼ਾ ਸ਼ਾਸਤ੍ਰੀਯ ਅਧਯਯਨ", ਪੰਨਾ 66

2. Almost any Sanskrit word may be changed at once into its Avestan equivalent or *vice versa,* merely by applying certain phonetic laws.
Jackson : *Avesta Grammar.* (introduction p. XXI) quoted in P. D. Gune's "Introduction to Comparative Philology".
p. 127

ਫ੍ਰ ਆਬਯੋ ਤਨੁਬਯੋ ਹਆਮੋ ਵਿਸਏਤੇ ਬਏਸ਼ਜ਼ਾਇ ।"

(Y. 10. 8.)

ਇਸ ਦਾ ਵੈਦਿਕ ਸੰਸਕ੍ਰਿਤ ਰੂਪ ਇਉਂ ਹੋਵੇਗਾ :—

"ਯੋ ਯਥਾ ਪੁਤ੍ਰੰ ਤਰੁਣੰ ਸੋਮੰ ਵੰਦੇਤ ਮਰਤਯਹ੍ ।

ਪ੍ਰ ਆਭਯਹ੍ ਤਨੁਭਯਹ੍ ਸੋਮੋ ਵਿਸ਼ਤੇ ਭੇਸ਼ਜਾਯ ।"

ਇਨ੍ਹਾਂ ਨੂੰ ਗਹੁ ਨਾਲ ਵੇਖੀਏ ਤਾਂ ਇਨ੍ਹਾਂ ਦੋਹਾਂ ਵਿਚ ਜਿਹੜਾ ਕੋਈ ਫਰਕ ਹੈ ਉਹ ਸਿਰਫ ਧੁਨੀਆਤਮਕ (Phonological) ਹੈ ਬਾਕੀ ਵਿਆਕਰਣ ਵਾਕ-ਗਠਨ ਬਿਲਕੁਲ ਇਕੋ-ਜਿਹੇ ਹਨ । ਦੋਹਾਂ ਦੀ ਗਾੜ੍ਹੀ ਤੇ ਗੂੜ੍ਹੀ ਨੇੜਤਾ ਦਾ ਇਸ ਤੋਂ ਵਧ ਹੋਰ ਕੋਈ ਮੂੰਹ-ਬੋਲਦਾ ਸਬੂਤ ਚਿਤਵਿਆ ਵੀ ਨਹੀਂ ਜਾ ਸਕਦਾ ।[1]

ਭਾਸ਼ਾ-ਵਿਗਿਆਨਿਕ ਦ੍ਰਿਸ਼ਟੀ ਤੋਂ ਅਵੇਸਤਾ ਤੇ ਸੰਸਕ੍ਰਿਤ ਦੇ ਦਰਮਿਆਨ ਜਿਥੇ ਸਮਾਨਤਾਵਾਂ ਹਨ ਉਥੇ ਭਿੰਨਤਾਵਾਂ ਵੀ ਕਾਫੀ ਹਨ । ਭਿੰਨਤਾਵਾਂ ਉਸ ਕਿਸਮ ਦੀਆਂ ਜਿਹੜੀਆਂ ਕਿ ਸਮੇਂ ਦੇ ਫੇਰ ਅਤੇ ਪਰਦੇਸਾਂ ਦੀਆਂ ਲੰਮੀਆਂ ਵਾਟਾਂ ਨਾਲ ਦੋ ਸਕੀਆਂ ਬੋਲੀਆਂ ਵਿਚ ਅਕਸਰ ਪੈਂਦਾ ਹੋ ਜਾਂਦੀਆਂ ਹਨ । ਇਹ ਭਿੰਨਤਾਵਾਂ ਧੁਨੀਆਂ ਵਿਚ, ਵਿਆਕਰਣਿਕ ਰੂਪਾਂ ਵਿਚ ਅਤੇ ਸੁਰਦਬਾਂ (accent) ਵਿਚ ਪ੍ਰਾਪਤ ਹੁੰਦੀਆਂ ਹਨ । ਇਨ੍ਹਾਂ ਦਾ ਸੰਖੇਪ ਵੇਰਵਾ ਹਾਜ਼ਰ ਕੀਤਾ ਜਾਂਦਾ ਹੈ :—

ਧੁਨੀ-ਵਿਗਿਆਨ : ਨਿਰੀਖਣ ਕਰਨ ਤੋਂ ਪਤਾ ਲਗਦਾ ਹੈ ਕਿ ਅਵੇਸਤਾ ਵਿਚ ਸੰਸਕ੍ਰਿਤ ਨਾਲੋਂ ਵਧ ਸੁਰ-ਧੁਨੀਆਂ ਹਨ ਪਰ ਵਿਅੰਜਨ-ਧੁਨੀਆਂ ਸੰਸਕ੍ਰਿਤ ਨਾਲੋਂ ਘੱਟ ਹਨ । ਅਵੇਸਤਾ ਵਿਚ ਅੱਠ ਅਜਿਹੀਆਂ ਸੁਰ-ਧੁਨੀਆਂ ਹਨ ਜਿਨ੍ਹਾਂ ਦੇ ਮੁਕਾਬਲੇ ਸੰਸਕ੍ਰਿਤ ਵਿਚ ਸਿਰਫ ਦੋ ਹੀ ਹਨ । ਅਵੇਸਤਾ ਵਿਚ ਭਾਰੋਪੀਯ ਦਾ ਅਰਧ-ਹ੍ਰਸਵ ਸੁਰ (shwa) ਬਾਕਾਇਦਾ ਕਾਇਮ ਹੈ ਜਿਹੜਾ ਸੰਸਕ੍ਰਿਤ ਵਿਚ ਉੱਕਾ ਹੀ ਅਲੋਪ ਹੈ ।

ਦੂਜੀ ਗੱਲ ਅਵੇਸਤਾ ਵਿਚ ਵਾਧੂ ਸੁਰ ਜੋੜਨ ਦੀ ਹੈ ਜਿਸ ਨੂੰ ਸਥਿਤੀ ਦੇ

1. "A more eloquent proof of the close relationship between the two languages can be hardly imagined." B.K. Ghosh ; *Linguistic Introduction to Sanskrit*, p. 28

ਮੁਤਾਬਕ protheris [1] ਅਤੇ epenthesis ਕਿਹਾ ਜਾਂਦਾ ਹੈ।

ਸੰ. ਰਿਣਕ੍ਰਿਤ : ਅਵੇ. ਇਰਿਨਖ਼ਤਿ

ਏਥੇ ਰਾਰੇ ਤੋਂ ਪਹਿਲਾਂ ਈੜੀ ਨੂੰ ਵਧਾਇਆ ਗਿਆ ਹੈ।

ਵਿਅੰਜਨ : ਸੰਸਕ੍ਰਿਤ ਦੇ ਅਘੋਸ਼ ਅਲਪਪ੍ਰਾਣ (voiceless unaspirates) / ਕ, ਤ, ਪ / ਅਵੇਸਤਾ ਵਿਚ ਤਰਤੀਬਵਾਰ / ਖ , ਥ , ਫ / affricates ਬਣੇ ਹਨ ਅਤੇ ਕਦਾਚਿਤ ਉਹ ਅਘੋਸ਼ ਮਹਾਂਪ੍ਰਾਣ ਵੀ ਬਣ ਜਾਂਦੇ ਹਨ।

ਸੰ.	ਕ੍ਰਤੁਹ	:	ਅਵੇ.	.ਖ੍ਰਤੁਸ਼
,,	ਸਤਯਹ	:	,,	ਹੈ.ਥਜੋ
,,	ਗਾਥਾ	:	,,	ਗਾ.ਥਾ

ਸੰਸਕ੍ਰਿਤ ਦੇ ਸਘੋਸ਼ ਮਹਾਪ੍ਰਾਣ (voiced aspirates) / ਘ, ਧ, ਭ/ ਅਵੇਸਤਾ ਖਾਸ ਕਰ ਕੇ ਮਗਰਲੀ ਅਵੇਸਤਾ ਵਿਚ ਅਲਪਪ੍ਰਾਣ ਬਣਦੇ ਹਨ / ਗ, ਦ, ਬ / . ਅਤੇ ਕਦੇ ਕਦੇ ਇਹ ਸਘੋਸ਼ ਸੰਘਰਸ਼ੀ (voiced affricates) / ਗ਼, .ਦ, .ਵ / ਵੀ ਬਣ ਜਾਂਦੇ ਹਨ :

ਸੰ.	ਜੰਘਾ	:	ਅਵੇ.	ਜ਼ੰਗਾ
,,	ਭੂਮਿ	:	,,	ਬੂਮਿ
,,	ਦੀਰਘਹ	:	,,	ਦਰੇਗੋ

ਸੰਸਕ੍ਰਿਤ ਦਾ ਆਦਿ — /ਸ/ ਈਰਾਨੀ ਵਿਚ /ਹ/ ਬਣਦਾ ਹੈ :

ਸੰ. ਸਿੰਧੁ : ਅਵੇ. ਹਿੰਦੁ

... ਸਰਵ : ... ਹਾਰਵ

ਸੰਸਕ੍ਰਿਤ ਧੁਨੀ / ਹ / ਦਾ ਈਰਾਨੀ ਵਿਚ ਬੜਾ ਅਨੋਖਾ ਪ੍ਰਤੀਰੂਪ ਮਿਲਦਾ ਹੈ।

---

1. prothesis ਦਾ ਪੰਜਾਬੀ ਪਰਿਆਇ 'ਆਦਿ-ਸ੍ਵਰਾਗਮ' ਅਤੇ epenthesis ਦਾ 'ਅਪਿਨਿਹਤੀ' ਹੈ।

ਹਾਹੇ ਦਾ ਈਰਾਨੀ ਵਿਚ voiced Sibilants (ਸਘੋਸ਼ ਊਸ਼ਮ) / ਜ਼ / ਅਤੇ / ਜ਼੍ਹ / ਰੂਪ ਹੋ ਜਾਂਦਾ ਹੈ । ਪੁਰਾਣੀ ਫ਼ਾਰਸੀ ਵਿਚ ਇਹੋ / ਜ਼ / ਬਦਲ ਕੇ / ਦ / ਵੀ ਬਣਦਾ ਹੈ । ਵੰਨਗੀ :

ਸੰ.	ਹਸਤ	ਅਵੇ.	ਜ਼ਸਤੋ	ਪ੍ਰਾ. ਫ਼ਾਰਸੀ	ਦਸਤ (ਹੱਥ)
...	ਅਹਮ	...	ਅਜ਼ੇਮ	...	ਅਦਮ (ਮੈਂ)
...	ਅਹਿ	...	ਅਜ਼ਿਸ਼		
...	ਦਹਤਿ	...	ਦਜ਼ੇਤਿ	...	... (ਸਾੜਦਾ ਹੈ)

ਕੰਠੀ ਕ-ਵਰਗ, ਦੰਤੀ ਤ-ਵਰਗ ਅਤੇ ਹੋਠੀ ਪ-ਵਰਗ ਅਵੇਸਤਾ ਤੇ ਸੰਸਕ੍ਰਿਤ ਵਿਚ ਇਕੋ ਤਰ੍ਹਾਂ ਹਨ ਪਰ ਅਵੇਸਤਾ ਵਿਚ ਚ-ਵਰਗ ਵਿਚੋਂ ਸਿਰਫ / ਚ, ਜ / ਹੀ ਮਿਲਦੇ ਹਨ । ਤਾਲਵੀ ਟ-ਵਰਗ ਧੁਨੀਆਂ ਅਵੇਸਤਾ ਵਿਚ ਉੱਕਾ ਹੀ ਗ਼ਾਇਬ ਹਨ । ਨਾਸਿਕ ਧੁਨੀਆਂ ਪੰਜੇ ਹੀ ਹਨ । / ਲ / ਵੀ ਅਲੋਪ ਹੈ ।

ਅਵੇਸਤਾ ਦਾ ਸੁਰਦਬਾ ਬਲਾਤਮਕ (stress accent) ਹੈ ਜਿਥੇ ਕਿ ਸੰਸਕ੍ਰਿਤ ਵਿਚ ਸੰਗੀਤਾਮਕ ਸੁਰਦਬਾ ਹੈ ।

ਨਾਂਵ ਰੂਪਾਂ ਵਿਚ ਦੋਹਾਂ ਵਿਚ ਸਮਾਨਤਾ ਹੈ । ਪਰ ਕਾਰਕੀ ਚਿੰਨ੍ਹ (ਵਿਭਕਤੀਆਂ) ਕਾਫ਼ੀ ਖ਼ਲਤ-ਮਲਤ ਹੋ ਗਏ ਹਨ । ਕ੍ਰਿਆਰੂਪ, ਪ੍ਰਕ੍ਰਿਆਵਾਂ, ਪ੍ਰਤਿਆਂ ਆਦਿ ਵਿਆਕਰਣਿਕ ਰੂਪਾਂ ਵਿਚ ਕਾਫ਼ੀ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਦੀ ਜਾਣਕਾਰੀ ਇਸ ਪੁਸਤਕ ਵਿਚ ਦੇਣਾ ਸੰਭਵ ਨਹੀਂ ।

ਪ੍ਰਾਚੀਨ ਫ਼ਾਰਸੀ :

ਪ੍ਰਾਚੀਨ ਈਰਾਨੀ ਦੀ ਅਵੇਸਤਾ ਤੋਂ ਛੁਟ ਦੂਜੀ ਬੋਲੀ ਪ੍ਰਾਚੀਨ ਫ਼ਾਰਸੀ ਹੈ । ਸੂਸਾ, ਮੀਡੀਆ ਆਦਿ ਅਨੇਕ ਥਾਵਾਂ ਤੇ ਪ੍ਰਾਚੀਨ ਫ਼ਾਰਸੀ ਵਿਚ ਲਿਖੇ ਅਭਿਲੇਖ ਮਿਲੇ ਹਨ ਜਿਨ੍ਹਾਂ ਦਾ ਸੰਬੰਧ ਹਖਮਾਨੀ ਵੰਸ ਦੇ ਸ਼ਹਿਨਸ਼ਾਹਾਂ ਖ਼ਾਸ ਕਰ ਕੇ ਦਾਰਾ (521-486 ਪੂ. ਈ.) ਅਤੇ ਜ਼ਰਕਸੀਜ਼ (486-465 ਪੂ. ਈ.) ਨਾਲ ਸੀ । ਇਹ ਅਭਿਲੇਖ ਕਿਲਾਕਾਰੀ ਲਿਪੀ (Cuneiform script adapted from Semitic Babylonian) ਵਿਚ ਉਕਰੇ ਗਏ ਹਨ । ਪ੍ਰਾਚੀਨ ਫ਼ਾਰਸੀ ਦਾ ਵਧੇਰੇ ਪ੍ਰਚਾਰ ਈਰਾਨ ਦੇ ਦੱਖਣ-ਪਛਮੀ ਇਲਾਕੇ ਵਿਚ ਸੀ ਅਤੇ ਇਹ ਜਨਭਾਸ਼ਾ ਸੀ ਜਿਥੇ ਕਿ ਅਵੇਸਤਾ ਧਰਮ-ਭਾਸ਼ਾ ਸੀ । ਪ੍ਰਾ. ਫ਼ਾਰਸੀ

ਦਾ ਉਪਰੋਕਤ ਅਭਿਲੇਖਾਂ ਤੋਂ ਇਲਾਵਾ ਹੋਰ ਕੋਈ ਲਿਖਤੀ ਸਾਹਿਤ ਪ੍ਰਾਪਤ ਨਹੀਂ ਹੈ। ਸ਼ਾਇਦ ਉਹ 323 ਪੂ. ਈ, ਵੇਲੇ ਸਿਕੰਦਰ ਦੇ ਹਮਲੇ ਅਤੇ 651 ਈ. ਸਮੇਂ ਅਰਬਾਂ ਦੇ ਸਖ਼ਤ ਹਮਲਿਆਂ ਵਿਚ ਨਸ਼ਟ ਹੋ ਗਿਆ।

ਪ੍ਰਾ. ਫ਼ਾਰਸੀ ਬਹੁਤ ਸਾਰੀਆਂ ਗਲਾਂ ਵਿਚ ਅਵੇਸਤਾ ਨਾਲ ਮਿਲਦੀ ਹੈ। ਪਰ ਕੁਝ ਅੰਤਰ ਹਨ। ਪ੍ਰਾ. ਫ਼ਾ. ਦੀਆਂ ਧੁਨੀਆਂ ਅਵੇਸਤਾ ਨਾਲੋਂ ਸਰਲ ਹਨ। ਅਵੇਸਤਾ ਵਿਚ ਜਿਥੇ / ਜ਼ / ਹੈ ਪ੍ਰਾ. ਫ਼ਾ. ਵਿਚ ਉਥੇ / ਦ / ਹੈ: ਅਜ਼ਮ—ਅਦਮ (ਸੰ. ਅਹਮ੍=ਮੈਂ) ਸ਼ਬਦ-ਪ੍ਰਯੋਗਾਂ ਵਿਚ ਕਾਫ਼ੀ ਫ਼ਰਕ ਹੈ।

ਪ੍ਰਾਚੀਨ ਈਰਾਨ ਦੇ ਪੱਛਮੀ ਹਿਸੇ ਨੂੰ 'ਫ਼ਾਰਸ' ਕਹਿੰਦੇ ਸਨ ਇਸ ਕਾਰਨ ਇਸ ਭਾਸ਼ਾ ਨੂੰ 'ਪ੍ਰਾਚੀਨ ਫ਼ਾਰਸੀ' ਕਿਹਾ ਜਾਂਦਾ ਸੀ।

ਪ੍ਰਾ. ਫ਼ਾ. ਵੀ ਸੰਸਕ੍ਰਿਤ ਨਾਲ ਬਹੁਤ ਸਮਾਨਤਾ ਰਖਦੀ ਹੈ। ਦਾਰਾ ਪ੍ਰਥਮ ਦੇ ਨਕਸ਼–ਏ–ਰੁਸਤਮ ਵਾਲੇ ਸ਼ਿਲਾ ਲੇਖ ਵਿਚੋਂ ਇਕ ਨਮੂਨਾ ਦਿਤਾ ਜਾਂਦਾ ਹੈ: [1]

ਪ੍ਰਾ. ਫ਼ਾ, ਬਗ ਵਜ਼ਰਕ ਔਰਮਜ਼ਦਾ ਹਯਾ ਇਮਾਮ ਬੂਮਿਮ
ਅਦਾ, ਹਯਾ ਅਵਮ ਅਸਮਾਨਮ ਅਦਾ, ਹਯਾ
ਮਰਤਯਮ ਅਦਾ ...

ਸੰਸਕ੍ਰਿਤ ਰੂਪ:

ਭਗਹ੍ ਬਜ਼੍ਰਕਹ੍ ਅਹੁਰ-ਮਜ਼ਦਾਹ੍ ਯਹ੍ ਇਮਾਂ
ਭੂਮਿੰ ਅਧਾਤ੍, ਯਹ੍ ਅਵੀ ਅਸ਼ਮਾਨੰ ਅਧਾਤ੍,
ਯਹ੍ ਮਰਤਯੰ ਅਧਾਤ੍ ।

(2) ਮਧਕਾਲੀਨ ਈਰਾਨੀ

ਪਿਛੇ ਅਸੀਂ ਈਰਾਨੀ ਭਾਸ਼ਾ–ਵਰਗ ਦੇ ਪਹਿਲੇ ਪੜਾ ਦੀ ਪ੍ਰਾਚੀਨ ਈਰਾਨੀ ਦੀਆਂ 'ਅਵੇਸਤਾ' ਤੇ 'ਪ੍ਰਾ. ਫ਼ਾਰਸੀ' ਭਾਸ਼ਾਵਾਂ ਬਾਰੇ ਚਰਚਾ ਕਰ ਆਏ ਹਾਂ। ਏਥੇ ਈਰਾਨੀ ਦੇ ਦੂਜੇ ਪੜਾ ਮਧਕਾਲੀਨ ਈਰਾਨੀ ਬਾਰੇ ਵਿਚਾਰ ਕਰਦੇ ਹਾਂ।

ਮੱਧਕਾਲੀਨ ਈਰਾਨੀ ਭਾਸ਼ਾ ਬਾਰੇ ਵਧੇਰੇ ਵਾਕਫ਼ੀ ਮਿਲਦੀ ਹੈ ਅਤੇ ਪਿਛਲਿਆਂ

1. quoted in "*Elements of the Science of Languages*" p. 317

ਸਾਲਾਂ ਵਿਚ Meillet, Bailey ਵਰਗੇ ਭਾਸ਼ਾ-ਚਿੰਤਕਾਂ ਦੀਆਂ ਖੋਜਾਂ ਨੇ ਇਸ ਵਾਕਫ਼ੀ ਵਿਚ ਹੋਰ ਵੀ ਵਾਧਾ ਕੀਤਾ ਹੈ। ਮੱਧ ਕਾਲੀਨ ਈਰਾਨੀ ਦਾ ਸਮਾਂ ਲਗ ਭਗ ਤੀਜੀ ਸਦੀ ਪੂ. ਈ. ਤੋਂ ਨੌਵੀਂ ਸਦੀ ਈ. ਤਕ ਮਿਥਿਆ ਜਾਂਦਾ ਹੈ।

ਮੱਧ ਕਾਲੀਨ ਈਰਾਨੀ ਦੀ ਪ੍ਰਮੁਖ ਭਾਸ਼ਾ "ਪਹਿਲਵੀ" ਹੈ ਜਿਹੜੀ ਪ੍ਰਾ. ਫ਼ਾਰਸੀ ਦਾ ਵਿਕਸਿਤ ਰੂਪ ਹੈ। ਪਹਿਲਵੀ ਸਾਸਾਨੀ ਈਰਾਨ ਦੀ ਲੋਕ ਭਾਸ਼ਾ ਵੀ ਅਤੇ ਸਾਹਿਤਕ ਭਾਸ਼ਾ ਵੀ ਸੀ। ਪਹਿਲਵੀ ਉੱਤੇ ਸਾਮੀ ਭਾਸ਼ਾ ਦਾ ਢੇਰ ਅਸਰ ਰਿਹਾ ਜਿਸ ਕਾਰਨ ਇਸ ਦੀ ਸ਼ਬਦਾਵਲੀ ਅਤੇ ਵਾਕ-ਯੋਜਨਾ (syntax) ਵਿਚ ਸਾਮੀ ਮਿਸ਼ਰਨ ਮਿਲਦਾ ਹੈ। ਅਰਮੇਇਕ ਲਿਪੀ ਤੋਂ ਜਨਮੀ ਖ਼ਾਸ ਲਿਪੀ ਵਿਚ ਅੰਕਿਤ ਹੋਣ ਕਰਕੇ ਪਹਿਲਵੀ ਨੂੰ ਠੀਕ ਠੀਕ ਪੜ੍ਹਨ ਤੇ ਵਾਚਣ ਵਿਚ ਬੜੀਆਂ ਦਿੱਕਤਾਂ ਆਈਆਂ ਇਹ ਗੱਲ 'ਕਿਤਾਬੀ ਪਹਿਲਵੀ' ਬਾਰੇ ਹੋਰ ਵੀ ਯਥਾਰਥ ਹੈ। ਉਕਤ ਲਿਪੀ ਵਿਚ ਸਿਰਫ਼ 13 ਲਿਪੀ-ਚਿੰਨ੍ਹ ਸਨ ਜਿਨ੍ਹਾਂ ਦੁਆਰਾ ਪਹਿਲਵੀ ਦੀਆਂ ਕੋਈ 27 ਧੁਨੀਆਂ ਲਿਪੀ ਬੱਧ ਕੀਤੀਆਂ ਜਾਂਦੀਆਂ ਸਨ। ਨਤੀਜਾ ਇਹੋ ਸੀ ਕਿ ਅਧੂਰੀ ਲਿਪੀ ਕਾਰਨ ਪਹਿਲਵੀ ਦਾ ਅੰਕਨ ਵੀ ਅਧੂਰਾ ਸੀ। ਪਰ ਆਧੁਨਿਕ ਫ਼ਾਰਸੀ ਦੀ ਲਿਪੀ ਵਿਚ ਇਹ ਊਕਾਈ ਨਹੀਂ ਹੈ। ਪਹਿਲਵੀ ਉੱਤੇ ਸਾਮੀ ਭਾਸ਼ਾ ਦਾ ਇੰਨਾ ਅਸਰ ਰਿਹਾ ਕਿ ਕਈ ਵਾਰ ਇਹ ਭੁਲੇਖਾ ਪੈਂਦਾ ਹੋ ਜਾਂਦਾ ਸੀ ਕਿ ਪਹਿਲਵੀ ਆਰੀਆ ਭਾਸ਼ਾ ਹੈ ਜਾਂ ਸਾਮੀ ਭਾਸ਼ਾ ਦੀ ਸੰਤਾਨ। ਪਰ ਹੁਣ ਇਹ ਪੱਕੀ ਤਰ੍ਹਾਂ ਨਿਸ਼ਚਿਤ ਹੋ ਗਿਆ ਹੈ ਕਿ ਪਹਿਲਵੀ ਆਰੀਆ ਦੀ ਸੰਤਾਨ ਹੈ ਅਤੇ ਪ੍ਰਾ. ਫ਼ਾਰਸੀ ਦੀ ਉੱਤਰ-ਅਧਿਕਾਰੀ ਹੈ।

ਸਾਸਾਨੀ ਰਾਜ ਸਮੇਂ ਹੀ ਪਹਿਲਵੀ ਨੂੰ ਸਾਮੀ ਪ੍ਰਭਾਵ ਤੋਂ ਮੁਕਤ ਕਰਨ ਦੀ ਤਕੜੀ ਤਹਿਰੀਕ ਸ਼ੁਰੂ ਹੋ ਗਈ ਸੀ ਜਿਸ ਦਾ ਨਿਸ਼ਾਨਾ ਪਹਿਲਵੀ ਵਿਚੋਂ ਸਾਮੀ ਸ਼ਬਦਾਂ ਨੂੰ ਕੱਢਕੇ ਉਨ੍ਹਾਂ ਦੀ ਥਾਂ ਆਰੀਅਨ ਸ਼ਬਦਾਂ ਨੂੰ ਸਥਾਪਿਤ ਕਰਨਾ ਸੀ। ਇਹ ਵੀ ਇਕ ਸਮਾਂ ਆਇਆ ਸੀ ਜਦੋਂ ਪਹਿਲੀ ਵਿਚ ਸਾਮੀ ਸ਼ਬਦ 'ਤਤਸਮ' ਰੂਪ ਵਿਚ ਲਿਖੇ ਤਾਂ ਜਾਂਦੇ ਸਨ ਪਰ ਇਨ੍ਹਾਂ ਨੂੰ ਆਰੀਆਈ ਤਰੀਕੇ ਨਾਲ ਪੜ੍ਹਿਆ ਜਾਂਦਾ ਸੀ। ਜਿਵੇਂ ਲੈਟਨ ਦੇ ਸੰਖੇਪ i. e. viz ਨੂੰ ਅੰਗਰੇਜ਼ੀ ਵਿਚ that is, ਅਤੇ namely ਕਰਕੇ ਪੜ੍ਹਿਆ ਜਾਂਦਾ ਹੈ ਭਾਵੇਂ ਲੈਟਿਨ ਤੇ ਅੰਗਰੇਜ਼ੀ ਸ਼ਬਦ ਬਿਲਕੁਲ ਹੀ ਵਖਰੇ ਹਨ।

ਸਾਮੀ-ਪ੍ਰਭਾਵਿਤ ਪਹਿਲਵੀ ਨੂੰ ਇਕ ਵਖਰਾ ਨਾਉਂ "ਹੁਜ਼ਵਾਰੇਸ਼" ਦਿਤਾ ਗਿਆ ਸੀ ਜਿਹੜਾ ਹੁਣ ਪ੍ਰਚਲਤ ਨਹੀਂ ਰਿਹਾ। ਬਾਦ ਵਿਚ ਇਕ ਵਖਰੀ ਲਿਪੀ ਚਾਲੂ ਕੀਤੀ ਗਈ ਜਿਹੜੀ ਫ਼ੋਨੇਟਿਕ ਕਿਸਮ ਦੀ ਸੀ। ਹੁਣ ਪਹਿਲਵੀ ਇਸ ਲਿਪੀ ਵਿਚ ਸ਼ੁਧ ਰੂਪ ਵਿਚ ਲਿਖੀ ਜਾਂਦੀ ਹੈ। ਅਤੇ ਸ਼ਬਦਾਵਲੀ ਵੀ ਲਗ ਭਗ ਆਰੀਆ ਮੂਲਦੀ ਹੈ।

ਸੁਦੇਸ਼ੀ ਪਹਿਲਵੀ ਨੂੰ 'ਪਾਜ਼ੰਦ' ਜਾਂ 'ਪਾਰਸੀ' ਕਿਹਾ ਜਾਂਦਾ ਹੈ। ਪਾਜ਼ੰਦ ਨੇ ਬੰਬਈ ਦੇ ਪਾਰਸੀਆਂ ਦੇ ਮਾਧਿਅਮ ਨਾਲ ਭਾਰਤੀ ਬੋਲੀ ਗੁਜਰਾਤੀ ਨੂੰ ਵੀ ਪ੍ਰਭਾਵਿਤ ਕੀਤਾ ਹੈ।

ਪਹਿਲਵੀ ਦੀਆਂ ਮੁਖ ਤੌਰ ਤੇ

(1) ਅਰਸੈਸਿਡ (Arsacid) ਪਹਿਲਵੀ

(2) ਸਾਸਾਨੀ ਪਹਿਲਵੀ

(3) ਅਤੇ ਕਿਤਾਬੀ ਪਹਿਲਵੀ ਬੋਲੀਆਂ ਹਨ।

ਮਧਕਾਲੀ ਈਰਾਨੀ ਵਿਚ 'ਮਾਨੀ' ਮਜ਼ਹਬ ਦੀ ਬੋਲੀ ਵੀ ਉਲੇਖ ਯੋਗ ਹੈ ਜੋ ਤੁਰਫਾਨ ਦੀਆਂ ਹਥਲਿਖਤਾਂ ਵਿਚ ਪ੍ਰਯੁਕਤ ਹੋਈ ਹੈ। ਸ਼ਕ-ਈਰਾਨੀ ਵਿਚ ਬੋਧ ਧਰਮ ਦੀਆਂ ਖੋਤਾਨ ਇਲਾਕੇ ਵਿਚ ਪੁਸਤਕਾਂ ਲਿਖੀਆਂ ਮਿਲੀਆਂ ਹਨ। ਸ਼ਾਇਦ ਇਹ ਪ੍ਰਾ. ਸਗੋਥੀਅਨ ਭਾਸ਼ਾ ਦੀ ਸੰਤਾਨ ਹੈ।

(3) ਨਵੀਨ ਈਰਾਨੀ

ਨਵੀਨ ਈਰਾਨੀ ਜਾਂ ਆਧੁਨਿਕ ਈਰਾਨੀ ਪੰਜਾਬੀ, ਹਿੰਦੀ ਦੀ ਤਰ੍ਹਾਂ ਨਿਖੇੜੂ (ਵਿਯੋਗਾਤਮਕ) ਹੋ ਗਈ! ਇਸ ਦਾ ਕਲਾਸੀਕਲ ਗ੍ਰੰਥ ਫਿਰਦੋਸੀ ਦਾ ਸ਼ਾਹਨਾਮਾ (940–1020 ਈ.) ਵਿਸ਼ਵ ਸਾਹਿਤ ਦਾ ਅਦੁਤੀ ਮਹਾਕਾਵਿ ਹੈ। ਇਸ ਵਿਚ ਅਰਬੀ ਸ਼ਬਦ ਬਹੁਤੇ ਨਹੀਂ ਹਨ ਪਰ ਬਾਦ ਵਿਚ ਈਰਾਨੀ ਅਰਬੀ ਨਾਲ ਲੱਦੀ ਜਾਣ ਲਗੀ। ਸ਼ਾਹਨਾਮਾ ਦੀ ਈਰਾਨੀ ਟਕਸਾਲੀ ਮੰਨੀ ਜਾਂਦੀ ਹੈ ਅਤੇ ਇਸ ਨੂੰ ਪਹਿਲਾਂ 'ਫ਼ਾਰਸੀ' ਅਤੇ ਹੁਣ 'ਈਰਾਨੀ' ਕਿਹਾ ਜਾਂਦਾ ਹੈ। ਨਵੀਨ ਈਰਾਨੀ ਹੀ ਇਹ ਰਾਸ਼ਟਰੀ ਭਾਸ਼ਾ ਹੈ।

ਫ਼ਾਰਸੀ ਵਿਚ ਪਿਛਲੀਆਂ ਦਸ ਸਦੀਆਂ ਤੋਂ ਉਤਮ ਸਾਹਿਤ ਲਿਖਿਆ ਜਾਂਦਾ ਰਿਹਾ ਹੈ। ਦਿਨੀਂ ਦਿਨੀਂ ਦੇਸ਼ ਭਗਤ ਸ਼ਾਹਨਸ਼ਾਹ ਰਜ਼ਾ ਸ਼ਾਹ ਪਹਿਲਵੀ ਦੀ ਓਜਸਵੀ ਅਗਵਾਈ ਹੇਠ ਈਰਾਨੀ ਰਾਸ਼ਟਰ ਵਿਚ ਪੁਨਰ-ਸੁਰਜੀਤੀ ਦੀ ਲਹਿਰ ਹੁਮਕ ਉਠੀ ਹੈ। ਇਹ ਰਾਸ਼ਟਰੀ ਭਾਵਨਾ ਭਾਸ਼ਾ ਵਿਚ ਵੀ ਪ੍ਰਤਿਬਿੰਬਤ ਹੋ ਰਹੀ ਹੈ। ਫਲ ਸਰੂਪ ਨਵੀਨ ਫ਼ਾਰਸੀ (ਈਰਾਨੀ) ਵਿਚ ਸਦੇਸ਼ੀ ਸ਼ਬਦਾਂ ਨੂੰ ਭਾਰੀ ਤਰਜੀਹ ਦਿਤੀ ਜਾ ਰਹੀ ਹੈ ਅਤੇ ਅਰਬੀ ਸ਼ਬਦਾਵਲੀ ਨੂੰ ਤਿਲਾਂਜਲੀ। ਪ੍ਰੋ. ਗੁਲਵੰਤ ਸਿੰਘ ਹੁਰਾਂ ਦੀ ਅਕਾਦਮਿਕ ਇਤਲਾਹ ਅਨੁਸਾਰ ਈਰਾਨੀ ਯੂਨੀਵਰਸਿਟੀਆਂ ਨੂੰ ਜਿਥੇ ਪਹਿਲਾਂ ਅਰਬੀ ਪ੍ਰਭਾਵ ਅਧੀਨ 'ਦਾਰ-ਉਲ-ਉਲੂਮ' ਕਿਹਾ ਜਾਂਦਾ ਸੀ, ਉਥੇ ਹੁਣ ਸੁਦੇਸ਼ੀ ਭਾਵਨਾ ਅਧੀਨ 'ਦਾਨਿਸ਼ਗਾਹ' ਕਿਹਾ ਜਾਂਦਾ ਹੈ। ਇਉਂ 'ਆਰੀਆਈਕਰਣ' ਦੀ ਪ੍ਰਕਿਰਿਆ ਜਾਰੀ ਹੈ। ਈਰਾਨੀ ਭਾਸ਼ਾ ਨੂੰ ਟਕਸਾਲੀ, ਵਿਕਾਸ-ਮੁਖੀ, ਸਮਰਥ ਤੇ ਲਚਕਦਾਰ ਬਣਾਉਣ ਲਈ ਯੂਰਪੀ ਭਾਸ਼ਾਵਾਂ

ਦੇ ਸ਼ਬਦ ਵੀ ਜਜ਼ਬ ਕੀਤੇ ਜਾ ਰਹੇ ਹਨ।

ਆਧੁਨਿਕ ਫਾਰਸੀ ਦੀਆ ਬਹੁਤ ਸਾਰੀਆਂ ਇਲਾਕਾਈ ਜ਼ਬਾਨਾਂ ਵੀ ਮਿਲਦੀਆਂ ਹਨ। ਈਰਾਨੀ ਜ਼ਬਾਨਾਂ ਏਧਰੋਂ ਭਾਰਤ ਤੋਂ ਲੈ ਕੇ ਉਧਰ ਕੈਸਪੀਅਨ ਸਾਗਰ ਤਕ ਫੈਲੀਆਂ ਹੋਈਆਂ ਹਨ। ਵਿਦਵਾਨ ਅਜੇ ਕੋਈ ਫੈਸਲਾ ਨਹੀਂ ਕਰ ਸਕੇ ਕਿ ਕਿਹੜੀਆਂ ਜ਼ਬਾਨਾਂ ਸਿਧੀਆਂ ਅਵੇਸਤਾ ਤੋਂ ਨਿਕਲੀਆਂ ਹਨ ਅਤੇ ਕਿਹੜੀਆਂ ਫਾਰਸੀ ਤੋਂ। ਪ੍ਰਧਾਨ ਪ੍ਰਧਾਨ ਇਲਾਕਾਈ ਬੋਲੀਆਂ ਵਿਚ (1) ਕੁਰਦਿਸਤਾਨ ਦੀ ਕੁਰਦੀ (2) ਪੱਛਮੀ ਈਰਾਨੀ ਪ੍ਰਦੇਸ਼ ਦੀ ਓਰਮੂਰੀ (3) ਕਾਕੇਸਸ ਇਲਾਕੇ ਦੀ ਓਸੇਟਿਕ (ossetic) (4) ਬਲੋਚਿਸ-ਤਾਨ ਦੀ ਬਲੋਚੀ (5) ਅਫ਼ਗਾਨਿਸਤਾਨ ਦੀ ਅਫ਼ਗਾਨੀ ਜਾਂ ਪਸ਼ਤੋ ਅਤੇ ਪਖ਼ਤੋ (6) ਪਾਮੀਰ ਦੀ ਤਰਾਈ ਦੀ ਪਾਮੀਰੀ ਅਤੇ (7) ਤਾਜ਼ਿਕਿਸਤਾਨ ਦੀ ਤਾਜ਼ਿਕ ਸ਼ਾਮਿਲ ਹਨ।

ਫ਼ਾਰਸੀ (ਈਰਾਨੀ) ਦਾ ਭਾਰਤੀ ਭਾਸ਼ਾਵਾਂ ਉਤੇ ਪ੍ਰਭਾਵ

ਸਮਿਆ ਦੇ ਗੇੜ, ਗੇੜ ਹੀ ਹੁੰਦੇ ਹਨ। ਇਹ ਸਮੇਂ ਦਾ ਗੇੜ ਹੀ ਸੀ ਕਿ ਈਰਾਨੀ ਨੇ (ਖਾਸ ਕਰ ਕੇ ਫਾਰਸੀ ਬੋਲੀ ਨੇ) ਹਿੰਦੁਸਤਾਨ ਦੀਆਂ ਭਾਸ਼ਾਵਾਂ ਨੂੰ ਸੈਂਕੜੇ ਸਾਲਾਂ ਦੀ ਜੁਦਾਈ ਤੋਂ ਉਪਰੰਤ ਫਿਰ ਵੰਗਾਰਿਆ। ਕੋਈ ਸਮਾਂ ਸੀ ਜਦੋਂ ਈਰਾਨੀ ਭਾਸ਼ਾ-ਵਰਗ ਤੇ ਹਿੰਦ-ਆਰੀਆਈ ਭਾਸ਼ਾ-ਵਰਗ ਇਕ ਪਰਿਵਾਰ ਦੀ ਹੈਸੀਅਤ ਵਿਚ ਇਕਠੇ ਵਸਦੇ-ਰਸਦੇ ਸਨ। ਦੋਵੇਂ ਖ਼ਾਨਦਾਨ ਇਕ ਇਲਾਕੇ ਦੇ ਬਾਸ਼ਿੰਦੇ ਸਨ। ਦੋਹਾਂ ਦੀ ਭਾਸ਼ਾ ਸਾਂਝੀ, ਸਭਿਆਚਾਰ ਸਾਂਝਾ, ਦਾਦੀ-ਪੜਦਾਦੀ ਸਾਂਝੀ ਅਤੇ ਨੁਹਾਰ-ਕਿਰਦਾਰ ਸਾਂਝਾ। ਪਰ ਇਸ ਸਾਂਝੇ 'ਆਰੀਆ' ਪਰਿਵਾਰ ਨੂੰ, ਭਾਵੀ ਨੇ ਜਦੋਂ ਦੋ 'ਸਰੀਕਿਆਂ' ਵਿਚ ਵੰਡ ਕੇ ਨਿਖੇੜਿਆ ਤਾਂ ਇਕ ਤਾਂ ਈਰਾਨੀ ਸਰਜ਼ਮੀਨ ਦੇ ਵਾਸੀ ਬਣੇ ਰਹੇ ਪਰ ਦੂਜਾ ਸ਼ਰੀਕਾ ਕਾਫ਼ਲਾ ਬਣ ਕੇ oxus ਤੇ Jaxartes ਘਾਟੀਆਂ ਦੇ ਕੰਢੇ ਕੰਢੇ **ਬਦਖ਼ਸ਼ਾਂ ਤੇ ਖੋਕੰਦ** ਦੀਆਂ ਪਹਾੜੀ ਢਲਵਾਨਾਂ ਨੂੰ ਚੀਰਦਾ ਹੋਇਆ ਹਿੰਦੂ ਕੁਸ਼ ਦੀਆਂ ਪੱਛਮੀ ਘਾਟੀਆਂ ਥਾਣੀਂ ਕਾਬੁਲ ਦੀ ਸੁੰਦਰ ਵਾਦੀ ਵਿਚ ਰਤਾ ਕੁ ਸੱਜਰ ਸਾਹ ਹੋ ਕੇ ਹਿੰਦੁਸਤਾਨ ਦੇ ਲਹਿਲਹਾਂਦੇ ਮੈਦਾਨਾਂ ਤੇ ਆ ਉਤਰਿਆ। ਇਸੇ ਕਾਫ਼ਲੇ ਦੇ ਪੁਰਾਤਨ ਬਜ਼ੁਰਗ ਹੀ ਅਜੋਕੇ ਹਿੰਦ-ਆਰੀਆਈ ਭਾਸ਼ਾ-ਖ਼ਾਨਦਾਨ ਦੇ ਪੂਰਵਜ ਸਨ। ਪਰ ਜਿਹੜਾ ਦਲ ਈਰਾਨੀ ਪ੍ਰਦੇਸ਼ ਵਿਚ ਟਿਕਿਆ ਰਿਹਾ ਉਹ ਪੂਰਵ ਵਲ ਪਾਮੀਰ ਘਾਟੀ ਵਿਚ ਵਸ ਗਿਆ ਅਤੇ 'ਗ਼ਲਚਾਹ' ਜ਼ਬਾਨ ਦਾ ਸੁਆਮੀ ਬਣਿਆ ਅਤੇ ਜਿਹੜੇ ਪੱਛਮ ਵਲ ਫ਼ਾਰਸ, ਅਫ਼ਗਾਨਿਸਤਾਨ ਤੇ ਕਾਬਜ਼ ਹੋਏ ਉਨ੍ਹਾਂ ਦੇ ਉੱਤਰ-ਅਧਿਕਾਰੀ ਹੀ ਈਰਾਨੀ ਭਾਸ਼ਾ ਦੇ ਸੰਚਾਲਕ ਹੋਏ।

ਇਤਿਹਾਸ ਨੇ ਜਦੋਂ ਪਲਟਾ ਖਾਧਾ ਤਾਂ ਇਹ ਦੋਵੇਂ ਜੁੜੇ। ਉਦੋਂ ਉਨ੍ਹਾਂ ਨੂੰ ਆਪਣਾ ਉਹ ਖ਼ੂਨੀ ਰਿਸ਼ਤਾ ਨਾ ਤਾਂ ਚੇਤੇ ਸੀ ਅਤੇ ਨਾ ਹੀ ਉਨ੍ਹਾਂ ਦੇ ਕੌਮੀ ਸਭਿਆਚਾਰ ਵਿਚੋਂ ਝਲਕਦਾ ਸੀ। ਨਤੀਜਾ ਇਹੋ ਹੋਇਆ ਕਿ ਈਰਾਨ ਦੀ 'ਫਾਰਸੀ' ਭਾਰਤ ਵਿਚ ਹਾਕਿਮ ਭਾਸ਼ਾ ਦੀ ਹੈਸੀਅਤ ਵਿਚ ਦਾਖ਼ਲ ਹੋਈ ਅਤੇ ਮਹਿਕੂਮ ਭਾਰਤੀ ਭਾਸ਼ਾਵਾਂ ਨੂੰ 'ਗੋਲੀ' ਬਣਾਕੇ ਉਨ੍ਹਾਂ ਨੂੰ ਅੰਦਰੋਂ-ਬਾਹਰੋਂ ਪ੍ਰਭਾਵਿਤ ਕਰਦੀ ਰਹੀ।

ਇਤਿਹਾਸ ਗਵਾਹ ਹੈ ਕਿ ਫ਼ਾਰਸੀ ਅੰਬਰਵੇਲ ਦੀ ਤਰ੍ਹਾਂ ਸੁਦੇਸ਼ੀ ਬੋਲੀਆਂ ਨੂੰ ਚੰਬੜ ਗਈ। ਉਨ੍ਹਾਂ ਦੀ ਤਰੱਕੀ ਉਥੇ ਦੀ ਉਥੇ ਠੱਪ ਹੋ ਗਈ। ਉਨ੍ਹਾਂ ਦੇ ਸਾਹ-ਸੱਤ ਖੁਸ਼ਕ ਹੋਣ ਲਗੇ। ਹਰਿਆਲੀ ਭਾਹ ਪੀਲਤਣਾਂ ਵਿਚ ਵਟਦੀ ਗਈ। ਗੜੇਮਾਰ ਹੋਈਆਂ ਸੁਦੇਸ਼ੀ ਬੋਲੀਆਂ ਦੇ ਵਿਕਾਸ ਦੇ ਬੂਹੇ ਇਕ ਲੰਮੇ ਅਰਸੇ ਲਈ ਬੰਦ ਹੋ ਗਏ। ਗੱਲ ਕੀ, ਫਾਰਸੀ ਦਾ ਭਾਰਤੀ ਸੁਦੇਸ਼ੀ ਬੋਲੀਆਂ ਤੇ ਪਿਆ ਪ੍ਰਭਾਵ ਹੁਣ ਵੀ ਪੈਰ ਪੈਰ ਤੇ ਉਜਾਗਰ ਹੁੰਦਾ ਹੈ।

ਇਸ ਪ੍ਰਭਾਵ ਦਾ ਵਰਣਨ ਇਕ ਵੱਖਰੀ ਪੁਸਤਕ ਦਾ ਵਿਸ਼ਾ ਹੈ ਜਿਸ ਦਾ ਅਗੇ ਜਾ ਕੇ ਪੰਜਾਬੀ ਦੇ ਪ੍ਰਸੰਗ ਵਿਚ ਹੋਰ ਵਿਸਤਾਰ-ਪੂਰਵਕ ਵਰਣਨ ਕੀਤਾ ਜਾਵੇਗਾ। ਪਰ ਏਥੇ ਇਸ਼ਾਰਾ ਮਾਤਰ ਕਰ ਕੇ ਇਸ ਵਿਸ਼ੇ ਨੂੰ ਸਮਾਪਤ ਕੀਤਾ ਜਾਂਦਾ ਹੈ।

ਤਾਰਾ ਪੁਰ ਵਾਲਾ ਦਾ ਇਹ ਦਾਅਵਾ ਹੈ (ਪੰਨਾ 235) ਕਿ ਭਾਰਤ ਉਤੇ ਈਰਾਨੀ ਦਿਗਵਿਜੈ ਤੋਂ ਪਹਿਲਾਂ ਹੀ ਸਾਡੀਆਂ ਮੱਧਕਾਲੀ ਬੋਲੀਆਂ ਵਿਚ ਈਰਾਨੀ ਬੋਲੀਆਂ ਦੇ ਸ਼ਬਦ ਪ੍ਰਵਿਸ਼ਟ ਹੋ ਰਹੇ ਸਨ। ਪ੍ਰਾਕ੍ਰਿਤ ਤੇ ਸੰਸਕ੍ਰਿਤ ਵਿਚ ਅਜਿਹੇ ਸ਼ਬਦ ਮਿਲਦੇ ਹਨ। ਸੰਸਕ੍ਰਿਤ ਦੇ ਅਰਥ ਸ਼ਾਸਤ੍ਰ ਵਿਚ 'ਸੇਰਕ' ਦਾ ਪ੍ਰਯੋਗ ਹੋਇਆ ਹੈ ਜੋ ਈਰਾਨੀ 'ਸੇਰ' ਦਾ 'ਸੰਸਕ੍ਰਿਤੀਕਰਣ' ਹੈ। ਗੁਜਰਾਤ ਪ੍ਰਾਂਤ ਦਾ ਫਾਰਸ ਦੀ ਖਾੜੀ ਨਾਲ ਬੜਾ ਸਰਗਰਮ ਤਜਾਰਤੀ ਸੰਪਰਕ ਰਿਹਾ ਜਿਸ ਦੇ ਫਲ ਵਜੋਂ ਮੱਧ-ਈਰਾਨੀ ਦੇ ਕਾਫੀ ਸ਼ਬਦ 'ਇਸਲਾਮ ਦੀ ਫਤਹਿ' ਤੋਂ ਪਹਿਲਾਂ ਗੁਜਰਾਤੀ ਵਿਚ ਦਾਖ਼ਲ ਹੋ ਗਏ ਸਨ।

ਈਰਾਨੀ ਫਤੂਹਾਤ ਤੋਂ ਉਪਰੰਤ ਇਸ ਬ਼ਕਤੀਵਰ ਫਾਰਸੀ ਭਾਸ਼ਾ ਦਾ ਅਸਰ-ਰਸੂਖ਼ ਹਰ ਥਾਂ ਪਹੁੰਚਦਾ ਗਿਆ ਜਿਥੇ ਜਿਥੇ ਵੀ ਇਸਲਾਮੀ ਸਾਮਰਾਜ ਦਾ ਝੰਡਾ ਬੁਲੰਦ ਹੁੰਦਾ ਗਿਆ। ਹਿੰਦੁਸਤਾਨ ਦੀ ਕੋਈ ਵੀ ਭਾਸ਼ਾ ਇਸ ਦੇ ਪ੍ਰਭਾਵ ਤੋਂ ਬਚ ਨਹੀਂ ਸਕੀ, ਹਰੇਕ ਨੇ ਫਾਰਸੀ ਦੀ 'ਢੇਰ' ਸ਼ਬਦਾਵਲੀ ਕਬੂਲ ਕੀਤੀ। ਪਰ ਇਕ ਗੱਲ ਚੇਤੇ ਰੱਖਣ ਵਾਲੀ ਹੈ ਕਿ ਭਾਵੇਂ ਫਾਰਸੀ ਦੇ ਅਨੇਕਾਂ ਸ਼ਬਦ, ਵਿਸ਼ੇਸ਼ਣ ਅਤੇ ਕ੍ਰਿਆਵਿਸ਼ੇਸ਼ਣ ਭਾਰਤੀ ਭਾਸ਼ਾਵਾਂ ਦੇ ਪਿੰਡੇ ਵਿਚ ਜਜ਼ਬ ਹੁੰਦੇ ਗਏ ਪਰ ਉਨ੍ਹਾਂ ਦਾ ਵਿਆਕਰਣ ਸਾਬਤ-ਸਬੂਤ ਬਚ

ਨਿਕਲਿਆ। ਵਿਆਕਰਣ ਦਾ ਨਿਵੇਕਲਾਪਣ ਹੀ ਕਿਸੇ ਭਾਸ਼ਾ ਦੀ ਵਿਸ਼ੇਸ਼ਤਾ ਹੁੰਦੀ ਹੈ ਅਤੇ ਉਸ ਦਾ ਅਸਲੀ ਸੁਰੂਪ ਹੁੰਦੀ ਹੈ। 'ਸ਼ਬਦਾਵਲੀ' ਤਾਂ ਆਉਂਦੀ ਜਾਂਦੀ ਰਹਿੰਦੀ ਹੈ। ਸ਼ਬਦਾਵਲੀ ਸੱਚ ਜਾਣੋ ਤਾਂ ਕਿਸੇ ਭਾਸ਼ਾ ਦਾ ਬਹੁਤ ਹੀ 'ਚਲਵਾ' ਹਿੱਸਾ ਹੁੰਦੀ ਹੈ। ਕਿਸੇ ਭਾਸ਼ਾ ਦੀਆਂ ਨੀਹਾਂ ਤਾਂ 'ਵਿਆਕਰਣ' ਹੀ ਹੁੰਦਾ ਹੈ। ਫਾਰਸੀ ਇਉਂ ਨੀਹਾਂ ਤਕ ਨਹੀਂ ਅਪੜ ਸਕੀ, ਭਾਵੇਂ ਉਸ ਦਾ ਓਪਰਾ ਪ੍ਰਭਾਵ ਬੜਾ ਤਕੜਾ ਸਾਬਤ ਹੋਇਆ।

ਈਰਾਨੀ (ਫ਼ਾਰਸੀ) ਪ੍ਰਭਾਵ ਦੇ ਪ੍ਰਕਰਣ ਵਿਚ ਉਨ੍ਹਾਂ ਨੌ-ਅਬਾਦੀਆਂ (colony) ਦਾ ਵੀ ਕਥਨ ਕਰਨਾ ਜ਼ਰੂਰੀ ਹੈ ਜੋ ਈਰਾਨੀ ਹਮਲਾਵਰ ਸਮੇਂ ਸਮੇਂ ਭਾਰਤ ਦੀ ਸਰਜ਼ਮੀਨ ਉਤੇ ਅਬਾਦ ਕਰਦੇ ਰਹੇ। ਕਸ਼ਮੀਰ, ਪੰਜਾਬ, ਗੁਜਰਾਤ ਅਤੇ ਏਥੋਂ ਤਕ ਕਿ ਬਿਹਾਰ ਪ੍ਰਾਂਤ ਵਿਚ ਵੀ ਈਰਾਨੀ ਕੋਲੋਨੀਆਂ ਦੇ ਚਿੰਨ੍ਹ ਮਿਲਦੇ ਹਨ। ਦਸਵੀਂ ਸਦੀ ਦੇ ਨੇੜੇ ਈਰਾਨ ਦੇ ਅਗਨੀ-ਪੂਜ 'ਪਾਰਸੀ' ਭਾਰਤ ਵਿਚ ਸਰਨਾਰਥੀ ਬਣਕੇ ਆਏ ਅਤੇ ਏਥੋਂ ਦੀ ਵਸੋਂ ਵਿਚ ਜਜ਼ਬ ਹੋ ਗਏ। ਸ਼ਾਇਦ ਈਰਾਨ ਦੇ ਏਹੋ ਪਾਰਸੀ ਹੀ ਸਨ ਜਿਨ੍ਹਾਂ ਨੂੰ 'ਭਵਿਸ਼ਯਤ ਪੁਰਾਣ' ਵਿਚ 'ਸ਼ਾਕਦਵੀਪੀਯ ਬ੍ਰਾਹਮਣ' ਕਿਹਾ ਗਿਆ ਹੈ। ਨਿਰਸੰਦੇਹ ਇਨ੍ਹਾਂ ਈਰਾਨੀ ਆਬਾਦਕਾਰਾਂ ਨੇ ਸੁਦੇਸ਼ੀ ਲੋਕ-ਬੋਲੀਆਂ ਵਿਚ ਅਨੇਕਾਂ ਈਰਾਨੀ ਲਫ਼ਜ਼ ਦਾਖਲ ਕਰ ਦਿਤੇ।

ਈਰਾਨੀ ਪ੍ਰਭਾਵ ਦਾ ਸਭ ਤੋਂ ਵੱਡਾ ਜਿਉਂਦਾ-ਜਾਗਦਾ ਨਿਕਟ-ਵਰਤੀ ਸਬੂਤ ਭਾਰਤੀ ਭੂ-ਖੰਡ ਵਿਚ 'ਉਰਦੂ' ਭਾਸ਼ਾ ਦੀ ਉਤਪੱਤੀ ਹੈ। ਸੱਚ ਪੁਛੋ ਤਾਂ 'ਉਰਦੂ' ਜ਼ਬਾਨ ਇਕ ਅਜੇਹਾ ਸ਼ੀਸ਼ਾ ਹੈ ਜਿਸ ਥਾਣੀਂ ਫਾਰਸੀ-ਪ੍ਰਭਾਵ ਦਾ ਝਲਕਾਰਾ ਵੇਖਿਆ ਜਾ ਸਕਦਾ ਹੈ।

ਫ਼ਾਰਸੀ ਤੇ ਸੰਸਕ੍ਰਿਤ :

ਮੁਹੰਮਦ ਹੁਸੈਨ 'ਆਜ਼ਾਦ' ਨੇ ਈਰਾਨੀ ਤੇ ਭਾਰਤੀ ਭਾਸ਼ਾਵਾਂ ਦਾ ਡੂੰਘਾ ਅਧਿਐਨ ਆਪਣੀ ਇਕ ਪੁਸਤਕ 'ਸੁਖ਼ਨ ਦਾਨਿ ਫਾਰਸ' [1] (1887) ਵਿਚ ਬੜੀ ਸੁਚੱਜਤਾ ਤੇ ਵਿਦਵਤਾ ਨਾਲ ਸ਼ਬਦ-ਬੱਧ ਕੀਤਾ ਹੈ। ਸ੍ਰੀ ਆਜ਼ਾਦ ਨੇ ਅਵੇਸਤਾ, ਪ੍ਰਾਚੀਨ ਫਾਰਸੀ ਤੇ ਨਵੀਨ ਫਾਰਸੀ ਨਾਲ ਸੰਸਕ੍ਰਿਤ ਦਾ ਟਾਕਰਾ ਕਰ ਕੇ ਇਹ ਬੜੇ ਜ਼ੋਰ ਨਾਲ ਸਥਾਪਿਤ ਕੀਤਾ ਹੈ ਕਿ ਫਾਰਸੀ ਤੇ ਸੰਸਕ੍ਰਿਤ ਇਕੋ ਹੀ ਸਮੇਂ ਦੀਆਂ ਪੈਦਾਵਾਰ ਹਨ। ਉਸ ਦੀ ਖੋਜ

---

1. ਸੁਖ਼ਨ-ਦਾਨਿ-ਫਾਰਸ ਦਾ ਪੰਜਾਬੀ ਤਰਜਮਾ ਸ੍ਰੀ ਬਲਵੰਤ ਸਿੰਘ 'ਵੈਦ' ਨੇ ਕੀਤਾ ਹੈ। ਅਤੇ ਇਸ ਨੂੰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਨੇ 1963 ਵਿਚ ਪ੍ਰਕਾਸ਼ਿਤ ਕੀਤਾ ਹੈ।

ਦਾ ਨਿਚੋੜ ਹੇਠਾਂ ਦਿਤਾ ਜਾਂਦਾ ਹੈ।

ਮੁਹੰਮਦ ਹੁਸੈਨ ਆਜ਼ਾਦ ਦਾ ਕਥਨ ਹੈ ਕਿ ਫ਼ਾਰਸੀ ਤੇ ਸੰਸਕ੍ਰਿਤ ਸ਼ਬਦਾਂ ਦੀ ਮਖ਼ਲੂਕ, ਉਨ੍ਹਾਂ ਦੇ ਰੂਪ ਤੇ ਸ਼ਕਲਾਂ, ਉਨ੍ਹਾਂ ਦੇ ਇਕੋ ਪਰਿਵਾਰ ਵਿਚੋਂ ਹੋਣ ਬਾਰੇ ਸਾਖ ਭਰਦੇ ਹਨ। ਸਿਧਾਂਤਕ ਤੌਰ ਤੇ ਜਦੋਂ ਦੋ ਮੁਕਾਬਲੇ ਦੀਆਂ ਭਾਸ਼ਾਵਾਂ ਸਾਡੇ ਸਾਮ੍ਹਣੇ ਹੋਣ ਤਾਂ ਉਨ੍ਹਾਂ ਦੀਆਂ ਨਸਲਾਂ ਤੇ ਪਰਿਵਾਰਾਂ ਦੇ ਅਸਲੇ ਪਛਾਣਨ ਦੇ ਕੀ ਨਿਯਮ ਹਨ ਜਿਨ੍ਹਾਂ ਨਾਲ ਅਸੀਂ ਇਹ ਪਛਾਣ ਸਕੀਏ ਕਿ ਦੋਵਾਂ ਦੀ ਅਸਲ-ਨਸਲ ਇਕ ਹੈ ਜਾਂ ਨਹੀਂ ਅਤੇ ਸੰਸਕ੍ਰਿਤ ਤੇ ਫਾਰਸੀ ਭੈਣਾਂ ਕਿਨ੍ਹਾਂ ਗਲਾਂ ਦੇ ਕਾਰਨ ਇਕ ਪਰਿਵਾਰ ਦੀ ਸੰਤਾਨ ਮਲੂਮ ਹੁੰਦੀਆਂ ਹਨ ਕਿ ਨਹੀਂ। ਇਸ ਪਛਾਣ ਦਾ ਸਭ ਤੋਂ ਵਡਾ ਪ੍ਰਮਾਣ ਸ਼ਬਦ ਹੁੰਦੇ ਹਨ ਅਤੇ ਫਿਰ ਹੌਲੀ ਹੌਲੀ ਧੁਨੀ-ਬਣਤਰ ਤੇ ਰੂਪ-ਸੰਰਚਨਾ ਵੀ ਪ੍ਰਗਟੀ ਕਰਦੀ ਹੈ। ਪਰ ਸਭ ਤੋਂ ਛੇਤੀ ਪਛਾਣ ਸਾਂਝੀ 'ਸ਼ਬਦਾਵਲੀ' ਤੋਂ ਹੁੰਦੀ ਹੈ। ਇਸ ਲਈ ਮੁਹੰਮਦ ਆਜ਼ਾਦ ਨੇ ਸ਼ਬਦਾਂ ਦੇ **ਛੇ ਵਰਗ** ਨਿਸ਼ਚਤ ਕੀਤੇ ਹਨ ਜਿਹੜੇ ਦੋਹਾਂ ਦੀ ਸਾਂਝ ਦੇ ਸਦੀਆਂ ਤੋਂ ਗਵਾਹ ਚਲ ਆ ਰਹੇ ਹਨ।

(1) ਨੇੜੇ ਦੇ ਰਿਸ਼ਤੇਦਾਰਾਂ ਦੇ ਨਾਵਾਂ ਨੂੰ ਵੇਖ ਸਕਦੇ ਹਾਂ। ਇਨ੍ਹਾਂ ਤੋਂ ਕੋਈ ਘਰ ਬਲਕਿ ਆਦਮ ਦੇ ਜਾਇਆਂ ਦੀ ਅੰਸ ਮਾਤਰ ਖਾਲੀ ਨਹੀਂ ਰਹਿ ਸਕਦੀ। ਜੇ ਦੋ ਭਾਸ਼ਾਵਾਂ ਵਿਚ ਇਹ ਨਾਂ ਇਕੋ ਹੀ ਹਨ ਤਾਂ ਸਮਝ ਲਵੋ ਕਿ ਬੋਲਣ ਵਾਲਿਆਂ ਦਾ ਅਸਲਾ ਵੀ ਇਕੋ ਹੀ ਹੈ :

ਪੰਜਾਬੀ	ਫ਼ਾਰਸੀ	ਸੰਸਕ੍ਰਿਤ
ਪਿਉ, ਪਿਤਾ	ਪਿਦਰ	ਪਿਤ੍ਰ੍, ਪਿਤਾ
ਮਾਂ	ਮਾਦਰ	ਮਾਤ੍ਰ੍, ਮਾਤਾ
ਭਰਾ	ਬਰਾਦਰ	ਭ੍ਰਾਤ੍ਰ੍, ਭ੍ਰਾਤਾ
ਭੈਣ	—	ਭਗਿਨੀ
ਪੁੱਤ	ਪੋਰ	ਪੁਤ੍ਰ੍
ਧੀ (ਦੋਹਤਾ, ਦੋਹਤਰਾ)	ਦੁਖ਼ਤਰ	ਦੁਹਿਤ੍ਰ੍, ਦੁਹਿਤਾ
ਸਹੁਰਾ	ਖ਼ੁਸਰ	ਸ਼ੁਵਸਰਿ

(2) ਸਰੀਰ ਦੇ ਅੰਗ ਵੀ ਮਨੁਖ ਤੋਂ ਕਦੀ ਵਖ ਨਹੀਂ ਹੁੰਦੇ। ਜਿਨ੍ਹਾਂ ਦੋ ਭਾਸ਼ਾਵਾਂ ਵਿਚ ਇਨ੍ਹਾਂ ਦੇ ਨਾਂ ਸਾਂਝੇ ਹੋਣ ਤਾਂ ਜਾਣ ਲਵੋ ਕਿ ਦੋਹਾਂ ਦੇ ਬਜ਼ੁਰਗ ਜ਼ਰੂਰ ਕਿਸੇ ਵੇਲੇ

ਇਕੋ ਜਗ੍ਹਾ ਰਹਿੰਦੇ ਹਨ :—

ਸਿਰ	ਸਰ	ਸ਼ਿਰ
ਅਖਾਂ	ਚਸ਼ਮ	ਚਕਸ਼ੁ
ਭਰਵਟੇ	ਅਬਰੂ	ਭ੍ਰੂ
ਦੰਦ	ਦੰਦ	ਦੰਤ
ਹਥ	ਦਸਤ	ਹਸਤ
ਮੁਠੀ	ਮੁਸ਼ਤ	ਮੁਸ਼ਟਿਕਾ
ਪਿਠ	ਪੁਸ਼ਤ	ਪ੍ਰਿਸ਼ਠ
ਕੁਖ	ਕਿਸ਼	ਕੁਕਸ਼ਿ
ਨਾਭ	ਨਾਫ਼	ਨਾਭਿ
ਜੀਭ, ਜ਼ਬਾਨ	ਜ਼ਬਾਨ	ਜਿਹ੍ਵਾ
ਗਰਦਨ	ਗਰੇ, ਗਰਦਨ	ਗ੍ਰੀਵਾ
ਬਾਂਹ	ਬਾਜ਼ੂ	ਬਾਹੂ
ਗੋਡਾ	ਜ਼ਾਨੂ	ਜਾਨੂ
ਪੈਰ	ਪਾਇ	ਪਾਦ
ਖੂਨ	ਖ਼ੂਨ	ਸ਼ੋਣਿਤ

(3) ਪ੍ਰਾਕਿਰਤਕ ਵਸਤਾਂ ਹਰ ਥਾਂ ਤੇ ਮੌਜੂਦ ਹਨ ਅਤੇ ਸ੍ਰਿਸ਼ਟੀ ਦੇ ਆਦਿ ਤੇ ਅੰਤ ਤਕ ਦੁਨੀਆਂ ਇਨ੍ਹਾਂ ਤੋਂ ਖਾਲੀ ਨਹੀਂ ਰਹੀ ਇਨ੍ਹਾਂ ਦੇ ਨਾਂ ਵੀ ਵੇਖਣ ਯੋਗ ਹਨ :

ਪੰਜਾਬੀ	ਫ਼ਾਰਸੀ	ਸੰਸਕ੍ਰਿਤ
ਹਵਾ	ਬਾਦ	ਵਾਤ
ਸ਼ਾਮ	ਸ਼ਾਮ	ਸਾਯਮ੍

ਰਾਤ	ਸ਼ਬ	ਕ਼ਸ਼ਮਾ
ਤਾਰਾ	ਸਿਤਾਰਾ	ਤਾਰਾ
ਚੰਨ	ਮਾਹ	ਮਾਸ
ਖ਼ੁਦਾ	ਖ਼ੁਦਾ	ਸੁਧਾਤਾ
ਗਰਮੀ	ਗਰਮਾ	ਗ੍ਰੀਸ਼ਮ
ਸਰਦ	ਸਰਦ	ਸ਼ਰਦ

(4) ਜਿਨਸਾਂ ਦੀਆਂ ਲੋੜਾਂ ਹਰ ਜ਼ਮਾਨੇ ਅਤੇ ਹਰ ਆਬਾਦੀ ਨੂੰ ਰਹੀਆਂ ਹਨ। ਮਨੁਖ ਦੀਆਂ ਬਹੁਤ ਲੋੜੀਂਦੀਆਂ ਵਸਤਾਂ ਵਿਚੋਂ ਜਿਨਸਾਂ ਹਨ। ਇਨ੍ਹਾਂ ਜਿਨਸਾਂ ਦੇ ਨਾਂ ਦੋਨੋਂ ਭਾਸ਼ਾਵਾਂ ਵਿਚ ਇਕੋ ਜਿਹੇ ਮਿਲਦੇ ਹਨ :—

ਪੰਜਾਬੀ	ਫ਼ਾਰਸੀ	ਸੰਸਕ੍ਰਿਤ
ਅੱਗ	ਆਤਿਸ਼	ਹੁਤਾਸ਼ਨ
	(ਆਤਿਸ਼ਬਾਜ਼ੀ)	—
—	ਦੂਦ	ਧੂਮ
ਜਲ-ਪਾਣੀ	ਆਬ	ਆਪ
	(ਮੁਰਗ਼+ਆਬੀ)	—
ਅਹਾਰ	ਆਹਾਰ (ਖ਼ੁਰਾਕ)	ਆਹਾਰ
ਗ੍ਰਾਹੀ	ਗ੍ਰਾਸ	ਗ੍ਰਾਸ
ਗੰਦਮ	ਗੰਦਮ	ਗੋਧੂਮ
ਜੌਂ	ਜੌ	ਯਵ
ਮਾਹ	ਮਾਸ਼	ਮਾਸ
ਚੌਲ	ਸ਼ਾਲੀ	ਸ਼ਾਲੀ
ਖੀਰ	ਸ਼ੀਰ	ਕਸ਼ੀਰ
ਕਪਾਹ	ਕਰਪਾਸ	ਕਰਪਾਸ

ਕੁੰਭ	ਖ਼ੁਮ	ਕੁੰਭ
ਚੰਮ	ਚਰਮ	ਚਰਮ
ਦੁਆਰ	ਦਰ	ਦ੍ਵਾਰ

(5) ਕੁਦਰਤੀ ਜੀਵਾਂ ਦੇ ਨਾਵਾਂ ਵਿਚ ਬਹੁਤ ਸਮਾਨਤਾ ਹੈ :—

ਪੰਜਾਬੀ	ਫ਼ਾਰਸੀ	ਸੰਸਕ੍ਰਿਤ
ਨਰ	ਨਰ	ਨਰ
ਬਾਂਦਰ	ਕਪਿ	ਕਪੀ
ਗਾਂ	ਗਾਉ	ਗੋ, ਗੌ
ਮੱਿਹ	ਮੇਸ਼	ਮਹਿਸ਼
ਘੋੜਾ	ਅਸਪ	ਅਸ਼ਵ
ਗਧਾ	ਖ਼ਰ	ਖਰ
ਊਂਠ	ਸ਼ੁਤਰ	ਉਸ਼ਟ੍ਰ
ਭੇਡ	ਮੇਸ਼	ਮੇਸ਼
ਕੁੱਤਾ	ਸਗ	ਸ਼ੁਨਕ
ਗਿੱਦੜ	ਸ਼ਗਾਲ	ਸ਼੍ਰਿਗਾਲ
ਸੂਅਰ	ਖ਼ੂਰ	ਸ਼ੂਕਰ
ਮੱਖੀ	ਮਗਸ	ਮਕਸ਼ਿਕਾ
ਕਾਂ	ਕਲਾਗ	ਕਾਕ
ਚਿੜੀ	ਚਗੋਕ, ਚਗੌਕ	ਚਟਿਕਾ

(6) ਸੰਖਿਆਵਾਚੀ ਸ਼ਬਦਾਂ ਵਿਚ ਦੋਹਾਂ ਵਿਚ ਸਾਂਝ :—

ਪੰਜਾਬੀ	ਫ਼ਾਰਸੀ	ਸੰਸਕ੍ਰਿਤ
ਇਕ	ਯਕ	ਏਕ

ਦੋ	ਦੋ	ਦ੍ਵਿ
ਤਿਨ	ਸਿਹ	ਤ੍ਰਿ
ਚਾਰ	ਚਹਾਰ, ਚਾਰ	ਚਤੁਰ੍
ਪੰਜ	ਪੰਜ	ਪੰਚਨ੍ (ਪੰਚ)
ਛੇ	ਸ਼ਸ਼	ਸ਼ਟ (ਸ਼ਸ਼)
ਸੱਤ	ਹਫਤ	ਸਪ੍ਤ (ਸਪਤਨ੍)
ਅਠ	ਹਸ਼ਤ	ਅਸ਼ਟ (ਅਸ਼ਟਨ)
ਨੌ	ਨਵ	ਨਵ (ਨਵਨ)
ਦਸ	ਦਹ	ਦਸ਼
ਵੀਹ	ਬੀਸਤ	ਵਿੰਸ਼ਤਿ
ਤੀਹ	ਸੀ	ਤ੍ਰਿੰਸਤ੍
ਚਾਲੀ	ਚਹਲ	ਚਤਵਾਰਿੰਸ਼ਤ੍
ਪੰਜਾਹ	ਪੰਜਾਹ	ਪੰਚਾਸ਼ਤ੍
ਸਠ	ਸ਼ਸ਼ਤ	ਸ਼ਸ਼ਟਿ
ਸੱਤਰ	ਹਫਤਾਦ	ਸਪ੍ਤਤਿ
ਅਸੀ	ਹਸ਼ਤਾਦ	ਅਸ਼ੀਤਿ
ਨਬੇ	ਨਵਦ	ਨਵਤਿ
ਸੌ	ਸਦ	ਸ਼ਤ
ਹਜ਼ਾਰ	ਹਜ਼ਾਰ	ਸਹਸ੍ਰ

ਉਪਰੋਕਤ ਉਨ੍ਹਾ ਸ਼ਬਦਾਂ ਦੀ ਸੂਚੀ ਹੈ ਜਿਨ੍ਹਾਂ ਦੀਆਂ ਸ਼ਕਲਾਂ ਅਤੇ ਅਰਥ ਫਾਰਸੀ ਤੇ ਸੰਸਕ੍ਰਿਤ ਦੋਹਾਂ ਭਾਸ਼ਾਵਾਂ ਵਿਚ ਇਕੋ ਜਿਹੇ ਰਹਿੰਦੇ ਹਨ ਅਤੇ ਧੁਨੀਆਂ ਵਿਚ ਬਹੁਤ ਘੱਟ ਫ਼ਰਕ ਆਉਂਦਾ ਹੈ। ਪਰ ਇਨ੍ਹਾਂ ਵਿਚ ਹੋਰ ਢੇਰ ਸਾਰੇ ਸ਼ਬਦ ਅਜੇਹੇ ਵੀ ਹਨ ਜਿਨ੍ਹਾਂ ਵਿਚ ਸ਼ਬਦ ਜੋੜਾਂ ਅੰਦਰ ਫ਼ਰਕ ਪੈਦਾ ਹੋ ਗਿਆ ਹੈ ਪਰ ਇਤਿਹਾਸਿਕ ਵਿਕਾਸ

ਵਿਚ ਦੋਹਾਂ ਵਰਗਾਂ ਦੀਆਂ ਜੜ੍ਹਾਂ ਇਕ ਹਨ । ਹੁਣ ਅਜੇਹੇ ਬਦਲੇ ਹੋਏ ਸ਼ਬਦਾਂ ਦੀ ਤੁਲਨਾ ਵੇਖਦੇ ਹਾਂ ।

(1) ਉਹ ਸ਼ਬਦ ਜਿਥੇ ਦੋਹਾਂ ਭਾਸ਼ਾਵਾਂ ਵਿਚ ਲਗਾਂ-ਮਾਤਰਾਂ ਤਬਦੀਲ ਹੁੰਦੀਆਂ ਹਨ :

ਫ਼ਾਰਸੀ	: ਅਰਥ	ਸੰਸਕ੍ਰਿਤ :	ਅਰਥ
'ਵਦ'	: ਸਿਆਣਾ, ਹਕੀਮ, ਮੁਹਰਵਾਨ	ਵਿਦ :	ਗਿਆਨਵਾਨ, ਜਾਣਕਾਰ
ਹਲਾਹਿਲ	: ਵਿਹੁ, ਜ਼ਹਰ	ਹਲਾਹਲ :	ਵਿਹੁ
ਮਿਹਰ	: ਸੂਰਜ	ਮਿਹਿਰ :	ਸੂਰਜ, ਬੱਦਲ

(2) ਇਕ ਧੁਨੀ ਜਾਂ ਅਨੇਕ ਧੁਨੀਆਂ ਵਿਚ ਪਰਿਵਰਤਨ :—

ਫ਼ਾਰਸੀ	ਅਰਥ	ਸੰਸਕ੍ਰਿਤ	ਅਰਥ
ਮਾਹ :	ਚੰਨ	ਮਾਸ :	ਚੰਨ, ਮਹੀਨਾ
ਦਹ :	ਦਸ	ਦਸ :	ਦਸ
ਪਾਏ :	ਪੈਰ	ਪਾਦ :	ਪੈਰ

(3) ਦੋਹਾਂ ਜ਼ਬਾਨਾਂ ਦੇ ਉਹ ਸ਼ਬਦ ਜਿਨ੍ਹਾਂ ਦੇ ਰੂਪ ਇਕੋ ਜਿਹੇ ਹਨ ਪਰ ਅਰਥਾਂ ਵਿਚ ਅੰਤਰ ਪੈਦਾ ਹੋ ਗਿਆ ਹੈ :—

ਫ਼ਾਰਸੀ	ਅਰਥ	ਸੰਸਕ੍ਰਿਤ	ਅਰਥ
ਬਾਲਾ :	ਕੱਦ-ਕਾਠ	ਬਾਲਾ :	ਜਵਾਨ ਹੋ ਰਹੀ ਲੜਕੀ
ਨਰ :	ਮਦੀਨ ਤੋਂ ਉਲਟ ਮਰਦ	ਨਰ :	ਨਰ ਤੇ ਨਾਰੀ ਦੋਵੇਂ
ਕਾਮ :	ਮੰਤਵ ਤੇ ਆਸ਼ਾ	ਕਾਮ :	ਸੈਕਸ, ਕਾਮਨਾ, ਖਾਹਸ਼
ਦੇਵ :	ਪ੍ਰਾਚੀਨ ਫ਼ਾਰਸ ਵਿਚ (ਦੇਵਤਾ) ਨਵੀਂ ਫ਼ਾਰਸੀ ਵਿਚ ਦਾਨਵ ਸ਼ੈਤਾਨ	ਦੇਵ :	ਪਵਿਤਰ ਆਤਮਾ
ਬਨ :	ਬਾਗ਼ ਜਾਂ ਖੇਤੀ	ਵਨ :	ਜੰਗਲ

ਬਾਲ : ਪੰਛੀਆਂ ਦੇ ਪਰ

ਗੰਜ : ਖ਼ਜ਼ਾਨਾ

ਰੋਮ : ਆਦਮੀ ਦੇ ਵਾਲ

ਮਾਯਾ : ਮੂਲ ਸ਼ੈ

ਸੁਮਨ : ਖ਼ਾਸ ਫੁਲ ਦਾ ਨਾਂ

ਦਾਮ : ਜਾਲ

ਮਿਹ : ਵਡਾ, ਬਜ਼ੁਰਗ

ਅੰਗਾਰਾ : ਚੰਗਿਆੜੀ

ਮੁਸ਼ਟ : ਮੁੱਠੀ

ਚਰਖ : ਚਰਖਾ, ਚਰਖੀ

ਆਸਤਾਨ : ਘਰ ਦੀ ਦੇਹਲੀ

ਬਿਸਤਰ : ਵਿਛੌਣਾ

ਤਰਸ : ਡਰ

ਪਾਰੀਨਾ : ਪੁਰਾਣਾ

ਅਸਤਾ] : ਹੱਡੀ
ਹਸਤਾ]

ਅੰਗੁਜ਼ਹ : ਹਿੰਗ

ਏਦਰ : ਏਧਰ

ਬਾਂਗ : ਆਵਾਜ਼

ਤਾਬ] : ਪ੍ਰਤਾਪ, ਤੇਜ, ਤਾਅ
ਤਾਵ]

ਬੇਵਾ : ਵਿਧਵਾ, ਰੰਡੀ

ਅਬਰ : ਬੱਦਲ

ਬੀਮ : ਡਰ

ਬਾਲ : ਬਾਲਕ

ਗੰਜ : ਧਨ

ਰੋਮ : ਰੋਂਗਟੇ, ਲੂੰਮ

ਮਾਯਾ : ਪਰਮਾਤਮਾ ਦੀ ਕੁਦਰਤ

ਸੁਮਨ : ਆਮ ਫੁਲਾਂ ਦਾ ਨਾਂ

ਦਾਮ : ਰੱਸੀ

ਮਹਾ : ਵੱਡਾ

ਅੰਗਾਰ : ਅੰਗਿਆਰ

ਮੁਸ਼ਟਿ : ਮੁੱਠੀ

ਚਕ੍ਰ : ਪਹੀਆ, ਚਕਰ

ਸਥਾਨ : ਥਾਂ

ਵਿਸਤ੍ਰਿਤ : ਫੈਲਿਆ ਹੋਇਆ

ਤ੍ਰਾਸ : ਡਰ

ਪੁਰਾਣ : ਪੁਰਾਤਨ

ਅਸ੍ਥਿ : ਹੱਡੀ

ਹਿੰਗੁ : ਹਿੰਗ

ਇਤਰ : ਏਥੇ

ਵਾਕ : ਆਵਾਜ਼, ਬਚਨ,

ਤਾਪ : ਗਰਮੀ, ਪ੍ਰਤਾਪ, ਤਾਉ

ਵਿਧਵਾ : ਰੰਡੀ

ਅਭ੍ਰ : ਬੱਦਲ

ਭਿਆਨਕ,ਡਰਾਉਣਾ

ਬੂਮ : ਜ਼ਮੀਨ	ਭੂਮਿ : ਭੋਂ, ਧਰਤੀ
ਬਤ੍ਰ : ਸੁੱਕੇ ਚੌਲ	ਭਕਤ : ਚੌਲ, ਭੱਤਾ(ਪੰਜਾਬੀ)
ਕਬੂਤਰ :	ਕਪੋਤ : ਕਬੂਤਰ
ਤਬਾਸ : ਪੂਜਾ	ਤਪਸਯਾ : ਤਪ
ਵਾਈ ; ਬਾਉਲੀ	ਵਾਪੀ ; ਬਾਉਲੀ
ਅੰਗੁਸ਼ਤ : ਅੰਗੂਠਾ	ਅੰਗੁਸ਼ਟ : ਅੰਗੂਠਾ
ਮੁਸ਼ਤ : ਮੁੱਠੀ	ਮੁਸ਼ਟਿ : ਮੁੱਠੀ
ਸਰਿਸ਼ਤ : ਖ਼ਲਕਤ,	ਸ੍ਰਿਸ਼ਟਿ : ਦੁਨੀਆਂ
ਜੋਗ, ਯੋਗ : ਹਲ ਦੀ ਪੰਜਾਲੀ	ਯੋਕਤ੍ਰ : ਜੋਗ
ਜੰਦਾਲ : ਕਮੀਨਾ, ਬੇਹੂਦਾ	ਚੰਡਾਲ : ਬੁਰਾ
ਖ੍ਵਾਹਰ : ਸਹੁਰਾ	ਸ੍ਵਸ੍ਰਿ : ਸਹੁਰਾ
ਨਾਖਨ : ਨਹੁੰ	ਨਖ : ਨਹੁੰ
ਦੁਸਖ਼ਵਾਰ : ਔਖਾ	ਦੁਸ਼ਕਰ : ਔਖਾ
ਤਿਸ਼ਨਹ : ਤਿਹਾਇਆ	ਤ੍ਰਿਸ਼ਣਾ : ਤ੍ਰੇਹ
ਸ਼ਕਰ : ਖੰਡ	ਸ਼ਰਕਰਾ : ਖੰਡ
ਗ਼ਾਮ : ਪਿੰਡ	ਗ੍ਰਾਮ : ਪਿੰਡ
ਫ਼ਰਮਾਨ : ਹੁਕਮ	ਪ੍ਰਮਾਣ : ਸਨਦ
ਅਫ਼ਯੂਨ : ਅਫ਼ੀਮ	ਅਹਿਫੇਨ : ਅਫ਼ੀਮ
ਆਫ਼ਤ : ਮੁਸੀਬਤ	ਆਪਤ : ਆਫ਼ਤ

ਉਪਰ ਦਿਤੇ ਸ਼ਬਦਾਂ ਦੇ ਮੁਕਾਬਲੇ ਤੋਂ ਇਹ ਸਿਧਾਂਤ ਪੁਸ਼ਟ ਹੋ ਜਾਂਦਾ ਹੈ ਕਿ ਫ਼ਾਰਸੀ ਤੇ ਸੰਸਕ੍ਰਿਤ ਵਿਚ ਬਹੁਤ ਨੇੜਤਾ ਹੈ ਅਤੇ ਇਹ ਨਿਰਸੰਦੇਹ ਕਿਹਾ ਜਾਂਦਾ ਹੈ ਕਿ ਇਨ੍ਹਾਂ ਦੋਹਾਂ ਕਲਾਸੀਕਲ ਆਰੀਆ ਜ਼ਬਾਨਾਂ ਦੇ ਵਡੇ-ਵਡੇਰੇ ਬਜ਼ੁਰਗ ਕਿਸੇ ਦੂਰ ਸਮੇਂ ਇਕੋ ਜੱਦੀ ਘਰ ਵਿਚ ਰਹਿੰਦੇ, ਖਾਂਦੇ-ਪੀਂਦੇ ਤੇ ਵਸਦੇ ਸਨ ।

ਏਥੇ ਹੀ ਬਸ ਨਹੀਂ, ਸੁਤੰਤਰ ਸ਼ਬਦਾਂ ਤੋਂ ਬਿਨਾਂ ਭਾਸ਼ਾ ਦੇ ਵਿਆਕਰਣੀ ਰੂਪ

ਦੀ ਉਪਰੋਕਤ ਨੇੜਤਾ ਦੀ ਗਵਾਹੀ ਭਰਦੇ ਹਨ। ਅਸਲ ਵਿਚ ਸੰਸਕ੍ਰਿਤ ਦਾ ਮੂਲ ਸੰਬੰਧ ਜ਼ੇਂਦ ਨਾਲ ਹੀ ਹੈ ਜਿਹੜੀ ਕਿਸੇ ਸਮੇਂ ਫ਼ਾਰਸ ਦੀਆਂ ਜ਼ਬਾਨਾਂ ਉਪਰ ਦੈਵੀ ਸ਼ਾਸਨ ਕਰਦੀ ਸੀ। ਵਰਤਮਾਨ ਫ਼ਾਰਸੀ ਜ਼ੇਂਦ ਦੀ ਹੀ ਇਕ ਪ੍ਰਾਕ੍ਰਿਤ ਹੈ। ਇਸ ਦੇ ਬਾਵਜੂਦ ਦੋਹਾਂ ਦੀਆਂ ਕ੍ਰਿਆਵਾਂ ਇਤਨੀਆਂ ਮਿਲਦੀਆਂ ਜੁਲਦੀਆਂ ਹਨ ਕਿ ਜੇ ਕੋਈ ਨਿਪੁੰਨ ਵਿਅਕਤੀ ਦੋਹਾਂ ਭਾਸ਼ਾਵਾਂ ਵਿਚ ਸਮਾਨਤਾ ਵੇਖਣ ਬੈਠੇ ਤਾਂ ਸ਼ਾਇਦ ਕੁਝ ਕੁ ਹੀ ਕ੍ਰਿਆਵਾਂ ਦੀ ਅਡਰਤਾ ਰਹਿ ਜਾਵੇ। ਕ੍ਰਿਆ ਦੀ ਬਣਤਰ ਅਤੇ ਰੂਪ ਵਲ ਝਾਤੀ ਮਾਰੋ, ਆਪੋ ਵਿਚ ਕਿਤਨੀ ਸਾਂਝ ਹੈ :

ਧਾਤੂ—ਬੂਦਨ

ਫ਼ਾਰਸੀ :	ਬੂਦ	ਬੂਦੰਦ	ਬੂਦੀ	ਬੂਦੇਦ	ਬੂਦਮ	ਬੂਦੇਮ
ਸੰਸਕ੍ਰਿਤ :	ਭਵਤਿ	ਭਵੰਤਿ	ਭਵਸਿ	ਭਵਥ	ਭਵਾਮਿ	ਭਵਾਮਃ
ਪੰਜਾਬੀ :	ਹੁੰਦਾ ਹੈ	ਹੁੰਦੇ ਹਨ	ਤੂੰ ਹੁੰਦਾ ਹੈਂ	ਹੁੰਦੇ ਹਨ	ਮੈਂ ਹੁੰਦਾ ਹਾਂ	ਅਸੀਂ ਹੁੰਦੇ ਹਾਂ

ਫ਼ਾਰਸੀ :	ਮਨ ਦਾਦਮ	ਮਾ ਦਾਦੇਮ	ਈ· ਪੰਡਿਤ ਅਸਤ
ਸੰਸਕ੍ਰਿਤ :	ਅਹੰ ਦਦਾਮਿ	ਵਯੰ ਦਦਾਮਃ	ਅਯੰ ਪੰਡਿਤੋ ਅਸਤਿ
ਪੰਜਾਬੀ :	ਮੈਂ ਦਿੰਦਾ ਹਾਂ	ਅਸੀਂ ਦਿੰਦੇ ਹਾਂ	ਇਹ ਪੰਡਤ ਹੈ

ਇਸੇ ਤਰ੍ਹਾਂ ਫ਼ਾਰਸੀ ਤੇ ਸੰਸਕ੍ਰਿਤ ਦੇ ਉਪਸਰਗ ਅਤੇ ਪ੍ਰਤਿਐ (ਅਗੇਤਰ, ਪਿਛੇਤਰ) ਬਹੁਤ ਸਾਝੇ ਹਨ :

ਫ਼ਾਰਸੀ	ਸੰਸਕ੍ਰਿਤ
—ਮੰਦ	—ਮੰਤ, ਵੰਤ
—ਬਾਨ	—ਵਾਨ
ਬੇ—	ਵਿ—
—ਤਰ, ਤਮ	—ਤਰ, ਤਮ
—ਕਾਰ	—ਕਾਰ

ਇਸ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਫ਼ਾਰਸੀ ਤੇ ਸੰਸਕ੍ਰਿਤ ਦਾ ਬਹੁਤ ਗੂੜ੍ਹਾ ਰਿਸ਼ਤਾ ਹੈ ਜਿਹੜਾ ਇਨ੍ਹਾਂ ਜ਼ਬਾਨਾਂ ਦੇ ਵਿਸ਼ਲੇਸ਼ਣ ਤੋਂ ਸਹਿਜੇ ਹੀ ਬੁਝਿਆ ਜਾ ਸਕਦਾ ਹੈ।

8

ਦਾਰਦਿਕ ਭਾਸ਼ਾ

ਆਰੀਆ ਸ਼ਾਖਾ ਦੇ ਕਬੀਲੇ ਯੂਰਾਲ ਪਹਾੜੀਆਂ ਦੇ ਕਿਰਗੀਜ਼ ਮੈਦਾਨਾਂ (ਭਾਰੋਪੀਆਂ ਦਾ ਜੱਦੀ ਮੂਲ ਸਥਾਨ) ਤੋਂ ਬਾਕੀ ਯੂਰਪੀ/ਏਸ਼ੀਆਈ ਸ਼ਾਖਾਵਾਂ ਨਾਲੋਂ ਵਿਛੜ ਕੇ, ਓਕਸਸ (oxus) ਘਾਟੀ ਵਿਚ ਆਪਣੇ 'ਸਾਂਝੇ-ਘਰ' ਵਿਚ ਸਰਬ-ਸਾਂਝੇ ਰੂਪ ਵਿਚ ਵਸਣ ਤੋਂ ਉਪਰੰਤ ਈਰਨ ਤੇ ਹਿੰਦ ਵਲ ਵਧੇ ਤਾਂ ਏਥੋਂ ਹੀ ਈਰਾਨੀ ਤੇ ਹਿੰਦੁਸਤਾਨੀ ਦੋਹਾਂ ਟੋਲੀਆਂ ਤੋਂ ਇਲਾਵਾ ਇਕ ਤੀਜੀ ਟੋਲੀ 'ਦਰਦ' ਸੰਗ-ਸਾਥ ਛੱਡ ਕੇ ਮੰਜ਼ਿਲਾਂ ਤੈਅ ਕਰਦੀ ਹੋਈ 'ਗਿਲਗਿਤ' ਵਲ ਅਗੇ ਵਧੀ। ਈਰਾਨੀ ਟੋਲੀ 'ਈਰਾਨ' ਵਿਚ ਅਤੇ ਹਿੰਦੁਸਤਾਨੀ ਟੋਲੀ ਭਾਰਤ-ਦੇਸ਼ ਵਿਚ ਜਾ ਕੇ ਵਸ ਗਈ ਪਰ 'ਦਰਦ' ਕਬੀਲਾ ਇਨ੍ਹਾਂ ਦੋਹਾਂ ਦੇ ਮੱਧਵਰਤੀ ਰੂਪ ਵਿਚ ਈਰਾਨ ਤੇ ਭਾਰਤੀ ਇਲਾਕਿਆਂ ਦੇ ਦਰਮਿਆਨ ਵਸ ਗਿਆ। ਇਸੇ ਇਲਾਕੇ ਜਾਂ 'ਦਰਦ-ਮੰਡਲ' ਨੂੰ 'ਦਾਰਦਿਸਤਾਨ' ਕਿਹਾ ਜਾਂਦਾ ਹੈ।

ਡਾ. ਗ੍ਰੀਅਰਸਨ[1] ਨੇ ਲਿਖਿਆ ਹੈ ਕਿ ਗ੍ਰੀਕ ਤੇ ਰੋਮਨ ਲਿਖਾਰੀਆਂ ਨੇ 'ਦਰਦ' ਪ੍ਰਦੇਸ਼ ਦਾ ਉੱਘਾ ਜ਼ਿਕਰ ਕੀਤਾ ਹੈ ਅਤੇ ਇਸ ਵਿਚ ਹਿੰਦੂਕੁਸ਼ ਤੇ ਭਾਰਤ (ਹੁਣ ਹਿੰਦ-

1. G. A. Grierson, *"Linguistic Survey of India"*, Vol. III, Part II, (Introduction pp. 1–2)

ਪਾਕਿਸਤਾਨ) ਦੀਆਂ ਸਰਹਦਾਂ ਦੇ ਵਿਚਕਾਰਲੇ ਪਹਾੜੀ ਇਲਾਕੇ ਨੂੰ ਦਰਦ ਇਲਾਕੇ ਵਿਚ ਸ਼ਾਮਲ ਸਮਝਿਆ ਹੈ। ਉਨ੍ਹਾਂ ਦੇ ਵਿਵਰਣ ਅਨੁਸਾਰ ਇਹ ਮੰਡਲ 'ਦਰਦਿਸਤਾਨ' ਨਾਂ ਨਾਲ ਜਾਣਿਆ ਜਾਂਦਾ ਹੈ। 'ਦਰਦਿਸਤਾਨ' (ਦਰਦ ਲੋਕਾਂ ਦਾ ਸਥਾਨ) ਨਾਂ ਭਾਵੇਂ ਬਿਲਕੁਲ ਦਰੁਸਤ ਨਹੀਂ ਹੈ ਪਰ ਇਹ ਲੇਖਾਂ ਤੇ ਪਰੰਪਰਾਵਾਂ ਤੋਂ ਪ੍ਰਗਟ ਹੈ। Dr. Leitner ਨੇ 1877 ਈ. ਵਿਚ ਲਾਹੌਰ ਵਿਖੇ ਇਕ ਖੋਜ-ਨਿਬੰਧ ਅੰਦਰ ਦਰਦ ਭਾਸ਼ੀਆਂ ਦੇ ਇਲਾਕੇ ਨੂੰ 'ਦਰਦਿਸਤਾਨ' ਦਾ ਹੀ ਸਿਰਲੇਖ ਦਿੱਤਾ ਹੈ। ਦਰਦਿਸਤਾਨ ਦੇ ਵਿਸਤ੍ਰਿਤ ਅਰਥ-ਮੰਡਲ ਨੂੰ ਮੁਖ ਰਖ ਕੇ ਇਸ 'ਦਰਦ-ਮੰਡਲ' ਵਿਚ ਬੋਲੀਆਂ ਜਾਂਦੀਆਂ ਸਾਰੀਆਂ 'ਆਰੀਆ' ਨਸਲ ਦੀਆਂ ਭਾਸ਼ਾਵਾਂ ਨੂੰ ਇਕ ਸਰਬ ਸਾਂਝੇ ਨਾਂ 'ਦਾਰਦਿਕ' ਹੇਠ ਇਕਤ੍ਰ ਕਰਨਾ ਹਰ ਤਰ੍ਹਾਂ ਉਚਿਤ ਹੈ। ਇਸ ਤਰ੍ਹਾਂ ਦਰਦਿਸਤਾਨ ਦੀਆਂ ਭਾਸ਼ਾਵਾਂ ਹੀ 'ਦਾਰਦਿਕ ਭਾਸ਼ਾਵਾਂ' ਹਨ।

'ਦਰਦ' ਸ਼ਬਦ ਦਾ ਬਹੁਤ ਪੁਰਾਣਾ ਪਰ ਰੋਚਕ ਇਤਿਹਾਸ ਹੈ। ਸਾਹਿਤ ਅਤੇ ਇਤਿਹਾਸ ਗ੍ਰੰਥਾਂ ਵਿਚ ਦਰਦ ਜਾਤੀ ਦਾ ਸਦੀਆਂ ਤੋਂ ਬਰਾਬਰ ਉਲੇਖ ਮਿਲਦਾ ਆ ਰਿਹਾ ਹੈ। ਡਾ. ਗ੍ਰੀਅਰਸਨ ਦੀ ਖੋਜ ਅਨੁਸਾਰ ਗ੍ਰੀਕਾਂ ਤੇ ਰੋਮਨਾਂ ਨੇ 'ਦਰਦ' ਦਾ ਸਾਫ਼ ਸਾਫ਼ ਉਲੇਖ ਕੀਤਾ ਹੈ। ਗ੍ਰੀਕ ਵਿਦਵਾਨ Herodotus ਦਰਦਾਂ ਨੂੰ ਜਾਣਦਾ ਸੀ। ਇਨ੍ਹਾਂ ਦਰਦਾਂ ਨੂੰ Ptolemy ਨੇ Daradrai, Strabo ਨੇ Derdai, Pliny ਨੇ Dardae ਅਤੇ Dionysios Periegetes ਨੇ Dardanoi ਆਦਿ ਭਿੰਨ ਭਿੰਨ ਸ਼ਬਦ-ਜੋੜਾਂ ਵਿਚ ਲਿਖਿਆ ਹੈ।

ਸੰਸਕ੍ਰਿਤ ਸਾਹਿਤ ਵਿਚ 'ਦਰਦ' ਦਾ ਕਾਫ਼ੀ ਜ਼ਿਕਰ ਹੈ। ਪੁਰਾਣਾਂ ਵਿਚ ਇਨ੍ਹਾਂ ਨੂੰ 'ਦਰਦ' ਜਾਂ 'ਦਾਰਦ' ਲਿਖਿਆ ਗਿਆ ਹੈ। ਕਸ਼ਮੀਰ ਦੇ ਸੰਸਕ੍ਰਿਤ ਇਤਿਹਾਸਕਾਰ ਕਲ੍ਹਣ ਨੇ ਆਪਣੇ ਗ੍ਰੰਥ 'ਰਾਜ ਤਰੰਗਿਣੀ' ਵਿਚ ਦਰਦ/ਦਾਰਦ ਦਾ ਉਲੇਖ ਕੀਤਾ ਹੈ। ਮਹਾਂ ਭਾਰਤ ਵਿਚ 'ਸ਼ਕ[1] ਜਾਤੀ' ਦੇ ਨਾਲ ਨਾਲ 'ਦਰਦ ਜਾਤੀ' ਦਾ ਵੀ ਵਰਣਨ ਹੈ। ਸੰਸਕ੍ਰਿਤ ਵਿਆਕਰਣਕਾਰ 'ਪਾਣਿਨੀ' ਨੇ ਆਪਣੇ ਵਿਆਕਰਣ ਗ੍ਰੰਥ 'ਅਸ਼ਟਾਧਿਆਈ' (ਅੱਠ ਅਧਿਆਵਾਂ ਵਾਲੀ) ਦੇ ਸੂਤ੍ਰ 'ਸਿਧ੍ਵਦਿਗਣ— 4/3/93' ਵਿਚ 'ਦਰਦ' ਦਾ ਕਥਨ ਕੀਤਾ ਹੈ।

---

1. ਪ੍ਰਾਚੀਨ ਸ਼ਕ ਜਾਤੀ ਨੂੰ ਅਸੀਂ ਪੰਜਾਬੀ ਵਿਚ ਗ਼ਲਤੀ ਨਾਲ 'ਸਾਕਾ' ਲਿਖ ਰਹੇ ਹਾਂ ਜਿਵੇਂ 'ਸਾਕਾ ਸੰਮਤ'। ਪਰ 'ਸ਼ਕ ਸੰਮਤ' ਲਿਖਣਾ ਸਹੀ ਹੈ। ਇਹ ਗਲਤੀ ਸ਼ਾਇਦ ਇਸ ਲਈ ਹੈ ਕਿ ਅਸੀਂ ਵਡੇ ਕਾਰਨਾਮਿਆਂ ਨੂੰ ਸਾਕਾ ਆਖਦੇ ਹਾਂ।

ਡਾ. ਵਾਸੁਦੇਵ ਸ਼ਰਣ ਅਗ੍ਰਵਾਲ[1] ਨੇ ਇਸ ਅਸ਼ਟਾਧਿਆਈ ਦੀ ਜ਼ਮਾਨਤ ਉਤੇ ਲਿਖਿਆ ਹੈ ਕਿ ਮੌਜੂਦਾ ਗਿਲਗਿਟ –ਚਿਲਾਸ ਨੂੰ ਪ੍ਰਾਚੀਨ 'ਦਰਦ' ਦੇਸ਼ ਕਿਹਾ ਜਾਂਦਾ ਸੀ ਜਿਥੋਂ ਦੀ ਹੋ ਕੇ ਸਿੰਧ ਨਦੀ ਮੈਦਾਨਾਂ ਵਿਚ ਵਗਦੀ ਸੀ। ਸਾਡੇ ਪ੍ਰਾਚੀਨ ਭਾਰਤਵਾਸੀ, ਦਰਦ ਨਾਲ ਸੰਬੰਧਤ ਹੋਣ ਕਰਕੇ ਇਸ ਸਿੰਧ ਨਦੀ ਨੂੰ 'ਦਾਰਦੀ ਸਿੰਧੂ' ਕਿਹਾ ਕਰਦੇ ਸਨ। ਪਾਣਿਨੀ ਦੇ ਸੂਤ੍ਰ 'ਪ੍ਰਭਵਤਿ (4/3/83) ਦੀ ਵਿਆਖਿਆ ਅੰਦਰ 'ਕਾਸ਼ਿਕਾ' ਟੀਕਾ ਵਿਚ 'ਦਾਰਦੀ ਸਿੰਧੂ' ਦਾ ਉਦਾਹਰਣ ਵੀ ਦਿਤਾ ਗਿਆ ਹੈ। ਇਸ ਤਰ੍ਹਾਂ ਡਾ. ਅਗਰਵਾਲ ਨੇ ਪਾਮੀਰ ਦੇ ਐਨ ਦੱਖਣ ਵਿਚ ਵਾਕਿਆ ਹੁੰਜ਼ਾ ਤੇ ਗਿਲਗਿਤ ਦੇ ਇਲਾਕੇ ਨੂੰ ਪ੍ਰਾਚੀਨ 'ਦਰਦ ਜਨਪਦ' ਕਿਹਾ ਹੈ।

'ਦਰਦ' ਇਕ ਸੰਸਕ੍ਰਿਤ ਸ਼ਬਦ ਹੈ ਜਿਸ ਦਾ ਅਰਥ 'ਪਹਾੜ' ਹੈ।

ਉਪਰੋਕਤ ਦਰਦ-ਪ੍ਰਦੇਸ਼ ਉਹੋ ਹੀ ਇਲਾਕਾ ਹੈ ਜਿਸ ਨੂੰ ਸੰਸਕ੍ਰਿਤ ਲੇਖਕ ਕਿਸੇ ਵੇਲੇ 'ਪਿਸ਼ਾਚ ਦੇਸ਼' ਕਿਹਾ ਕਰਦੇ ਸਨ ਅਤੇ ਉਸ ਦੀ ਪ੍ਰਾਦੇਸ਼ਿਕ ਭਾਸ਼ਾ ਨੂੰ 'ਪਿਸ਼ਾਚੀ' ਜਾਂ 'ਪੈਸ਼ਾਚੀ'। ਦਰਦ ਪ੍ਰਦੇਸ਼ ਦੀਆਂ ਆਧੁਨਿਕ ਇਲਾਕਾਈ ਜ਼ਬਾਨਾਂ ਦੇ ਪਿੜੇ ਵਿਚ ਅਜੇ ਵੀ ਪੈਸ਼ਾਚੀ ਭਾਸ਼ਾ ਦੀਆਂ ਉਤਰਵੀਆਂ ਨਿਸ਼ਾਨੀਆਂ ਮਿਲਦੀਆਂ ਹਨ ਜਿਸ ਕਰਕੇ ਇਨ੍ਹਾਂ ਸਾਰੀਆਂ ਨੂੰ 'ਪਿਸ਼ਾਚ ਭਾਸ਼ਾ-ਵਰਗ' ਕਿਹਾ ਜਾਂਦਾ ਸੀ।

ਤਾਰਾਪੁਰ ਵਾਲਾ ਦਾ ਵਿਚਾਰ ਹੈ ਕਿ ਸੰਸਕ੍ਰਿਤ ਸਾਹਿਤਕਾਰ ਦਰਦਿਸਤਾਨ ਦੇ ਲੋਕਾਂ ਨੂੰ 'ਪਤਿਤ ਆਰੀਅਨ' ਸਮਝਦੇ ਸਨ ਇਸ ਲਈ ਉਨ੍ਹਾਂ ਪ੍ਰਤਿ ਨਫਰਤ ਦੇ ਫਲ ਸਰੂਪ ਉਨ੍ਹਾਂ ਨੂੰ 'ਪਿਸ਼ਾਚੀ' ਆਖਦੇ ਸਨ। ਸੰਸਕ੍ਰਿਤ/ਪ੍ਰਾਕ੍ਰਿਤ ਵਿਆਕਰਣਾਂ ਵਿਚ 'ਪੈਸ਼ਾਚੀ ਪ੍ਰਾਕ੍ਰਿਤ' ਦਾ ਉਲੇਖ ਹੁੰਦਾ ਹੈ। ਸੰਸਕ੍ਰਿਤ ਨਿਰੁਕਤੀ ਅਨੁਸਾਰ 'ਪਿਸ਼ਾਚ'ਦੀ ਬਣਤਰ 'ਪਿਸ਼+ਅਚ੍' ਤੋਂ ਹੈ। ਪਿਸ਼ ਜਾਂ ਪਿਸਿਤ ਦਾ ਅਰਥ ਹੈ ਕੱਚਾ ਮਾਸ ਅਤੇ ਅਚ ਦਾ ਅਰਥ ਹੈ ਖਾਣਾ, ਅਰਥਾਤ ਕੱਚਾ ਮਾਸ ਖਾਣ ਵਾਲਾ। ਇਥੋਂ ਪਿਸ਼ਾਚ ਦਾ ਅਰਥ ਆਦਮ-ਖੋਰ (Cannibal demons) ਰਾਖਸ਼ ਪ੍ਰਾਪਤ ਹੁੰਦਾ ਹੈ।

ਜਾਪਦਾ ਹੈ ਇਹ ਪਿਸ਼ਾਚ ਨਾਂ ਦਰਦਿਸਤਾਨ ਦੇ ਲੋਕਾਂ ਵਿਚ ਨਾ ਤਾਂ ਪ੍ਰਚਲਿਤ ਸੀ ਨਾ ਹੀ ਮਕਬੂਲ ਸੀ। ਇਹ ਨਾਂ ਤਾ ਭਾਰਤੀ ਆਰੀਆ ਲੋਕਾਂ ਨੇ ਉਨ੍ਹਾਂ ਨੂੰ ਦਿਤਾ ਸੀ ਜੋ ਨਫਰਤ ਤੇ ਸੂਗ ਦਾ ਸੂਚਕ ਸੀ। ਜਿਵੇਂ ਭਾਰਤੀ ਆਰੀਆਂ ਨੇ ਇਸਲਾਮ ਧਰਮੀਆ ਨੂੰ 'ਮਲੇਛ' ਨਾਂ ਦਿਤਾ ਹੋਇਆ ਸੀ। ਉਥੇ ਉਨ੍ਹਾਂ ਵਿਚ 'ਦਰਦ' ਜ਼ਰੂਰ ਪ੍ਰਚਲਿਤ ਸੀ ਅਤੇ ਉਹ 'ਸਥਾਨਵਾਚੀ' ਹੋਣ ਕਰਕੇ ਸਵੀਕਾਰ ਵੀ ਸੀ। ਇਸ ਲਈ

1. 'ਪਾਣਿਨਿਕਾਲੀਨ ਭਾਰਤਵਰਸ਼', (ਹਿੰਦੀ) ਪੰਨਾ 50 ਤੇ 62

'ਪਿਸ਼ਾਚ' ਸ਼ਬਦ ਦੀ ਨਿਰੁਕਤੀ ਦੁਆਰਾ ਪ੍ਰਾਪਤ ਕ੍ਰਨਾਂ ਤੋਂ ਸੰਕੋਚ ਕਰਕੇ, ਇਨ੍ਹਾਂ ਬੋਲੀਆਂ ਨੂੰ 'ਪੈਸ਼ਾਚੀ' ਦੀ ਥਾਂ 'ਦਾਰਦਿਕ' ਕਹਿਣਾ ਵਧੇਰੇ ਸੁੰਦਰ, ਸੁਹਜਮਈ ਤੇ ਸੁਆਦਲਾ ਹੈ।

ਦਾਰਦਿਕ ਘਰਾਣੇ ਦੀਆਂ ਇਲਕਾਈ ਜ਼ਬਾਨਾਂ ਹਿੰਦ-ਪਾਕਿਸਤਾਨੀ ਹੱਦਾਂ ਤੋਂ ਪਰਲੇ ਪਾਰ ਉੱਤਰ-ਪਛਮੀ ਸਰਹਦੀ ਇਲਾਕੇ ਵਿਚ ਬੋਲੀਆਂ ਜਾਂਦੀਆਂ ਹਨ। ਸਿਰਫ 'ਕਸ਼ਮੀਰੀ ਹੀ ਅਜਿਹੀ ਦਰਦ-ਬੰਸੀ ਭਾਸ਼ਾ ਹੈ ਜਿਹੜੀ ਹਿੰਦ-ਪਾਕਿਸਤਾਨ ਦੀ ਧਰਤੀ ਉਤੇ ਬੋਲੀ ਜਾਂਦੀ ਹੈ। ਡਾ. ਗ੍ਰੀਅਰਸਨ ਅਨੁਸਾਰ ਦਰਦ-ਭਾਸ਼ਾ-ਕੁਲ ਵਿਚ ਹੇਠ ਲਿਖੀਆਂ ਪ੍ਰਾਦੇਸਿਕ ਬੋਲੀਆਂ ਗਿਣੀਆਂ ਜਾਂਦੀਆਂ ਹਨ:

A— Kafir Group (ਕਾਫ਼ਿਰ ਵਰਗ) :—

(1) Bashgali

(2) Wai-ala

(3) Veron

(4) Ashkund

(5) Kalashi-pashai (sub-group) :—

(a) Kalasha

(b) Gawar-bati

(c) Pashai

(d) Diri

(e) Tirahi

B— Khowar, Chitrali, Arniya

C— Dard Language proper :—

(1) Shina

(2) Kashmiri

(3) Kohistani

ਇਨ੍ਹਾਂ 'ਵਿਚੋਂ' ਕਾਫ਼ਿਰ-ਵਰਗ, ਖੋਵਾਰ, ਟਕਸਾਲੀ ਦਰਦ (ਕੋਹਿਸਤਾਨੀ) ਸ਼ਿਣਾ ਤੇ ਕਸ਼ਮੀਰੀ ਹੀ ਵਰਣਨ-ਯੋਗ ਹਨ। ਕਾਫ਼ਿਰ ਬੋਲੀਆਂ ਕਾਫ਼ਿਰਸਤਾਨ ਵਿਚ ਚਾਲੂ ਹਨ। ਉਨ੍ਹਾਂ ਵਿਚ ਕੋਈ ਸਾਹਿਤ ਨਹੀਂ ਮਿਲਦਾ।

ਖੋਵਾਰ ਚਿਤ੍ਰਾਲ ਇਲਾਕੇ ਦੀ ਜ਼ਬਾਨ ਹੈ। ਦਾਰਦਿਕ ਭਾਸ਼ਾ ਹੋਣ ਦੇ ਬਾਵਜੂਦ ਇਸ ਦੀ ਸਥਿਤੀ ਸੁਤੰਤਰ ਹੈ। ਇਸ ਦੇ ਕਈ ਭਾਸ਼ਾ-ਤੱਤ ਕਾਫ਼ਿਰ-ਵਰਗ ਨਾਲ ਮਿਲਦੇ ਹਨ। ਪਹਾੜੀ ਦਰਰਿਆਂ ਨੇ ਇਸਨੂੰ ਟਕਸਾਲੀ ਦਰਦ ਨਾਲੋਂ ਜੁਦਾ ਕੀਤਾ ਹੋਇਆ ਹੈ। ਸਾਰੀਆਂ ਦਾਰਦਿਕ ਭਾਸ਼ਾਵਾਂ ਵਿਚੋਂ ਖੋਵਾਰ ਹੀ ਅਜਿਹੀ ਬੋਲੀ ਹੈ ਜਿਹੜੀ ਹਿੰਦੂ ਕੁਸ਼ ਦੇ ਉੱਤਰ ਵਾਲੇ ਪਾਸੇ ਬੋਲੀਆਂ ਜਾਂਦੀਆਂ ਈਰਾਨੀ ਗ਼ਲਚਾਹ ਬੋਲੀਆਂ ਨਾਲ ਸੰਬੰਧਿਤ ਹੈ। ਖੋਵਾਰ ਈਰਾਨੀ ਕੁੜਮ-ਕਬੀਲੇ ਨਾਲ ਇਸੇ ਤਰ੍ਹਾਂ ਜੁੜਦੀ ਹੈ ਜਿਵੇਂ ਕਸ਼ਮੀਰੀ ਬੋਲੀ ਹਿੰਦ-ਆਰੀਆਈ ਭਾਸ਼ਾ 'ਪੰਜਾਬੀ' ਨਾਲ ਸੰਜੁਗਤ ਹੁੰਦੀ ਹੈ।

ਦਰਦ-ਵਰਗ ਦੀਆਂ ਬੋਲੀਆਂ ਅਸਲੀ ਦਰਦ ਪ੍ਰਦੇਸ਼ ਦੀਆਂ ਪ੍ਰਤਿਨਿਧ ਬੋਲੀਆਂ ਹਨ। ਗਿਲਗਿਤ; ਗੁਰੇਜ਼, ਚਿਲਾਸ, ਸਿੰਧ-ਸਵਾਤ ਕੋਹਿਸਤਾਨ ਦੇ ਸ਼ੀਨਾ-ਬੋਲਦੇ ਖੇਤਰ ਵਿਚ ਇਨ੍ਹਾਂ ਦਾ ਬੋਲਬਾਲਾ ਹੈ।

ਸ਼ੀਨਾ ਟਕਸਾਲੀ ਦਰਦ ਦਾ ਆਧੁਨਿਕ ਰੂਪ ਹੈ। ਗਿਲਗਿਤ ਦੇ ਆਲੇ ਦੁਆਲੇ ਇਸਦਾ 'ਘਰ' ਹੈ। ਸ਼ੀਨਾ ਦੀਆਂ ਕਈ ਉਪਬੋਲੀਆਂ ਹਨ। ਇਸ ਦੀ ਇਕ ਉਪਬੋਲੀ ਬਾਲਤਿਸਤਾਨ ਦੀ ਹੱਦ ਉਤੇ ਬੋਲੀ ਜਾਂਦੀ ਹੈ ਅਤੇ ਤਿਬਤੀ ਨਾਲ ਮਿੱਸੀ ਹੋਈ ਹੈ। ਸ਼ੀਨਾ ਦੇ ਬੋਲਾਰੇ ਕੁਝ ਕੁ ਹਜ਼ਾਰ ਹੀ ਹਨ।

ਕੋਹਿਸਤਾਨੀ ਸਿੰਧ-ਸਵਾਤ ਕੋਹਿਸਤਾਨ ਦੀ ਭਾਸ਼ਾ ਹੈ। ਇਸ ਉਤੇ ਪਸ਼ਤੋ ਦਾ ਪ੍ਰਬਲ ਪ੍ਰਭਾਵ ਜੰਮ ਰਿਹਾ ਹੈ। ਇਸਦੀਆਂ ਕਈ ਅਲਪ-ਵਿਕਸਿਤ ਭਾਸ਼ਾ-ਸ਼ੈਲੀਆਂ ਹਨ। ਹੁਣ ਕੋਹਿਸਤਾਨੀ ਦਾ 'ਖਰਾ' ਸਰੂਪ ਵਿਗੜ ਰਿਹਾ ਹੈ। ਇਸ ਦੇ ਇਕ ਤਰਫ਼ ਪਸ਼ਤੋਂ ਬਲਵਾਨ ਹੈ ਅਤੇ ਦੂਜੇ ਪਾਸੇ ਹਿੰਦ-ਆਰੀਆਈ ਸਮਰਥ ਜ਼ਬਾਨਾਂ ਹਨ। ਇਸ ਲਈ ਕੋਹਿਸਤਾਨੀ 'ਬੇਰੜੀ' ਬਣ ਰਹੀ ਹੈ। ਮੁਠੀ ਭਰ ਲੋਕ ਹੀ ਆਪਣੀ ਪਰੰਪਰਾਈ ਭਾਸ਼ਾ ਨਾਲ ਚਿੰਬੜੇ ਹੋਏ ਹਨ।

ਸਮੂੰਹ ਦਰਦ-ਭਾਸ਼ਾਵਾਂ ਵਿਚ ਕਸ਼ਮੀਰੀ ਹੀ ਪ੍ਰਮੁਖ ਭਾਸ਼ਾ ਹੈ। ਕਸ਼ਮੀਰ ਦੀ ਮੂਲ-ਜੜ ਦਾਰਦਿਕ ਨਸਲ ਹੈ। ਇਹ ਦਾਰਦਿਕ ਨੀਂਹ ਉਤੇ ਉਸਰੀ ਹੋਈ ਹੈ ਪਰ ਇਸ ਉਤੇ ਹਿੰਦ-ਆਰੀਆਈ ਜ਼ਬਾਨਾਂ ਦਾ ਸਖਤ ਪ੍ਰਭਾਵ ਪਇਆ ਹੋਇਆ ਹੈ। ਸਾਰੀਆਂ ਦਾਰਦਿਕ ਭਾਸ਼ਾਵਾਂ ਵਿਚੋਂ ਕਸ਼ਮੀਰੀ ਵਿਚ ਹੀ ਸਾਹਿਤ ਸੁਲੱਭ ਹੈ। ਲਖਾਂ ਹੀ ਕਸ਼ਮੀਰਵਾਸੀ

ਕਸ਼ਮੀਰੀ ਭਾਸ਼ਾ ਬੋਲਦੇ ਹਨ।

ਕਸ਼ਮੀਰ ਤੇ ਕਸ਼ਮੀਰੀ ਦਾ ਪ੍ਰਚੀਨ ਇਤਿਹਾਸ ਬੜਾ ਹੀ ਧੁੰਦਲਾ ਹੈ। ਕਸ਼ਮੀਰ ਨਾਮਕਰਣ ਕਾਫ਼ੀ ਹਦਤਕ ਵਿਵਾਦ-ਗ੍ਰਸਤ ਹੈ। ਇਹ ਤਾਂ ਸਪਸ਼ਟ ਹੈ ਕਿ ਕਸ਼ਮੀਰ ਸ਼ਬਦ ਬਹੁਤ ਪੁਰਾਣਾ ਹੈ। ਡਾ. ਭੋਲਾ ਨਾਥ ਤਿਵਾਰੀ ਦੇ ਅਨੁਸਾਰ ਕਸ਼ਮੀਰੀ ਲੋਕ ਆਪਣੇ ਦੇਸ਼ ਨੂੰ 'ਕਸ਼ਮੀਰ' ਨਾ ਕਹਿਕੇ 'ਕਸ਼ੀਰ' ਕਹਿੰਦੇ ਹਨ ਅਤੇ ਆਪਣੀ ਜ਼ਬਾਨ ਨੂੰ 'ਕੰਸ਼ੁਰ' ਆਖਦੇ ਹਨ।

ਭਾਸ਼ਾ ਦੇ ਅਰਥ ਵਿਚ ਕਸ਼ਮੀਰੀ ਲਫ਼ਜ਼ ਦੀ ਸਭ ਤੋਂ ਪਹਿਲੀ ਵਰਤੋਂ ਅਮੀਰ ਖ਼ੁਸਰੋ ਦੇ 'ਨੂਹੇ ਸਿਪਰ' ਵਿਚ ਮਿਲਦੀ ਹੈ। ਕਸ਼ਮੀਰਵਾਸੀ ਆਪਣੀ ਬੋਲੀ ਨੂੰ 17ਵੀਂ ਸਦੀ ਤਕ 'ਭਾਸ਼ਾ' ਜਾਂ ਦੇਸੀ ਭਾਸ਼ਾ ਹੀ ਆਖਦੇ ਰਹੇ ਹਨ। ਕਸ਼ਮੀਰੀ ਵਿਚ ਭਰਪੂਰ ਸਾਹਿਤ ਹੈ ਜਿਹੜਾ ਤੇਰ੍ਹਵੀਂ ਸਦੀ ਤੋਂ ਅਰੰਭ ਹੁੰਦਾ ਹੈ। ਕਸ਼ਮੀਰੀ ਦਾ ਸਟੈਂਡਰਡ ਰੂਪ ਸ੍ਰੀਨਗਰ, ਅਨੰਤ ਨਾਗ, ਅਤੇ ਬਾਰਾਮੂਲਾ ਦੇ ਲਾਗਲੇ ਪਿੰਡਾ ਵਿਚ ਉਪਲਬਧ ਹੈ। ਅਜਕਲ ਕਸ਼ਮੀਰੀ ਵਿਚ ਹਿੰਦੂ ਸ਼ੈਲੀ ਅਤੇ ਮੁਸਲਿਮ ਸ਼ੈਲੀ ਦੋ ਸ਼ੈਲੀਆਂ ਉਭਰ ਰਹੀਆਂ ਹਨ ਜਿਨ੍ਹਾਂ ਵਿਚ ਆਪਸੀ ਕਾਫ਼ੀ ਫ਼ਰਕ ਹੈ, ਲਹਿਜੇ ਵਿਚ, ਧੁਨੀ ਉਚਾਰਨ ਅਤੇ ਸ਼ਬਦ-ਪ੍ਰਯੋਗ ਵਿਚ। ਸ਼ੈਲੀਆਂ ਦਾ ਕਾਰਨ ਉਰਦੂ ਲਿਪੀ ਅਤੇ ਸ਼ਾਰਦਾ ਲਿਪੀ ਦੀ ਕਸ਼ਮੀਰੀ ਲਈ ਵਰਤੋਂ ਜਾਪਦਾ ਹੈ। ਜਿਵੇਂ ਹਿੰਦੀ ਵਿਚ ਨਾਗਰੀ ਤੇ ਫ਼ਾਰਸੀ ਲਿਪੀ ਕਰਕੇ ਹਿੰਦੀ ਟਕਸਾਲੀ ਤੇ ਉਰਦੂ ਦੋ ਸ਼ੈਲੀਆ ਪੈਦਾ ਹੋ ਗਈਆਂ ਹਨ, ਹਕੀਕਤ ਵਿਚ ਇਨ੍ਹਾਂ ਦੀ ਜੜ੍ਹ ਇਕੋ ਹੀ ਆਹੀਆ ਸ਼ੌਰਸੇਨੀ ਪ੍ਰਾਕ੍ਰਿਤ/ਅਪਭ੍ਰੰਸ਼ ਹੈ।

ਕਈ ਲੋਕ ਪਰੰਪਰਾ ਅਨੁਸਾਰ ਕਸ਼ਮੀਰੀ ਨੂੰ ਹਿੰਦ-ਆਰੀਆਈ ਘੇਰੇ ਵਿਚ ਹੀ ਰਖਦੇ ਹਨ ਅਤੇ ਪੰਜਾਬੀ, ਪੱਛਮੀ ਪੰਜਾਬੀ, ਸਿੰਧੀ ਦੇ ਮੰਡਲ ਵਿਚ ਸ਼ਾਮਿਲ ਕਰਦੇ ਹਨ। ਪਰੰਤੂ ਹਕੀਕਤ ਇਹ ਹੈ ਕਿ ਕਸ਼ਮੀਰੀ ਭਾਰਤੀ ਬੋਲੀਆਂ ਤੋਂ ਪ੍ਰਭਾਵਿਤ ਇਕ 'ਦਰਦ ਭਾਸ਼ਾ' ਹੀ ਹੈ।

ਦਾਰਦਿਕ ਜਨ-ਭਾਸ਼ਾ ਮੰਡਲ ਦੇ ਦੁਆਲੇ ਵਿਭਿੰਨ ਪ੍ਰਕਾਰ ਦੀ ਬੋਲੀਆ ਦਾ ਝੁੰਮਰ ਹੈ। ਇਸ ਦੇ ਉੱਤਰ-ਪਛਮ, ਪਛਮ ਤੇ ਦੱਖਣ-ਪੱਛਮ ਵਲ ਈਰਾਨੀ (ਪਸ਼ਤੋ ਗ਼ਲਚਾਹ) ਬੋਲੀਆਂ ਹਨ, ਦੱਖਣ ਤੇ ਦੱਖਣ-ਪੂਰਬ ਵਲ ਹਿੰਦ-ਆਈਆਈ (ਪੰਜਾਬੀ), ਪੂਰਬ ਵਲ ਤਿੱਬਤੀ ਭਾਸ਼ਾ ਅਤੇ ਉੱਤਰ ਪੂਰਬ ਵਲ ਕੱਲਮਕੱਲੀ (isolated), ਵਰਗ-ਹੀਨ, ਗ਼ੈਰ-ਆਰੀਆਈ ਹੁੰਜ਼ਾ-ਨਗਰ ਦੀ Burushaski ਹੈ।

ਡਾ. ਗ੍ਰੀਅਰਸਨ ਦਾ ਵਿਚਾਰ ਹੈ ਕਿ ਦਰਦ-ਭਾਸ਼ਾ ਬੰਸ ਦੀ ਇਹ ਖ਼ੁਸ਼ਕਿਸਮਤੀ ਹੈ ਕਿ ਇਸਨੂੰ ਇਤਿਹਾਸ ਦੀ ਉਥਲ-ਪੁਥਲ ਨਹੀਂ ਵੇਖਣੀ ਪਈ। ਦਰਦ-ਸਥਾਨ ਇਕ

ਤਾਂ ਉਂਜ ਹੀ ਦੁਰਗਮ ਪ੍ਰਦੇਸ਼ ਸੀ ਅਤੇ ਦੂਜਾ ਹਮਲਾਆਵਰਾਂ ਲਈ ਦੁਰਗਮ ਸੀ। ਫਲ ਸੁਰੂਪ ਦਾਰਦਿਕ ਭਾਸ਼ਾ ਟਿਕਵੇਂ ਰੂਪ ਵਿਚ ਆਪ ਮੁਹਾਰੀ ਵਿਕਾਸ ਕਰਦੀ ਰਹੀ। ਉਸ ਦੇ ਅਧਿਐਨ ਤੋਂ ਗਿਆਤ ਹੁੰਦਾ ਹੈ ਕਿ ਉਸ ਵਿਚ ਬਹੁਤ ਹੀ ਪ੍ਰਾਚੀਨ ਭਾਸ਼ਾ-ਤੱਤ ਕਾਇਮ ਹਨ। ਆਧੁਨਿਕ 'ਦਰਦ' ਵਿਚ ਹੁਣ ਵੀ ਅਜਿਹੇ ਸ਼ਬਦ ਪ੍ਰਚਲਿਤ ਹਨ ਜਿਹੜੇ ਵੈਦਿਕ ਸੰਸਕ੍ਰਿਤ ਤੋਂ ਛੁਟ ਹੋਰ ਕਿਸੇ ਵੀ ਪੜਾ ਦੀ ਹਿੰਦ-ਆਰੀਆਈ ਭਾਸ਼ਾ ਵਿਚ ਪ੍ਰਾਪਤ ਨਹੀਂ ਹੁੰਦੇ। ਪ੍ਰਾਚੀਨ ਹਿੰਦ-ਆਰੀਆਈ ਦੇ ਸੁਰੂਪ ਨੂੰ ਨਿਰਧਾਰਤ ਕਰਨ ਲਈ 'ਦਾਰਦਿਕ ਭਾਸ਼ਾ' ਦੀ ਤੁਲਨਾਤਮਕ ਸਟਡੀ ਸਹਾਇਕ ਹੋ ਸਕਦੀ ਹੈ। ਪੰਜਾਬੀ ਭਾਸ਼ਾ ਦਾ ਦਰਦ-ਪਰਿਵਾਰ ਨਾਲ ਬੜਾ ਸੰਘਣਾ ਸਾਕ ਪ੍ਰਤੀਤ ਹੁੰਦਾ ਹੈ।

9

ਹਿੰਦ-ਆਰੀਆ ਭਾਸ਼ਾ-ਪਰਿਵਾਰ

(The Indo-Aryan family)

ਹਿੰਦ-ਆਰੀਆਈ ਭਾਸ਼ਾ ਭਾਰਤ-ਯੂਰਪੀ ਭਾਸ਼ਾ-ਪਰਿਵਾਰ ਦੀ ਹਿੰਦ-ਈਰਾਨੀ ਸ਼ਾਖਾ ਦੀ ਇਕ ਪਰਸ਼ਾਖਾ ਹੈ। ਹਿੰਦ-ਈਰਾਨੀ ਸ਼ਾਖਾ ਦੇ ਈਰਾਨੀ, ਦਾਰਦਿਕ ਅਤੇ ਹਿੰਦ-ਆਰੀਆਈ ਤਿੰਨ ਵਰਗ ਵਿਕਸਿਤ ਹੋਏ। ਇਨ੍ਹਾਂ ਵਿਚੋਂ ਈਰਾਨੀ ਭਾਸ਼ਾ-ਵਰਗ ਅਤੇ ਦਾਰਦਿਕ ਭਾਸ਼ਾ ਵਰਗ ਉਪਰ ਦਾ ਵਰਣਨ ਹੋ ਚੁਕਿਆ ਹੈ। ਏਥੇ ਹਿੰਦ-ਈਰਾਨੀ ਦੀ ਤੀਜੀ ਪਰਸ਼ਾਖਾ 'ਹਿੰਦ-ਆਰੀਆਈ' ਦਾ ਸਵਿਸਤਾਰ ਵਰਣਨ ਕੀਤਾ ਜਾਵੇਗਾ।

ਭਾਰਤ ਵਿਚ ਆਰੀਆਂ ਦੀ ਆਮਦ

ਭਾਰਤੀ ਆਰੀਆ ਲੋਕ ਆਪਣੇ 'ਜੱਦੀ ਘਰ' ਤੋਂ ਆਪਣੀਆਂ ਸਕੀਆਂ ਦੋ ਮੂੰਹੀਆਂ ਈਰਾਨੀਆਂ ਅਤੇ ਦਰਦ-ਲੋਕਾਂ ਨਾਲੋਂ ਅਲਹਿਦਾ ਹੋਕੇ 1500 ਪੂ.ਈ. ਦੇ ਨੇੜੇ-ਤੇੜੇ ਪੱਛਮੀ ਤੇ ਉੱਤਰ-ਪੱਛਮੀ ਹਿੰਦੁਸਤਾਨੀ ਸਰਹਦਾਂ ਰਾਹੀਂ ਭਾਰਤ ਦੇਸ ਵਿਚ ਦਾਖਲ ਹੋਏ। ਭਾਰਤ ਦਾ ਇਹ ਪਹਿਲਾ ਇਲਾਕਾ ਸ਼ਾਇਦ 'ਸਪਤ ਸਿੰਧੂ' ਪ੍ਰਦੇਸ਼ ਸੀ ਜਿਸ ਨੂੰ (ਹਦਾਂ ਦੇ ਘਾਟੇ-ਵਾਧੇ ਸਮੇਤ) ਵਾਹੀਕ, ਪੰਚਨਦ, ਪੰਚਾਲ, ਮਦ੍ਰ, ਕੈਕੇਯ, ਅਤੇ 'ਪੰਜਾਬ' ਕਿਹਾ ਜਾਂਦਾ ਰਿਹਾ ਹੈ। ਇਸ ਦੇ ਨਾਲ ਲਗਦਾ ਇਲਾਕਾ 'ਸਿੰਧੁ-ਸੌਵੀਰ' ਵੀ ਸੀ ਸ਼ਾਇਦ

ਉਸ ਥਾਂ ਤੇ ਵੀ ਆਰੀਆਂ ਦੇ ਕਿਸੇ ਕਾਫ਼ਿਲੇ ਨੇ ਆਕੇ ਪਹਿਲਾ ਪੜਾ ਕੀਤਾ ਹੋਵੇਗਾ। ਪੰਜਾਬ ਅਤੇ ਸਿੰਧ ਦੇ ਇਸ ਦਹਾਨੇ ਤੋਂ ਹੀ ਆਰੀਆ ਕੌਮ ਦੀ ਸਭਿਅਤਾ, ਭਾਸ਼ਾ, ਸਾਹਿਤ ਅਤੇ ਸਭਿਆਚਾਰ ਸਮੁੱਚੇ ਭਾਰਤ ਵਿਚ ਰੌਸ਼ਨ ਹੋਇਆ, ਇਸ ਵਿਚ ਕੋਈ ਸ਼ਕ ਨਹੀਂ।

ਦੋ ਟੋਲੀਆਂ :

ਇਸ ਪ੍ਰਸੰਗ ਵਿਚ ਭਾਰਤੀ ਭਾਸ਼ਾ ਦੇ ਯੂਰਪੀ ਸਕਾਲਰ ਮਿਸਟਰ ਹਾਰਨਲੇ (Hoernle) ਅਤੇ ਡਾ: ਗ੍ਰੀਅਰਸਨ ਦੇ "ਦੋ ਹਮਲਿਆਂ ਦੇ ਸਿਧਾਂਤ" ਦਾ ਵੀ ਜ਼ਿਕਰ ਕਰਨਾ ਜ਼ਰੂਰੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਆਰੀਆ ਲੋਕ ਭਾਰਤ-ਭੂਮੀ ਵਿਚ ਇਕੋ ਵੇਰ ਨਹੀਂ ਆਏ ਸਗੋਂ ਮੁਖ ਤੌਰ ਤੇ ਦੋ ਟੋਲੀਆਂ ਵਿਚ ਆਏ ਸਨ। 'ਪਹਿਲੇ ਆਰੀਆ' ਮੱਧ ਦੇਸ਼ ਵਿਚ ਆਕੇ ਵਸੇ ਸਨ ਪਰ 'ਮਗਰਲੇ ਆਰੀਆ' ਨੇ ਉਨ੍ਹਾਂ ਨੂੰ ਮੱਧ ਦੇਸ਼ ਛਡਣ ਲਈ ਜਦੋਂ ਮਜਬੂਰ ਕੀਤਾ ਤਾਂ ਉਹ ਭਾਰਤ ਦੇਸ਼ ਦੇ ਉੱਤਰ, ਪੂਰਬ, ਪੱਛਮ, ਦੱਖਣ ਵਿਚ ਵਿਚ ਇਕ ਮੰਡਲਾਕਾਰ ਤਰਤੀਬ ਵਿਚ ਫੈਲ ਗਏ ਹਨ। ਇਸ ਕਾਰਨ ਇਨ੍ਹਾਂ ਦੋਹਾਂ ਟੋਲੀਆਂ ਦੀਆਂ ਭਾਸ਼ਾਵਾਂ ਵਿਚ ਫਰਕ ਮਿਲਦਾ ਹੈ। ਇਸ ਸਿਧਾਂਤ ਨੂੰ wedge theory ਕਿਹਾ ਜਾਂਦਾ ਹੈ। ਇਸ ਦਾ ਜ਼ਰੂਰੀ ਵਰਣਨ ਅਗੇ ਥਾਂ ਸਿਰ ਕੀਤਾ ਜਾਵੇਗਾ।

ਗ਼ੈਰ ਆਰੀਆਈ ਕੌਮਾਂ :

ਜਦੋਂ ਆਰੀਆ ਲੋਕ ਭਾਰਤ ਵਿਚ ਆਏ ਤਾਂ ਇਹ ਭੂਮੀ ਸੁੰਨਸਾਨ, ਨਿਰਵਸੋਂ ਤੇ ਨਿਰਜਨ ਨਹੀਂ ਸੀ। ਏਥੇ ਤਕੜੀ ਉੱਚੀ ਸਭਿਅਤਾ ਦੀਆਂ ਮਾਲਕ ਕੌਮਾਂ ਵਸਦੀਆਂ ਸਨ। ਸ਼ਾਇਦ ਇਨ੍ਹਾਂ ਕੌਮਾਂ ਨੂੰ ਹੀ ਆਰੀਆ ਲੋਕਾਂ ਨੇ 'ਦਾਸ' 'ਦਸਯੂ' ਕਿਹਾ ਹੈ ਅਤੇ ਰਿਗਵੇਦ ਵਿਚ ਇਨ੍ਹਾਂ ਵਲ ਤਕੜੇ ਸੰਕੇਤ ਕੀਤੇ ਹਨ। ਭਾਰਤ ਦੇ ਇਨ੍ਹਾਂ ਆਦਿ ਵਾਸੀਆਂ ਦਾ ਨਵਿਆਂਏ ਆਰੀਆਂ ਨਾਲ ਕੋਈ ਦੋਸਤਾਨਾ ਸਲੂਕ ਨਹੀਂ ਹੋਵੇਗਾ। ਆਰੀਆਂ ਦੀ ਇਨ੍ਹਾਂ ਨਾਲ ਕਦਮ ਕਦਮ ਉਤੇ ਮੁਠਭੇੜ ਹੋਈ ਹੋਵੇਗੀ ਅਤੇ ਸੰਗ੍ਰਾਮ ਮਚੇ ਹੋਣਗੇ। ਸ਼ਾਇਦ ਇਸੇ ਲਈ ਆਰੀਆ ਲੋਕ ਆਪਣੇ ਇੰਦ੍ਰ, ਅਗਨੀ, ਮਰੁਤ ਆਦਿ ਕੌਮੀ ਦੇਵਤਿਆਂ ਦੀਆਂ ਸੁਰਖਿਆ ਲਈ ਉਸਤਤੀਆਂ ਕਰਦੇ ਦਿਖਾਏ ਗਏ ਹਨ। ਸਭ ਤੋਂ ਵਧ ਪ੍ਰਚੰਡ ਘਮਸਾਨ 'ਪੰਜਾਬ' ਵਿਚ ਹੀ ਮਚਿਆ ਹੋਵੇਗਾ ਜਿਥੇ ਆਰੀਆਂ ਦੀਆਂ ਸਭ ਤੋਂ ਵਧ ਬਸਤੀਆਂ ਆਬਾਦ ਹੋਈਆਂ ਹੋਣਗੀਆਂ। ਆਰੀਆਂ ਨੇ ਪੰਜਾਬ ਵਿਚ ਹੀ ਸਭ ਤੋਂ ਪਹਿਲਾਂ

ਪੈਰ ਜਮਾਏ ਅਤੇ ਗ਼ੈਰ-ਆਰੀਆਈ ਆਦਿ-ਵਾਸੀ ਕੌਮਾਂ ਦਾ ਡਟਕੇ ਮੁਕਾਬਲਾ ਕੀਤਾ। ਪਰ ਇਹ ਗੱਲ ਵਰਣਨ-ਯੋਗ ਹੈ ਕਿ ਭਾਰਤੀ ਸਭਿਅਤਾ ਅਤੇ ਸਭਿਆਚਾਰ ਦੀ ਉਸਾਰੀ ਦਾ ਸਿਹਰਾ ਨਾ ਸਿਰਫ਼ ਆਰੀਆ ਕੌਮ ਦੇ ਸਿਰ ਹੈ ਬਲਕਿ ਇਸ ਵਿਚ ਗੈਰ-ਆਰੀਆਈ ਕੌਮਾਂ ਦਾ ਬੜਾ ਭਾਰੀ ਯੋਗਦਾਨ ਹੈ।

ਆਰੀਆ ਲੋਕ ਕੁਝ ਹਦ ਤਕ ਟੱਪਰੀਵਾਸ ਅਸਭਿਆ ਅਤੇ ਗੰਵਾਰੂ ਸਨ ਜਿਥੇ ਕਿ ਗ਼ੈਰ–ਆਰੀਆ ਭਾਰਤੀ ਕੌਮਾਂ ਸ਼ਹਿਰੀ ਤੇ ਨਾਗਰਿਕ ਸਨ। ਭਾਰਤੀ ਸਭਿਅਤਾ ਦੇ ਤਾਣੇ-ਪੇਟੇ ਵਿਚ ਇਨ੍ਹਾਂ ਆਦਿ-ਵਾਸੀਆਂ ਦਾ ਬਹੁਤ ਵੱਡਾ ਹਿੱਸਾ ਹੈ। ਭਾਰਤ ਦੇ ਧਾਰਮਿਕ ਤੇ ਸਭਿਆਚਾਰਿਕ ਇਤਿਹਾਸ ਵਿਚ ਇਨ੍ਹਾਂ ਕੌਮਾਂ ਨੇ ਕਈ ਬੁਨਿਆਦੀ ਤੱਤ ਪ੍ਰਦਾਨ ਕੀਤੇ ਹਨ ਜਿਨ੍ਹਾਂ ਉਤੇ ਅਸੀਂ ਅੱਜ ਅਚੇਤ ਭਾਤ ਹੀ ਫ਼ਖਰ ਕਰਦੇ ਹਾਂ। ਆਰੀਆ ਭਾਸ਼ਾ ਉਤੇ ਵੀ ਇਨ੍ਹਾਂ ਗੈਰ–ਆਰੀਆਂ ਦੀ ਭਾਸ਼ਾ ਦਾ ਡੂੰਘਾ ਪ੍ਰਭਾਵ ਪਿਆ ਹੈ। ਇਨ੍ਹਾਂ ਗੈਰ-ਆਰੀਆਈ ਭਾਰਤੀ ਆਦਿ-ਕੌਮਾਂ ਵਿਚ ਨੀਗ੍ਰੀਟੋ (Negritos) ਕਿਰਾਤ, ਆਸਟ੍ਰਿਕ (Austrics), ਤਿਬਤ-ਬਰ੍ਹਮੀ, ਦ੍ਰਾਵਿੜੀ ਵਰਣਨਯੋਗ ਹਨ। ਇਨ੍ਹਾਂ ਨੇ ਆਰੀਆ ਭਾਸ਼ਾ, ਸਭਿਆਚਾਰ ਤੇ ਸਾਹਿਤ ਉਤੇ ਡੂੰਘਾ ਪ੍ਰਭਾਵ ਪਾਇਆ ਹੈ। ਇਸ ਦਾ ਵਿਸਤਾਰ–ਪੂਰਵਕ ਵਰਣਨ ਅਗੇ ਯੋਗ ਥਾਂ ਕੀਤਾ ਜਾਵੇਗਾ।

ਮੋਹਨ-ਜੋ-ਦੜੋ ਤੇ ਹੜੱਪਾ :

ਭਾਰਤ ਦੀਆਂ ਇਨ੍ਹਾਂ ਗੈਰ ਆਰੀਆਈ ਸਭਿਅਤਾਵਾਂ ਤੋਂ ਇਲਾਵਾ ਇਕ ਹੋਰ ਸੁਵਿਕਸਿਤ ਸਭਿਅਤਾ ਵੀ ਸ਼ੁਰੂ ਸ਼ੁਰੂ ਵਿਚ ਆਰੀਆ ਲੋਕਾਂ ਦੇ ਸੰਪਰਕ ਵਿਚ ਆਈ ਜਿਸ ਨੂੰ ਖੋਜਕਾਰ ਮੋਹਨ–ਜੋ–ਦੜੋ (ਮੋਇਆਂ ਦਾ ਥੇਹ) ਜਾਂ ਮੋਹਿੰਜੋ ਦੜੋ ਅਤੇ ਹੜੱਪਾ ਦੀ ਸਭਿਅਤਾ ਕਹਿੰਦੇ ਹਨ। ਇਹ ਸਭਿਅਤਾ ਸਿੰਧ-ਪੰਜਾਬ ਦੇ ਪ੍ਰਦੇਸ਼ ਵਿਚ ਬਹੁਤ ਪ੍ਰਾਚੀਨ ਸਮੇਂ ਤੋਂ ਪ੍ਰਫੁਲਤ ਹੋਈ ਹੈ ਅਤੇ ਨਿਸ਼ਚੇ ਹੀ ਪੂਰਵ ਆਰੀਆ ਹੈ। ਡਾ. ਏ. ਡੀ. ਪੁਸਲਕਰ (The Vedic Age, p. 172) ਦਾ ਵਿਚਾਰ ਹੈ ਕਿ ਸਿੰਧੂ ਘਾਟੀ ਸਭਿਅਤਾ ਦਾ ਵਿਕਾਸ ਕੋਈ 3000 ਪੂ. ਈ. ਵਿਚ ਹੋਇਆ ਹੋਵੇਗਾ। ਇਸ ਦੀ ਖੋਜ ਨਾਲ ਭਾਰਤ ਦੇ ਭਾਸ਼ਾਈ ਅਤੇ ਸਭਿਆਚਾਰਕ ਇਤਿਹਾਸ ਉਤੇ ਨਵੀਂ ਰੌਸ਼ਨੀ ਪੈਂਦੀ ਹੈ। ਅਤੇ ਭਾਰਤ ਵੀ ਸੁਮੇਰੀਅਨ, ਅੱਕਾਦੀਅਨ, ਬੇਬੀਲੋਨੀਅਨ, ਅਤੇ ਅਸੀਰੀਅਨ ਸਭਿਆਤਾਵਾਂ ਦੇ ਬਰਾਬਰ ਪ੍ਰਾਚੀਨ ਸਭਿਅਤਾ ਦੇ ਸ਼ਾਨੀ ਹੋਣ ਦਾ ਫ਼ਖਰ ਕਰ ਸਕਦਾ ਹੈ। ਮੱਧ-ਏਸ਼ੀਆਂ ਚੋਂ ਆਏ ਆਰੀਆ ਲੋਕ ਵੀ ਇਸ ਤੋਂ ਅਛੂਤ ਨਹੀਂ ਰਹਿ ਸਕੇ।

ਵੀਹਵੀਂ ਸਦੀ ਦੇ ਆਰੰਭ ਵਿਚ ਹੀ ਮੋਹਿੰਜੋਦੜੋ ਦੀ ਅਦਭੁਤ ਸਭਿਅਤਾ ਪ੍ਰਕਾਸ਼

ਵਿਚ ਆਈ ਹੈ । ਸਰ ਜਾਹਨ ਮਾਰਸ਼ਲ ਅਤੇ ਮਾਧੋ ਸਰੂਪ ਵਤਸ ਦੇ ਖੋਜ-ਨਿਬੰਧ ਇਸ ਉਤੇ ਕਾਫੀ ਚਾਨਣਾ ਪਾਉਂਦੇ ਹਨ । ਇਨ੍ਹਾਂ ਖੋਜਾਂ ਤੋਂ ਸਪਸ਼ਟ ਹੁੰਦਾ ਹੈ ਕਿ ਮੋਹਿੰਜੋ-ਦੜੋ ਤੇ ਹੜੱਪਾ ਦੀ ਸਭਿਅਤਾ ਕਾਫੀ ਉੱਚ ਕੋਟੀ ਦੀ ਸੀ । ਯੋਜਨਾ-ਬੱਧ ਸ਼ਹਿਰੀ ਵਸੋਂ, ਪੱਕੀਆਂ ਇਟਾਂ ਦੇ ਸੁੰਦਰ ਦੁਹਾਸਵੇਂ ਘਰ, ਲਿਖਣ ਦੀ ਕਲਾ, ਫੁਲਦਾਰ ਤੇ ਰੰਗੀਨ ਭਾਂਡੇ ਅਤੇ ਹੋਰ ਕਈ ਤਰ੍ਹਾਂ ਦਾ ਅੱਲਮ-ਗੱਲਮ ਜਿਹੜਾ ਇਕ ਤਹਿਜ਼ੀਬ-ਯਾਫ਼ਤਾ ਸਮਾਜ ਵਿਚ ਹੋਣਾ ਚਾਹੀਦਾ ਹੈ, ਏਥੇ ਮਿਲਿਆ ਹੈ । ਇਸ ਸਭ ਕਾਸੇ ਤੋਂ ਦੁਨੀਆਂ ਦੇ ਖੋਜਕਾਰ ਬੜੇ ਹੈਰਾਨ ਹੋਏ ਹਨ । ਇਹ ਹੋਰ ਵੀ ਅਦਭੁਤ ਤੇ ਚਮਤਕਾਰੀ ਹੋਇਆ ਜਦੋਂ ਇਸ ਪ੍ਰਸੰਗ ਵਿਚ ਇਹ ਸਬੂਤ ਸਾਹਮਣੇ ਆਏ ਕਿ ਇਹ ਸਭਿਅਤਾ ਆਰੀਆ ਨਹੀਂ ਸੀ ਸਗੋਂ ਆਰੀਆ ਲੋਕਾਂ ਦੇ ਪ੍ਰਵੇਸ਼ ਤੋਂ ਪਹਿਲਾਂ ਦੀ ਕੋਈ ਗ਼ੈਰ-ਆਰੀਆ ਸਭਿਅਤਾ ਸੀ ।

ਮੋਹਿੰਜੋਦੜੋ ਤੇ ਹੜੱਪਾ ਵਿਚ ਕਈ ਭਾਂਤ ਦੀਆਂ ਜਿਹੜੀਆਂ ਮੋਹਰਾਂ ਮਿਲੀਆਂ ਹਨ ਉਨ੍ਹਾਂ ਉਤੇ ਇਕ ਵਿਸ਼ੇਸ਼ ਲਿਪੀ ਦੇ ਅੱਖਰ ਉਕਰੇ ਹੋਏ ਹਨ । ਇਸ ਲਿਪੀ ਨੂੰ ਲਿਪੀ ਅੰਤਰ ਕਰਨ ਬਾਰੇ ਅਜ ਤਕ ਹੋਏ ਸਾਰੇ ਯਤਨ ਭਾਵੇਂ ਨਿਹਫਲ ਹੀ ਰਹੇ ਹਨ ਪਰ ਇਹ ਗੱਲ ਭਰੋਸੇ ਨਾਲ ਕਹੀ ਜਾ ਸਕਦੀ ਹੈ ਕਿ ਇਨ੍ਹਾਂ ਲੱਭਤਾਂ ਤੋਂ ਲਿਪੀ ਵਿਕਾਸ ਦੇ ਚਿਤਰ-ਮੂਲਕ, ਹਾਈਰੋਗਲੈਫਿਕ, ਅਤੇ ਧੁਨੀ ਮੂਲਕ ਪੜਾ ਦ੍ਰਿਸ਼ਟੀ ਗੋਚਰ ਹੁੰਦੇ ਹਨ : ਡਾ. ਚਟਰ ਜੀ ਦਾ ਵਿਚਾਰ ਹੈ ਕਿ ਮੋਹਿੰਜੋਦੜੋ ਦੀ ਲਿਪੀ ਦੀ ਭਾਰਤ ਤੋਂ ਬਾਹਰ Elamite script ਨਾਲ ਅਤੇ ਪ੍ਰਾਚੀਨ ਕ੍ਰੀਟ ਤੇ ਸਾਈਪ੍ਰਸ ਨਾਲ ਡੂੰਘੀ ਨਾਤਾਦਾਰੀ ਹੈ । ਇਹ ਵੀ ਸੰਭਵ ਹੈ ਕਿ ਇਹ ਲਿਪੀ ਭਾਰਤ ਦੀਆਂ ਬ੍ਰਾਹਮੀ ਤੇ ਬ੍ਰਾਹਮੀ-ਉਤਪੰਨ ਲਿਪੀਆਂ ਲਈ ਇਕ ਪ੍ਰੇਰਣਾ ਸੋਮਾ ਬਣੀ ਹੋਵੇ ।

ਇਨ੍ਹਾਂ ਮੋਹਰਾਂ ਉਤੇ ਕਈ ਤਰ੍ਹਾਂ ਦੀ ਚਿਤਰਕਾਰੀ ਵੀ ਮਿਲਦੀ ਹੈ । ਵਡੇ ਵਡੇ ਬੈਲਾਂ ਦੇ ਚਿਤਰ, ਸ਼ਿਵ-ਪਸੂਪਤੀ, ਸ਼ਿਵ, ਸਿੰਗਦਾਰ ਤੀਰੰਦਾਜ਼, ਤ੍ਰਿਸੂਲਧਾਰੀ ਦੇਵੀ ਆਦਿ ਕਈ ਤਰ੍ਹਾਂ ਦੇ ਚਿਤ੍ਰ ਇਨ੍ਹਾਂ ਮੋਹਰਾਂ ਦੇ ਉਕਰੇ ਹੋਏ ਮਿਲੇ ਹਨ । ਇਨ੍ਹਾਂ ਤੋਂ ਇਲਾਵਾ ਸ਼ਿਲਪ ਕਾਰੀ ਵੀ ਕਮਾਲ ਦੀ ਸੀ । ਭੂਰੇ ਪੱਥਰ ਦੇ ਬੁਤ, ਲਾਲ ਪੱਥਰ ਦੀਆਂ ਮੂਰਤਾਂ, ਧਾਤ ਦੀ ਨਰਤਕੀ, ਮੋਹਿੰਜੋਦੜੋ ਦੇ ਕਲਾਕਾਰਾਂ ਦੀ ਕਲਾਂਪ੍ਰਿਯਤਾ ਦੀਆਂ ਮੂੰਹ ਬੋਲਦੀਆਂ ਗਵਾਹੀਆਂ ਹਨ । ਭਾਂਤ ਭਾਂਤ ਦੇ ਗਹਿਣੇ-ਗੱਟੇ ਅਤੇ ਉੱਚ ਪਾਏ ਦੀਆਂ ਹਾਰ-ਹਮੇਲਾਂ, ਮੁਰਕੀਆਂ, ਪਜ਼ੇਬਾਂ ਤੇ ਮੁੰਦਰੀਆਂ ਸੁਵਿਕਸਿਤ ਸਭਿਅਤਾ ਦੀਆਂ ਨਿਸ਼ਾਨੀਆਂ ਹਨ ।

ਇਸ ਸਿੰਧੂ-ਘਾਟੀ ਸਭਿਅਤਾ ਦੇ ਵਿਕਾਸ-ਕਾਲ ਨੂੰ ਨਿਸ਼ਚਿਤ ਕਰਨ ਬਾਰੇ ਵਿਦਵਾਨਾਂ ਵਲੋਂ ਕਈ ਤਰ੍ਹਾਂ ਦੇ ਵਿਚਾਰ ਸਾਹਮਣੇ ਆਏ ਹਨ ਪਰੰਤੂ ਸਰ ਜਾਹਨ ਮਾਰਸ਼ਲ

ਦਾ ਮਤ ਲਗ ਭਗ ਸਰਬ-ਸਵੀਕ੍ਰਿਤ ਹੈ ਕਿ ਸਿੰਧੂ ਘਾਟੀ ਸਭਿਅਤਾ ਵੈਦਿਕ ਸਭਿਅਤਾ ਤੋਂ ਵਖਰੀ ਅਤੇ ਪੂਰਵ-ਵਰਤੀ earlier ਸੀ। (ਵੇਖੋ : ਡਾ. ਪੁਸਲਕਰ, ਪੰਨਾ 195)

ਇਸ ਸਾਰੀ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਆਰੀਆ ਲੋਕਾਂ ਦੇ ਭਾਰਤ-ਪ੍ਰਵੇਸ਼ ਸਮੇਂ ਉਤਰ-ਪੱਛਮੀ ਸਿਧ-ਪੰਜਾਬ ਦੇ ਪ੍ਰਦੇਸ਼ ਵਿਚ ਸਿੰਧੂਘਾਟੀ ਸਭਿਅਤਾ ਪ੍ਰਫੁਲਤ ਸੀ।

ਇਸ ਪ੍ਰਕਾਰ ਜਦੋਂ ਆਰੀਆ ਜ਼ਾਤੀ ਭਾਰਤ ਵਿਚ ਦਾਖਲ ਹੋਂਦੀ ਤਾਂ ਏਥੇ ਵੱਖਰੀ ਤਹਿਜ਼ੀਬ ਵਾਲੀਆਂ ਅਨਮਤੀਆਂ ਕੌਮਾ ਦਾ ਵਾਸਾ ਸੀ ਅਤੇ ਸਾਰਾ ਮਾਹੌਲ ਆਰੀਆਂ ਲਈ ਅਣਸੁਖਾਵਾਂ ਸੀ। ਪਰ ਆਰੀਆ ਲੋਕ ਆਪਣੀ ਸੂਝ ਬੂਝ ਅਤੇ ਦਲੇਰੀ ਨਾਲ ਏਥੇ ਸਥਾਪਿਤ ਹੁੰਦੇ ਗਏ ਅਤੇ ਹੌਲੀ ਹੌਲੀ ਦੱਖਣ ਨੂੰ ਛਡਕੇ ਸੰਪੂਰਨ ਭਾਰਤੀ ਰਾਸ਼ਟਰ ਉਤੇ ਛਾ ਗਏ। ਇਸ ਸਾਰੀ ਜਦੋਜਹਿਦ ਵਿਚ ਇਕ ਗੱਲ ਸਫਟਿਕ ਮਣੀ ਦੀ ਤਰ੍ਹਾਂ ਸਪਸ਼ਟ ਝਲਕਦੀ ਹੈ ਕਿ ਇਸ ਬਹੁ-ਕੌਮੀ ਤਾਲਮੇਲ ਦੇ ਦੌਰਾਨ ਆਰੀਆ ਸਭਿਅਤਾ, ਧਰਮ, ਵਿਚਾਰਧਾਰਾ, ਅਤੇ ਖਾਸ ਕਰਕੇ ਆਰੀਆ ਭਾਸ਼ਾ ਵਿਚ ਬਹੁਤ ਸਾਰਾ ਗੈਰ-ਆਰੀਆਈ ਅੰਸ਼ ਰਚਮਿਚ ਗਿਆ ਜਿਸ ਦੇ ਚਿੰਨ੍ਹ, ਅੱਜ ਵੀ ਆਰੀਆ ਜਨ-ਜੀਵਨ ਵਿਚ ਥਾਂ ਥਾਂ ਦਿਖਾਈ ਦਿੰਦੇ ਹਨ।

ਭਾਰਤ ਵਿਚ ਆਰੀਆਈ ਭਾਸ਼ਾ ਦਾ ਵਿਕਾਸ :

ਆਰੀਆਂ ਦੇ ਭਾਰਤ ਵਿਚ ਪ੍ਰਵੇਸ਼ ਤੋਂ ਲੈਕੇ 'ਆਰੀਆ ਭਾਸ਼ਾ' ਦਾ ਇਤਿਹਾਸਿਕ ਵਿਕਾਸ ਬਰਾਬਰ ਮਿਲਦਾ ਆ ਰਿਹਾ ਹੈ। ਖੁਸ਼ਕਿਸਮਤੀ ਨਾਲ ਸਾਡੇ ਪਾਸ ਪੂਰੀ ਸਾਮਗ੍ਰੀ ਉਪਲਬਧ ਹੈ ਜਿਸ ਦੁਆਰਾ ਭਾਰਤ ਵਿਚ ਆਰੀਆ (ਹਿੰਦ-ਆਰੀਆ) ਭਾਸ਼ਾ ਦਾ ਇਤਿਹਾਸ ਪ੍ਰਾਚੀਨ-ਤਮ ਸਮੇਂ ਤੋਂ ਲੈਕੇ ਅਟੁਟ ਲੜੀ ਵਿਚ ਸੁਰਖਿਅਤ ਹੈ। ਸਿਰਫ ਇਹੋ ਗੱਲ ਨਹੀਂ। ਇਸ ਤੋਂ ਵੀ ਵਧ, ਭਾਰਤੀ ਵਿਦਵਾਨ ਬਹੁਤ ਪੁਰਾਤਨ ਕਾਲ ਤੋਂ, ਭਾਸ਼ਾਈ ਮਸਲਿਆਂ ਬਾਰੇ ਬੜੀ ਦੀਰਘ ਦ੍ਰਿਸ਼ਟੀ ਅਤੇ ਹੈਰਾਨੀਜਨਕ ਸੂਧਤਾ ਨਾਲ ਛਾਣ ਬੀਣ ਕਰਦੇ ਆ ਰਹੇ ਹਨ। ਅਜ ਆਰੀਆ ਭਾਸ਼ਾ ਦੇ ਸਬੰਧ ਵਿਚ ਜਿਹੜੇ ਪੁਰਾਤਨ ਵੇਰਵੇ ਤੇ ਵਿਵਰਣ ਮਿਲਦੇ ਹਨ ਉਹ ਇਨ੍ਹਾਂ ਵਿਦਵਾਨਾਂ ਦੀਆਂ ਅਣਥੱਕ ਖੋਜਾਂ ਦੇ ਹੀ ਸਿੱਟੇ ਹਨ। ਇਸ ਸਾਰੇ ਦਾ ਨਤੀਜਾ ਇਹ ਹੈ ਕਿ ਭਾਰਤੀ ਆਰੀਆ ਭਾਸ਼ਾ ਦੇ ਇਤਿਹਾਸਿਕ ਵਿਕਾਸ ਦੇ ਸਪਸ਼ਟ ਤੌਰ ਤੇ 'ਤਿੰਨ ਪੜਾ' ਅਥਵਾ ਭਾਸ਼ਾਈ ਯੁਗ ਬੜੀ ਭਾਂਤ ਨਿਰਧਾਰਤ ਕੀਤੇ ਜਾ ਸਕਦੇ ਹਨ।

ਇਨ੍ਹਾਂ ਯੁਗਾਂ ਵਿਚ ਇਕ ਅਜੇਹੀ 'ਟਕਸਾਲੀ' ਸਟੈਂਡਰਡ ਭਾਸ਼ਾ ਮਿਲਦੀ ਹੈ ਜਿਹੜੀ ਆਪਣੇ ਯੁਗ ਦੀਆਂ ਬਾਕੀ ਉਪਭਾਸ਼ਾਵਾਂ ਦੀ ਜਾਣਕਾਰੀ ਲਈ ਆਵਸ਼ਕ ਪੂਰਨਾਵਾਂ ਦਾ ਭਰੋਸੇਯੋਗ ਵਸੀਲਾ ਮੰਨੀ ਜਾਂਦੀ ਹੈ। ਸਾਡੇ ਭਾਰਤੀ ਭਾਸ਼ਾ ਵਿਗਿਆਨੀਆਂ ਅਤੇ ਵਿਆਕਰਣਕਾਰਾਂ ਨੇ ਆਪਣੇ ਆਪਣੇ ਸਮੇਂ ਦੀਆਂ ਬੋਲੀਆਂ ਦੇ ਧੁਨੀ-ਪ੍ਰਬੰਧ, ਰੂਪ-ਪ੍ਰਣਾਲੀ ਅਤੇ ਬੋਲ ਚਾਲੀ ਭਾਸ਼ਾ-ਰੂਪਾਂ ਦਾ ਵਰਣਨ ਵੀ ਨਾਲੋਂ ਨਾਲ ਕੀਤਾ ਹੈ। ਇਸ ਤਰ੍ਹਾਂ ਧੁਰ-ਮੁੱਢ ਤੋਂ ਲੈ ਕੇ ਹੁਣ ਤਕ ਆਰੀਆ ਭਾਸ਼ਾ ਦੇ ਜਿਹੜੇ ਤਿੰਨ ਵਿਕਾਸ-ਪੜਾ ਮੰਨੇ ਜਾਂਦੇ ਹਨ ਉਹ ਇਹ ਹਨ :

(i) Old Indo-Aryan : ਪ੍ਰਾਚੀਨ ਹਿੰਦ-ਆਰੀਆ ਭਾਸ਼ਾ
(ii) Middle Indo-Aryan : ਮੱਧਕਾਲੀ ਹਿੰਦ ਆਰੀਆ ਭਾਸ਼ਾ
(iii) New Indo-Aryan : ਆਧੁਨਿਕ ਹਿੰਦ ਆਰੀਆ ਭਾਸ਼ਾ

ਕਈ ਵਿਦਵਾਨ ਇਨ੍ਹਾਂ ਪੜਾਵਾਂ ਦੀਆਂ ਭਾਰਤੀ ਆਰੀਆ ਭਾਸ਼ਾਵਾਂ ਦਾ ਤਰਤੀਬਵਾਰ ਹੇਠ ਲਿਖੇ ਅਨੁਸਾਰ ਨਾਮਕਰਣ ਕਰਦੇ ਹਨ :

(i) Primary Prakrit : ਆਦਿ ਪ੍ਰਾਕ੍ਰਿਤ
(ii) Secondary Prakrit : ਮੱਧ ਪ੍ਰਾਕ੍ਰਿਤ
(iii) Tertiary Prakrit : ਨਵੀਨ ਪ੍ਰਾਕ੍ਰਿਤ

ਪਰੰਤੂ ਪਹਿਲੀ ਵੰਡ-ਵਿਧੀ ਹੀ ਵਧ ਪ੍ਰਚਲਤ ਹੈ। ਯੂਰਪੀ ਵਿਦਵਾਨ ਇਨ੍ਹਾਂ ਤ੍ਰੈ-ਭਾਂਤੀ ਵੰਡ ਨੂੰ ਸੰਖੇਪ ਕਰਕੇ OIA, MIA, NIA ਇਨ੍ਹਾਂ ਰੋਮਨ ਅਖਰਾਂ ਦੁਆਰਾ ਵਿਅਕਤ ਕਰਦੇ ਹਨ। ਮੋਟੇ ਤੌਰ ਤੇ ਵਿਦਵਾਨਾਂ ਨੇ ਇਨ੍ਹਾਂ ਤਿੰਨਾਂ ਭਾਸ਼ਾ-ਕਾਲਾਂ ਦੀਆਂ ਮਿਤੀਆਂ ਹੇਠ ਲਿਖੇ ਅਨੁਸਾਰ ਪ੍ਰਸਤਾਵਿਤ ਕੀਤੀਆਂ ਹਨ :

ਪ੍ਰਾਚੀਨ ਹਿੰਦ-ਆਰੀਆ ਭਾਸ਼ਾ	1500 ਪੂ. ਈ.—500 ਪੂ. ਈ.
ਮਧਕਾਲੀ ਹਿੰਦ-ਆਰੀਆ ਭਾਸ਼ਾ	500 ਪੂ. ਈ.—1000 ਈ.
ਆਧੁਨਿਕ ਹਿੰਦ ਆਰੀਆ ਭਾਸ਼ਾ	1000 ਈ.—ਹੁਣ ਤਕ

ਹੁਣ ਹਿੰਦ-ਆਰੀਆ ਭਾਸ਼ਾ ਦੇ ਇਨ੍ਹਾਂ ਤਿੰਨਾਂ ਪੜਾਵੀ ਰੂਪਾਂ ਦਾ ਤਰਤੀਬਵਾਰ ਵਿਸਤਾਰ ਪੂਰਵਕ ਵਰਣਨ ਕਰਦੇ ਹਾਂ :

10

ਪ੍ਰਾਚੀਨ ਹਿੰਦ-ਆਰੀਆਈ ਭਾਸ਼ਾ

(Old Indo-Aryan 1500 B.C. to 500 B.C.)

ਹਿੰਦ-ਈਰਾਨੀ (ਭਾਰਤ-ਈਰਾਨੀ) ਭਾਸ਼ਾ ਵਰਗ ਦੀਆਂ ਈਰਾਨ, ਦਰਦ ਤੇ ਹਿੰਦ-ਆਰੀਆਈ ਤਿਨ ਸ਼ਾਖਾਂ ਵਿਕਸਿਤ ਹੋਈਆਂ। ਹਿੰਦ-ਆਰੀਆਈ (ਭਾਰਤੀ-ਆਰਯ) ਭਾਸ਼ਾ ਭਾਰਤ-ਦੇਸ਼ ਵਿਚ ਸ਼ੁਰੂ ਤੋਂ ਲੈ ਕੇ ਹੁਣ ਤਕ ਵਿਕਾਸ ਕਰਦੀ ਆ ਰਹੀ ਹੈ। ਇਸ ਭਾਸ਼ਾ ਦਾ ਮੁਢਲਾ ਕਾਲ 1500 ਪੂ. ਈ. ਤੋਂ ਸ਼ੁਰੂ ਹੁੰਦਾ ਮੰਨਿਆ ਜਾਂਦਾ ਹੈ। ਇਸ ਪਹਿਲੇ ਮੁਢਲੇ ਪੜਾ ਦੀ ਭਾਸ਼ਾ ਨੂੰ 'ਪ੍ਰਾਚੀਨ ਹਿੰਦ-ਆਰੀਆਈ ਭਾਸ਼ਾ' (old Indo-Aryan) ਕਿਹਾ ਜਾਂਦਾ ਹੈ। ਇਸ ਪੜਾ ਵਿਚ 'ਵੈਦਿਕ ਸੰਸਕ੍ਰਿਤ' ਦਾ ਵਿਕਾਸ ਹੋਇਆ ਹੈ।

ਵੈਦਿਕ ਸੰਸਕ੍ਰਿਤ :

ਹਿੰਦ-ਆਰੀਆਈ ਭਾਸ਼ਾ ਦੇ ਪ੍ਰਾਚੀਨ ਰੂਪ ਦੇ ਨਾਂ ਬਾਰੇ ਕਈ ਵਿਚਾਰ ਸਾਹਮਣੇ ਆਏ ਹਨ। ਮੈਕਡਾਨਲ (ਜਰਮਨ ਸਕਾਲਰ) ਇਸ ਨੂੰ 'ਵੈਦਿਕ-ਭਾਸ਼ਾ' ਲਿਖਦਾ ਹੈ। ਪੀ. ਡੀ. ਗੁਣੇ ਨੇ ਇਸਨੂੰ 'ਵੈਦਿਕ ਸੰਸਕ੍ਰਿਤ' ਦਾ ਨਾਂ ਦਿੱਤਾ ਹੈ। ਸੰਸਕ੍ਰਿਤ ਦੇ ਮਹਾਨ ਵਿਆਕਰਣ

ਕਾਰ ਪਾਣਿਨੀ ਇਸਨੂੰ 'ਛਾਂਦਸ' ਆਖਦਾ ਹੈ ਅਰਥਾਤ ਛੰਦ-ਪ੍ਰਧਾਨ ਵੇਦਾਂ ਦੀ ਭਾਸ਼ਾ। ਕਈ ਆਧੁਨਿਕ ਭਾਸ਼ਾ ਵਿਗਿਆਨੀ ਇਸਨੂੰ 'ਮੁਢਲੀ ਪ੍ਰਾਕ੍ਰਿਤ', 'ਆਦਿ ਪ੍ਰਾਕ੍ਰਿਤ' ਕਹਿਣਾ ਪਸੰਦ ਕਰਦੇ ਹਨ ਕਿਉਂਕਿ ਇਸ ਕਾਲ ਦੀ ਆਰੀਆ ਭਾਸ਼ਾ ਲੋਕ ਭਾਸ਼ਾ ਦੇ ਨੇੜੇ ਸੀ ਅਤੇ ਆਪਣੇ 'ਪ੍ਰਾਕ੍ਰਿਤ, ਅਰਥਾਤ ਸਹਿਜ ਸੁਰੂਪ ਨੂੰ ਲੈ ਕੇ ਪ੍ਰਚਲਿਤ ਸੀ।

ਲੋਕ-ਤੱਤਾਂ ਦੀ ਧਾਰਣੀ ਹੋਣ ਕਰਕੇ ਇਸਨੂੰ 'ਪ੍ਰਾਕ੍ਰਿਤ' ਮੰਨ ਲਿਆ ਗਿਆ ਹੈ। ਪਰੰਤੂ ਇਨ੍ਹਾਂ ਸਾਰਿਆਂ ਨਾਵਾਂ ਵਿਚੋਂ 'ਵੈਦਿਕ ਸੰਸਕ੍ਰਿਤ' ਹੀ ਵਧ ਢੁਕਵਾਂ ਨਾਂ ਹੈ। ਤਾਰਾ ਪੁਰਵਾਲਾ ਦਾ ਵੀ ਕਥਨ ਹੈ ਕਿ 'The language of all these literary works (Vedas, Upanishds) is known by the generic term 'Vedic Sanskrit'

ਕਲਾਸੀਕਲ ਸੰਸਕ੍ਰਿਤ :

ਦੂਜੇ ਪਾਸੇ ਵੈਦਿਕ ਸੰਸਕ੍ਰਿਤ ਤੋਂ ਛੁਟ ਇਕ ਹੋਰ ਸੰਸਕ੍ਰਿਤ ਦਾ ਰੂਪ ਵੀ ਵੇਖਿਆ ਜਾਂਦਾ ਹੈ ਜਿਸਨੂੰ ਯੂਰਪੀ ਵਿਦਵਾਨਾਂ ਨੇ 'ਕਲਾਸੀਕਲ ਸੰਸਕ੍ਰਿਤ' ਕਿਹਾ ਹੈ। ਇਸ ਨੂੰ ਆਮ ਤੌਰ ਤੇ ਸਾਡੀ ਬੋਲੀ ਵਿਚ 'ਲੌਕਿਕ ਸੰਸਕ੍ਰਿਤ' ਆਖਿਆ ਜਾਂਦਾ ਹੈ। ਸੰਸਕ੍ਰਿਤ ਭਾਸ਼ਾ ਦੇ ਰੂਪ 'ਵੈਦਿਕ ਸੰਸਕ੍ਰਿਤ' ਤੇ 'ਲੌਕਿਕ ਸੰਸਕ੍ਰਿਤ, ਦੀ ਵਰਗਬੰਦੀ ਦਾ ਆਧਾਰ ਇਹੋ ਜਾਪਦਾ ਹੈ ਕਿ ਵੇਦ, ਬ੍ਰਾਹਮਣ ਆਦਿ ਦੀ ਭਾਸ਼ਾ ਧਾਰਮਿਕ ਤੇ ਕਰਮਕਾਂਡੀ ਸਾਹਿਤ ਹੈ ਅਤੇ ਇਸ ਦਾ ਆਮ ਲੋਕਾਂ ਦੀਆਂ ਸੁਹਜਾਤਮਕ ਬਿਰਤੀਆਂ ਨਾਲ ਘਟ ਸੰਬੰਧ ਹੈ। ਇਸ ਲਈ ਇਸ ਵੇਲੇ ਦੀ ਸਾਰੀ ਭਾਸ਼ਾ ਧਾਰਮਿਕ ਤੇ ਸੰਪ੍ਰਦਾਇਕ ਲਿਖਤਾਂ ਵਿਚ ਹੀ ਮਿਲਦੀ ਹੈ। ਇਸ ਲਈ ਇਸ ਨੂੰ 'ਵੈਦਿਕ ਸੰਸਕ੍ਰਿਤ' ਕਿਹਾ ਗਿਆ ਹੈ। ਪਰ ਇਸ ਤੋਂ ਉਲਟ 'ਕਲਾਸੀਕਲ ਜਾਂ ਲੌਕਿਕ ਸੰਸਕ੍ਰਿਤ' ਦੀ ਵਰਤੋਂ ਹਰ ਤਰ੍ਹਾਂ ਦੇ ਸਾਹਿਤ—ਨਾਟਕ, ਮਹਾ ਕਾਵਿ, ਗੱਦ ਗ੍ਰੰਥ, ਨੀਤੀ ਬਚਨ, ਉਪਦੇਸ਼ਾਤਮਕ ਕਥਾਵਾਂ, ਆਯੁਰਵੇਦ, ਧਨੁਰਵੇਦ, ਜਯੋਤਿਸ਼, ਵਿਆਕਰਣ—ਲਈ ਹੁੰਦੀ ਰਹੀ। ਲੋਕ ਜੀਵਨ ਨਾਲ ਇਸ ਨੂੰ ਮੇਚ ਕੇ ਚਾਲੂ ਰਖਿਆ ਗਿਆ। ਇਸ ਲਈ ਲੋਕ ਸੰਪਰਕ ਹੋਣ ਕਰਕੇ ਇਸ ਨੂੰ 'ਲੌਕਿਕ ਸੰਸਕ੍ਰਿਤ' ਆਖਿਆ ਗਿਆ। ਪਾਣਿਨੀ ਨੇ ਦੋਹਾਂ ਵਿਚ 'ਲੋਕੇ ਵੇਦੇ ਚ' ਕਹਿਕੇ ਮਗਰਲੇ ਪੜਾ ਦੀ ਭਾਸ਼ਾ ਨੂੰ 'ਲੋਕ ਭਾਸ਼ਾ' ਕਿਹਾ ਹੈ।

ਏਥੇ ਇਕ ਗੱਲ ਜ਼ਰੂਰ ਚੇਤੇ ਰਖਣ ਵਾਲੀ ਹੈ ਕਿ ਜਦੋਂ ਅਸੀਂ 'ਸੰਸਕ੍ਰਿਤ' ਕਹਿੰਦੇ ਹਾਂ ਤਾਂ ਸਾਡੀ ਮੁਰਾਦ ਵੈਦਿਕ ਤੇ ਲੌਕਿਕ ਸਾਰੀ ਸੰਸਕ੍ਰਿਤ ਤੋਂ ਹੁੰਦੀ ਹੈ। ਇਹ ਤਾਂ

ਇਸ ਦੇ ਦੋ ਵਿਕਾਸੀ-ਰੂਪ ਹਨ। ਜਿਵੇਂ ਕਿ ਵਿਕਾਸ ਦੇ ਲੰਮੇਂ ਯੁਗ ਵਿਚ ਸੰਭਵ ਹੈ, ਵੈਦਿਕ ਤੋਂ ਬਾਅਦ ਸੰਸਕ੍ਰਿਤ ਵਿਚ ਜੋ ਪਰਿਵਰਤਨ ਹੋਇਆ ਅਤੇ ਅਦਲਾ ਬਦਲੀ ਹੋਈ ਇਸ ਨੂੰ ਸਨਮੁਖ ਰਖਕੇ ਹੀ ਇਸ ਦੇ ਦੂਜੇ ਪੜਾਵੀ ਰੂਪ ਨੂੰ ਕਲਾਸੀਕਲ ਸੰਸਕ੍ਰਿਤ ਕਿਹਾ ਗਿਆ। ਅਸਲ ਵਿਚ ਕਲਾਸੀਕਲ ਸੰਸਕ੍ਰਿਤ ਦਾ ਆਰੰਭ ਚੌਥੀ ਸਦੀ ਪੂ. ਈ. ਵਿਚ ਪਾਣਿਨੀ ਦੁਆਰਾ ਰਚੀ ਗਈ ਵਿਆਕਰਣ ਦੀ ਪੁਸਤਕ 'ਅਸ਼ਟਾਧਿਆਈ' (ਅਠ ਅਧਿਆਇ ਵਾਲੀ) ਨਾਲ ਹੁੰਦਾ ਹੈ। ਪਾਣਿਨੀ ਨੇ ਵੈਦਿਕ ਭਾਸ਼ਾ ਤੇ ਲੋਕ ਭਾਸ਼ਾ ਵਿਚ ਅੰਤਰ ਸਪਸ਼ਟ ਤੌਰ ਤੇ ਵੇਖਿਆ ਅਤੇ ਆਪਣੇ ਵਿਆਕਰਣ ਵਿਚ ਦੋਹਾਂ ਦੇ ਸਾਂਝ ਸਿਧਾਂਤ ਪੇਸ਼ ਕਰਦਿਆਂ ਹੋਇਆਂ ਵੀ 'ਵੇਦ ਭਾਸ਼ਾ' ਤੇ 'ਲੋਕ ਭਾਸ਼ਾ' ਦੇ ਅੰਤਰ ਸਪਸ਼ਟ ਕੀਤੇ ਸਨ। ਪਾਣਿਨੀ ਨੇ ਵਿਆਕਰਣ ਸੂਤਰਾਂ ਨਾਲ ਸੰਸਕ੍ਰਿਤ ਦੇ ਸ਼ੁਧ ਤੇ ਸਹੀ ਸਰੂਪ ਨੂੰ ਸਦਾ ਲਈ ਨਿਸ਼ਚਿਤ ਕਰਕੇ ਬੰਨ੍ਹ ਦਿਤਾ ਅਤੇ ਜੋ ਉਨ ਦੇ ਸਿਧਾਂਤਾਂ ਨਾਲ ਮੇਲ ਨਹੀਂ ਖਾਂਦਾ ਸੀ ਉਸ ਨੂੰ ਗ਼ਲਤ ਕਰਾਰ ਦਿਤਾ। ਨਤੀਜਾ ਇਹ ਹੋਇਆ ਕਿ ਪਾਣਿਨੀ ਦੁਆਰਾ ਨਿਯਮ-ਬੱਧ ਸੰਸਕ੍ਰਿਤ ਭਾਸ਼ਾ ਵਿਚ ਅਗਾਂਹ ਹੋਰ ਕੋਈ ਤਬਦੀਲੀ ਨਾ ਹੋ ਸਕੀ ਅਤੇ 'ਲੌਕਿਕ ਸੰਸਕ੍ਰਿਤ' ਸਦਾ ਵਾਸਤੇ ਇਕੋ ਰੂਪ ਵਿਚ ਬੱਝ ਗਈ। ਜੋ ਵੀ ਸਾਹਿਤ ਰਚਿਆ ਗਿਆ ਉਸ ਦੀ ਭਾਸ਼ਾ 'ਅਸ਼ਟਾਧਿਆਈ' ਦੇ ਅਨੁਕੂਲ ਹੀ ਲਿਖੀ ਜਾਂਦੀ ਰਹੀ। ਵੈਦਿਕ ਸੰਸਕ੍ਰਿਤ ਵਿਚ ਕਾਫੀ ਖੁਲ੍ਹ ਸੀ ਪਰ ਕਲਾਸੀਕਲ ਸੰਸਕ੍ਰਿਤ ਵਿਚ ਨਿਯਮਾਂ ਦੀ ਪੂਰੀ ਕਠੋਰਤਾ ਵਰਤੀ ਜਾਂਦੀ ਰਹੀ। ਇਸ ਕਰਕੇ ਸੰਸਕ੍ਰਿਤ ਦੇ ਇਹ ਦੋ ਰੂਪ ਵਖਰੇ ਵਖਰੇ ਨਾਵਾਂ ਹੇਠ ਪ੍ਰਸਿਧ ਹੋ ਗਏ।

ਵੈਦਿਕ ਸੰਸਕ੍ਰਿਤ ਦਾ ਸਮਾਂ 1500 ਪੂ. ਈ. ਤੋਂ 500 ਪੂ. ਈ. ਤਕ ਮੰਨਿਆਂ ਜਾਂਦਾ ਹੈ ਪਰ ਉਸ ਦੇ ਨਾਲ ਹੀ 'ਅਸ਼ਟਾਧਿਆਈ' ਦੀ ਰਚਨਾ ਤੋਂ ਲੈ ਕੇ ਅਗਲਾ ਰੂਪ 'ਕਲਾਸੀਕਲ ਸੰਸਕ੍ਰਿਤ' ਦਾ ਹੋ ਜਾਂਦਾ ਹੈ। 'ਕਲਾਸੀਕਲ ਸੰਸਕ੍ਰਿਤ' ਸਾਹਿਤ ਵਿਚ ਹੀ ਪ੍ਰਯੁਕਤ ਹੁੰਦੀ ਰਹੀ ਅਤੇ ਇਸ ਦੇ ਸਮਾਨਾਂਤਰ 'ਲੋਕ ਭਾਸ਼ਾ' ਵਿਕਾਸ ਕਰਦੀ ਗਈ ਜਿਸ ਦੇ ਪਹਿਲੇ ਰੂਪ ਨੂੰ 'ਪਾਲੀ ਭਾਸ਼ਾ' ਕਿਹਾ ਜਾਂਦਾ ਹੈ। ਇਸ ਦਾ ਵਿਸਤ੍ਰਿਤ ਵਰਣਨ ਅਗੇ ਕੀਤਾ ਜਾਵੇਗਾ।

ਕਲਾਸੀਕਲ ਸੰਸਕ੍ਰਿਤ ਆਮ ਤੌਰ ਤੇ ਸਾਹਿਤ ਦੀ ਭਾਸ਼ਾ ਬਣਕੇ ਰਹਿ ਗਈ। ਚਿੰਤਨ, ਵਿਚਾਰ, ਵਿਗਿਆਨਿਕਤਾ, ਅਲੰਕਾਰ, ਗਣਿਤ, ਸਮੀਖਿਆ, ਜਯੋਤਿਸ਼, ਦਰਸ਼ਨ ਆਦਿ ਵਿਸ਼ਿਆਂ ਦੇ ਗ੍ਰੰਥ ਸੰਸਕ੍ਰਿਤ ਵਿਚ ਲਿਖੇ ਜਾਂਦੇ ਰਹੇ। ਸਾਹਿਤਕ ਪਧਰ ਉਤੇ ਸੰਸਕ੍ਰਿਤ ਦਾ ਪ੍ਰਯੋਗ 500 ਪੂ. ਈ. ਤੋਂ ਲੈ ਕੇ ਮਤਵਾਤਰ ਹੁੰਦਾ ਆ ਰਿਹਾ ਹੈ ਅਤੇ ਇਸ ਵਿਚ ਹੀ ਪ੍ਰਸਿਧ ਮਹਾਂਕਵੀ ਤੇ ਦਾਰਸ਼ਨਿਕ ਹੋਏ ਹਨ ਪਰ ਇਸ ਦਾ ਖੇਤਰ ਬਹੁਤਾ ਕਰਕੇ ਸਾਹਿਤ

ਤਕ ਹੀ ਸੀਮਿਤ ਹੋ ਗਿਆ ਹੈ।

ਸੰਸਕ੍ਰਿਤ ਸਾਹਿਤ :

ਵੈਦਿਕ ਸੰਸਕ੍ਰਿਤ ਅਤੇ ਕਲਾਸੀਕਲ ਸੰਸਕ੍ਰਿਤ ਵਿਚ ਰਹਿਆ ਹੋਇਆ ਢੇਰਾਂ ਦਾ ਢੇਰ ਸਾਹਿਤ ਮਿਲਦਾ ਹੈ। ਵੈਦਿਕ ਸੰਸਕ੍ਰਿਤ ਦਾ ਸਾਹਿਤ ਬਹੁਤ ਪ੍ਰਾਚੀਨ ਕਰਕੇ ਕਾਫੀ ਦੁਰਲਭ ਹੈ। ਜੋ ਕੁਝ ਬਚਿਆ ਹੈ ਅਤੇ ਜੋ ਸ਼ਰਧਾਲੂਆਂ ਨੇ ਸੰਭਾਲ ਕੇ ਰਖਿਆ ਹੈ ਉਸ ਨੂੰ ਜਾਣਿਆ ਜਾ ਸਕਦਾ ਹੈ।

ਮੈਕਸ ਮੂਲਰ (Max Muller) ਨੇ ਵੈਦਿਕ ਸਾਹਿਤ ਨੂੰ ਚਾਰ ਯੁਗਾਂ ਵਿਚ ਹੇਠ ਲਿਖੇ ਅਨੁਸਾਰ ਵੰਡਿਆ ਹੈ :—

1. ਛੰਦਸ ਯੁਗ
2. ਮੰਤ੍ਰ ਯੁਗ
3. ਬ੍ਰਾਹਮਣ ਯੁਗ
4. ਸੂਤ੍ਰ ਯੁਗ

ਡਾ. ਘਾਟੇ ਨੇ ਵੈਦਿਕ ਸਾਹਿਤ ਦੀ ਵੰਡ ਵਿਚ (1) ਸ਼ਰੁਤੀ ਯੁਗ ਅਤੇ (2) ਸਮ੍ਰਿਤੀ ਯੁਗ ਦੋ ਪੜਾ ਮਿਥੇ ਹਨ। ਅਤੇ ਇਹ ਕਾਫੀ ਪ੍ਰਸਿਧ ਹਨ। ਸ਼ਰੁਤੀ ਯੁਗ ਜਾਂ ਸ਼ਰੁਤੀ ਸਾਹਿਤ ਵਿਚ ਚਾਰੇ ਵੇਦ ਸ਼ਾਮਲ ਕੀਤੇ ਜਾਂਦੇ ਹਨ ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਵੇਦ ਸੁਣੇ ਗਏ (ਸ਼ਰੁਤ : heard, revealed) ਹਨ ਕਿਸੇ ਮਨੁਖ ਦੁਆਰਾ ਰਚੇ ਗਏ ਨਹੀਂ ਹਨ। ਇਹ ਵੇਦ ਇਲਹਾਮ ਹਨ। ਇਨ੍ਹਾਂ ਅਰਥਾਂ ਵਿਚ ਸ਼ਰੁਤੀ ਕਿਹਾ ਜਾਂਦਾ ਹੈ। ਵੈਦਿਕ ਸਾਹਿਤ ਵਿਚ, ਮੋਟੇ ਤੌਰ ਤੇ ਹੇਠ ਲਿਖੇ ਗ੍ਰੰਥ ਸ਼ਾਮਲ ਕੀਤੇ ਜਾਂਦੇ ਹਨ :

ਵੇਦ : ਰਿਗਵੇਦ, ਸਾਮਵੇਦ, ਯਜੁਰਵੇਦ, ਅਥਰਵਵੇਦ

ਬ੍ਰਾਹਮਣ : (ਵੇਦਾਂ ਉਤੇ ਗੱਦ ਸ਼ੈਲੀ ਵਿਚ ਲਿਖੇ ਹੋਏ ਯੱਗ ਵਿਧਾਨ ਆਦਿ ਨੂੰ ਬ੍ਰਾਹਮਣ ਕਿਹਾ ਜਾਂਦਾ ਹੈ)
ਐਤਰੇਯ ਬ੍ਰਾਹਮਣ, ਕੌਸ਼ੀਤਕੀ ਬ੍ਰਾਹਮਣ, ਪੰਚਵਿੰਸ਼, ਸ਼ੜਵਿੰਸ਼, ਤੈਤਿਰੀਯ ਬ੍ਰਾਹਮਣ, ਸਤਪਥ ਬ੍ਰਾਹਮਣ, ਗੋਪਥ ਬ੍ਰਹਮਣ

ਆਰਣਯਕ : ਬ੍ਰਾਹਮਣ ਭਾਗ ਦੇ ਅੰਤਲੇ ਭਾਗ ਨੂੰ ਆਮ ਤੌਰ ਤੇ ਆਰਣਯਕ ਦਾ ਨਾਂ ਦਿੱਤਾ ਗਿਆ ਹੈ। ਆਰਣਯਕ ਗ੍ਰੰਥਾਂ ਦੇ ਨਾਂ ਆਮ ਤੌਰ ਤੇ ਬ੍ਰਾਹਮਣ

ਗ੍ਰੰਥਾਂ ਦੇ ਨਾਵਾਂ ਅਨੁਸਾਰ ਹੀ ਰਖੇ ਗਏ ਹਨ। 'ਆਰਣਯਕ' ਸ਼ਬਦ ਅਰਣਯ ਤੋਂ ਬਣਿਆ ਹੈ ਜਿਸ ਦਾ ਅਰਥ ਬਨ-ਜੰਗਲ ਹੈ। ਆਰਣਯਕ ਜੰਗਲ-ਬੇਲਿਆਂ ਵਿਚ ਪੜ੍ਹੇ ਜਾਂਦੇ ਸਨ ਇਹ ਸਾਯਣ ਦਾ ਮਤ ਹੈ। ਇਨ੍ਹਾਂ ਦੇ ਵਿਸ਼ੇ ਕਰਮ-ਕਾਂਡ, ਯਗ ਵਿਧਾਨ, ਮਿਥਕ ਤੇ ਅਲੰਕਾਰਿਕ ਸਨ।

ਉਪਨਿਸ਼ਦ : ਬ੍ਰਾਹਮਣ ਗ੍ਰੰਥਾਂ ਦੇ ਅੰਤ ਉਤੇ ਆਤਮਾ ਤੇ ਪਰਮਾਤਮਾ ਦਾ ਚਿੰਤਨ ਕੀਤਾ ਹੋਇਆ ਮਿਲਦਾ ਹੈ ਉਨ੍ਹਾਂ ਨੂੰ 'ਉਪਨਿਸ਼ਦ' ਕਿਹਾ ਗਿਆ। ਉਪਨਿਸ਼ਦ ਮੁਖ ਤੌਰ ਤੇ ਇਹ ਹਨ : ਈਸ਼, ਕੇਨ, ਕਠ, ਪ੍ਰਸ਼ਨ, ਮੁੰਡਕ, ਮਾਂਡੂਕਯ, ਐਤਰੇਯ, ਤੈਤਿਰੀਯ, ਛਾਂਦੋਗਯ, ਬ੍ਰਿਹਦਾਰਣਯਕ।

ਵੇਦ ਅੰਗ : ਵੇਦਾਂਗਾਂ ਨੂੰ ਛੇ ਅੰਗ ਵੀ ਕਿਹਾ ਜਾਂਦਾ ਹੈ। ਉਹ ਇਹ ਹਨ: ਸ਼ਿਕਸ਼ਾ (pronuncition), ਛੰਦ (metre), ਵਿਆਕਰਣ, ਨਿਰੁਕਤ (etymology), ਜਯੋਤਿਸ਼, ਕਲਪ (Ceremonial)। ਸਾਯਣ ਮੁਨੀ ਨੇ ਇਨ੍ਹਾਂ ਦੀ ਵਿਆਖਿਆ ਕੀਤੀ ਹੈ। ਯਾਸਕ ਮੁਨੀ (ਸਤਵੀਂ ਸਦੀ ਪੂ. ਈ.) ਦਾ 'ਨਿਰੁਕਤ' ਗ੍ਰੰਥ ਬਹੁਤ ਪ੍ਰਸਿਧ ਹੈ। ਇਸ ਵਿਚ ਵੇਦਾਂ ਦੇ ਸ਼ਬਦਾਂ ਦੀ ਬਣਤਰ, ਵਿਕਾਸ, ਅਰਥ ਤੇ ਪ੍ਰਸੰਗ ਦਸੇ ਗਏ ਹਨ।

ਹੋਰ : ਉਪਰੋਕਤ ਤੋਂ ਇਲਾਵਾ ਵਿਆਸ ਰਿਸ਼ੀ ਦੁਆਰਾ ਰਚਿਤ 'ਮਹਾਭਾਰਤ' ਅਤੇ ਬਾਲਮੀਕੀ ਰਿਸ਼ੀ ਦੀ 'ਰਾਮਾਯਣ' ਵੈਦਿਕ ਸੰਸਕਿਤ ਦੇ ਪ੍ਰਸਿਧ ਮਹਾ ਕਾਵਿ ਹਨ। ਅਠਾਰਾਂ ਪੁਰਾਣ ਵੀ ਵੈਦਿਕ ਭਾਸ਼ਾ ਵਿਚ ਲਿਖੇ ਗਏ ਮੰਨੇ ਜਾ ਸਕਦੇ ਹਨ।

ਭਾਸ਼ਾ ਦਾ ਵਿਕਾਸ : ਪਰੰਤੂ ਇਹ ਗਲ ਵਰਣਨ-ਯੋਗ ਹੈ ਕਿ ਵੈਦਿਕ ਸੰਸਕ੍ਰਿਤ ਦਾ ਆਦਰਸ਼ ਤੇ ਪ੍ਰਮਾਣਿਕ ਰੂਪ 'ਰਿਗਵੇਦ' ਵਿਚ ਹੀ ਮਿਲਦਾ ਹੈ। ਰਿਗਵੇਦ ਤੋਂ ਬਾਅਦ ਵੈਦਿਕ ਭਾਸ਼ਾ ਹਰ ਪੜਾ ਤੇ ਥੋੜੀ ਬਹੁਤ ਬਦਲਦੀ ਰਹੀ ਹੈ। ਇਥੋਂ ਤਕ ਕਿ 'ਰਿਗਵੇਦ' ਦੇ ਦਸਾਂ ਮੰਡਲਾਂ (ਪੋਥੀਆਂ) ਵਿਚੋਂ ਅੰਤਲੇ ਦਸਵੇਂ ਮੰਡਲ ਦੀ ਭਾਸ਼ਾ ਵੀ ਪਹਿਲੇ ਨੌ ਮੰਡਲਾਂ ਨਾਲੋਂ ਵਖਰੀ ਹੈ। ਪਰ ਅਗੇ ਆਕੇ ਉਪਨਿਸ਼ਦਾਂ, ਮਹਾਭਾਰਤ ਦੀ ਭਾਸ਼ਾ ਹੋਰ ਵੀ ਬਦਲੀ ਹੈ ਅਤੇ ਕਲਾਸੀਕਲ ਸੰਸਕ੍ਰਿਤ ਦੇ ਨੇੜੇ ਲਗਦੀ ਹੈ।

ਕਲਾਸੀਕਲ ਸੰਸਕ੍ਰਿਤ ਦਾ ਸਾਹਿਤ :

ਵੈਦਿਕ ਸੰਸਕ੍ਰਿਤ ਤੋਂ ਬਾਅਦ ਕਲਾਸੀਕਲ ਸੰਸਕ੍ਰਿਤ ਦਾ ਯੁਗ ਸ਼ੁਰੂ ਹੋ ਜਾਂਦਾ ਹੈ। ਕਲਾਸੀਕਲ ਸੰਸਕ੍ਰਿਤ ਧਰਮ, ਕਰਮ ਕਾਂਡ, ਨੈਤਿਕਤਾ, ਉਪਦੇਸ਼, ਕਵਿਤਾ, ਦੀ ਭਾਸ਼ਾ ਬਣੀ ਰਹੀ ਭਾਵੇਂ ਇਸ ਦੇ ਮੁਕਾਬਲੇ ਵਿਚ ਲੋਕ ਭਾਸ਼ਾ ਹੌਲੀ ਹੌਲੀ ਲੋਕ ਸਾਹਿਤ ਤੇ ਲੋਕ ਧਰਮ ਲਈ ਵਰਤੋਂ ਵਿਚ ਆਉਂਦੀ ਰਹੀ। ਈਸਵੀ ਸੰਨ ਦੇ ਅਰੰਭ ਵਿਚ ਸੰਸਕ੍ਰਿਤ ਗੁਪਤ-ਸਮ੍ਰਾਟਾਂ ਦੀ ਰਾਜ ਭਾਸ਼ਾ ਵੀ ਬਣ ਗਈ। ਇਸ ਸਮੇਂ ਕਾਲੀ ਦਾਸ ਵਰਗੇ ਕਲਾਸੀਕਲ ਸੰਸਕ੍ਰਿਤ ਦੇ ਮਹਾਨ ਕਵੀ ਪੈਦਾ ਹੋਏ ਜਿਨ੍ਹਾਂ ਨੇ ਸੰਸਕ੍ਰਿਤ ਦਾ ਗੌਰਵ ਕੁਲ ਦੁਨੀਆਂ ਵਿਚ ਸਦਾ ਲਈ ਸਥਾਪਿਤ ਕਰ ਦਿਤਾ।

ਇਸੇ ਲਈ ਅਸ਼ਵਘੋਸ਼ (ਸੌਂਦਰਾਨੰਦ ਮਹਾਕਾਵਿ) ਭਾਰਵੀ (ਕਿਰਾਤਾਰਜੁਨੀਯ ਮਹਾਕਾਵਿ), ਭੱਟੀ (ਰਾਵਣ ਵਧ), ਮਾਘ (ਸ਼ਿਸ਼ੂਪਾਲ ਵਧ), ਕਲਹਣ (ਰਾਜ ਤਰੰਗਿਣੀ) ਭਰਤਰੀ ਹਰੀ(ਸ਼੍ਰਿੰਗਾਰਸ਼ਤਕ, ਵੈਰਾਗਯਸ਼ਤਕ) ਗੁਣਾਢਯ (ਬ੍ਰਿਹਤ ਕਥਾ) ਬਾਣ (ਕਾਦੰਬਰੀ), ਦਸ਼ ਕੁਮਾਰ ਚਰਿਤ, ਪੰਚਤੰਤ੍ਰ, ਹਿਤੋਪਦੇਸ਼, ਸ਼ੁਕ ਸਪਤਤਿ, ਕਥਾਸਰਿਤ ਸਾਗਰ, ਭਰਤਮੁਨੀ (ਨਾਟਯ ਸ਼ਾਸਤ੍ਰ), ਜਯਦੇਵ (ਗੀਤ ਗੋਵਿੰਦਮ) ਆਦਿ ਪ੍ਰਸਿਧ ਮਹਾਂ ਕਵੀਆਂ ਤੇ ਕਥਾਕਾਰਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਕਲਾਸੀਕਲ ਸੰਸਕ੍ਰਿਤ ਤੇ ਵੈਦਿਕ ਸੰਸਕ੍ਰਿਤ ਵਿਚ ਜੋ ਫਰਕ ਹੈ ਉਸ ਦਾ ਵਰਣਨ ਅਗੇ ਕੀਤਾ ਜਾਵੇਗਾ।

ਰਿਗਵੇਦ : ਮਨੁਖ ਜਾਤੀ ਦਾ ਪ੍ਰਥਮ ਗ੍ਰੰਥ :

ਮਨੁਖ ਦੇ ਇਤਿਹਾਸ ਵਿਚ ਰਿਗਵੇਦ ਹੀ ਇਕ ਅਜੇਹਾ ਮਹਾ ਗ੍ਰੰਥ ਹੈ ਜਿਹੜਾ ਆਪਣੀ ਸਾਬਤ-ਸਬੂਤ ਸ਼ਕਲ ਵਿਚ ਸੰਸਾਰ ਦੇ ਲੋਕਾਂ ਨੂੰ ਪ੍ਰਾਪਤ ਹੋਇਆ ਹੈ। ਦੁਨੀਆਂ ਵਿਚ ਇਸ ਤੋਂ ਪੁਰਾਣਾ ਹੋਰ ਕੋਈ ਵੀ ਗ੍ਰੰਥ ਉਪਲਬਧ ਨਹੀਂ ਹੈ। Max Muller (*Ancient Sanskrit Literature*, p. 63) ਨੇ ਠੀਕ ਕਿਹਾ ਹੈ :

'In the history of the world the veda fills a gap which no literary work in any other language could fill. As long as man continues to take an interest in the history of his race, and as long as we collect the relics of former ages, the first place ... will belong for ever to the Rigveda" (quoted in Ghate's Lectures on Rigveda).

ਰਿਗਵੇਦ ਤੇ ਪੰਜਾਬ :

ਰਿਗਵੇਦ ਪੰਜਾਬ ਦਾ ਸਾਹਿਤਿਕ ਢੋਆ ਹੈ। ਪੰਜਾਬ ਨੂੰ ਇਸ ਗੱਲ ਦਾ ਫ਼ਖ਼ਰ ਤੇ ਮਾਣ ਹੈ ਕਿ ਰਿਗਵੇਦ, ਪੰਜਾਬ ਦੀਆਂ ਨਦੀਆਂ ਦੇ ਕੰਢਿਆਂ ਤੇ ਰਚਿਆ ਗਿਆ। ਇਸ ਲਈ ਜਦੋਂ ਅਸੀਂ ਰਿਗਵੇਦ ਦਾ ਨਾਂ ਲੈਂਦੇ ਹਾਂ ਤਾਂ ਪੰਜਾਬ ਦੀ ਸਮੁਚੀ ਤਸਵੀਰ ਸਾਡੀਆਂ ਅੱਖਾਂ ਸਾਹਵੇਂ ਆ ਲਟਕਦੀ ਹੈ। ਇਸ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਰਿਗਵੇਦ ਵਿਚ ਜਿਨ੍ਹਾਂ ਨਦੀਆਂ, ਕੁਦਰਤੀ ਦ੍ਰਿਸ਼ਾਂ, ਜੰਗਲ-ਬੇਲਿਆਂ, ਜੰਗਾਂ-ਜੁਧਾਂ, ਰਾਜਘਰਾਣਿਆਂ, ਜਨ-ਜੀਵਨ ਤੇ ਲੋਕ-ਸੰਸਕ੍ਰਿਤੀ ਦਾ ਜੋ ਵੀ ਵਰਣਨ ਮਿਲਦਾ ਹੈ ਉਹ ਅਸਲ ਵਿਚ ਪੰਜਾਬ ਦਾ ਹੀ ਵਰਣਨ ਹੈ।

ਸਮਾਂ :

ਰਿਗਵੇਦ ਦੁਨੀਆਂ ਦਾ ਸਭ ਤੋਂ ਪੁਰਾਣਾ ਗ੍ਰੰਥ ਹੈ ਜਿਹੜਾ ਆਪਣੇ ਸਹੀ-ਸਰੂਪ ਵਿਚ ਸਾਡੇ ਤਕ ਪਹੁੰਚਿਆ ਹੈ। ਇਸ ਮਹਾਨ ਗ੍ਰੰਥ ਦੇ ਸਮੇਂ ਬਾਰੇ ਵਿਦਵਾਨਾਂ ਨੇ ਕਈ ਤਰ੍ਹਾਂ ਦੇ ਕਿਆਸ ਲਾਏ ਹਨ। ਇਨ੍ਹਾਂ ਵਿਚੋਂ ਮੈਕਸਮੂਲਰ, ਵਹਿਟਨੇ, ਦੀਕਸ਼ਿਤ, ਬਾਲ ਗੰਗਾਧਰ ਤਿਲਕ ਅਤੇ ਜੈਕਾਬੀ ਦੇ ਨਾਂ ਵਰਣਨ ਯੋਗ ਹਨ। ਪੱਛਮੀ ਤੇ ਭਾਰਤੀ ਵਿਦਵਾਨ ਕੁਝ ਹਦ ਤਕ ਇਸ ਗੱਲ ਨਾਲ ਸਹਿਮਤ ਹਨ ਕਿ ਰਿਗਵੇਦ ਦੀ ਰਚਨਾ ਈਸਾ ਤੋਂ ਪਹਿਲਾਂ ਕੋਈ ਚਾਰ ਹਜ਼ਾਰ ਸਾਲ ਵਿਚ ਹੋ ਚੁਕੀ ਹੋਵੇਗੀ ਜਿਸ ਦਾ ਭਾਵ ਹੈ ਕਿ ਰਿਗਵੇਦ ਅਜ ਤੋਂ ਕੋਈ ਛੇ ਹਜ਼ਾਰ ਸਾਲ ਪੁਰਾਣੀ ਕਿਰਤ ਹੈ।

ਸੰਕਲਨ :

ਏਥੇ ਇਹ ਗੱਲ ਯਾਦ ਰਖਣ-ਵਾਲੀ ਹੈ ਕਿ ਰਿਗਵੇਦ ਕਿਸੇ ਇਕ ਰਿਸ਼ੀ ਦੀ ਰਚਨਾ ਨਹੀਂ ਅਤੇ ਨਾ ਹੀ ਕਿਸ ਇਕ ਦੌਰ ਵਿਚ ਲਿਖੀ ਹੋਈ ਕਿਰਤ ਹੈ। ਡਾ, ਵਿਨਾਇਕ ਸੁਖਰਾਮ ਘਾਟੇ ਨੇ 'ਲੈਕਚਰਜ਼ ਆਨ ਰਿਗਵੇਦ' ਵਿਚ ਕਿਹਾ ਹੈ ਕਿ ਜਿਸ ਸ਼ਕਲ ਵਿਚ 'ਰਿਗਵੇਦ-ਸੰਹਿਤਾ' ਸਾਡੇ ਤਕ ਅਪੜੀ ਹੈ ਅਤੇ ਇਸ ਦੇ ਮੰਡਲਾਂ ਵਿਚ ਬੋਲੀ, ਸ਼ਬਦਾਵਲੀ, ਸ਼ੈਲੀ, ਗ੍ਰਾਮਰ, ਮੀਟਰ ਤੇ ਖ਼ਾਸ ਕਰਕੇ ਵਿਚਾਰਾਂ ਦੇ ਪੱਖ ਤੋਂ ਜੋ ਆਪਸੀ ਫ਼ਰਕ ਹੈ ਉਸ ਤੋਂ ਸਾਫ਼ ਜ਼ਾਹਰ ਹੈ ਕਿ ਰਿਗਵੇਦ ਦੀਆਂ ਰਿਚਾਵਾਂ ਇਨ੍ਹਾਂ ਦੇ ਸੰਗ੍ਰਹਿ ਹੋਣ ਤੋਂ ਢੇਰ ਚਿਰ ਪਹਿਲਾਂ ਰਚੀਆਂ ਗਈਆਂ ਹੋਣਗੀਆਂ। ਪ੍ਰਤੱਖ ਹੈ ਕਿ ਰਿਗਵੇਦ ਅਨੇਕਾਂ ਰਿਸ਼ੀਆਂ ਦੇ ਅਨੇਕ ਸਮੇਂ ਪ੍ਰਗਟ ਹੋਏ ਪਵਿਤਰ ਮਹਾਵਾਕਾਂ ਦਾ ਸੰਗ੍ਰਹਿ ਗ੍ਰੰਥ ਹੈ।

ਤਰਤੀਬ :

ਰਿਗਵੇਦ ਦਸ ਮੰਡਲਾਂ ਵਿਚ ਵੰਡਿਆ ਹੋਇਆ ਵਡਾ ਗ੍ਰੰਥ ਹੈ। ਹਰ ਮੰਡਲ ਦੇ

ਕਈ ਅਨੁਵਾਕ, ਹਰ ਅਨੁਵਾਕ ਦੇ ਕਈ ਸੂਕਤ ਅਤੇ ਹਰ ਸੂਕਤ ਵਿਚ ਕਈ ਕਈ ਰਿਚਾਵਾਂ ਸੰਗ੍ਰਹਿ ਕੀਤੀਆਂ ਮਿਲਦੀਆਂ ਹਨ। ਇਹ ਰਹੱਸਵਾਦੀ ਤੇ ਅਧਿਆਤਮਵਾਦੀ ਕਾਵਿ ਦੀਆਂ ਸੁੰਦਰ ਵੰਨਗੀਆਂ ਹਨ। ਇਨ੍ਹਾਂ ਰਿਗਵੈਦਿਕ ਰਿਚਾਵਾਂ ਵਿਚ ਦੇਵਤਿਆਂ ਲਈ ਉਸਤਤੀਆਂ ਹਨ, ਉਨ੍ਹਾਂ ਪ੍ਰਤੀ ਭਾਵ-ਪੂਰਤ ਸਰਧਾਂਜਲੀਆਂ ਹਨ ਅਤੇ ਸਭ ਤੋਂ ਵਧ ਦੇਵ-ਗੀਤ ਹਨ। ਪਰੰਤੂ ਜਦ ਅਸੀਂ ਰਿਗਵੇਦ ਦਾ ਖੋਜ ਦੇ ਪੱਖ ਤੋਂ ਅਧਿਐਨ ਕਰਦੇ ਹਾਂ ਤਾਂ ਸਾਨੂੰ ਉਸ ਵਿਚ ਉਸ ਸਮੇਂ ਭੂਗੋਲਿਕ, ਧਾਰਮਿਕ, ਇਤਿਹਾਸਿਕ, ਸਮਾਜਿਕ,ਰਾਜਨੀਤਿਕ ਤੇ ਸਭਿਆਚਾਰਿਕ ਹਾਲਤਾਂ ਦੀ ਤਕੜੀ ਝਲਕ ਪ੍ਰਾਪਤ ਹੁੰਦੀ ਹੈ।

ਭੂਗੋਲ :

ਸਭ ਤੋਂ ਪਹਿਲਾਂ ਰਿਗਵੇਦ ਵਿਚ ਜਿਹੜੇ ਭੂਗੋਲਿਕ ਹਵਾਲੇ ਮਿਲਦੇ ਹਨ ਉਨ੍ਹਾਂ ਵਿਚ ਸਭ ਤੋਂ ਪ੍ਰਮੁਖ ਵਰਣਨ 'ਸਪਤ ਸਿੰਧੂ' ਦਾ ਹੈ। ਸਪਤ ਸਿੰਧੂ ਪੰਜਾਬ ਦਾ ਪੁਰਾਣਾ ਨਾਉਂ ਹੈ। ਇਸ ਦਾ ਅਰਥ ਹੈ ਉਹ ਦੇਸ਼ ਜਿਥੇ ਸੱਤ ਦਰਿਆ ਵਹਿੰਦੇ ਹਨ। 'ਸਿੰਧੂ' ਦਰਿਆ ਨੂੰ ਕਹਿੰਦੇ ਸਨ। ਈ. ਜੇ. ਰੈਪਸਨ ਨੇ 'ਏਨਸ਼ੀਐਂਟ ਇੰਡੀਆ' ਵਿਚ ਲਿਖਿਆ ਹੈ ਕਿ ਰਿਗਵੇਦ ਵਿਚ ਭਿੰਨ ਭਿੰਨ ਦਰਿਆਵਾਂ ਦੇ ਪੱਚੀ ਨਾ ਆਉਂਦੇ ਹਨ ਜਿਨ੍ਹਾਂ ਸਾਰਿਆਂ ਦਾ ਸੰਬੰਧ ਸਿੰਧੂ ਦਰਿਆ ਨਾਲ ਹੈ। ਇਨ੍ਹਾਂ ਵਿਚ ਸ਼ਤਦਰੂ (ਸਤਲੁਜ) ਵਿਪਾਸ਼ (ਬਿਆਸ), ਪਰੁਸ਼ਣੀ (ਰਾਵੀ), ਅਸਿਕਨੀ (ਚਨਾਬ), ਵਿਤਸਤਾ (ਜਿਹਲਮ), ਦ੍ਰਿਸ਼ਦਵਤੀ (ਘੱਘਰ) ਅਤੇ ਗੰਗਾ-ਜਮੁਨਾ ਦਾ ਕਾਫੀ ਵਰਣਨ ਹੈ। ਕਾਬਲ ਦੀਆਂ ਨਦੀਆਂ 'ਕੁਭਾ' ਤੇ 'ਸਵਾਤ' ਦਾ ਵੀ ਉਲੇਖ ਹੈ। ਇਹ ਗੱਲ ਵਰਣਨ ਯੋਗ ਹੈ ਕਿ ਰਿਗਵੇਦ ਵਿਚ ਗੰਗਾ ਦਾ ਉਲੇਖ ਸਿਰਫ ਇਕੋ ਵਾਰ (X. 75.5) ਹੀ ਹੋਇਆ ਹੈ ਜਿਥੇ ਕਿ ਬਾਕੀ ਨਦੀਆਂ ਦਾ ਜ਼ਿਕਰ ਲੜੀਵਾਰ ਆਇਆ ਹੈ। ਇਸ ਤੋਂ ਇਕ ਗੱਲ ਸਾਬਤ ਹੁੰਦੀ ਹੈ ਕਿ ਰਿਗਵੇਦ ਦੇ ਸਮੇਂ ਵਿਚ ਗੰਗਾ ਯਮੁਨਾ ਪੰਜਾਬ ਦਾ ਪੂਰਬੀ ਕੰਢਾ ਸੀ ਅਤੇ ਰਿਗਵੇਦ ਦੀ ਸਾਰੀ ਰਚਨਾ ਆਰੀਆ ਲੋਕਾਂ ਦੇ ਗੰਗਾ ਤਕ ਪਹੁੰਚਣ ਤੋਂ ਪਹਿਲਾਂ ਪਹਿਲਾ ਏਥੇ ਪੂਰੀ ਹੋ ਚੁਕੀ ਸੀ।

ਅਬਿਨਾਸ਼ ਚੰਦਰ ਦਾਸ ਨੇ 'ਰਿਗਵੈਦਿਕ ਇੰਡੀਆ' ਵਿਚ ਦਸਿਆ ਹੈ ਕਿ 'ਸਪਤਸਿੰਧੂ' ਜਾਂ ਪੰਜਾਬ ਰਿਗਵੈਦਿਕ ਆਰੀਆ ਲੋਕਾਂ ਦੀ ਸ਼ਭਿਅਤਾ ਦਾ ਪਹਿਲਾ ਪੰਘੂੜਾ ਸੀ ਜਿਸ ਦੇ ਉੱਤਰ ਵਾਲੇ ਪਾਸੇ ਕਸ਼ਮੀਰ, ਪਛਮੀ ਪਾਸੇ ਗੰਧਾਰ, (ਅਜੋਕਾ ਕੰਧਾਰ), ਦੱਖਣੀ ਪਾਸੇ ਰਾਜਿਸਥਾਨੀ ਸਮੁੰਦਰ ਅਤੇ ਪੂਰਬੀ ਪਾਸੇ ਗੰਗਾ-ਯਮਨਾ ਦੁਆਬ ਸੀ। ਪੰਜਾਬ ਜਾਂ ਸਪਤਸਿੰਧੂ ਹੀ ਸਾਰੇ ਭਾਰਤੀ ਦੀਪ ਲਈ ਜ਼ਿੰਦਗੀ-ਬਖਸ਼ ਇਲਾਕਾ ਸੀ। ਇਸ ਤੋਂ ਜ਼ਾਹਰ ਹੈ ਕਿ ਰਿਗਵੇਦ ਵਿਚ ਬਿਆਨ ਕੀਤਾ ਹੋਇਆ ਸਾਰਾ ਭੂਗੋਲ ਲਗ ਭਗ ਪੰਜਾਬ ਦਾ ਹੀ

ਭੂਗੋਲ ਹੈ।

ਮਿਥਿਹਾਸ :

ਜਿਥੋਂ ਤਕ ਰਿਗਵੈਦਿਕ ਸਮੇਂ ਦੇ ਪੰਜਾਬ ਦੇ ਧਾਰਮਿਕ ਤੇ ਮਿਥਿਹਾਸਿਕ
ਪਹਿਲੂ ਦਾ ਸੰਬੰਧ ਹੈ, ਇਹ ਕਿਹਾ ਜਾ ਸਕਦਾ ਹੈ ਇਸ ਵਲੇ ਧਰਮ ਦਾ ਕੋਈ ਖੜ੍ਹਵਾਂ ਤੇ
ਨਿਸ਼ਚਿਤ ਰੂਪ ਨਹੀਂ ਮਿਲਦਾ। ਏਥੇ ਧਰਮ ਦੀ ਵਿਸ਼ੇਸ਼ਤਾ ਉਸ ਦਾ ਅਸਲੀ ਤੇ ਲੋੜੀਂਦਾ
ਹੋਣਾ ਹੈ। ਪੁਰੋਹਿਤਵਾਦ ਦੀ ਪ੍ਰਧਾਨਤਾ ਹੋਣ ਕਰਕੇ ਰਿਗਵੇਦ ਵਿਚ ਯੱਗ ਸਮੇਂ ਕੀਤੀਆਂ
ਜਾਂਦੀਆਂ ਬੇਨਤੀਆਂ ਤੇ ਮੰਗਾਂ ਹਨ ਜਿਨ੍ਹਾਂ ਵਿਚ ਗ੍ਰਿਹਸਥੀ ਲੋਕ ਲੰਮੀ ਉਮਰ, ਦੁਸ਼ਮਣਾਂ
ਤੇ ਜਿੱਤ, ਕਲੇਸ਼ਾਂ ਤੋਂ ਮੁਕਤੀ, ਖਾਣਪੀਣ ਦੀਆਂ ਵਸਤੂਆਂ ਦੀ ਬਹੁਤਾਤ ਦੀ ਲੋਚਾ ਕਰਦੇ
ਹਨ। ਇਸ ਲਈ ਰਿਗਵੇਦੀ ਪੰਜਾਬ ਦਾ ਧਰਮ ਲੋਕ-ਧਰਮ ਹੈ ਭਾਵੇਂ 'ਪੁਰੁਸ਼ ਸੂਕਤ' ਤੇ
'ਨਾਸਦੀਯ ਸੂਕਤ' ਵਿਚ ਅਧਿਆਤਮਿਕ ਪਹਿਲੂਆਂ ਵੱਲ ਵੀ ਇਸ਼ਾਰੇ ਮਿਲਦੇ ਹਨ।

ਮਿਥਿਹਾਸ ਰਿਗਵੇਦ ਦਾ ਪ੍ਰਮੁਖ ਵਿਸ਼ਾ ਹੈ। ਇਸ ਵਿਚ ਕੁਦਰਤ ਦੇ ਵਿਸਮਾਦਕ
ਦ੍ਰਿਸ਼ਾਂ ਨੂੰ ਦੇਵਰੂਪ ਦਿੱਤਾ ਗਿਆ ਹੈ ਜਿਨ੍ਹਾਂ ਵੱਲ ਰਿਗਵੇਦ ਦੇ ਪੰਜਾਬੀ ਲੋਕ ਸ਼ਰਧਾ ਤੇ
ਭੈ ਨਾਲ ਝੁਕ ਝੁਕ ਕੇ ਪ੍ਰਣਾਮ ਕਰਦੇ ਹਨ ਅਤੇ ਉਨ੍ਹਾਂ ਤੋਂ ਆਪਣੀਆਂ ਮੰਗਾਂ ਮੰਗਦੇ ਹਨ।
ਰਿਗਵੇਦ ਦੇ ਰਿਸ਼ੀ-ਕਵੀ ਕੁਦਰਤ ਵਿਚ ਵਸਦੀ ਰੂਹ ਨੂੰ ਡੂੰਘੀ ਨੀਝ ਲਾ ਲਾ ਵੇਖਦੇ
ਹਨ ਅਤੇ ਇਕ ਚੇਤਨਾ ਦਾ ਅਨੁਭਵ ਕਰਦੇ ਹਨ। ਇਹੋ ਕਾਰਣ ਹੈ ਕਿ ਉਹ ਕੁਦਰਤ ਦੇ
ਵਿਸਮਾਦਾਂ ਤੇ ਅਗੰਮੀ ਨਜ਼ਾਰਿਆਂ ਦਾ 'ਦੈਵੀਕਰਣ' ਕਰ ਜਾਂਦੇ ਹਨ। ਇਸ ਲਈ ਕੁਦਰਤੀ
ਸ਼ਕਤੀਆਂ ਜਿਵੇਂ ਕਿ ਇੰਦਰ, ਵਾਯੂ, ਅਗਨੀ, ਸਵਿਤਾ, ਵਰੁਣ, ਊਸ਼ਾ, ਪੂਸ਼ਾ, ਮਿਤਰ, ਸੂਰਜ
ਆਦਿ ਦੈਵੀ ਰੂਪ ਵਿਚ ਬਿਆਨੇ ਗਏ ਹਨ। ਇਹੋ ਰਿਗਵੇਦ ਦਾ ਬਹੁ-ਦੇਵਵਾਦ ਹੈ।

ਸਭਿਆਚਾਰ:

ਰਿਗਵੇਦ ਵਿਚ ਉਸ ਵੇਲੇ ਦੇ ਪੰਜਾਬ ਦੇ ਰਾਜਨੀਤਿਕ, ਸਾਮਾਜਿਕ ਤੇ ਸਭਿ-
ਆਚਾਰਿਕ ਜੀਵਨ ਦੀ ਵੀ ਝਲਕ ਮਿਲਦੀ ਹੈ। ਸਮਾਜ ਦਾ ਸਾਰਾ ਢਾਂਚਾ ਟੱਬਰਦਾਰੀ ਤੇ
ਨਿਰਭਰ ਕਰਦਾ ਸੀ। ਟੱਬਰ ਦਾ ਮੁਖੀਆ ਪਿਤਾ ਸੀ ਜਿਹੜਾ ਸਾਰੇ ਪਰਿਵਾਰ ਦਾ ਪ੍ਰਬੰਧਕ
ਸੀ। ਵਿਆਹ ਨੂੰ ਸਭ ਤੋਂ ਵਧ ਪਵਿਤ੍ਰ ਤੇ ਮਹਤਵ ਪੂਰਣ ਰੀਤ ਸਮਝਿਆ ਜਾਂਦਾ ਸੀ।
ਕੇਗੀ (Kaegi) ਨੇ 'ਦੀ ਰਿਗਵੇਦ' ਵਿਚ ਲਿਖਿਆ ਹੈ ਕਿ ਵੈਦਿਕ ਰਿਸ਼ੀ ਸ਼ਾਇਦ ਹੀ
ਕੋਈ ਏਨਾ ਨਾਜ਼ਕ ਰਿਸ਼ਤਾ ਜਾਣਦੇ ਹੋਣ ਜਿੰਨਾ ਕਿ ਪਤੀ ਤੇ ਉਸ ਦੀ ਪਿਆਰੀ ਪਤਨੀ
ਦੇ ਦਰਮਿਆਨ ਹੁੰਦਾ ਸੀ। ਰਿਗਵੇਦ ਵਿਚ ਪਤੀ ਆਪਣੀ ਪਤਨੀ ਨੂੰ ਘਰ ਬਾਰ, ਪਿਆਰਾ

ਨਿਵਾਸ ਅਤੇ ਆਪਣੇ ਘਰ ਦੀ ਲੱਛਮੀ ਦੱਸਦਾ ਸੀ ।[1] ਪਤਨੀ ਦੀ ਉੱਚੀ ਪਦਵੀ ਇਸ ਗਲ ਤੋਂ ਵੀ ਪ੍ਰਤੱਖ ਹੁੰਦੀ ਹੈ ਕਿ ਯੱਗ ਦੀ ਸੰਪੂਰਣਤਾ ਲਈ ਪਤੀ ਦੇ ਨਾਲ ਪਤਨੀ ਦਾ ਸ਼ਰੀਕ ਹੋਣਾ ਬੇਹਦ ਲਾਜ਼ਮੀ ਸੀ । ਇਹ ਇਸ ਗੱਲ ਦਾ ਵੀ ਲਖਾਇਕ ਹੈ ਕਿ ਰਿਗਵੇਦ ਸਮੇਂ ਪੰਜਾਬ ਵਿਚ ਇਕ-ਪਤਨੀ ਵਿਆਹ ਦੀ ਪ੍ਰਥਾ ਹੀ ਜਾਰੀ ਸੀ । ਪੰਜਾਬ ਦੇ ਵੈਦਿਕ ਰਿਸ਼ੀਆਂ ਲਈ ਪੁਤਰ ਦਾ ਜਨਮ ਬੜਾ ਭਾਰੀ ਖੁਸ਼ੀ ਦਾ ਸਮਾਂ ਸੀ ਜਿਵੇਂ ਕਿ ਅੱਜ ਵੀ ਸਮਝਿਆ ਜਾਂਦਾ ਹੈ । ਵਿ: ਸੁ: ਘਾਟੇ ਦਾ ਖਿਆਲ ਹੈ ਕਿ ਰਿਗਵੇਦ ਦੇ ਪੰਜਾਬੀ ਸਮਾਜ ਵਿਚ ਵਿਧਵਾ-ਵਿਆਹ ਦੀ ਲਗ ਭਗ ਅਣਹੋਂਦ ਸੀ । ਹਾਂ ਕਿਤੇ ਕਿਤੇ ਜਿਵੇਂ ਕਿ ਦਸਵੇਂ ਮੰਡਲ ਦੇ ਚਾਲ੍ਹੀਵੇਂ ਸੂਕਤ ਦੇ ਦੂਜੇ ਮੰਤਰ ਵਿਚ 'ਵਿਧਵੇਵ ਦੇਵਰੰ' ਕਹਿ ਕੇ ਵਿਧਵਾ ਭਰਜਾਈ ਦੇ ਸਕੇ ਦਿਉਰ ਨਾਲ ਵਿਆਹ ਕਰਨ ਦੇ ਰਿਵਾਜ ਵਲ ਅਵਸ਼ ਇਸ਼ਾਰਾ ਕੀਤਾ ਹੈ ।

ਪਰਿਵਾਰਿਕ ਜੀਵਨ :

ਰਿਗਵੇਦ ਵਿਚ ਸਾਂਝੇ ਤੌਰ ਤੇ ਪੁਰਸ਼ ਤੇ ਇਸਤ੍ਰੀ ਦੇ ਸੰਬੰਧਾਂ ਦੀ ਚਰਚਾ ਮਨੋਵਿਗਿਆਨਿਕ ਦ੍ਰਿਸ਼ਟੀ ਤੋਂ ਵੀ ਅੰਕਿਤ ਕੀਤੀ ਹੋਈ ਮਿਲਦੀ ਹੈ । ਇਸ ਪ੍ਰਸੰਗ ਵਿਚ ਪੁਰੂਰਵਾ ਤੇ ਉਰਵਸ਼ੀ, ਅਗਸਤਯ ਤੇ ਲੋਪਾਮੁਦ੍ਰਾ ਅਤੇ ਯਮ ਤੇ ਯਮੀ ਦੇ ਵਾਰਤਾਲਾਪ ਵਰਣਨ-ਯੋਗ ਹਨ । ਕਿਤੇ ਕਿਤੇ ਇਸਤ੍ਰੀ ਦੇ ਚੰਚਲ ਸੁਭਾ ਤੇ ਅਰੋਕ ਤਬੀਅਤ ਨੂੰ ਵੀ ਚਿਤ੍ਰਿਤ ਕੀਤਾ ਗਿਆ ਹੈ ।

ਪਰਿਵਾਰਾਂ ਦੀ ਨੀਂਹ ਉਤੇ ਸਟੇਟ ਦੀ ਬਣਤਰ ਸੀ ਅਤੇ ਸਿਆਸੀ ਤੌਰ ਤੇ ਰਾਜਿਆ ਦੀਆਂ ਰਿਆਸਤਾਂ ਸਨ । ਰਿਗਵੇਦ ਵਿਚ ਅਨੇਕ ਛਤ੍ਰੀ ਰਾਜਿਆਂ ਦੇ ਹਵਾਲੇ ਮਿਲਦੇ ਹਨ । ਸਤਵੇਂ ਮੰਡਲ ਵਿਚ ਦਸ ਅਜੇਹੇ ਰਾਜਿਆਂ ਦਾ ਵਰਣਨ ਹੈ ਜਿਹੜੇ ਸਿਆਸੀ ਗੁਟ ਦੇ ਤੌਰ ਤੇ 'ਸੁਦਾਸ' ਨਾਂ ਦੇ ਰਾਜੇ ਨਾਲ ਲੜੇ ਸਨ ।

ਮੂਰਤੀ ਪੂਜਾ :

ਮੈਕਸਮੂਲਰ ਦਾ ਖਿਆਲ ਹੈ ਕਿ ਰਿਗਵੈਦਿਕ ਪੰਜਾਬ ਵਿਚ ਮੂਰਤੀ ਪੂਜਾ ਦਾ ਕੋਈ ਸੰਕੇਤ ਨਹੀਂ ਮਿਲਦਾ ਭਾਵੇਂ ਖਿਆਲੀ ਤੌਰ ਤੇ ਕੁਦਰਤੀ ਸ਼ਕਤੀਆਂ ਦੀ ਦੇਵਤਾ ਰੂਪ ਵਿਚ ਕਲਪਨਾ ਕੀਤੀ ਗਈ ਮਿਲਦੀ ਹੈ ।

1. 'The vedic singers knew no more tender relation than that between the husband and his willing, loving wife who is praised as his home, the darling abode and bliss in his nouse" *Lectures on Rigveda,* p. 165

ਕੀ ਰਿਗਵੇਦ ਵਿਚ ਕਾਸਟ-ਸਿਸਟਮ ਅਰਥਾਤ ਵਰਨ-ਵਿਵਸਥਾ ਦਾ ਕੋਈ ਸਪਸ਼ਟ ਜ਼ਿਕਰ ਹੈ ? ਇਸ ਬਾਰੇ ਵਿਦਵਾਨਾਂ ਵਿਚ ਕਾਫ਼ੀ ਮਤਭੇਦ ਹੈ। ਬਲੂਮਫੀਲਡ ਦੇ ਖਿਆਲ ਵਿਚ ਵੈਦਿਕ ਰਿਸ਼ੀਆਂ ਨੂੰ ਕਾਸਟ-ਸਿਸਟਮ ਦਾ ਕੋਈ ਪਤਾ ਨਹੀਂ ਸੀ। ਪਰ ਇਸ ਗੱਲ ਨਾਲ ਸਾਰੇ ਸਹਿਮਤ ਹਨ ਕਿ ਰਿਗਵੇਦ ਦੇ ਸਮੇਂ ਅਜਿਹੀ ਕੋਈ ਕਾਸਟ-ਸਿਸਟਮ ਨਹੀਂ ਸੀ ਜਿਹੜੀ ਕਿ ਬਾਦ ਵਿਚ ਭਾਰਤੀ ਸਮਾਜ ਵਿਚ ਪ੍ਰਚਲਿਤ ਹੋਈ ਹੈ। ਹਾਂ, ਰਿਗਵੇਦ ਦੇ ਦਸਵੇਂ ਮੰਡਲ ਦੇ ਸੂਕਤ ਨੱਬੇ ਦੇ ਬਾਰ੍ਹਵੇਂ ਮੰਤਰ ਵਿਚ ਵਿਰਾਟ ਪੁਰਸ਼ ਦਾ ਜੋ ਵਰਣਨ ਕੀਤਾ ਗਿਆ ਹੈ ਉਸ ਵਿਚ ਇਕੋ ਵਾਰ ਬ੍ਰਾਹਮਣ, ਕਸ਼ਤਰੀ, ਵੈਸ਼ ਤੇ ਸੂਦਰ ਦਾ ਹਵਾਲਾ ਆਇਆ ਹੈ। ਪਰ ਇਹ ਸਮਾਜਕ ਵੰਡ ਹੈ। ਕਾਸਟ-ਸਿਸਟਮ ਨਹੀਂ ਜਿਹੜੀ ਕਿ ਬਾਦ ਵਿਚ ਜਮਾਂਦਰੂ ਵੰਡ ਸਮਝੀ ਜਾਂਦੀ ਰਹੀ ਹੈ।

ਕੰਮ ਤੇ ਕਿੱਤੇ :

ਰਿਗਵੇਦ ਸਮੇਂ ਦੇ ਪੰਜਾਬੀ ਪਿੰਡਾਂ ਵਿਚ ਖੇਤੀਬਾੜੀ ਤੇ ਪਸ਼ੂ ਪਾਲਨ ਦਾ ਬੜਾ ਜ਼ੋਰ ਸੀ। ਸਾਨੂੰ ਅਜੇਹੀਆਂ ਅਨੇਕਾਂ ਰਿਚਾਵਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਪਸ਼ੂਆਂ ਦੇ ਵੱਗਾਂ ਦੀ ਤੇ ਗਊਆਂ, ਘੋੜਿਆਂ, ਬਕਰੀਆਂ, ਭੇਡਾਂ ਅਤੇ ਖਾਸ ਕਰਕੇ ਲਵੇਰੀਆਂ ਗਊਆਂ ਦੀ ਮੰਗ ਕੀਤੀ ਗਈ ਹੈ। ਖਾਣ ਵਾਸਤੇ ਜੌਂ, ਦੁੱਧ, ਦਹੀਂ, ਭੁੱਜੇ ਦਾਣੇ, ਮਾਸ ਦਾ ਵੀ ਜ਼ਿਕਰ ਹੈ। ਪੀਣ ਲਈ 'ਸੋਮ ਰਸ' ਦਾ ਰੰਗਾਰੰਗੀ ਵਰਨਣ ਕੀਤਾ ਗਿਆ ਹੈ, 'ਸੁਰਾ' ਦਾ ਵੀ ਬਿਆਨ ਮਿਲਦਾ ਹੈ।

ਕਈ ਤਰ੍ਹਾਂ ਦੇ ਕੰਮਾਂ ਕਾਜਾਂ ਤੇ ਕਿੱਤਿਆਂ ਦਾ ਉਲੇਖ ਹੈ। ਤਰਖਾਣੀ ਕੰਮ, ਤਾਣਾ-ਬਾਣਾ, ਰਥ-ਗਡੀਆ ਦੀ ਘਾੜਤ, ਚੰਮ ਦਾ ਕੰਮ ਤੇ ਹੋਰ ਖੇਤੀਬਾੜੀ ਦੀ ਸੰਦਸਾਜ਼ੀ ਵੀ ਮਿਲਦੀ ਹੈ। ਜੂਆਬਾਜ਼ੀ, ਜੀ-ਪਰਚਾਵੇ ਦਾ ਹਰ-ਮਨ ਪਿਆਰੀ ਖੇਡ ਸੀ। ਧਨੁਖ, ਭੱਲੇ, ਕੁਹਾੜੇ, ਸ਼ਿਕਾਰੀ ਹਥਿਆਰਾਂ ਦਾ ਵੀ ਬਿਆਨ ਹੈ।

ਇਸ ਤਰ੍ਹਾਂ ਬੇਝਿਜਕ ਕਿਹਾ ਜਾ ਸ਼ਕਦਾ ਹੈ ਕਿ ਰਿਗਵੇਦ ਪੁਰਾਣੇ ਪੰਜਾਬ ਦੀ ਮੂੰਹ ਬੋਲਦੀ ਤਸਵੀਰ ਹੈ।

11

ਸੰਸਕ੍ਰਿਤ ਦਾ ਮਹਤਵ ਤੇ ਸੁਰੂਪ

ਇਸ ਵਿਚ ਕੋਈ ਅਤਿਕਥਨੀ ਨਹੀਂ ਕਿ 'ਸੰਸਕ੍ਰਿਤ' ਤਮਾਮ ਭਾਰਤੀ ਭਾਸ਼ਾਵਾਂ ਲਈ ਇਕ 'ਅੰਮ੍ਰਿਤ-ਕੁੰਡ' ਹੈ ਜਿਸ ਚੋਂ 'ਜੀਅ ਦਾਨ' ਪ੍ਰਾਪਤ ਕਰਕੇ ਇਹ ਭਾਸ਼ਾਵਾਂ ਸੁਰਜੀਤ ਹੁੰਦੀਆਂ ਆਈਆਂ ਹਨ। 'ਸੰਸਕ੍ਰਿਤ' ਦਾ ਨਾ ਕੇਵਲ ਰਾਸ਼ਟਰੀ ਮਹਤਵ ਹੀ ਸਥਾਪਿਤ ਹੋਇਆ ਹੈ ਸਗੋਂ ਇਸ ਦੀ ਅੰਤਰ-ਰਾਸ਼ਟਰੀ ਮਹਾਨਤਾ ਵੀ ਦੀਵੇ ਦੀ ਲੋ ਵਾਂਗ ਰੌਸ਼ਨ ਹੋਈ ਹੈ। ਸੰਸਕ੍ਰਿਤ ਦੀ ਹੈਰਾਨੀ ਜਨਕ ਭਾਸ਼ਾਈ ਵਿਉਂਤ ਅਤੇ ਸੁਨੱਖਾ ਮੂੰਹ-ਮੁਹਾਂਦਰਾ ਵੇਖਕੇ ਈਸਟ ਇੰਡੀਆ ਕੰਪਨੀ ਦਾ ਇਕ ਉੱਚ ਅਧਿਕਾਰੀ 'ਸਰ ਵਿਲੀਅਮ ਜੋਨਜ਼ (Sir William Jones) ਸਹੀ ਮਾਇਨਿਆਂ ਵਿਚ ਨੱਚ ਉਠਿਆ ਸੀ। 1786 ਵਿਚ ਜੋਨਜ਼ ਨੇ ਗਦਗਦ ਕੰਠ ਵਿਚੋਂ ਇਹ ਕਿਹਾ ਸੀ ਕਿ 'ਸੰਸਕ੍ਰਿਤ ਭਾਸ਼ਾ ਇਕ ਅਦਭੁਤ ਸੰਰਚਨਾ (structure) ਦੀ ਮਾਲਿਕ ਹੈ, ਇਹ ਗ੍ਰੀਕ ਤੋਂ ਵਧ ਪਰੀਪੂਰਨ, ਲੈਟਿਨ ਤੋਂ ਵਧ ਖੁਲ੍ਹੀ ਡੁਲ੍ਹੀ ਅਤੇ ਦੋਹਾਂ ਤੋਂ ਵਧੀਕ ਕਮਾਲ ਦੀ ਸੁਘੜ-ਸੁਨੱਖੀ ਹੈ, ਦੋਹਾਂ ਨਾਲ ਇਸ ਦੀ ਅਤਿ ਨੇੜੇ ਦੀ ਸਾਂਝ ਵੀ, ਖਾਸ ਕਰਕੇ ਕ੍ਰਿਆਵੀ ਮੂਲਾਂ ਵਿਚ ਅਤੇ ਵਿਆਕਰਣ ਰੂਪਾਂ ਵਿਚ ਉਹ ਸਾਂਝ ਜਿਹੜੀ ਕੋਈ ਚਾਣਚਕ ਹਾਦਸਾ ਨਹੀਂ ਕਹੀ ਜਾ ਸਕਦੀ, ਪਰ ਏਨੀ ਡੂੰਘੀ ਤੇ ਮਜ਼ਬੂਤ ਕਿ ਕੋਈ ਵੀ ਭਾਸ਼ਾਵੇਤਾ, ਇਨ੍ਹਾਂ ਦੇ ਇਕੋ ਸਰਬ ਸਾਂਝੇ ਸੋਮੇ ਤੋਂ ਨਿਕਲਣ ਦੇ

ਭਰੋਸੇ ਤੋਂ ਬਿਨਾਂ ਕਤਈ ਤੌਰ ਤੇ ਇਨਾਂ ਤਿੰਨਾਂ ਦੀ ਪਰਖ ਨਹੀਂ ਕਰ ਸਕਦਾ।'[1]

ਯੂਰਪੀਅਨ ਸਕਾਲਰਾਂ ਲਈ ਸੰਸਕ੍ਰਿਤ ਇਕ ਅਜੂਬਾ ਸੀ, ਇਕ ਮੁਅਜਜ਼ਾ ਸੀ। ਸੰਸਕ੍ਰਿਤ ਨੂੰ ਵੇਖ ਕੇ ਸਕਾਲਰ ਏਨੇ ਮੋਹਿਤ ਹੋ ਗਏ ਕਿ ਯੂਰਪ ਦੀਆਂ ਪ੍ਰਮੁਖ ਭਾਸ਼ਾਵਾਂ ਜਿਵੇਂ ਕਿ ਜਰਮਨ, ਫ੍ਰੈਂਚ, ਇਟਾਲੀਅਨ, ਪੁਰਤਗਾਲੀ, ਰੂਸੀ, ਅੰਗਰੇਜ਼ੀ ਆਦਿ ਵਿਚ ਇਸ ਬਾਰੇ ਖੋਜਾਂ ਤੇ ਉਲਥੇ ਪ੍ਰਕਾਸ਼ਿਤ ਹੋਣ ਲਗੇ। ਸਹੀ ਗੱਲ ਤਾਂ ਇਹ ਹੈ ਕਿ ਸੰਸਕ੍ਰਿਤ ਦੇ ਆਵਿਰਭਾਵ (ਲੱਭਤ) ਨਾਲ ਹੀ ਯੂਰਪ ਵਿਚ ਭਾਸ਼ਾ-ਵਿਗਿਆਨ ਦੀ ਨੀਂਹ ਰਖੀ ਗਈ। ਸੰਸਕ੍ਰਿਤ ਦੀਆਂ ਪੱਛਮੀ ਵਿਦਵਾਨਾਂ ਕੋਲ ਜਿਵੇਂ ਜਿਵੇਂ ਕਨਸੋਆਂ ਪੁਜੀਆਂ ਤਿਵੇਂ ਤਿਵੇਂ ਉਹ ਇਸ ਵਲ ਉਲਰਦੇ ਚਲੇ ਆਉਂਦੇ ਰਹੇ।

ਯੂਰਪ ਵਿਚ ਸਭ ਤੋਂ ਪਹਿਲਾ, ਜਿਥੋਂ ਤਕ ਗਿਆਤ ਹੈ, ਸੋਲ੍ਹਵੀਂ ਸਦੀ ਵਿਚ ਸੰਸਕ੍ਰਿਤ ਬਾਰੇ ਹਵਾਲੇ ਮਿਲਦੇ ਹਨ। ਸੋਲ੍ਹਵੀਂ ਸਦੀ ਦੇ ਅੰਤਲੇ ਦਿਨਾਂ ਵਿਚ ਇਟਲੀ ਦੇ Filippo Sassetti ਨੇ ਭਾਰਤ ਤੋਂ ਆਪਣੇ ਸ੍ਵਦੇਸ਼ ਨੂੰ Lingua Sanscruta ਦੀ ਤਾਰੀਫ਼ ਵਿਚ ਰੀਪੋਰਟ ਘਲਦਿਆਂ ਲਿਖਿਆ ਕਿ ਸੰਸਕ੍ਰਿਤ ਤੇ ਇਟਾਲੀਅਨ ਸ਼ਬਦਾਂ ਦੀਆਂ ਬੜੀਆਂ ਨੇੜੇ ਦੀਆਂ ਸਮਾਨਤਾਵਾਂ ਦ੍ਰਿਸ਼ਟੀ ਗੋਚਰ ਹੁੰਦੀਆਂ ਹਨ। ਉਨ੍ਹੀ ਦਿਨੀਂ ਜਰਮਨੀ ਦੇ B. Schulze ਅਤੇ ਫਰਾਂਸ ਦੇ Pere Coeurdoux ਨੇ ਵੀ ਅਜੇਹੇ ਪ੍ਰੇਖਣ ਭੇਜੇ ਸਨ।

ਜਦੋਂ ਜਰਮਨ ਸਕਾਲਰ A. W. Von Schlegal 1819 ਵਿਚ Bonn ਯੂਨੀਵਰਸਿਟੀ ਵਿਖੇ ਸੰਸਕ੍ਰਿਤ ਦਾ ਪ੍ਰੋਫ਼ੈਸਰ ਨਿਯੁਕਤ ਹੋਇਆ ਤਾਂ ਉਸ ਨੇ ਬੜੇ ਫ਼ਖਰ ਨਾਲ ਲਿਖਿਆ ਕਿ 'I would count myself fortunate if I could do something towards establishing Sankrit Stusdies in Germany.'[2] ਉਨ੍ਹਾਂ ਦਿਨਾਂ ਵਿਚ ਹੀ ਪ੍ਰਸ਼ੀਆ ਰਾਜ ਵਿਚ Wilhelm Von Humboldt ਦੇ ਅਸਰ-ਰਸੂਖ ਨਾਲ ਹੋਰ ਸੰਸਕ੍ਰਿਤ-ਪੀਠ (chairs) ਸਥਾਪਿਤ ਕੀਤੇ ਗਏ। ਅੰਗ੍ਰੇਜ਼ੀ ਵਿਚ ਪਹਿਲਾ ਸੰਸਕ੍ਰਿਤ ਗ੍ਰਾਮਰ 1800 ਈ. ਵਿਚ ਛਪਿਆ ਅਤੇ ਉਸਦੇ ਸਾਰੀਆਂ ਪੱਛਮੀ ਭਾਸ਼ਾਵਾਂ ਵਿਚ ਉਲਥੇ ਹੋਏ।

ਯੂਰਪੀ ਸਕਾਲਰਾਂ ਦੁਆਰਾ ਕੀਤੇ ਗਏ ਸੰਸਕ੍ਰਿਤ ਦੇ ਅਧਿਐਨ ਨਾਲ ਦੋ ਸਪਸ਼ਟ

1. quoted by R.H. Robins in "*A Short History of Linguistics*" p. 134

2. R. H. Robins : *A Short History of Linguistics*, p. 135

ਪ੍ਰਭਾਵ ਉਜਾਗਰ ਹੋਏ। ਇਕ ਤਾਂ ਇਹ ਕਿ ਇਸ ਨਾਲ ਇਤਿਹਾਸਿਕ ਤੇ ਤੁਲਨਾਤਮਕ ਭਾਸ਼ਾ-ਵਿਗਿਆਨ ਦਾ ਪਹਿਲਾ ਪੜਾ ਮੁਕੰਮਲ ਹੋਇਆ ਅਤੇ ਦੂਜਾ ਇਹ ਕਿ ਭਾਰਤ ਦੀ ਭਾਸ਼ਾ-ਵਿਗਿਆਨਿਕ ਵਿਦਵਤਾ ਦੀਆਂ ਸੁਵਿਕਸਿਤ ਪਰੰਪਰਾਵਾਂ ਨਾਲ ਯੂਰਪੀਆਂ ਦਾ ਸਿੱਧਾ ਸੰਪਰਕ ਕਾਇਮ ਹੋਇਆ। ਭਾਰਤੀ ਭਾਸ਼ਾ ਵਿਗਿਆਨ ਦੀਆ ਖੂਬੀਆਂ ਸਰਬ-ਪ੍ਰਵਾਨ ਹਨ ਅਤੇ ਯੂਰਪੀ ਭਾਸ਼ਾ-ਅਧਿਐਨ ਦੀਆਂ ਕਈਆਂ ਪ੍ਰਣਾਲੀਆਂ ਉਤੇ ਇਸ ਦਾ ਪ੍ਰਭਾਵ ਨਿਰਸੰਦੇਹ ਡੂੰਘਾ ਤੇ ਸਦੀਵੀ ਹੈ। [1]

ਪੱਛਮੀ ਯੂਰਪ ਦੇ ਮੁਕਾਬਲੇ ਭਾਰਤੀ ਭਾਸ਼ਾ-ਵਿਗਿਆਨ ਦੀਆਂ ਲੀਹਾਂ ਪੁਰਾਤਨ ਤੇ ਲੰਮੇਰੀਆਂ ਹਨ। ਜਦੋਂ ਯੂਰਪੀ-ਵਿਦਵਾਨ ਭਾਸ਼ਾ ਵਿਗਿਆਨ ਬਾਰੇ ਚੇਤੰਨ ਹੋਏ ਤਾਂ ਉਸ ਵੇਲੇ ਤਕ ਭਾਰਤੀ ਵਿਦਵਾਨ ਭਾਸ਼ਾ ਦੇ ਕਈ ਸਕੂਲ ਅਤੇ ਕਈ ਸੰਪ੍ਰਦਾਇ ਪੈਦਾ ਕਰ ਚੁਕੇ ਸਨ ਅਤੇ ਕਈ ਪ੍ਰਮਾਣੀਕ ਗ੍ਰੰਥ ਸਣੇ ਉਨ੍ਹਾਂ ਦੇ ਟੀਕਿਆਂ ਤੇ ਭਾਸ਼ਾ-ਗ੍ਰੰਥਾਂ ਦੇ ਲਿਖ ਚੁਕੇ ਸਨ।

ਭਾਰਤ ਵਿਚ ਭਾਸ਼ਾ-ਵਿਗਿਆਨ ਦੀ ਤਹਿਰੀਕ ਭਾਵੇਂ ਇਤਿਹਾਸਕ ਪ੍ਰਣਾਲੀ ਉਤੇ ਉਸਰੀ ਹੈ ਪਰੰਤੂ ਇਸ ਵਿਚ ਵਿਵਰਣਾਤਮਕ (descriptive) ਭਾਸ਼ਾ-ਵਿਗਿਆਨ ਦੇ ਵਿਸ਼ੇ ਅਰਥ-ਵਿਗਿਆਨ, ਵਿਆਕਰਣ, ਧੁਨੀ ਵਿਗਿਆਨ, ਧੁਨੀ ਉਚਾਰਨ ਵਿਗਿਆਨ, ਆਦਿ ਵੀ ਪੂਰੀ ਤਰ੍ਹਾਂ ਵਿਸ਼ਲਸ਼ਿਤ ਕੀਤੇ ਹਨ। ਭਾਰਤ ਦੀ ਭਾਸ਼ਾ-ਪ੍ਰਣਾਲੀ ਸੁਤੰਤਰ ਤੇ ਨਵੇਕਲੀ ਕਿਸਮ ਦੀ ਹੈ ਅਤੇ ਇਸ ਤੋਂ ਹੀ ਬੁੱਧ-ਭਿਕਸ਼ੂਆਂ ਦੇ ਰਾਹੀਂ ਪ੍ਰੇਰਣਾ ਲੈ ਕੇ ਇਕ ਬੰਨੇ ਚੀਨੀ ਵਿਦਵਾਨ ਅਤੇ ਦੂਜੇ ਬੰਨੇ ਯੂਰਪੀ ਸਕਾਲਰ ਭਾਸ਼ਾ ਵਿਗਿਆਨ ਦੇ ਸਰਬਪੱਖੀ ਅਧਿਐਨ ਵਿਚ ਪ੍ਰਵਿਰਤ ਹੋਏ ਸਨ।

ਜਿਥੇ ਤਕ ਗਿਆਤ ਹੈ, ਭਾਰਤ ਵਿਚ ਭਾਸ਼ਾ-ਵਿਗਿਆਨ ਨੂੰ ਪ੍ਰੇਰਿਤ ਕਰਨ ਵਾਲੀਆਂ ਉਹ ਧਾਰਮਿਕ ਤੇ ਕਰਮਕਾਂਡੀ ਲੋੜਾਂ ਸਨ ਜਿਹੜੀਆਂ ਵੇਦਾਂ(ਵੈਦਿਕ ਸੰਹਿਤਾਵਾਂ) ਦੇ ਸਹੀ ਤੇ ਸ਼ੁਧ ਸਰੂਪ ਨੂੰ ਸੁਰਖਿਅਤ ਕਰਨ ਨਾਲ ਸੰਬੰਧਿਤ ਸਨ। ਵੇਦਾਂ ਦੇ ਮੌਖਿਕ ਸ਼ੁਧ ਰੂਪ ਲਈ 'ਛੇ ਅੰਗ' (ਸ਼ਡੰਗ ਵੇਦਹ) ਦਾ ਵਿਧਾਨ ਸੀ ਜਿਸ ਵਿਚ 'ਵਿਆਕਰਣ' ਤੇ 'ਧੁਨੀ ਵਿਗਿਆਨ' ਸ਼ਾਮਲ ਸਨ। ਭਾਰਤ ਵਿਚ ਭਾਸ਼ਾ-ਵਿਗਿਆਨ ਦਾ ਇਨ੍ਹਾਂ 'ਛੇ ਅੰਗਾਂ' ਨਾਲ ਹੀ ਮੁੱਢ ਬੱਝਦਾ ਹੈ। ਪਰ ਹੌਲੀ ਹੌਲੀ ਇਸ ਵੈਦਿਕ ਲੋੜ ਤੋਂ ਵਧ ਭਾਸ਼ਾ-ਵਿਗਿਆਨ ਦਾ ਦੀਰਘ ਵਿਕਾਸ ਹੁੰਦਾ ਗਿਆ ਅਤੇ ਵਿਗਿਆਨਿਕ ਲੀਹਾਂ ਉਤੇ ਭਾਸ਼ਾ-ਅਧਿਐਨ ਦੀ ਪਰੰਪਰਾ

1. — ਉਹੀ — p. 136

ਸਥਾਪਿਤ ਹੋ ਗਈ। ਇਸ ਪਰੰਪਰਾ ਦੀ ਸਿਖਰ ਪਾਣਿਨੀ ਦੁਆਰਾ ਰਚਿਤ 'ਅਸ਼ਟਾਧਿਆਈ' ਮਿਥੀ ਜਾ ਸਕਦੀ ਹੈ। ਅਸ਼ਟਾਧਿਆਈ ਦਾ ਰਚਨਾ ਕਾਲ ਕੋਈ 600 ਪੂ. ਈ. ਮੰਨਿਆ ਜਾਂਦਾ ਹੈ। ਇਸ ਵਿਚ ਅੱਠ ਅਧਿਆਇ ਅਰਥਾਤ ਕਾਂਡ ਹਨ ਅਤੇ ਇਹ ਸਾਰੀ ਪੁਸਤਕ ਸੂਤਰ ਸ਼ੈਲੀ ਵਿਚ ਹੈ। ਇਸ ਵਿਚ ਸਾਫ਼ ਤੇ ਸਪਸ਼ਟ ਸਿਧਾਂਤਾਂ ਰਾਹੀਂ ਭਾਸ਼ਾ ਵਿਗਿਆਨ ਦੇ ਲਗਭਗ ਹਰ ਖੇਤਰ ਦੀ, ਸੰਸਕ੍ਰਿਤ ਭਾਸ਼ਾ ਦੇ ਪ੍ਰਸੰਗ ਵਿਚ, ਵਿਗਿਆਨਕ ਜਾਣ ਪਛਾਣ ਕਰਵਾਈ ਗਈ ਹੈ। ਇਸ ਤੋਂ ਪ੍ਰਗਟ ਹੈ ਕਿ ਭਾਰਤ ਵਿਚ ਭਾਸ਼ਾ-ਵਿਗਿਆਨ ਦੀ ਨੀਂਹ ਈਸਵੀ ਸੰਨ ਤੋਂ ਕੋਈ ਇਕ ਹਜ਼ਾਰ ਸਾਲ ਪਹਿਲਾਂ ਰਖੀ ਗਈ ਸੀ।

ਭਾਰਤੀ ਵਿਦਵਾਨਾਂ ਨੇ ਵਿਵਰਣਾਤਮਕ ਭਾਸ਼ਾ-ਵਿਗਿਆਨ (synochronic linguistic) ਦੇ ਸਾਰੇ ਖੇਤਰ ਦਾ ਵਰਣਨ ਕੀਤਾ ਹੈ ਜਿਸ ਵਿਚ ਜਨਰਲ ਭਾਸ਼ਾਈ ਸਿਧਾਂਤ, ਸ਼ਬਦਾਰਥ ਵਿਗਿਆਨ, ਧੁਨੀ ਉਚਾਰਣ ਵਿਗਿਆਨ, ਧੁਨੀ ਵਿਗਿਆਨ, ਅਤੇ ਵਿਵਰਣਾਤਮਕ ਵਿਆਕਰਣ ਸ਼ਾਮਲ ਹਨ। ਭਾਸ਼ਾ ਦਾ ਅਧਿਐਨ, ਸਾਹਿਤਕ ਵਿਵੇਚਨ ਅਤੇ ਦਾਰਸ਼ਨਿਕ ਪੁਛ-ਪੜਤਾਲ ਦੇ ਪਿਛੋਕੜ ਉਤੇ ਰਖਕੇ ਕੀਤਾ ਗਿਆ ਹੈ। ਸ਼ਬਦ (ਪਦ) ਦੀ ਅਤੇ ਵਾਕ ਦੀ ਪ੍ਰਕਿਰਤੀ ਨੂੰ ਸਮਝਣ ਲਈ ਕਈ ਦ੍ਰਿਸ਼ਟੀਕੋਣ ਪ੍ਰਸਤੁਤ ਕੀਤੇ ਗਏ ਹਨ ਅਤੇ ਕਈ ਸਿਧਾਂਤ ਸਾਹਮਣੇ ਆਏ ਹਨ। ਸ਼ਬਦ ਤੇ ਅਰਥ ਦੇ ਸੰਬੰਧਾਂ ਬਾਰੇ ਬੜੀ ਸੂਖਮ ਤੇ ਮਹੀਨ ਛਾਣ ਬੀਣ ਕੀਤੀ ਗਈ ਹੈ ਅਤੇ ਇਉਂ ਭਾਸ਼ਾ-ਵਿਗਿਆਨ ਦੇ ਨਾਲ ਨਾਲ 'ਸੌਂਦਰਯ-ਸ਼ਾਸਤ੍ਰ' ਦੀ ਅਤੀ ਡੂੰਘਾਈ ਨਾਲ ਘੋਖ ਕੀਤੀ ਗਈ ਮਿਲਦੀ ਹੈ।

ਧੁਨੀ-ਵਿਗਿਆਨ ਦੇ ਖੇਤਰ ਵਿਚ ਸੰਸਕ੍ਰਿਤ ਭਾਸ਼ਾ-ਵਿਗਿਆਨੀਆਂ ਨੇ ਹੋਰ ਵੀ ਮੱਲਾਂ ਮਾਰੀਆਂ ਹਨ। ਧੁਨੀ-ਵਿਗਿਆਨਿਕ ਸੰਰਚਨਾ ਵਿਚ ਧੁਨੀ ਖੰਡਾਂ (segments) ਦਾ ਵਿਅੰਜਨਾਂ ਤੇ ਸੁਰਾਂ ਵਿਚ ਵਰਗੀਕਰਣ, ਉਚਾਰਣ ਦੀ ਪ੍ਰਣਾਲੀ ਆਦਿ ਦਾ ਵਰਣਨ ਬੜਾ ਪ੍ਰਮਾਣੀਕ ਹੋਇਆ ਹੈ। ਉਚਾਰਣ ਦੀ ਮਕਾਨਕੀ ਵਿਧੀ ਉਚਾਰਣ ਸਥਾਨ ਦੇ ਪਖ ਤੋਂ ਬਿਆਨੀ ਗਈ ਹੈ। ਧੁਨੀਆਂ ਦੀਆਂ 'ਸੰਧੀਆਂ ਦਾ ਬੜਾ ਵਿਸਤ੍ਰਿਤ ਵਰਣਨ ਹੋਇਆ ਹੈ। ਸੁਰ-ਪ੍ਰਕਿਰਿਆ (tonel system) ਦਾ ਵੈਦਿਕ ਸੰਸਕ੍ਰਿਤ ਵਿਚ ਬੜਾ ਡੂੰਘਾ ਵਿਧਾਨ ਹੈ। ਰਾਬਿਨਜ਼ ਨੇ ਠੀਕ ਕਿਹਾ ਹੈ ਕਿ :

> Thanks to Indian Phonetic treatises we can compare Sanskrit with ancient Greek, joint preservers of what was probably the tonal system of unitary Indo-European. (p: 143.)

ਬਲਾਘਾਤ (accent) ਦਾ ਪ੍ਰਭਾਵ ਕਲਾਸੀਕਲ ਸੰਸਕ੍ਰਿਤ ਨਾਲ ਵੈਦਿਕ ਸੰਸਕ੍ਰਿਤ ਵਿਚ ਵਧੇਰੇ ਸੀ ਇਸ ਲਈ ਉਥੇ ਸੁਰ ਪ੍ਰਕਿਰਿਆ ਦੀ ਡਾਢੀ ਲੋੜ ਰਹੀ ਹੈ। ਉਦਾਤ, ਅਨੁਦਾਤ ਅਤੇ ਸੁਰਿਤ ਤਿੰਨ ਸੁਰਾਂ ਦਾ ਵਰਣਨ ਹੋਇਆ ਹੈ।

ਅਸ਼ਟਾਧਿਆਈ ਅਨੁਸਾਰ ਸੰਸਕ੍ਰਿਤ ਦੀ ਸਭ ਤੋਂ ਵਡੀ ਵਿਸ਼ੇਸ਼ਤਾ 'ਸਮਾਸ' ਸਨ। ਕਈ ਕਈ ਸ਼ਬਦਾਂ ਨੂੰ ਇਕਠੇ ਕਰਕੇ ਇਕ ਸ਼ਬਦ ਰੂਪ ਵਿਚ ਪ੍ਰੋ ਦੇਣਾ 'ਸਮਾਸ' ਵਿਧੀ ਦੀ ਕਰਾਮਾਤ ਸੀ। ਇਸੇ ਲਈ ਸੰਸਕ੍ਰਿਤ ਬਹੁਤ ਹੀ ਜ਼ਿਆਦਾ ਸੰਜੋਗਾਤਮਕ ਭਾਸ਼ਾ ਸੀ ਜਿਥੇ ਕਿ ਅਜੋਕੀਆਂ ਭਾਸ਼ਾਵਾਂ ਵਿਜੋਗਾਤਮਕ ਹਨ। ਅੰਗਰੇਜ਼ੀ ਸਭ ਤੋਂ ਵਧ ਵਿਜੋਗਾਤਮਕ ਹੈ।

ਇਸ ਤਰ੍ਹਾਂ ਪਾਣਿਨੀ ਦੀ ਰਚਨਾ 'ਅਸ਼ਟਾਧਿਆਈ' ਅਤੇ ਹੋਰ ਭਾਰਤੀ ਭਾਸ਼ਾ-ਵਿਗਿਆਨਿਕ ਰਚਨਾਵਾਂ ਦਾ 1800 ਈ. ਤੋਂ ਲੈ ਕੇ ਸਾਰੇ ਯੂਰਪ ਵਿਚ ਬਹੁਤ ਹੀ ਡੂੰਘਾ ਅਤੇ ਦੂਰਵਰਤੀ ਪ੍ਰਭਾਵ ਪਿਆ ਹੈ। ਅੱਜ ਵੀ ਸਾਰਾ ਯੂਰਪ ਸੰਸਕ੍ਰਿਤ ਦੀ ਪ੍ਰਸੰਸਾ ਨਾਲ ਗੂੰਜ ਰਿਹਾ ਹੈ।

ਹੁਣੇ ਹੁਣੇ ਅਮਰੀਕਾ ਦੇ ਸੰਸਕ੍ਰਿਤ ਵਿਦਵਾਨ ਡਾਕਟਰ ਡਬਲੀਯੂ ਨਾਰਮਨ ਬਰਾਊਨ (W. Norman Brown) (ਜਿਨ੍ਹਾਂ ਦੀ ਮ੍ਰਿਤੂ ਅਪ੍ਰੈਲ 22, 1975 ਨੂੰ 82 ਸਾਲ ਦੀ ਉਮਰ ਵਿਚ ਹੁਣੇ ਹੋਈ ਹੈ) ਨੇ ਸੰਸਕ੍ਰਿਤ ਭਾਸ਼ਾ ਦੀ ਵਡਿਆਈ ਵਿਚ ਮਖ਼ਮੂਰ ਹੋ ਕੇ ਨਿਰਸੰਕੋਚ ਹੋ ਕੇ ਕਿਹਾ ਸੀ :

> "Sankrit is a beautifully structured language. It is like a building designed by a master architect, where one can see the harmonious relationship that exists between its various parts. No other language that I know of lends itself to analysis, to scientific treatment as does Sanskrit".
>
> *"Span"* July, 1975

ਅਰਥਾਤ ਸੰਸਕ੍ਰਿਤ ਇਕ ਖ਼ੂਬਸੂਰਤ ਵਿਉਂਤ-ਬੰਦ ਭਾਸ਼ਾ ਹੈ। ਇਹ ਉਸ ਸੁੰਦਰ ਇਮਾਰਤ ਦੀ ਤਰ੍ਹਾਂ ਹੈ ਜਿਸ ਦਾ ਖ਼ਾਕਾ ਕਿਸੇ ਉਸਤਾਦ ਸ਼ਿਲਪੀ ਨੇ ਉਲੀਕਿਆ ਹੋਵੇ ਅਤੇ ਜਿਸ ਦੇ ਵੱਖ ਵੱਖ ਹਿਸਿਆਂ ਵਿਚ ਇਕ ਜਿਹੀ ਇਕਸੁਰਤਾ ਵੇਖੀ ਜਾ ਸਕਦੀ ਹੋਵੇ। ਧਰਤੀ

ਦੀ ਕੰਡ ਉਤੇ ਸੰਸਕ੍ਰਿਤ ਹੀ ਅਜੇਹੀ ਭਾਸ਼ਾ ਹੈ ਜਿਹੜੀ ਕਿ ਇਕ ਸਾਇੰਟੀਫਿਕ ਢੰਗ ਨਾਲ ਵਿਸ਼ਲੇਸ਼ਣ ਕਰਨ ਦੇ ਕਾਬਲ ਹੈ। Whitney ਨੇ ਇਕ ਵਾਰ ਕਿਹਾ ਸੀ :

> "No single circumtsance more powerfully aided the onward movement than the introduction to western scholers of Sanskrit, the ancient and sacred dialect of India. Its exceeding age, its remarkable conservation of primitive material and form, its unequalled transparency of structure give it an indisputable right to the first place among the tongues of the Indo-European family".
>
> (*Language and Its Study*, p. 4)

ਵਹਿਟਨੇ ਨੇ ਸੰਸਕ੍ਰਿਤ ਦੀ ਸੰਰਚਨਾ, ਇਸ ਦੇ ਵਿਆਕਰਣ ਅਤੇ ਇਸ ਦੀ ਪ੍ਰਾਚੀਨਤਾ ਦੀ ਤਾਰੀਫ਼ ਇਸ ਨੁਕਤੇ ਤੋਂ ਵੀ ਕੀਤੀ ਹੈ ਕਿ ਇਹ ਇਕੋ ਇਕ ਸੰਸਕ੍ਰਿਤ ਹੀ ਸੀ ਜਿਸ ਦੀ ਜਾਣ-ਪਛਾਣ ਨੇ ਪੱਛਮੀ ਵਿਦਵਾਨਾਂ ਦੇ ਸੀਨਿਆਂ ਵਿਚ ਸਮੁੱਚੇ ਭਾਰਤ ਲਈ ਵਿਸਮਾਦੀ ਖਿੱਚ ਪੈਦਾ ਕਰ ਦਿਤੀ ਸੀ। ਡਾ. ਐਸ. ਕੇ. ਚਟਰਜੀ ਨੇ ਸੰਸਕ੍ਰਿਤ ਨੂੰ 'ਭਾਰਤੀ ਸੰਸਕ੍ਰਿਤੀ ਤੇ ਸਭਿਅਤਾ ਦੀ ਪ੍ਰਤੀਕ" ਦਸਿਆ ਹੈ ਜਿਸ ਦੇ ਪ੍ਰਭਾਵ ਤੋਂ ਬੁਧਧਰਮੀ ਤੇ ਤੇ ਜੈਨਧਰਮੀ ਲੋਕ-ਪੱਖੀ ਲਿਖਾਰੀ ਵੀ ਨਹੀਂ ਬਚ ਸਕੇ ਸਨ।[1]

ਸੰਸਕ੍ਰਿਤ ਭਾਸ਼ਾ ਦਾ ਸੁਰੂਪ

ਹਿੰਦ-ਯੂਰਪੀ ਭਾਸ਼ਾ-ਪਰਿਵਾਰ ਵਿਚ ਸੰਸਕ੍ਰਿਤ ਦਾ ਬੜਾ ਉਚਾ ਸਥਾਨ ਹੈ। ਸੰਸਕ੍ਰਿਤ ਵਿਚ ਹਿੰਦ-ਯੂਰਪੀ ਪਰਿਵਾਰ ਦੀਆਂ ਅਜੇਹੀਆਂ ਧੁਨੀਆਂ ਸੁਰਖਿਅਤ ਹਨ ਜਿਹੜੀਆਂ ਕਿ ਗ੍ਰੀਕ-ਲੈਟਿਨ ਆਦਿ ਕਲਾਸੀਕਲ ਭਾਸ਼ਾਵਾਂ ਵਿਚੋਂ ਗ਼ਾਇਬ ਹੋ ਗਈਆਂ ਹਨ। ਸੰਸਕ੍ਰਿਤ ਦੀ ਮਦਦ ਨਾਲ ਭਾਸ਼ਾ-ਵਿਗਿਆਨੀ ਮੂਲ ਹਿੰਦ-ਯੂਰਪੀ ਭਾਸ਼ਾ (Proto Indo-European Language) ਦੀ ਮੁੜ-ਉਸਾਰੀ ਕਰਨ ਵਿਚ ਸਮਰਥ ਹੋ ਸਕੇ ਹਨ। ਇਹ ਮੁੜ-ਉਸਾਰੀ ਸੰਸਕ੍ਰਿਤ ਤੋਂ ਬਿਨਾ ਉਕਾ ਹੀ ਅਸੰਭਵ ਸੀ। ਇਸ ਤਰ੍ਹਾਂ ਹਿੰਦ-ਯੂਰਪੀ ਭਾਸ਼ਾ ਦੇ ਅਧਿਐਨ ਵਿਚ ਸੰਸਕ੍ਰਿਤ ਦਾ ਬੜਾ ਮਹਤਵ ਹੈ।

ਸੰਸਕ੍ਰਿਤ ਇਕ ਵਿਭਕਤੀ-ਪ੍ਰਧਾਨ (inflexional) ਕਿਸਮ ਦੀ ਭਾਸ਼ਾ ਹੈ। ਇਸ

1. S. K. Chatterji : *Indo-Aryan and Hindi*, p. 67

ਭਾਸ਼ਾ ਵਿਚ ਮੂਲ ਅਰਥ-ਤੱਤ ਦੇ ਨਾਲ ਸੰਬੰਧ-ਤੱਤ (ਪ੍ਰਤਿਐ, ਵਿਭਕਤੀ, ਕਾਰਕੀ ਰੂਪ) ਜੋੜਕੇ ਸ਼ਬਦ-ਉਸਾਰੀ ਕੀਤੀ ਜਾਂਦੀ ਹੈ। ਆਮ ਤੌਰ ਤੇ ਇਹ ਪ੍ਰਤਿਐ ਮੂਲ ਸ਼ਬਦ ਦੇ ਅੱਗੇ ਜਾਂ ਪਿਛੇ ਹੁੰਦੇ ਹਨ ਜਿਨ੍ਹਾਂ ਦੇ ਸੰਜੋਗ ਤੋਂ ਅਨੇਕਾਂ ਸ਼ਬਦ ਬਣਦੇ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਾਸ਼ਾ ਦੀ ਪ੍ਰਾਚੀਨਤਾ,ਸ਼ਬਦ-ਰੂਪਾਂ ਦੀ ਵੰਨ ਸੁਵੰਨਤਾ ਅਤੇ ਸੰਰਚਨਾ ਦੇ ਲਿਹਾਜ਼ ਨਾਲ ਸੰਸਕ੍ਰਿਤ ਦਾ ਬੜਾ ਉਚਾ ਦਰਜਾ ਹੈ।

ਧੁਨੀ-ਵਿਗਿਆਨ :

ਸੰਸਕ੍ਰਿਤ ਵਿਚ ਸੁਰਾਂ ਦੀ ਬਹੁਲਤਾ ਹੈ। ਏਥੇ 13 ਸੁਰ ਹਨ :

ਅ, ਆ, ਇ, ਈ, ਉ, ਊ,
ਰਿ, ਰੀ, ਲ੍ਰਿ, ਏ, ਓ, ਐ, ਔ

ਪਹਿਲੇ ਨੌ ਸੁਰਾਂ ਨੂੰ ਵੈਦਿਕ ਸੰਸਕ੍ਰਿਤ ਦੇ ਗ੍ਰੰਥ ਪ੍ਰਾਤਿਸ਼ਾਖਯ" ਸਮਾਨ-ਅਕਸ਼ਰ ਲਿਖਦੇ ਹਨ ਅਤੇ ਬਾਕੀ ਚਾਰ ਸੁਰਾਂ ਨੂੰ **ਸੰਧੀ-ਅਕਸ਼ਰ** ਕਹਿੰਦੇ ਹਨ। ਸੰਸਕ੍ਰਿਤ ਵਿਚ ਖਾਸ ਕਰਕੇ ਵੈਦਿਕ ਸੰਸਕ੍ਰਿਤ ਵਿਚ ਸੁਰਾਘਾਤ (accent) ਦੀ ਖਾਸ ਵਰਤੋਂ ਕੀਤੀ ਜਾਂਦੀ ਸੀ ਜਿਸ ਦੇ ਕਾਰਣ ਸ਼ਬਦਾਂ ਦੇ ਅਰਥਾਂ ਵਿਚ ਤਬਦੀਲੀ ਹੋ ਜਾਂਦੀ ਸੀ। ਇਹ ਐਕਸੈਂਟ ਤਿੰਨ ਤਰ੍ਹਾਂ ਦਾ ਹੈ :

ਉਦਾੱਤ (acute)
ਅਨੁਦਾੱਤ (unaccented)
ਸ੍ਵਰਿਤ (circumflex)

ਸੰਸਕ੍ਰਿਤ ਵਿਚ ਹੇਠ ਲਿਖੇ **ਵਿਅੰਜਨ** ਹਨ :

ਕ-ਵਰਗ	:	ਕ, ਖ, ਗ, ਘ, ਙ
ਚ-ਵਰਗ	:	ਚ, ਛ, ਜ, ਝ, ਞ
ਟ-ਵਰਗ	:	ਟ, ਠ, ਡ, ਢ, ਣ
ਤ-ਵਰਗ	:	ਤ, ਥ, ਦ, ਧ, ਨ
ਪ-ਵਰਗ	:	ਪ, ਫ, ਬ, ਭ, ਮ
ਅੰਤਸਥ	:	ਯ, ਰ, ਲ, ਵ
ਊਸ਼ਮ	:	ਸ਼, ਸ, [ਖ਼]
ਮਹਾਂਪ੍ਰਾਣ	:	ਹ
ਵਿਸਰਗ	:	[:]

ਅਰਧ-ਨਾਸਿਕ : [ਂ]
ਕੋਮਲ ਧੁਨੀ (ਵੈਦਿਕ) : ਲ੍ਰ , ਲ੍ਰਹ

ਰੂਪ ਵਿਗਿਆਨ :

ਨਾਂਵ : ਸੰਸਕ੍ਰਿਤ ਵਿਚ ਸ਼ਬਦਾਂ (ਨਾਵਾਂ) ਦੇ ਦੋ ਵਿਭਾਗ ਹਨ — ਅਜੰਤ ਤੇ ਹਲੰਤ। ਸ੍ਵਰ-ਅੰਤਕ ਸ਼ਬਦ ਅਜੰਤ ਹਨ ਅਤੇ ਵਿਅੰਜਨ-ਅੰਤਕ ਸ਼ਬਦ ਹਲੰਤ ਹਨ :

ਸ੍ਵਰ-ਅੰਤਕ :	ਹਰਿ, ਨਦੀ, ਲਕਸ਼ਮੀ, ਸ੍ਰੀਮਤੀ, ਵਾਰਿ
ਵਿਅੰਜਨ-ਅੰਤਕ :	ਪਰਿਸ਼ਦ, ਸੰਪਦ, ਅਵਾਕ, ਪ੍ਰਾਕ
ਲਿੰਗ ਤਿੰਨ ਹਨ :	ਪੁਲਿੰਗ, ਇਸਤ੍ਰੀਲਿੰਗ, ਨਪੁੰਸਕ ਲਿੰਗ
ਵਚਨ ਤਿੰਨ ਹਨ :	ਇਕ ਵਚਨ, ਦੁਵਚਨ, ਬਹੁ ਵਚਨ
ਕਾਰਕ ਅੱਠ ਹਨ :	ਕਰਤਾ, ਕਰਮ, ਕਰਣ, ਸੰਪ੍ਰਦਾਨ, ਅਪਾਦਾਨ, ਸੰਬੰਧ, ਅਧਿਕਰਣ, ਸੰਬੋਧਨ।

ਨਾਂਵੀ ਪ੍ਰਤਿਐ :

ਨਾਂਵ-ਰੂਪਾਂ ਨਾਲ ਜਿਹੜੇ ਪ੍ਰਤਿਐ ਸੰਜੁਗਤ ਕੀਤੇ ਜਾਂਦੇ ਹਨ ਉਨ੍ਹਾਂ ਨੂੰ ਸੰਸਕ੍ਰਿਤ ਵਿਆਕਰਣਕਾਰ '**ਪਾਣਿਨੀ**' ਨੇ 'ਸੁਬੰਤ' ਕਿਹਾ ਹੈ। ਸੁਬੰਤ ਵਿਚ ਸੱਤ ਵਿਭਕਤੀਆਂ (cases) ਦੇ ਪ੍ਰਤਿਆ ਆ ਜਾਂਦੇ ਹਨ। ਸੁਬੰਤ ਨਾਂ ਸੰਖੇਪ (abbreviation) ਹੈ ਇਹ 'ਸੁ' ਤੋਂ ਸ਼ੁਰੂ ਹੋ ਕੇ 'ਪ' ਤਕ ਖਤਮ ਹੁੰਦਾ ਹੈ। ਇਸ ਦਾ ਵਰਣਨ ਪਾਣਿਨੀ ਦੀ 'ਅਸ਼ਟਾਧਿਆਈ' ਦੇ ਸੂਤਰ (4–1–2) ਵਿਚ ਦਿਤਾ ਗਿਆ ਹੈ। ਇਹ ਸੂਤਰ 'ਸੁ' ਤੋਂ ਲੈ ਕੇ 'ਪ' ਤਕ ਹੈ ਇਸ ਲਈ ਇਸ ਨੂੰ 'ਸੁਪ' ਕਿਹਾ ਹੈ ਅਤੇ ਸੁਪ ਨਾਲ 'ਅੰਤ' ਜੋੜ ਕੇ ਅਤੇ 'ਪ' ਨੂੰ 'ਬ' ਵਿਚ ਤਬਦੀਲ ਕਰ ਕੇ 'ਸੁਬੰਤ' ਨਾਂ ਦਿਤਾ ਗਿਆ ਹੈ। ਸੁਬੰਤ ਪ੍ਰਤਿਆਂ ਵਾਲੇ substantiva ਰੂਪ ਦਾ ਇਕ ਨਮੂਨਾ (ਰੂਪ=ਗਰਦਾਨਾਂ) ਪੇਸ਼ ਹੈ :—

ਗਿਆਨ (ਪ੍ਰਾਤਿਪਦਿਕ)

ਕਰਤਾ	:	ਗਿਆਨੰ	ਗਿਆਨੇ	ਗਿਆਨਾਨਿ
ਕਰਮ	:	ਗਿਆਨੰ	ਗਿਆਨੇ	ਗਿਆਨਾਨਿ
ਕਰਣ	:	ਗਿਆਨੇਨ	ਗਿਆਨਾਭਯਾਂ	ਗਿਆਨੈਹ੍
ਸੰਪ੍ਰਦਾਨ	:	ਗਿਆਨਾਯ	"	ਗਿਆਨੇਭਯਹ੍
ਅਪਾਦਾਨ	:	ਗਿਆਨਾਤ	"	"

ਸੰਬੰਧ	:	ਗਿਆਨਸਯ	ਗਿਆਨਯੋ :	ਗਿਆਨਾਨਾਂ
ਅਧਿਕਰਣ	:	ਗਿਆਨੇ	,,	ਗਿਆਨੇਸੁ
ਸੰਬੋਧਨ	:	ਹੇ ਗਿਆਨ	ਹੇ ਗਿਆਨੋ	ਹੇ ਗਿਆਨਾਨਿ

ਕ੍ਰਿਆਰੂਪਾਂ ਦੇ ਮੂਲ ਨਾਲ ਜਿਹੜੇ ਪ੍ਰਤਿਐ ਜੁੜਦੇ ਹਨ ਉਨ੍ਹਾਂ ਨੂੰ 'ਕ੍ਰਿਦੰਤ' ਕਿਹਾ ਜਾਂਦਾ ਹੈ ਅਤੇ ਜਿਹੜੇ ਨਾਂਵ-ਰੂਪਾਂ ਨਾਲ ਜੁੜਦੇ ਹਨ ਉਨ੍ਹਾਂ ਨੂੰ 'ਤੱਧਿਤ' ਕਿਹਾ ਜਾਂਦਾ ਹੈ।

ਕ੍ਰਿਆ : ਸੰਸਕ੍ਰਿਤ ਵਿਚ ਕ੍ਰਿਆ-ਰੂਪਾਂ ਦੀ ਬਹੁਤਾਤ ਹੈ। ਕ੍ਰਿਆ ਵਿਚ ਹੇਠ ਲਿਖੇ ਅੰਸ਼ ਹਨ :

ਵਚਨ	:	ਇਕਵਚਨ, ਦ੍ਵਿਵਚਨ, ਬਹੁਵਚਨ
ਪੁਰਸ਼	:	ਉੱਤਮ ਪੁਰਸ਼, ਮੱਧਮ ਪੁਰਸ਼, ਅਨਯ ਪੁਰਸ਼
ਵਾਚਯ	:	ਕਰਤਰੀ ਵਾਚ, ਕਰਮਣੀ ਵਾਚ, ਭਾਵ ਵਾਚ
ਕਾਲ	:	ਵਰਤਮਾਨ, ਭਵਿਸ਼ਤ, ਸਾਮਾਨਯ, ਸੰਪੰਨ ਭੂਤ
ਮੂਡ	:	indicative, subjunctive, optative, imperative injunctive.

ਸੰਸਕ੍ਰਿਤ ਦੀਆਂ ਕ੍ਰਿਆਵਾਂ ਧਾਤੂਆਂ ਤੋਂ ਉਤਪੰਨ ਹੁੰਦੀਆਂ ਹਨ। ਧਾਤੂ (root) ਆਮ ਤੌਰ ਤੇ ਇਕ-ਅਖਰੀ ਹੁੰਦੇ ਹਨ। ਇਨ੍ਹਾਂ ਧਾਤੂਆਂ ਨਾਲ ਪਹਿਲਾਂ ਜਾਂ ਪਿਛੋਂ ਪ੍ਰਤਿਆ ਜੁੜਕੇ ਸਾਰਥਕ ਕ੍ਰਿਆ ਰੂਪ ਤਿਆਰ ਹੁੰਦੇ ਹਨ।

ਕ੍ਰਿਆਵੀ ਪ੍ਰਤਿਐ :

ਕ੍ਰਿਆਰੂਪ ਘੜਨ ਲਈ ਧਾਤੂਆਂ ਨਾਲ ਜਿਹੜੇ ਪ੍ਰਤਿਆ ਸੰਯੁਗਤ ਕੀਤੇ ਜਾਂਦੇ ਹਨ ਉਨ੍ਹਾਂ ਨੂੰ 'ਤਿਙੰਤ' ਕਿਹਾ ਜਾਂਦਾ ਹੈ। ਪਾਣਿਨੀ ਦੀ 'ਅਸ਼ਟਾਧਿਆਈ' ਦੇ ਸੂਤਰ 7/4/78 ਵਿਚ ਇਨ੍ਹਾਂ ਦਾ ਵਰਣਨ ਹੈ। ਇਹ ਵੀ 'ਤਿ' ਤੋਂ ਸ਼ੁਰੂ ਹੋਕੇ 'ਙ' ਤੇ ਮੁਕਦੇ ਹਨ ਇਸ ਲਈ ਇਨ੍ਹਾਂ ਦਾ ਸਾਰਿਆਂ ਕ੍ਰਿਆਵੀ ਪ੍ਰਤਿਆ ਦਾ ਨਾਂ 'ਤਿਙੰਤ' ਪੈ ਗਿਆ ਹੈ ਆਮ ਕ੍ਰਿਆਵਾਂ ਤੋਂ ਅਗੇ ਪ੍ਰੇਰਣਾਰਥਕ ਪ੍ਰਕ੍ਰਿਆਵਾਂ ਬਣਾਈਆਂ ਜਾਂਦੀਆਂ ਹਨ। ਇਹ ਹੇਠ ਹਨ :

passive	:	ਕਰਮਣਿ ਵਾਚਯ
frequentative	:	ਯਙੰਤ ਪ੍ਰਕ੍ਰਿਆ

causative	:	ਣਿਜੰਤ ਪ੍ਰਕ੍ਰਿਆ
desiderative	:	ਸੱਨੰਤ ਪ੍ਰਕ੍ਰਿਆ
denominative	:	ਨਾਮਧਾਤੂ ਪ੍ਰਕ੍ਰਿਆ

ਸਮਾਸ (Compound : ਮੁਰੱਕਬ) :

ਸੰਸਕ੍ਰਿਤ ਇਕ ਜੁਟਵੀਂ (ਸੰਜੋਗਾਤਮਕ) ਭਾਸ਼ਾ ਹੈ। ਇਹ ਸੰਜੋਗਾਤਮਕਤਾ ਸਭ ਤੋਂ ਵਧ ਉਸ ਦੇ ਸਮਾਸਾਂ ਵਿਚ ਪ੍ਰਾਪਤ ਹੈ। ਦੋ ਜਾਂ ਦੋ ਤੋਂ ਵਧ ਸ਼ਬਦਾਂ ਨੂੰ ਇਕੱਠਾ ਕਰਕੇ ਇਕੋ ਹੀ ਸ਼ਬਦ ਬਣਾ ਲਿਆ ਜਾਂਦਾ ਹੈ ਬਾਕੀ ਸਾਰੇ ਸ਼ਬਦ ਇਕ ਰੂਪ ਵਿਚ ਜਥੇਬੰਦ ਹੋ ਜਾਂਦੇ ਹਨ। ਮਹਾਂਕਵੀ ਬਾਣ ਭੱਟ ਦੀ ਗੱਦ ਪੁਸਤਕ 'ਕਾਦੰਬਰੀ' ਸੰਸਕ੍ਰਿਤ ਦੇ ਸਮਾਸਾਂ ਲਈ ਬਹੁਤ ਮਸ਼ਹੂਰ ਹੈ। ਇਨ੍ਹਾਂ ਸਮਾਸਾਂ ਦੀਆਂ, ਚਾਰ ਕਿਸਮਾਂ ਹਨ ;— ਦ੍ਵੰਦ੍ਵ (copulative) ਤਤਪੁਰੁਸ਼ (determinative), ਬਹੁਵ੍ਰੀਹਿ (attributive) ਅਤੇ ਅਵਯਯੀਭਾਵ (adverbial). ਭਗਵਤੀ ਸਰਸਵਤੀ ਦੀ ਬੰਦਨਾ ਵਿਚ ਲਿਖੇ ਸ਼ਲੋਕ ਦੀ ਇਕ ਸਤਰ ਵੇਖੋ :

ਯਾ ਕੁੰਦੇਂਦੁ ਤੁਸ਼ਾਰ ਹਾਰ ਧਵਲਾ
ਯਾ ਸ਼ੁਭ੍ਰ ਵਸਤ੍ਰਾਵ੍ਰਿਤਾ।

ਏਥੇ ਲੰਮਾ ਸਮਾਸ ਹੈ :— ਕੁੰਦ+ਇੰਦੁ+ਤੁਸ਼ਾਰ+ਹਾਰ+ਧਵਲਾ। ਇਸ ਦਾ ਅਰਥ ਹੈ ਕਿ ਚਮੇਲੀ, ਚੰਨ ਅਤੇ ਬਰਫ਼ ਵਰਗੇ ਹਾਰਾਂ ਨਾਲ ਚਿੱਟੀ ਸਰਸਵਤੀ। ਦੂਜਾ ਸਮਾਸ ਹੈ :—ਸ਼ੁਭ੍ਰ+ਵਸਤ੍ਰ+ਆਵ੍ਰਿਤਾ। ਅਰਥਾਤ ਸੋਹਣੇ ਤੇ ਚਿਟੇ ਬਸਤ੍ਰਾਂ ਨਾਲ ਢਕੀ ਹੋਈ ਸਰਸਵਤੀ। ਇਸ ਪ੍ਰਕਾਰ ਕਈ ਸ਼ਬਦ ਸਮਾਸ ਵ੍ਰਿਤੀ ਨਾਲ ਆਪਸ ਵਿਚ ਜੁੜ ਜਾਂਦੇ ਹਨ।

ਵਾਕ-ਵਿਗਿਆਨ :

ਵਾਕ-ਵਿਗਿਆਨ ਦੇ ਪਖ ਤੋਂ ਸੰਸਕ੍ਰਿਤ ਬਹੁਤੀ ਗੁੰਝਲਦਾਰ ਭਾਸ਼ਾ ਨਹੀਂ ਹੈ। ਸੰਸਕ੍ਰਿਤ ਦੇ ਹਰ ਵਾਕ ਵਿਚ ਇਕ ਕ੍ਰਿਆ ਤੇ ਇਕ ਕਰਤਾ ਰਹਿੰਦਾ ਹੈ ਉਸ ਸੂਰਤ ਵਿਚ ਜਦੋਂ ਕ੍ਰਿਆ ਅਕਰਮਕ (intransitive) ਹੋਵੇ। ਪਰ ਜੇ ਕ੍ਰਿਆ ਸਕਰਮਕ (transitive) ਹੋਵੇ ਤਾਂ ਕਰਮ ਵੀ ਵਾਕ ਵਿਚ ਮੌਜੂਦ ਰਹਿੰਦਾ ਹੈ। ਕ੍ਰਿਆ ਦਾ ਰੂਪ ਕਰਤਾ ਦੇ ਵਚਨ, ਪੁਰਸ਼, ਅਨੁਸਾਰ ਨਿਸ਼ਚਿਤ ਹੁੰਦਾ ਹੈ।

ਇਸ ਪ੍ਰਸੰਗ ਵਿਚ ਇਕ ਵਿਸ਼ੇਸ਼ ਗਲ ਵਰਣਨ-ਯੋਗ ਹੈ ਕਿ ਸੰਸਕ੍ਰਿਤ ਵਾਕ-

ਰਚਨਾ ਵਿਚ ਵਿਸ਼ੇਸ਼ਣ, ਨਾਂਵ (noun) ਦੇ ਅਨੁਸਾਰ ਰਖੇ ਜਾਂਦੇ ਹਨ। ਜੇਕਰ ਨਾਂਵ ਇਕ ਵਚਨ ਹੈ ਤਾਂ ਵਿਸ਼ੇਸ਼ਣ ਵੀ ਇਕਵਚਨ ਹੋਣਗੇ ਪਰ ਜੇਕਰ ਨਾਂਵ ਦੁ-ਵਚਨ ਜਾਂ ਬਹੁਵਚਨ ਤਾਂ ਵਿਸ਼ੇਸ਼ਣ ਵੀ ਉਂਜੇ ਹੀ ਹੋਣਗੇ। ਹਿੰਦੀ ਵਿਚ ਇਹ ਪ੍ਰਣਾਲੀ ਨਹੀਂ ਹੈ। ਉਥੇ ਨਾਂਵ ਬਹੁਵਚਨ ਅਤੇ ਵਿਸ਼ੇਸ਼ਣ ਇਕ ਵਚਨ। "ਹਰੀ ਪੀਲੀ ਲਤਾਏਂ।" ਪਰ ਪੰਜਾਬੀ ਵਿਚ ਸੰਸਕ੍ਰਿਤ ਵਾਲੀ ਪ੍ਰਣਾਲੀ ਪ੍ਰਚਲਿਤ ਹੈ 'ਹਰੀਆਂ ਪੀਲੀਆਂ ਵੇਲਾਂ।'

ਸੰਸਕ੍ਰਿਤ ਵਾਕ ਦੀ ਇਕ ਹੋਰ ਵਿਸ਼ੇਸ਼ਤਾ ਉਲੇਖ ਯੋਗ ਹੈ। ਵਾਕ ਵਿਚ ਹਰੇਕ ਸ਼ਬਦ ਦਾ ਆਪਸੀ ਸਨਬੰਧ ਵਿਭਕਤੀਆਂ (case-endings) ਰਾਹੀਂ ਪ੍ਰਗਟ ਕੀਤਾ ਜਾਂਦਾ ਹੈ। ਕਰਤਾ ਦੀ ਆਪਣੀ ਵਿਭਕਤੀ, ਕਰਮ ਦੀ ਆਪਣੀ ਵਿਭਕਤੀ ਹੁੰਦੀ ਹੈ। ਇਹੋ ਕਾਰਨ ਹੈ ਕਿ ਸੰਸਕ੍ਰਿਤ ਵਾਕ ਵਿਚ ਕਿਸੇ ਵੀ ਸ਼ਬਦ ਦੀ ਕੋਈ ਵੀ ਥਾਂ ਮੁਕਰਰ ਨਹੀਂ ਹੁੰਦੀ। ਕਰਤਾ ਨੂੰ ਕਿਸੇ ਥਾਂ ਵਾਕ ਦੇ ਆਦਿ, ਮਧ ਜਾਂ ਅੰਤ ਉਤੇ ਰਖ ਦਿਊ ਉਹ ਕਰਤਾ ਹੀ ਰਹੇਗਾ ਅਤੇ ਝਟ ਪਟ ਪਛਾਣਿਆ ਜਾਵੇਗਾ। ਗ੍ਰੀਕ ਤੇ ਲੈਟਿਨ ਵਿਚ ਵੀ ਸ਼ਬਦਾਂ ਦੀ ਥਾਂ ਨਿਯਤ ਨਹੀਂ ਸੀ। ਪਰ ਸਾਡੀਆਂ ਆਧੁਨਿਕ ਪੰਜਾਬੀ, ਹਿੰਦੀ ਆਦਿ ਭਾਸ਼ਾਵਾਂ ਵਿਚ ਵਾਕ ਵਿਚ ਸ਼ਬਦਾਂ ਦਾ ਸਥਾਨ ਕੁਝ ਕੁਝ ਨਿਸ਼ਚਿਤ ਹੁੰਦਾ ਜਾ ਰਿਹਾ ਹੈ।

ਵੈਦਿਕ ਤੇ ਕਲਾਸੀਕਲ ਸੰਸਕ੍ਰਿਤ ਵਿਚ ਅੰਤਰ

ਈਸਾ ਤੋਂ ਕੋਈ ਦੋ ਹਜ਼ਾਰ ਸਾਲ ਪਹਿਲਾਂ ਤੋਂ ਸ਼ੁਰੂ ਹੋ ਕੇ ਈਸਾ ਪੂਰਵ ਪੰਜਵੀਂ ਸਦੀ ਤਕ ਵੈਦਿਕ ਸੰਸਕ੍ਰਿਤ ਆਮ ਲੋਕਾਂ ਦੀ ਜਨ ਭਾਸ਼ਾ ਰਹੀ, ਪਰ ਬਾਅਦ ਵਿਚ ਇਹ ਸੰਸਕ੍ਰਿਤ ਵਿਆਕਰਣਕਾਰ ਪਾਣਿਨੀ ਦੁਆਰਾ ਰਚੀ 'ਅਸ਼ਟਾਧਿਆਈ' ਦੇ ਨੇਮਾਂ ਵਿਚ ਜਕੜ ਦਿਤੀ ਗਈ ਜਿਸ ਕਾਰਨ ਇਸਦਾ ਵਿਕਾਸ ਤੇ ਵਹਿਣ ਸਦਾ ਲਈ ਜੇਤਰਬੰਦ ਹੋ ਗਿਆ। ਇਸ ਰੂਪ ਨੂੰ 'ਕਲਾਸੀਕਲ ਸੰਸਕ੍ਰਿਤ' ਕਿਹਾ ਗਿਆ। ਇਸ ਲੰਮੀ ਅਵਧੀ ਵਿਚ ਸੰਸਕ੍ਰਿਤ ਵਿਚ ਕਾਫ਼ੀ ਫਰਕ ਉਤਪੰਨ ਹੋ ਗਿਆ। ਇਹ ਫਰਕ ਜਾਂ ਅੰਤਰ ਵੈਦਿਕ ਸੰਸਕ੍ਰਿਤ ਤੇ ਕਲਾਸੀਕਲ ਸੰਸਕ੍ਰਿਤ ਵਿਚ ਉਭਰ ਕੇ ਸਾਹਮਣੇ ਆਇਆ ਦ੍ਰਿਸ਼ਟੀਗੋਚਰ ਹੁੰਦਾ ਹੈ।

ਅੰਤਰ :

ਵੈਦਿਕ ਤੇ ਕਲਾਸੀਕਲ ਸੰਸਕ੍ਰਿਤ ਵਿਚ ਸਭ ਤੋਂ ਵਡਾ ਅੰਤਰ ਇਸ ਗਲ ਵਿਚ ਹੈ ਕਿ ਕਲਾਸੀਕਲ ਸੰਸਕ੍ਰਿਤ ਦਾ 'ਟਕਸਾਲੀਕਰਣ' ਹੋ ਗਿਆ ਸੀ ਪਰ ਵੈਦਿਕ ਆਪਣੇ ਖੁਲ੍ਹੇ - ਡੁਲ੍ਹੇ ਰੂਪ ਵਿਚ ਵਰਤੀਂਦੀ ਜਾਂਦੀ ਰਹੀ। ਇਸ ਲਿਹਾਜ਼ ਨਾਲ ਵੈਦਿਕ ਭਾਸ਼ਾ, ਕਲਾਸੀਕਲ ਦੇ ਮੁਕਾਬਲੇ, ਲੋਕ ਭਾਸ਼ਾ ਅਖਵਾਉਣ ਦੀ ਵਧ ਹਕਦਾਰ ਹੈ। ਵੈਦਿਕ ਵਿਚ ਵਧ ਸਰਲਤਾ (simplfication), ਖੁਲ੍ਹ ਤੇ ਜਕੜਬੰਦੀ ਤੋਂ ਛੋਟਾਂ ਸਨ ਉਥੇ ਕਲਾਸੀ-

ਕਲ ਵਿਚ ਨੇਮਾਂ ਦੀ ਸਖ਼ਤ ਪਾਬੰਦੀ ਸੀ। ਇਸ ਕਾਰਨ ਵੈਦਿਕ ਵਧ ਸੌਖੀ ਤੇ ਆਸਾਨ ਹੈ, ਪਰ ਕਲਾਸੀਕਲ ਮੁਕਾਬਲਤਨ ਔਖੀ ਤੇ ਜਟੀਅਲ ਹੈ। ਹੁਣ ਭਾਸ਼ਾ-ਤੱਤਾਂ ਵਿਚ ਦੋਹਾਂ ਦਾ ਅੰਤਰ ਵੇਖਿਆ ਜਾਂਦਾ ਹੈ :

ਧੁਨੀ-ਪ੍ਰਣਾਲੀ :

ਵੈਦਿਕ ਤੇ ਲੌਕਿਕ ਸੰਸਕ੍ਰਿਤ ਵਿਚ ਧੁਨੀਆਂ ਦੇ ਉਚਾਰਣ ਵਿਚ ਅੰਤਰ ਪੈਦਾ ਹੋਇਆ ਹੈ। (1) ਵੈਦਿਕ ਵਿਚ/ਲ੍ਰ, ਋, ൠ / ਸ੍ਵਰ ਸਨ ਪਰ ਲੌਕਿਕ ਵਿਚ ਇਨ੍ਹਾਂ ਦਾ ਉਚਾਰਨ/ਲ੍ਰਿ , ਰਿ , ਰੀ/ਦੀ ਤਰ੍ਹਾਂ ਹੋ ਗਿਆ ਹੈ। (2) ਐ ਤੇ ਔ ਦਾ ਉਚਾਰਨ ਵੈਦਿਕ ਵਿਚ ਆਇ, ਆਉ ਸਨ ਪਰ ਕਲਾਸੀਕਲ ਵਿਚ ਇਹ ਅਇ ਤੇ ਅਉ ਹੋ ਗਏ। (3) ਵੈਦਿਕ ਦਾ / ਰ / ਕਲਾਸੀਕਲ ਵਿਚ ਕਈ ਵਾਰ / ਲ / ਵਿਚ ਬਦਲਦਾ ਹੈ। (4) ਵੈਦਿਕ ਦੀਆਂ / ਲ਼ / ਅਤੇ 'ਲ਼ਹ' ਧੁਨੀਆਂ ਸਮਾਪਤ ਹੋ ਗਈਆਂ ਅਤੇ ਉਨ੍ਹਾਂ ਦੀ ਥਾਂ / ਡ / ਅਤੇ / ਢ / ਵਿਗਸੀਆਂ। (5) 'ਇਯ' ਤੇ 'ਉਵ' ਦੀ ਥਾਂ 'ਯ' ਤੇ 'ਵ' ਹੋ ਗਏ।

ਸੁਰਦਬਾ (accent) :

ਵੈਦਿਕ ਵਿਚ ਸੰਗੀਤਾਤਮਕ ਸੁਰਦਬਾ ਸੀ। ਸੁਰਦਬਾ ਦੀ ਵਜ੍ਹਾ ਨਾਲ ਸ਼ਬਦਾਂ ਦੇ ਅਰਥਾਂ ਵਿਚ ਵੀ ਫ਼ਰਕ ਪੈਂਦਾ ਹੋ ਜਾਂਦਾ ਸੀ। ਵੈਦਿਕ ਵਿਚ ਇਕ ਉਦਾਹਰਣ ਬਹੁਤ ਉਘਾ ਹੈ : 'ਇੰਦਸ਼ਤਰੁ'। ਇਸ ਦੇ ਦੋ ਸੰਧੀਛੇਦ ਹਨ ਅਰਥਾਤ ਅਰਥ ਹਨ। ਇਕ : ਇੰਦ੍ਰ ਹੈ ਸ਼ਤਰੂ ਯਾਨੀ ਦੁਸ਼ਮਨ ਜਿਸ ਦਾ ਉਹ 'ਇੰਦ੍ਰ ਸ਼ਤਰੂ'। ਦੂਜਾ : ਇੰਦ੍ਰ ਦਾ ਸ਼ਤਰੂ (ਯਾਨੀ ਦੁਸ਼ਮਨ) ਉਹ 'ਇੰਦ੍ਰ ਸ਼ਤਰੁ'।

ਪ੍ਰਸੰਗ ਵਿਚ ਕਿਹੜਾ ਸਹੀ ਹੈ ਇਸ ਦਾ ਗਿਆਨ ਸੁਰਦਬਾ ਤੋਂ ਹੁੰਦਾ ਸੀ। ਇਹ ਐਕਸੈਂਟ 'ਲੌਕਿਕ ਸੰਸਕ੍ਰਿਤ' ਵਿਚ ਬਿਲਕੁਲ ਹੀ ਅਲੋਪ ਹੋ ਗਿਆ, ਲੌਕਿਕ ਵਿਚ ਬਲਾਤਮਕ ਐਕਸੈਂਟ ਹੀ ਹੈ।

ਸੰਧੀ :

ਧੁਨੀਆਂ ਦੀਆਂ ਸੰਧੀਆਂ ਵਿਚ ਵੀ ਦੋਹਾਂ ਵਿਚ ਕਾਫ਼ੀ ਫ਼ਰਕ ਹੈ। ਵੈਦਿਕ ਵਿਚ ਸੰਧੀਆਂ ਦੇ ਨਿਯਮ ਸਖ਼ਤ ਨਹੀਂ ਸਨ। ਛੰਦ ਦੇ ਵਜ਼ਨ ਲਈ ਧੁਨੀਆਂ ਨੇ ਸੰਧੀ ਰਹਿਤ ਵੀ ਰਖ ਲਿਆ ਜਾਂਦਾ ਸੀ ਪਰ ਕਲਾਸੀਕਲ ਵਿਚ ਇਹ ਸੰਭਵ ਨਹੀਂ ਹੈ। ਮਿਸਾਲ ਵਜੋਂ ਵੈਦਿਕ ਰੂਪ "ਸੋ ਅਰਯਹ" ਹੈ ਪਰ ਲੌਕਿਕ ਵਿਚ ਇਹ ਰੂਪ "ਸੋਰਯਹ"

ਬਣਦਾ ਹੈ।

ਕਾਰਕ-ਵਿਭਕਤੀਆਂ :

(1) ਅ-ਅੰਤ ਪੁਲਿੰਗ ਸ਼ਬਦ ਦੀ ਪਹਿਲੀ ਵਿਭਕਤੀ ਦੇ ਬਹੁਵਚਨ ਵਿਚ /ਆ:/ ਅਤੇ /-ਆਸ :/ ਮਿਲਦੇ ਹਨ ਪਰ ਕਲਾਸੀਕਲ ਵਿਚ ਸਿਰਫ ਇਹ /-ਆ:/ ਹੀ ਹੈ ਜਿਵੇਂ ਵੈਦਿਕ 'ਦੇਵਾ :' ਅਤੇ 'ਦੇਵਾਸ :' ਪਰ ਕਲਾਸੀਕਲ 'ਦੇਵਾ :'। (2) ਵੈਦਿਕ ਦੀ ਤੀਜੀ ਵਿਭਕਤੀ ਵਿਚ 'ਰਾਮੈ:' ਅਤੇ 'ਰਾਮੇਭਿ: ' ਦੇ ਰੂਪ ਹਨ ਪਰ ਕਲਾਸੀਕਲ ਵਿਚ ਇਕੋ ਹੀ 'ਰਾਮੈ: '।

ਕ੍ਰਿਆ ਰੂਪ :

ਦੋਹਾਂ ਵਿਚ ਕ੍ਰਿਆਰੂਪਾਂ ਦੇ ਪਖ ਤੋਂ ਕਈ ਅੰਤਰ ਹਨ। ਵੈਦਿਕ ਦਾ 'ਲੇਟ' ਲਕਾਰ ਕਲਾਸੀਕਲ ਵਿਚ ਗ਼ਾਇਬ ਹੋ ਗਿਆ ਹੈ। ਵੈਦਿਕ ਵਿਚ ਹੋਰ ਵੀ ਕ੍ਰਿਆਵੀ ਰੂਪ ਵਧ ਸਨ ਜਿਹੜੇ ਕਲਾਸੀਕਲ ਵਿਚ ਘਟਦੇ ਹੀ ਗਏ। ਕ੍ਰਿਆਵੀ ਪ੍ਰਤਿਆਂ ਵਿਚ ਵੈਦਿਕ ਅਮੀਰ ਸੀ। ਪੂਰਨਕਾਲੀ ਕ੍ਰਿਦੰਤ (absolutives) ਵੈਦਿਕ ਵਿਚ ਕਈ ਸਨ ਜਿਵੇਂ ਤ੍ਵਾ, ਤ੍ਵਾਯ, ਤ੍ਵੀਨ, ਤ੍ਵੀ ਪਰ ਕਲਾਸੀਕਲ ਵਿਚ ਸਿਰਫ ਤ੍ਵਾ ਹੈ ਜਿਵੇਂ ਗਤ੍ਵਾ (ਜਾਕੇ) ਕ੍ਰਿਤ੍ਵਾ (ਕਰਕੇ)। ਵੈਦਿਕ ਵਿਚ infinitive ਕਈ ਤਰ੍ਹਾਂ ਦੇ ਸਨ : ਤੁਮ, ਤਵੇ, ਤਵੈ, ਅਸ਼ੇ, ਧਯੇ ਪਰੰਤੂ ਲੌਕਿਕ ਵਿਚ ਤੁਮ ਇਕੋ ਹੀ ਹੈ ਜਿਵੇਂ ਗੰਤੁਮ (ਜਾਣ ਲਈ), ਕਰਤੁਮ (ਕਰਨ ਲਈ)।

ਸਮਾਸ :

ਸਮਾਸਾਂ ਦੇ ਖੇਤਰ ਵਿਚ ਦੋਹਾਂ ਵਿਚ ਜਿਹੜਾ ਫਰਕ ਸੀ ਉਹ ਇਹ ਸੀ ਕਿ ਵੈਦਿਕ ਵਿਚ ਲੰਮੇ ਲੰਮੇ ਸਮਾਸ ਨਹੀਂ ਸਨ। ਵੈਦਿਕ ਆਮ ਬੋਲਚਾਲ ਦੇ ਨੇੜੇ ਨੇੜੇ ਰਹੀ,ਉਸ ਵਿਚ ਕੋਈ ਬਣਾਉਟੀਪੁਣਾ ਨਹੀਂ ਸੀ ਪਰ ਕਲਾਸੀਕਲ ਵਿਚ ਸਮਾਸ ਬਹੁਤ ਲੰਮੇ ਹੁੰਦੇ ਗਏ ਕਿਉਂਕਿ ਇਹ ਸਾਹਿਤਕ ਭਾਸ਼ਾ ਵਧ ਸੀ ਅਤੇ ਲੋਕ ਭਾਸ਼ਾ 'ਪਾਲੀ' ਦੀ ਸ਼ਕਲ ਵਿਚ ਵਟ ਰਹੀ ਸੀ। ਇਸ ਕਾਰਨ ਸਾਹਿਤਕ ਮਸਨੂਈ ਰੂਪ ਵਧਦਾ ਹੀ ਗਿਆ। ਵੈਦਿਕ ਵਿਚ ਚਾਰ ਤਰ੍ਹਾਂ ਦੇ ਸਮਾਸ ਸਨ :— ਤਤਪੁਰੁਸ਼, ਕਰਮਧਾਰਯ, ਬਹੁਵ੍ਰੀਹਿ, ਦ੍ਵੰਦ੍ਵ। ਲੌਕਿਕ ਸੰਸਕ੍ਰਿਤ ਵਿਚ ਦੋ ਹੋਰ—ਦ੍ਵਿਗੁ ਤੇ ਅਵ੍ਯਯੀਭਾਵ ਸਮਾਸ ਆ ਗਏ।

ਸ਼ਬਦਾਵਲੀ :

ਵੈਦਿਕ ਦੇ ਅਨੇਕਾਂ ਸ਼ਬਦ ਕਲਾਸੀਕਲ ਵਿਚੋਂ ਉਡ ਪੁਡ ਗਏ। ਕਈਆਂ ਦੇ ਅਰਥ ਬਦਲ ਗਏ। 'ਕਸ਼ਿਤਿ' ਦਾ ਵੈਦਿਕ ਅਰਥ, ਬਸਤੀ, ਵਸਨੀਕ ਥਾਂ ਸਨ ਪਰ ਲੌਕਿਕ ਵਿਚ ਇਸ ਦਾ ਅਰਥ ਧਰਤੀ ਹੋ ਗਿਆ। ਵ੍ਰਤ ਦਾ ਵੈਦਿਕ ਅਰਥ ਪ੍ਰਸ਼ਾਸਨ ਜਾਂ ਪ੍ਰਬੰਧ ਹੈ ਪਰ ਲੌਕਿਕ ਵਿਚ ਪ੍ਰਤਿਗਿਆ ਤੇ 'ਅੰਨ ਨ ਖਾਣਾ' ਬਣ ਗਿਆ। ਵੈਦਿਕ ਵਿਚ ਪਰਦੇਸੀ ਲਫ਼ਜ਼ ਘਟ ਸਨ ਪਰ ਲੌਕਿਕ ਸੰਸਕ੍ਰਿਤ ਵਿਚ ਦ੍ਰਾਵਿੜੀ, ਆਸਟ੍ਰਿਕ, ਯੂਨਾਨੀ, ਰੋਮਨ, ਅਰਬੀ, ਈਰਾਨੀ, ਤੁਰਕੀ, ਚੀਨੀ ਭਾਸ਼ਾਵਾਂ ਦੇ ਕਾਫ਼ੀ ਸ਼ਬਦ ਦਾਖ਼ਲ ਹੋ ਗਏ ਸਨ।

ਸੰਸਕ੍ਰਿਤ-ਵੰਨਗੀਆਂ :

— ਰਿਗਵੇਦ ਵਿਚੋਂ —

ਸਹਸ੍ਰ ਸ਼ੀਰਸ਼ਾ ਪੁਰੁਸ਼ : ਸਹਸ੍ਰਾਕਸ਼ : ਸਹਸ੍ਰਪਾਤ੍ ।
ਸ ਭੂਮਿੰ ਵਿਸ਼ਵਤੋ ਵ੍ਰਿਤ੍ਵਾ ਅਤ੍ਯਤਿਸ਼ਠਦ੍ ਦਸ਼ਾਂਗੁਲਮ ॥

A thousand heads hath Purusha, a thousand eyes, a thousand feet.

On every side pervading earth he fills a space ten fingers wide. (Hymn to Purusha)

ਰਾਜੇਵ ਹਿ ਜਨਿਭਿ : ਕਸ਼ੇਸ਼੍ਯਵਾਨ ਦਯੁਭਿਰਭਿ ਵਿਦੁਸ਼ ਕਵਿ : ਸਨ ।
ਪਿਸ਼ਾ ਗਿਰੋ ਮਘਵਨ ਗੋਭਿ : ਅਸ਼ਵੈ : ਤ੍ਵਾਯਤ : ਸ਼ਿਸ਼ੀਹਿ ਰਾਯੇ ਅਸਮਾਨ ॥

For like a king among his wives thou (Indra) dwellest with glories as a sage, surround and help us.

Make us thy servants, strong for wealth and honour our songs with kine and steeds and decoration.

(Hymn to Indra)

ਸੂਰਯੋ ਦੇਵੀਂ ਉਸ਼ਸੰ ਰੋਚਮਾਨਾਂ ਮਰਯੋ ਨ ਯੋਸ਼ਾਂ ਅਭ੍ਯੇਤਿ ਪਸ਼ਚਾਤ।
ਯਤ੍ਰਾ ਨਰੋ ਦੇਵਯੰਤੋ ਯੁਗਾਨਿ ਵਿਤਨ੍ਵਤੇ ਪ੍ਰਤਿ ਭਦ੍ਰਾਯ ਭਦ੍ਰਮ ॥

Surya follows the goddess dawn, the shining one as a wooer after a maiden.

Where godly man spreads out their youkes auspiciously for the aupiciously one. (Hymn to Surya)

ਏਸ਼ਾ ਦਿਵੋ ਦੁਹਿਤਾ ਪ੍ਰਤ੍ਯਦਰ੍ਸ਼ਿ ਜ੍ਯੋਤਿਰ ਵਸਾਨਾ ਸਮਨਾ ਪੁਰਸਤਾਤ੍ ।
ਰਿਤਸ੍ਯ ਪੰਥਾਂ ਅਨਵੇਤਿ ਸਾਧੁ ਪ੍ਰਜਾਨਤੀਵ ਨ ਦਿਸ਼ੋ ਮਿਨਾਤਿ ॥

There in the eastern region, she, heaven's daughter arrayed in garments all of light appearth.

Trully she followed the path of order, nor failth kuowing well the heavenly quarter.

(Hymn to ਊਸ਼ਾ)

ਵੰਨਗੀ :

— ਉਪਨਿਸ਼ਦਾਂ ਵਿਚੋਂ —

ਈਸ਼ਾਵਾਸਯੰ ਇਦੰ ਸਰ੍ਵੰ ਯਤ੍ਕਿੰਚ ਜਗਤਯਾਂ ਜਗਤ੍ ।
ਤੇਨ ਤਯਕਤੇਨ ਭੁੰਜੀਥਾ ਮਾ ਗ੍ਰਿਧ : ਕਸਯ ਸਵਿਦ ਧਨੰ ॥

ਕੁਰਵਨੇਵੇਹ ਕਰਮਾਣਿ ਜਿਜੀਵਿਸ਼ੇਤ ਸ਼ਤੰ ਸਮਾ : ।
ਏਵੰ ਤਵਯਿ ਨਾਨਯਥੇਤੋ ਅਸਤਿ ਨ ਕਰਮ ਲਿਪਯਤੇ ਨਰ : ॥

(ਈਸ਼ਾਵਾਸਯ ਉਪਨਿਸ਼ਦ)

ਇਸ ਜਗਤ ਵਿਚ ਕੁਝ ਵੀ (ਹੈ) ਉਸ ਸਾਰੇ ਵਿਚ ਈਸ਼ਵਰ ਵਿਆਪਤ ਹੈ। (ਮੋਹ-ਮਮਤਾ) ਦਾ ਤਿਆਗ ਕਰਕੇ ਇਸ ਦਾ ਉਪਭੋਗ ਕਰੋ। ਇਸ ਵਿਚ ਖਚਿਤ ਨ ਹੋਵੋ। ਇਹ ਧਨ ਕਿਸ ਦਾ ਹੈ ?

ਇਸ (ਦੁਨੀਆ ਵਿਚ) ਕਰਮ ਕਰਦੇ ਹੋਏ ਹੀ ਸੌ ਵਰ੍ਹਿਆਂ ਤਕ ਜੀਊਣ ਦੀ ਇਛਿਆ ਕਰੋ, ਇਉਂ ਕਰਨ ਨਾਲ ਉਹ ਕਰਮ ਤੈਨੂੰ ਬੰਧਨ ਵਿਚ ਨਹੀਂ ਪਾ ਸਕਣਗੇ। ਕਰਮ ਵਿਚ ਲਿਪਤ ਨ ਹੋਵੇ।

ਵੰਨਗੀ :

— ਸ਼ਕੁੰਤਲਾ ਨਾਟਕ ਵਿਚੋਂ —

ਸੂਤ੍ਰਧਾਰ—ਆਰਯੇ ਯਦਿ ਨੇਪਥਯ ਵਿਧਾਨੰ ਅਵਸਿਤੰ, ਇਤਸਤਾਵਦ ਆਗਮਯਤਾਮ੍।

ਨਟੀ—ਅੱਜਉੱਤ, ਇਯੰ ਹਮਿ (ਸ਼ੌਰਸੇਨੀ ਪ੍ਰਾਕ੍ਰਿਤ)

ਸੂਤ੍ਰਧਾਰ — ਆਰਯੇ ਅਭਿਰੂਪ ਭੂਯਿਸ਼ਠਾ ਪਰਿਸ਼ਦ ਇਯੰ। ਅਦਯ ਖਲੁ ਕਾਲਿਦਾਸ ਗ੍ਰਥਿਤ ਵਸਤੁਨਾ ਅਭਿਜਞਾਨ ਸ਼ਾਕੁੰਤਲ ਨਾਮਧੇਯੇਨ ਨਵੇਨ ਨਾਟਕੇਨ ਉਪਸਥਾਤਵਯੇ ਅਸਮਾਭਿ:। ਤਤ ਪ੍ਰਤਿਪਾਤ੍ਰੰ ਆਧੀਯਤਾਂ ਯਤਨ:।

ਨਟੀ — ਸੁਵਿਹਿਦੱਪਓਅਦਾਏ ਅੱਜਸਜ ਣ ਕਿੰ ਵਿ
ਪਰਿਗ ਇੱਸਦਿ। (ਸ਼ੌਰਸੇਨੀ)

ਸੂਤ੍ਰਧਾਰ: — ਆਰਯੇ, ਕਥਯਾਮਿ ਤੇ ਭੂਤਾਰਥਮ੍।

ਨਟੀ — ਅੱਜ, ਏਵੰ ਣੇਦੰ। ਅਣੰਤਰ ਕਰਣਿੱਜੰ
ਅੱਜੋ ਆਣਵੇਦੁ। (ਸ਼ੌਰਸੇਨੀ)

ਸੂਤ੍ਰਧਾਰ — ਆਰਯੇ, ਕਥਯਾਮਿ ਤੇ ਭੂਤਾਰਥਮ੍।

ਨਟੀ — ਅੱਜ, ਏਵੰ ਣੇਦੰ। ਅਣੰਤਰ ਕਰਣਿੱਜੰ ਅੱਜੋ ਆਣਵੇਦੁ।
(ਸ਼ੌਰਸੇਨੀ)

ਪੰਜਾਬੀ ਰੂਪ :

ਸੂਤਰਧਾਰ — ਹੇ ਭਲੀਏਮਾਣਸੇ (ਆਰਯੇ), ਜੇਕਰ ਰੰਗਮੰਚ ਦੇ ਗ੍ਰੀਨਰੂਮ (ਨੇਪਥ) ਦਾ ਕੰਮ ਖਤਮ ਹੋ ਗਿਆ ਹੋਵੇ, ਤਾਂ ਏਧਰ ਆਉਣ ਦੀ ਖੇਚਲ ਕਰਨਾ।

ਨਟੀ — ਹੇ ਆਰਯ ਪੁਤਰ (ਪਤੀਦੇਵ)! ਮੈਂ ਆ ਗਈ ਹਾਂ।

ਸੂਤਰਧਾਰ — ਹੇ ਆਰਯੇ ! ਇਸ (ਦਰਸ਼ਕ) ਸਭਾ ਵਿਚ ਵਿਚ ਸਿਆਣੇ ਸਿਆਣੇ ਆਦਮੀ ਤਸ਼ਰੀਫ ਲਿਆਏ ਹਨ। ਅੱਜ ਅਸੀਂ ਕਾਲੀਦਾਸ ਦੇ ਨਾਟਕ ਸ਼ਕੁੰਤਲਾ ਨੂੰ ਇਨ੍ਹਾਂ ਸਾਮ੍ਹਣੇ ਪੇਸ਼ ਕਰਾਂਗੇ। ਇਸ ਲਈ ਸਾਨੂੰ ਢੁਕਵਾਂ ਯਤਨ ਕਰਨਾ ਚਾਹੀਦਾ ਹੈ।

ਨਟੀ — ਹੇ ਆਰਯ ਪੁਤਰ ! ਤੁਹਾਨੂੰ ਅਭਿਨੈ ਕਰਨ ਵਿਚ ਪੂਰੀ ਪੂਰੀ ਮੁਹਾਰਤ ਹੈ, ਇਸ ਲਈ ਕੁਝ ਵੀ ਹਾਸੋਹੀਣਾ ਨਹੀਂ ਹੋਵੇਗਾ।

ਸੂਤਰਧਾਰ— ਹੇ ਆਰਯੇ ! ਹੁਣ ਮੈਂ ਸੱਚੀ ਗਲ ਦਸਦਾ ਹਾਂ।

ਕਾਲੀਦਾਸ ਦੇ ਮਹਾਕਾਵਿ 'ਰਘੁਵੰਸ' ਵਿਚੋਂ

ਵਾਗਰਥਾਵਿਵ ਸੰਪ੍ਰਿਕਤੌ ਵਾਗਰਥ ਪ੍ਰਤਿਪੱਤਯੇ।
ਜਗਤਹ ਪਿਤਰੌ ਵੰਦੇ ਪਾਰਵਤੀ ਪਰਮੇਸ਼ਵਰੌ ॥

ਪੰਜਾਬੀ ਰੂਪ :

ਮੈਂ ਬਾਣੀ ਦੇ ਅਰਥ ਗਿਆਨ ਲਈ ਦੁਨੀਆਂ ਦੇ ਮਾਂ-ਪਿਉ ਪਾਰਬਤੀ ਅਤੇ ਸ਼ਿਵ ਦੀ ਬੰਦਨਾ ਕਰਦਾ ਹਾਂ ਜਿਹੜੇ ਇਕ ਦੂਜੇ ਨਾਲ ਇਉਂ ਜੁੜੇ ਹੋਏ ਹਨ ਜਿਵੇਂ ਕਿ ਸ਼ਬਦ ਅਤੇ ਅਰਥ ਜੁੜੇ ਹੁੰਦੇ ਹਨ।

ਸੰਸਕ੍ਰਿਤ ਤੇ ਪੰਜਾਬੀ

ਸੰਸਕ੍ਰਿਤ[1] ਦਾ ਆਧੁਨਿਕ ਹਿੰਦ-ਆਰੀਆ ਭਾਸ਼ਾਵਾਂ ਨਾਲ ਉਹੋ ਰਿਸ਼ਤਾ ਹੈ ਜਿਹੜਾ ਜਨਨੀ—ਤੇ—ਜਾਈਆਂ ਨਾਲ ਹੋ ਸਕਦਾ ਹੈ। ਇਹ ਜਨਨੀ—ਤੇ—ਜਾਈ ਵਾਲਾ ਰਿਸ਼ਤਾ ਸੰਸਕ੍ਰਿਤ ਤੇ ਪੰਜਾਬੀ ਵਿਚ ਅੱਜ ਵੀ ਕਈਆਂ ਸਦੀਆ ਦੀ ਵਿੱਥ ਪਿਛੋਂ ਵੀ ਬਖੂਬੀ ਝਲਕਦਾ ਹੈ। ਇਹ ਰਿਸ਼ਤਾ ਇਤਿਹਾਸਿਕ ਵਿਕਾਸ ਦੀਆਂ ਸਾਂਝਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਦੇ ਅੰਗਾਂ ਅਤੇ ਉਪੰਗਾਂ ਵਿਚੋਂ ਪ੍ਰਤਿਬਿੰਬਤ ਹੁੰਦਾ ਹੈ।

ਪੰਜਾਬ ਦੀ ਧਰਤੀ

ਪੰਜਾਬੀ ਬੋਲੀ ਦਾ ਇਲਾਕਾ ਉਹੋ ਇਲਾਕਾ ਹੈ ਜਿਥੇ ਵੈਦਿਕ ਸੰਸਕ੍ਰਿਤ ਵਧੀ-ਫੁੱਲੀ ਅਤੇ ਜਿਥੇ ਕਲਾਸੀਕਲ ਸੰਸਕ੍ਰਿਤ ਦੇ ਸੰਸਾਰ-ਪ੍ਰਸਿਧ ਵਿਆਕਰਣਕਾਰ ਪਾਣਿਨੀ ਮੁਨੀ ਪੈਦਾ ਹੋਏ। ਇਹ ਪੰਜਾਬੀ ਬੋਲੀ ਦੀ ਹੀ ਧਰਤੀ ਸੀ ਜਿਥੇ ਆਰੀਆ ਲੋਕਾਂ ਦੇ ਪਹਿਲੇ ਕਾਫਲੇ ਨੇ ਆਪਣਾ ਡੇਰਾ ਲਾਇਆ ਸੀ ਅਤੇ ਵੇਦਾਂ ਦੇ ਮੰਤ੍ਰਾਂ ਦਾ ਉਚਾਰਨ ਕੀਤਾ ਸੀ। ਇਨ੍ਹਾਂ ਵੇਦ ਮੰਤ੍ਰਾਂ ਵਿਚ ਰਿਸ਼ੀਆਂ ਨੇ ਇਸੇ ਪੰਜਾਬ ਦੀ ਧਰਤੀ ਨੂੰ **'ਸਪਤ ਸਿੰਧੁ'** ਨਾਉਂ ਨਾਲ ਯਾਦ ਕੀਤਾ ਹੈ ਅਤੇ ਰਿਗਵੇਦ ਦੇ ਦਸਵੇਂ ਮੰਡਲ ਵਿਚ ਇਨ੍ਹਾਂ ਸੱਤ ਸਿੰਧੂਆਂ ਅਰਥਾਤ ਸੱਤ ਦਰਿਆਵਾਂ ਦੇ ਨਾਉਂ ਵੀ ਗਿਣੇ ਹਨ। 'ਇਸ ਪਿਆਰੀ ਤੇ ਸੁਨੱਖੀ ਧਰਤੀ ਸਪਤ ਸਿੰਧੂ ਦੇ ਵਿਚ, ਖਾਸ ਕਰਕੇ ਸਾਡੇ ਇਲਾਕੇ ਦੁਆਬੇ ਦੀਆਂ ਸੁਤੁਦਰੁ (ਸਤਲੁਜ)

---

1 ਸੰਸਕ੍ਰਿਤ ਦੇ ਪ੍ਰਯੋਗ ਵਿਚ ਵੈਦਿਕ ਸੰਸਕ੍ਰਿਤ ਅਤੇ ਕਲਾਸੀਕਲ ਸੰਸਕ੍ਰਿਤ ਦੋਹਾਂ ਨੂੰ ਸ਼ਾਮਲ ਕੀਤਾ ਗਿਆ ਹੈ.. ..... ਲੇਖਕ

ਤੇ ਵਿਆਸ (ਬਿਆਸ) ਨਦੀਆਂ ਦੇ ਲਾਗੇ ਲਾਗੇ ਘੁੰਮਦੇ-ਫਿਰਦੇ, ਮੌਜਾਂ ਮਾਣਦੇ ਹੋਏ, ਇਥੋਂ ਦੇ ਕਣ ਕਣ ਨੂੰ ਪਵਿੱਤਰ ਕਰਨ ਵਾਲੇ ਰਿਸ਼ੀ ਵਿਸ਼ਿਸ਼ਟ ਅਤੇ ਵਿਸ਼ਵਾਮਿਤ੍ਰ ਨੇ ਏਸੇ ਧਰਤੀ ਦੀ ਬੋਲੀ ਵਿਚ 'ਵਿਪਾਟ੍ ਸ਼ੁਤੁਦ੍ਰੀ ਪਯਸਾ ਜਬੇਤੇ" ਇਤਿਆਦਿ ਮੰਤਰਾਂ ਰਾਹੀਂ ਨਦੀਆਂ ਅਗੇ ਬੇਨਤੀ ਕੀਤੀ ਸੀ। ਇਹੋ ਹੀ ਨਹੀਂ ਸੰਸਾਰ ਭਰ ਦਾ ਸਭ ਤੋਂ ਪਵਿਤਰ ਤੇ ਮਹਿਮਾਵਾਨ ਮੰਤਰ 'ਗਾਇਤ੍ਰੀ' ਇਥੋਂ ਦੀ ਹੀ ਬੋਲੀ ਵਿਚ ਤੇ ਇਥੋਂ ਦੇ ਹੀ ਰਿਸ਼ੀ ਵਿਸ਼ਵਾਮਿਤ੍ਰ ਦੇ ਅੰਤਹਕਰਣ ਚੋਂ ਪਰਗਟ ਹੋਇਆ ਸੀ"[1]

ਪੰਜਾਬ ਦੀ ਬੋਲੀ 'ਸਪਤ ਸਿੰਧੁ' ਦੀ ਹੀ ਬੋਲੀ ਹੈ। ਪ੍ਰੋ. ਪਰਾਸ਼ਰ ਨੇ ਠੀਕ ਕਿਹਾ ਹੈ ਕਿ ਉਸ ਪੁਰਾਣੇ ਸਮੇਂ ਵਿਚ ਉਹੀ ਭਾਸ਼ਾ ਜਿਸ ਨੂੰ ਅਸੀਂ ਅਜ ਵੈਦਿਕ ਜਾਂ ਸੰਸਕ੍ਰਿਤ ਆਖਦੇ ਹਾਂ, ਪੰਜਾਬ ਦੀ ਹੀ ਭਾਸ਼ਾ ਅਰਥਾਤ ਉਸ ਵੇਲੇ ਦੀ ਪੰਜਾਬੀ ਹੀ ਸੀ ਅਤੇ ਅਜੋਕੀ ਪੰਜਾਬੀ ਉਸੇ ਦਾ ਹੀ ਵਿਕਸਿਤ ਰੂਪ ਹੈ। ਸੋ ਅਜੋਕੀ ਪੰਜਾਬੀ ਦਾ ਉਹੋ ਪੁਰਾਣਾ ਸੰਸਕ੍ਰਿਤ ਵਾਲਾ, ਥੋੜੇ ਹੇਰ ਫੇਰ ਨਾਲ ਉਹੀ ਢਾਂਚਾ ਤੇ ਸਰੂਪ ਹੈ। ਇਸੇ ਲਈ ਧੁਰੰਧਰ ਭਾਸ਼ਾ ਵਿਗਿਆਨੀ ਤਾਰਾਪੁਰਵਾਲਾ ਅਤੇ ਡਾ. ਭੋਲਾ ਨਾਥ ਤਿਵਾਰੀ ਲਿਖਦੇ ਹਨ ਕਿ ਵੈਦਿਕ ਸੰਸਕ੍ਰਿਤ ਵਾਂਗੂ ਪੰਜਾਬੀ ਵਿਚ ਅਜੇ ਵੀ ਮਰਦਊਪੁਣਾ (ਪੁਰਸ਼ਤੱਵ) ਮਿਲਦਾ ਹੈ।[2] ਡਾ. ਮੋਹਨ ਸਿੰਘ ਦੀ ਵੀ ਇਹੋ ਰਾਇ ਹੈ ਕਿ 'ਹਰ ਕੋਈ ਯਕੀਨ ਨਾਲ ਕਹਿ ਸਕਦਾ ਹੈ ਕਿ ਪੰਜਾਬੀ ਇਕ ਸੰਸਕ੍ਰਿਤ-ਜਾਈ ਬੋਲੀ ਹੈ ਅਤੇ ਰੰਨ ਸੁਵੰਨੇ ਸਭਿਆਚਾਰ ਦੀ ਪ੍ਰਤੀਕ ਹੈ'[3]। ਇਸੇ ਪੰਜਾਬੀ ਦੇ ਹੀ ਪੁਰਾਣੇ ਰੂਪ 'ਉਦੀਚਯ' (ਉੱਤਰੀ ਭਾਸ਼ਾ) ਨੂੰ ਉਤਕ੍ਰਿਸ਼ਟ ਸਮਝਿਆ ਜਾਂਦਾ ਸੀ। ਡਾ. ਚਟਰਜੀ ਨੇ ਦਸਿਆ ਹੈ ਕਿ ਉਦੀਚ ਭੂ-ਮੰਡਲ ਜਿਥੇ ਅਜਕਲ ਸਰਹੱਦੀ ਸੂਬਾ (ਪਾਕਿਸਤਾਨ) ਅਤੇ ਉੱਤਰੀ ਪੰਜਾਬ (ਪਾਕਿਸਤਾਨ) ਹੈ, ਦੀ ਬੋਲੀ ਨੂੰ ਪ੍ਰਮਾਣਿਕ ਬੋਲੀ ਸਮਝਿਆ ਜਾਂਦਾ ਸੀ ਜਿਸਨੇ ਪੁਰਾਤਨਵਾਦੀ ਭਾਸ਼ਾ-ਪ੍ਰਕ੍ਰਿਤੀ ਨੂੰ ਕਾਇਮ ਰਖਿਆ ਹੋਇਆ ਸੀ ਅਤੇ ਜਿਹੜੀ ਪ੍ਰਾਚੀਨ ਆਰੀਆ ਭਾਸ਼ਾ ਦੇ ਮਿਆਰ (ਸਟੈਂਡਰਡ) ਦੇ ਨੇੜੇ ਤੋਂ ਨੇੜੇ ਹੋ ਕੇ ਵਿਕਾਸ ਕਰਦੀ ਆ ਰਹੀ ਸੀ।[4] ਵੇਦਾਂ ਦੇ ਪਿਛਲੇ

---

1 ਸ਼ਿਆਮ ਦੇਵ ਪਰਾਸ਼ਰ : 'ਪੰਜਾਬੀ ਅਤੇ ਸੰਸਕ੍ਰਿਤ ਦੇ ਸੰਬੰਧ' ਲੇਖ 'ਪਰਖ' ਮਾਸਿਕ ਪੱਤਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਜਿਲਦ ਦੋ, 1973

2 ਭੋਲਾ ਨਾਥ ਤਿਵਾਰੀ : 'ਭਾਸ਼ਾ ਵਿਗਿਆਨ' ਪੰਨਾ 142 (ਐਡੀਸ਼ਨ 1957)

3 *Language & Literature of the Panjab* (The Tribune August 29, 1954)

4 S. K. Chatterjee :*Indo-Aryan & Hindi*, p. 56.

ਸਾਹਿਤ 'ਕੌਸ਼ੀਤਕੀ ਬ੍ਰਾਹਮਣ' ਵਿਚ ਲਿਖਿਆ ਹੈ :—

ਤਸਮਾਦ ਉਦੀਚਯਾਂ ਪ੍ਰਗਿਆਤਤਰਾ ਵਾਗ ਉਦਯਤੇ :
ਉਦੰਚ ਉ ਏਵ ਯੰਤਿ ਵਾਚੰ ਸ਼ਿਕਸ਼ਿਤੁੰ;
ਯੋ ਵਾ ਤਤ ਆਗੱਛਤਿ, ਤਸਯ ਵਾ
ਸੁਸ਼ਰੁਸ਼ੰਤ ਇਤਿ। (ਕੌਸ਼ੀਤਕੀ ਬ੍ਰਾਹਮਣ VII, 6)

ਸ਼ਾਇਦ ਇਸੇ ਕਰਕੇ ਡਾ ਪੀ. ਡੀ. ਗੁਣੇ ਨੇ ਪੰਜਾਬੀ ਭਾਸ਼ਾ ਨੂੰ ਇਕ ਬਹੁਤ ਵਫ਼ਾਦਾਰ (faithful) ਬੋਲੀ ਕਿਹਾ ਹੈ ਜਿਸਨੇ ਆਪਣੀ ਮਾਤ-ਭਾਸ਼ਾ ਸੰਸਕ੍ਰਿਤ ਦੇ ਅਨੇਕਾਂ ਅੰਸ਼ ਸਾਂਭ ਕੇ ਰਖੇ ਹੋਏ ਹਨ।

ਇਸ ਤਰ੍ਹਾਂ ਪੰਜਾਬੀ ਦਾ ਅਸਲਾ, ਉਸ ਦਾ ਪਿੰਡਾ, ਉਸ ਦੀ ਤਾਸੀਰ ਤੇ ਨੁਹਾਰ ਅਤੇ ਉਸ ਦਾ ਚਿਹਰਾ-ਮੁਹਰਾ ਸਭੋ ਕੁਝ ਵਿਚ ਸੰਸਕ੍ਰਿਤ ਦੀਆਂ ਮੂਹਜ-ਰੇਖਾਵਾਂ ਉਭਰਦੀਆਂ ਹਨ। ਇਹ ਠੀਕ ਹੈ ਕਿ ਪੰਜਾਬੀ ਉਤੇ ਤੁਰਕੀ, ਫਾਰਸੀ, ਅਰਬੀ, ਦ੍ਰਾਵਿੜੀ ਆਦਿ ਬੋਲੀਆਂ ਨੇ ਸਮੇਂ ਸਮੇਂ ਪੂਰਾ ਪੂਰਾ ਗਲਬਾ ਪਾਇਆ ਹੈ ਅਤੇ ਇਸ ਦੀ ਦੱਖ ਤੇ ਸੁਣੱਖ ਨੂੰ ਧੁੰਧਲਾਇਆ ਹੈ ਪਰ ਇਹ ਸਭੋ ਅਸਰ ਓਪਰਾ ਹੈ, ਬਿਗਾਨਾ ਹੈ, ਫੂਕ ਮਾਰ ਕੇ ਉਡਣ-ਜੋਗਾ ਹੈ। ਅਤੇ ਜਦੋਂ ਵੀ ਅਸੀਂ ਇਸ ਓਪਰੇਪਣ ਦੀ ਧੂੰਦ ਨੂੰ ਜ਼ਰਾ ਕੁ ਹਟਾ ਕੇ ਪੰਜਾਬੀ ਦੀ ਅੰਤਰ-ਆਤਮਾ ਵਿਚ ਝਾਤ ਪਾਉਣ ਦਾ ਮੌਕਾ ਪ੍ਰਾਪਤ ਕਰਦੇ ਹਾਂ ਤਾਂ ਸਾਨੂੰ ਸੰਸਕ੍ਰਿਤ-ਸੋਮਿਆਂ ਤੋਂ ਪੈਦਾ ਹੋਏ ਅਨੇਕਾਂ ਤਤਸਮ/ਤਦਭਵ ਸ਼ਬਦ ਘੱਟਵੇਂ ਪੱਧਰ-ਗੀਟਿਆਂ ਵਾਂਗੂ ਲਿਸ਼ਕਦੇ ਤੇ ਚਮਕਦੇ ਦਿਖਾਈ ਦਿੰਦੇ ਹਨ।

"ਸੰਸਕ੍ਰਿਤ ਦੇ ਅਗੇਤਰ, ਪਿਛੇਤਰ, ਅਵਿਐ, ਸਮਾਸ, ਸਭ ਉਸੇ ਤਰ੍ਹਾਂ ਪੰਜਾਬੀ ਵਿਚ ਇਮਾਨਤ ਵਾਂਗ ਰਖੇ ਹੋਏ ਹਨ"।

ਇਸ ਚਰਚਾ ਦਾ ਕਦਾਚਿਤ ਇਹ ਭਾਵ ਨਹੀਂ ਹੈ ਕਿ ਪੰਜਾਬੀ ਦੀ ਆਪਣੀ ਕੋਈ ਪੰਜਾਬੀਅਤ ਹੀ ਨਹੀਂ ਹੈ। ਪੰਜਾਬੀ ਦੀ ਪੰਜਾਬੀਅਤ ਸਦ-ਕਾਇਮ ਹੈ; ਇਸ ਦੀ ਆਪਣੀ ਵਿਸ਼ੇਸ਼ਤਾ ਹੈ, ਆਪਣਾ ਚਰਿਤ੍ਰ ਤੇ ਕਿਰਦਾਰ ਹੈ ਅਤੇ ਆਪਣੀ ਸ਼ੈਲੀ ਤੇ ਮੁਹਾਵਰਾ ਹੈ। ਇਨ੍ਹਾਂ ਵਿਸ਼ੇਸ਼ਤਾਈਆਂ ਦੇ ਸਿਰ-ਸਦਕਾ ਹੀ ਇਹ ਪੰਜਾਬੀ ਕਹਾਉਣ ਦੀ ਹਕਦਾਰ ਹੈ। ਪੰਜਾਬੀ ਨੂੰ ਪੰਜਾਬੀਅਤ ਤਕ ਅਪੜਨ ਲਈ ਕਈ ਮੰਜ਼ਿਲਾਂ ਮਾਰਨੀਆਂ ਪਈਆਂ ਹਨ ਅਤੇ ਕਈ ਪੜਾ ਪਾਰ ਕਰਨੇ ਪਏ ਹਨ। ਵੈਦਿਕ ਸੰਸਕ੍ਰਿਤ ਚੋਂ ਪਾਲੀ, ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ ਭਾਸ਼ਾਵਾਂ ਅਗੇ ਤੋਂ ਅਗੇ ਸਮੇਂ ਸਮੇਂ ਸਿਰ ਫੁੱਟਦੀਆਂ ਰਹੀਆਂ ਅਤੇ ਹੌਲੀ ਹੌਲੀ ਉਨ੍ਹਾਂ ਦੀ ਕੁੱਖ ਚੋਂ ਪੰਜਾਬੀ ਨੇ ਜਨਮ ਲਿਆ। ਇਸ ਲਈ ਜਿਵੇਂ ਜਿਵੇਂ ਪੰਜਾਬ ਦਾ ਜਨ

ਜੀਵਨ ਤੇ ਸਭਿਆਚਾਰ ਪਲਟੇ ਖਾਂਦਾ ਰਿਹਾ ਤਿਵੇਂ ਤਿਵੇਂ ਉਸ ਦੀ ਭਾਸ਼ਾ ਦੀ ਅਭਿਵਿ-ਅਕਤੀ-ਜੁਗਤ ਵੀ ਉਸ ਦੇ ਮੇਚ ਹੁੰਦੀ ਰਹੀ। ਇਸ ਲੰਮੇ ਇਤਿਹਾਸਕ ਸਫਰ ਚੋਂ ਲੰਘਦੀ ਹੋਈ ਪੰਜਾਬੀ ਇਸ ਧਰਤੀ ਦੇ ਅਨੁਕੂਲ ਵਧੀ ਹੈ, ਫੁੱਲੀ ਹੈ ਅਤੇ ਇਸ ਨੇ ਉਹ ਸਭ ਕੁਝ ਸਮੋਇਆ ਹੈ ਜਿਸ ਦੀ ਇਸ ਨੂੰ ਤਕੜੀ ਤੇ ਜੀਵੰਤ ਹੋਣ ਲਈ ਲੋੜ ਸੀ। ਇਸ ਲਈ ਪੰਜਾਬੀ ਦੀ ਆਪਣੀ ਵਿਸ਼ੇਸ਼ਤਾ ਨਵੇਕਲੀ ਹੈ। ਇਥੇ ਸਾਡਾ ਕਹਿਣ ਦਾ ਸਿਰਫ ਇਹੋ ਮਨੋਰਥ ਹੈ ਕਿ ਪੰਜਾਬੀ ਦਾ ਪਿੱਛਾ ਹੋਣੀਆਂ ਭਰਪੂਰ ਰਿਹਾ ਹੈ ਅਤੇ ਅਜ ਵੀ ਇਸ ਦੇ ਕਣ ਕਣ ਵਿਚੋਂ ਆਪਣੀਆਂ ਪੁਰਾਤਨ ਸਾਝਾਂ ਦੇ ਮੁਬਾਰਕ ਦੀਦਾਰੇ ਹੁੰਦੇ ਹਨ। ਇਸ ਨਜ਼ਰੀਏ ਤੋਂ ਅੱਜ ਅਸੀਂ ਸੰਸਕ੍ਰਿਤ ਤੇ ਪੰਜਾਬੀ ਦੇ ਜਸਨੀ-ਜਾਏ ਵਾਲੇ ਰਿਸ਼ਤਿਆਂ ਦੀ ਅਕਾਦਮਿਕ ਗੱਲ ਹਿਲਾਈ ਹੈ।

ਜਦੋਂ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਇਹ ਕਿਹਾ ਸੀ ਕਿ **ਵੇਦ ਸਾਡੀ ਪੰਜਾਬੀ ਬੋਲੀ ਵਿਚ ਹੀ ਲਿਖੇ ਗਏ।** ਤਾਂ ਉਨ੍ਹਾਂ ਦਾ ਸਪਸ਼ਟ ਇਹੋ ਮਤਲਬ ਸੀ ਕਿ ਵੇਦਾਂ ਦੀ ਬੋਲੀ ਪੰਜਾਬ ਦੀ ਧਰਤੀ ਚੋਂ ਉਪਜੀ ਬੋਲੀ ਹੈ ਜਿਹੜੀ ਉਸ ਵੇਲੇ ਪ੍ਰਚਲਤ ਸੀ ਇਸ ਲਈ ਵੇਦਾਂ ਉਤੇ ਪੰਜਾਬੀ ਦਾ ਪੂਰਾ ਪੂਰਾ ਹੱਕ ਹੈ। ਪੰਜਾਬੀ ਤੋਂ ਉਨ੍ਹਾਂ ਦਾ ਭਾਵ ਅਜੋਕੀ ਪੰਜਾਬੀ ਤੋਂ ਨਹੀਂ ਸੀ ਜਿਹੜੀ ਦਸਵੀਂ ਸਦੀ ਤੋਂ ਨਵੇਂ ਰੂਪ ਵਿਚ ਨਿਖਰ ਕੇ ਆਈ ਹੈ। ਵੇਦਾਂ ਦੀ ਬੋਲੀ ਨੂੰ ਅਸੀਂ ਪੁਰਾਣੀ ਪੰਜਾਬੀ ਕਹਿ ਸਕਦੇ ਹਾਂ। ਭਾਵੇਂ ਉਸ ਦਾ ਵਿਗਿਆਨਿਕ ਨਾਂ **ਵੈਦਿਕ ਭਾਸ਼ਾ, ਪ੍ਰਥਮ ਪ੍ਰਾਕ੍ਰਿਤ, ਵੈਦਿਕ ਸੰਸਕ੍ਰਿਤ** ਜਾਂ **ਵੈਦਿਕੀ** ਆਦਿ ਲਿਆ ਜਾਂਦਾ ਹੈ।

ਧੁਨੀ-ਤੱਤ

ਵੈਦਿਕ ਭਾਸ਼ਾ ਧੁਨੀਆਂ ਦੇ ਪਿੜ ਵਿਚ ਬੜੀ ਅਮੀਰ ਭਾਸ਼ਾ ਰਹੀ ਹੈ। ਇਸ ਵਿਚ ਧੁਨੀਆਂ ਦੀ ਬਹੁਲਤਾ ਰਹੀ ਹੈ। ਅਗਲੀਆਂ ਪ੍ਰਾਕ੍ਰਿਤਾਂ ਵਿਚ / ਰਿ, ਰੀ /, ਲ੍ਰਿ ਆਦਿ ਧੁਨੀਆਂ ਚਾਲੂ ਨ ਰਹਿ ਸਕੀਆਂ ਅਤੇ ਹੌਲੀ ਹੌਲੀ ਗੁੰਮ ਹੋ ਗਈਆਂ। ਪਰ ਪੰਜਾਬੀ ਵਿਚ ਅਜੇ ਵੈਦਿਕ ਦੀ ਵਿਅੰਜਨ ਧੁਨੀ / ਲ਼ / (soft l) ਮੌਜੂਦ ਹੈ। ਦਖਣੀ ਮਲਵਈ ਵਿਚ, ਖਾਸ ਕਰਕੇ ਪਿੰਡਾਂ ਵਿਚ ਇਸ ਧੁਨੀ ਵਾਲੇ ਸ਼ਬਦ ਬੋਲੇ ਜਾਂਦੇ ਹਨ ਜਿਵੇਂ ਗੋਲ਼ੀ, ਕਾਹਲ਼ੀ, ਫ਼ਲ਼, ਦੋਹਲ਼ੀ। ਇਹ ਧੁਨੀ ਰਾਜਿਸਥਾਨੀ ਤੇ ਗੁਜਰਾਤੀ ਵਿਚ ਵੀ ਹੈ ਅਤੇ ਮਰਾਠੀ ਵਿਚ ਵੀ ਹੈ ਪਰ ਪੰਜਾਬੀ ਵਿਚ ਇਹ ਫੋਨੀਮ (phoneme=ਸਾਰਥਕ ਧੁਨੀ) ਦੀ ਹੈਸੀਅਤ ਰਖਦੀ ਹੈ / ਲ / ਦਾ ਵਟਾਂਦਰਾ ਨਹੀਂ ਹੈ। ਡਾ. ਧੀਰੇਂਦ੍ਰ ਵਰਮਾ ਨੇ 'ਪ੍ਰਾਤਿਸ਼ਾਖਯ' ਦੇ ਆਧਾਰ ਉਤੇ ਇਸ ਧੁਨੀ ਨੂੰ '**ਮੂਰਧਨੀ ਪਾਰਸ਼ਵਿਕ ਸਘੋਸ਼ ਅਲਪਪ੍ਰਾਣ**' ਕਿਹਾ ਹੈ। ਇਹ ਜਾਪਦਾ ਹੈ ਕਿ ਇਸ / ਲ਼ / ਧੁਨੀ ਤੋਂ ਹੀ ਪੰਜਾਬੀ ਦੀ ਬਹੁਤ

ਮੰਨੀ-ਪ੍ਰਮੰਨੀ ਧੁਨੀ / ੜ / ਵਿਕਸਿਤ ਹੋਈ ਹੈ। ਜਿਸਦਾ ਸਬੂਤ ਸਾਨੂੰ ਇਸ ਗੱਲ ਤੋਂ ਮਿਲਦਾ ਹੈ ਕਿ ਪੰਜਾਬੀ ਵਿਚ ਇਕ-ਅਰਥ ਦੇ ਲਖਾਇਕ ਇਕੋ ਸ਼ਬਦ ਵਿਚ 'ਲ' ਵੀ ਹੈ ਤੇ 'ੜ' ਵੀ ਹੈ ਜਿਵੇਂ ਖੇਤ, ਖੇੜ, ਖੇਲ੍ਹ, ਅਹੁਲਣਾ, ਅਹੁੜਨਾ। ਇਹ ਡ-ੜ-ਲ੍ਹ ਦਾ ਅੰਤਰ-ਵਟਾਂਦਰਾ ਪੰਜਾਬੀ ਤੋਂ ਛੁੱਟ ਹੋਰ ਕਿਸੇ ਹਿੰਦ-ਆਰੀਆ ਭਾਸ਼ਾ ਵਿਚ ਨਹੀਂ ਹੈ। ਰਿਗਵੇਦ ਦੇ ਪਹਿਲੇ ਮੰਤ੍ਰ ਵਿਚ ਵਾਕ ਹੈ — 'ਅਗਨਿਮੀਲ੍ਹੇ ਪੁਰੋਹਿਤੰ'। ਏਥੇ ਕ੍ਰਿਆ 'ਈ ਲ੍ਹੇ' ਹੈ। ਦਰਅਸਲ ਇਹ 'ਈੜੇ' ਹੈ। ਇਹ ਅੰਤਰ-ਵਟਾਂਦਰਾ ਪੰਜਾਬੀ ਵਾਂਗ ਹੀ ਹੈ।

ਵੈਦਿਕ ਵਿਚ ਦੋ ਸੰਯੁਕਤ ਸੁਰ ਹਨ : / ਐ, ਔ / ਜਿਨ੍ਹਾਂ ਨੂੰ Macdonell (ਮੈਕਡਾਨਲ) ਨੇ diphthong ਕਿਹਾ ਹੈ। ਇਨ੍ਹਾਂ ਦੇ ਸਹੀ ਉਚਾਰਣ ਬਾਰੇ ਕੋਈ ਵਿਸ਼ੇਸ਼ ਸਬੂਤ ਤਾਂ ਸਾਡੇ ਪਾਸ ਨਹੀਂ ਹੈ, ਪਰ 'ਪ੍ਰਾਤਿਸ਼ਾਖਯਾ' ਵਿਚ ਇਨ੍ਹਾਂ ਦੀ phonetic value ਦਾ ਜ਼ਿਕਰ ਹੈ। ਜਿਉਂ ਜਾਪਦਾ ਹੈ ਕਿ ਇਹ ਉਚਾਰਨ ਪੰਜਾਬੀ ਵਰਗਾ ਸੀ। ਪੰਜਾਬੀ ਵਿਚ ਇਹ ਸੁਰ ਹਿੰਦੀ ਵਾਂਗੂ / ਅਈ, ਅਊ / ਨਹੀਂ ਹਨ, ਇਕ-ਮਾਤ੍ਰਿਕ ਮੂਲ-ਸੁਰਾਂ ਵਾਂਗੂ ਇਕਹਿਰੇ ਹਨ ਦੂਹਰੇ ਨਹੀਂ। ਸੰਭਵ ਹੈ ਵੈਦਿਕ / ਐ, ਔ / ਦੀ ਧੁਨੀਆਤਮਕ ਪ੍ਰਕਿਰਤੀ ਪੰਜਾਬੀ ਵਰਗੀ ਹੀ ਹੈ ਜਿਸ ਨੂੰ ਪੰਜਾਬੀ ਨੇ ਜੁਗ-ਜੁਗੰਤਰਾਂ ਵਿਚ ਸਾਂਭ ਰਖਿਆ ਹੈ।

ਵਿਆਕਰਣ ਤੇ ਰੂਪ-ਤੱਤ :

ਪੰਜਾਬੀ ਵਿਆਕਰਣ ਅਤੇ ਸ਼ਬਦਾਵਲੀ ਵਿਚ ਅਜੇਹੇ ਹਜ਼ਾਰਾਂ ਹੀ ਭਾਸ਼ਾ-ਤੱਤ ਹਨ ਜਿਹੜੇ ਤਦਭਵ-ਜਾਂ ਵਿਗੜੇ ਹੋਏ ਰੂਪ ਸੰਸਕ੍ਰਿਤ ਦੇ ਵਿਰਸੇ ਦੀ ਸ਼ਕਲ ਵਿਚ ਮੌਜੂਦ ਹਨ। ਇਹ ਕੋਈ ਅਣਹੋਣੀ ਗੱਲ ਵੀ ਨਹੀਂ ਕਹੀ ਜਾ ਸਕਦੀ। ਆਪਣੇ ਖਾਨਦਾਨ ਦੇ ਨਿਸ਼ਾਨ ਮਿਟਾਏ ਵੀ ਨਹੀਂ ਮਿਟਦੇ। ਮੋਟੀਆਂ ਮੋਟੀਆਂ ਸਾਂਝਾਂ ਤੇ ਵਿਚਾਰ ਕਰਦੇ ਹਾਂ।

ਮੂਲ ਧਾਤੂ

ਪੰਜਾਬੀ ਦੇ ਧਾਤੂ ਰੂਪ (ਮੂਲ ਜੜ) ਲਗ ਭਗ ਸਾਰੇ ਦੇ ਸਾਰੇ ਸੰਸਕ੍ਰਿਤ ਵਿਚ ਲਭੇ ਜਾ ਸਕਦੇ ਹਨ। ਪ੍ਰੋ. ਸ਼ਿਆਮ ਦੇਵ ਪਰਾਸ਼ਰ ਨੇ ਪਿਛੇ-ਨਿਰਦੇਸ਼ਿਤ ਲੇਖ ਵਿਚ ਸੈਂਕੜੇ ਹੀ ਧਾਤੂ ਖੋਜ ਲੱਭੇ ਹਨ ਜਿਹੜੇ ਸੰਸਕ੍ਰਿਤ ਤੋਂ ਉਤਪੰਨ ਹਨ। ਵੰਨਗੀ ਵਜੋਂ ਕੁਝ ਦਿਤੇ ਜਾਂਦੇ ਹਨ :

ਪੰਜਾਬੀ	ਸੰਸਕ੍ਰਿਤ	ਪੰਜਾਬੀ	ਸੰਸਕ੍ਰਿਤ
ਉੱਸਰਨਾ	ਉਤ ਸਰਣ	ਸਿਰਜਣਾ	ਸਰਜਨ
		ਸਿਊਣਾ	ਸੀਵਨ
ਉੱਖਲਣਾ	ਉਤਖਨਨ	ਸੁੱਕਣਾ	ਸੁਸ਼ਕ, ਖੁਸ਼ਕ
ਉੱਘੜਨਾ	ਉਦਘਟਨ	ਸੁੱਜਣਾ	ਸੁਸੁਜਾਨ (ਵੇਦ)
ਉੱਗਣਾ	ਉਦਗਮਨ	ਸਹਿਣਾ	ਸਹਨ
ਉੱਜੜਨਾ	ਉੱਜਰਣ	ਸੌਂਪਣਾ	ਸਮਰਪਣ
ਉੱਠਨਾ	ਉੱਥਾਨ	ਹਿੜਕਨਾ	ਹਿੱਕਨ
ਉੱਬਲਣਾ	ਉਦਵਲਨ	ਹੁੰਝਨਾ	ਉਂਛਨ
ਉਲੱਰਨਾ	ਉਲੱਲਲਨ	ਕੱਟਣਾ	ਕ੍ਰਿੰਤਨ
ਆਖਣਾ	ਆਖਜਾਨ	ਕੱਤਣਾ	ਕਰਤਨ
ਆਫਰਨਾ	ਆਸਫਰਣ	ਕੜਨਾ	ਕਵਥਨ
ਸੰਗਣਾ	ਸ਼ੰਕਨ	ਕੁਸਕਣਾ	ਕੁੰਸਨ
ਸੱਦਣਾ	ਸ਼ਬਦਨ	ਕੁੱਟਣਾ	ਕੁੱਟਨ
ਸਮੌਣ	ਸਮਨਵਯਨ	ਕੁੜ੍ਹਨਾ	ਕ੍ਰੋਧਨ
ਸਿੰਜਣਾ	ਸਿੰਚਨ	ਕੂਕਣਾ	ਕੂਜਨ
ਸਿੰਜਰਨਾ	ਸੰਚਰਣ	ਕੋਸਣਾ	(ਆ) ਕ੍ਰੋਸ਼ਨ
ਸੁੰਗੜਨਾ	ਸੰਕੁਚਨ		
ਖੰਘਾਲਣਾ	ਸੰਕਸ਼ਾਲਨ	ਛੱਟਣਾ	ਛੰਪਨ
ਖੰਘਣਾ	ਕਾਸਨ	ਟੰਗਣਾ	ਟੰਕਨ
ਖਿਸਕਣਾ	ਸ਼ਸ਼ਕਨ	ਡੱਸਣਾ	ਦੰਸ਼ਨ
ਖਿਝੱਣਾ	ਖੇਦਨ	ਡੁਬੱਣਾ	ਬਰੁਡਨ
ਖੁਣਨਾ	ਉਤਖਨਨ	ਢਾਹੁਣਾ	ਧ੍ਵੰਸ਼ਨ
ਖੁਰਚਣਾ	ਖਰਜਨ	ਢੁੱਕਣਾ	ਢੌਂਕਨ
ਖੋਤਣਾ	ਕਸ਼ੋਦਨ	ਤੱਛਣ	ਤਕਸ਼ਣ
ਖੋਰਨਾ, ਖੁਰਨਾ	ਕਸ਼ਰਣ	ਤਾੜਨਾ	ਤਾਡਨ
ਖੋਲਣਾ	ਕਸ਼ਵੇਲਨ	ਤੁੰਨਣਾ	ਤੋਦਨ

ਗੱਜਣਾ	ਗਰਜਨ	ਥੰਮ੍ਹਣਾ	ਸਤੰਭਨ
ਗੰਢਣਾ	ਗ੍ਰੰਥਨ	ਦੱਬਣਾ	ਦਮਨ
ਗੂੰਜਣਾ	ਗੂੰਜਨ	ਦਿੱਸਣਾ	ਦਰਸ਼ਨ
ਘਸਣਾ	ਘਰਸ਼ਣ	ਦੋਹਣਾ	ਦੋਹਨ
ਘਚੱਲਣਾ	ਘਰਸ਼ਣ	ਧ੍ਰਖਣਾ	ਧ੍ਰਕਸ਼ਣ
ਘਰੋੜਨਾ	ਕਸ਼ੋਰਣ	ਨਹਾਉਣ	ਸਨਾਨ
ਘੂਰਨਾ	ਘੂਰਣਨ	ਨਿਗਲਣਾ	ਨਿਗਰਣ
ਚੱਖਣਾ	ਚਸ਼ਣ	ਨਿਬੜਨਾ	ਨਿਰਵਰਤਨ
ਚੰਡਣਾ	ਚੰਡਨ	ਪਸੱਮਣਾ	ਪ੍ਰਸੂਵਣ
ਚੱਬਣਾ	ਚ੍ਰਵਣ	ਪੁੱਟਣਾ	ਉਤਪਾਟਨ
ਚੂੰਡਣਾ	ਚੁੰਡਨ	ਫਰੋਲਣ	ਪਰਿਲੋਲਨ
ਚੁਸਣਾ	ਚੂਸ਼ਣ	ਫੰਦਣਾ	ਸਫੰਦਨ
ਛਣਨ	ਕਸ਼ਨਨ	ਬਹਿਣਾ	ਉਪਵਿਸਨ
ਛਿੱਜਣਾ	ਛੇਦਨ	ਬੰਨ੍ਹਣਾ	ਬੰਧਨ
ਛਿੜਕਣਾ	ਕਸ਼ੇਰਣ	ਬੁਝਣਾ	ਬੋਧਨ
ਛੇੜਨਾ	ਚੇਸ਼ਟਨ	ਬੁਣਨਾ	ਵਯਨ
ਜਕਣਾ	ਸ਼ੰਕਨ	ਭੱਜਣਾ	ਭੰਜਨ
ਜਾਣਨਾ	ਗਿਆਨ		
ਜਾਣਾ	ਯਾਨ	ਭਿੜਨਾ	ਭੇਦਨ
ਜੁਟਣਾ	ਜੋਟਨ	ਭੁੰਨਣਾ	ਭ੍ਰਜਨ
ਜੁੜਨਾ	ਜੁਡਨ	ਭੌਣਾ	ਭ੍ਰਮਣ
ਥੜਕਣਾ	ਵ੍ਹਿੰਹਣ	ਮੜ੍ਹਨਾ	ਮੰਡਨ
ਵਿਸਮਣਾ	ਵਿਸ਼ਰਮਣ	ਮੁੰਨਣਾ	ਮੁੰਡਨ
ਵੇਖਣਾ	ਵੇਕਸ਼ਣ, ਪ੍ਰੇਕਸ਼ਣ	ਰੰਦਣਾ	ਰੰਦਨ
ਲੰਘਣਾ	ਲੰਘਨ	ਗੜ੍ਹਨਾ	ਗਧਨ
ਰੋਲਨ	ਲੋਲਨ	ਰਿੰਨ੍ਹਣਾ	ਰੰਧਨ

ਗੱਲ ਕੀ ਪੰਜਾਬੀ ਦੇ ਮੂਲ ਧਾਤੂ ਸਾਰੇ ਦੇ ਸਾਰੇ ਸੰਸਕ੍ਰਿਤ ਦੇ ਧਾਤੂਆਂ ਵਿਚ ਮਿਲ ਜਾਂਦੇ ਹਨ। ਪੰਜਾਬੀ ਦਾ ਸ਼ਾਇਦ ਹੀ ਕੋਈ ਕ੍ਰਿਆ ਮੂਲ ਹੋਵੇ ਜਿਹੜਾ ਗੈਰ-ਸੰਸਕ੍ਰਿਤ ਸੋਮੇ ਤੋਂ ਆਇਆ ਹੋਵੇ। ਇਹ ਠੀਕ ਹੈ ਕਿ ਸੰਸਕ੍ਰਿਤ ਤੋਂ ਪ੍ਰਾਕ੍ਰਿਤਾਂ ਤੇ ਅਪਭ੍ਰੰਸ਼ਾਂ ਰਾਹੀਂ ਕਈ ਧਾਤੂ ਤਦਭਵ ਜਾਂ ਵਿਕਾਰੀ ਰੂਪ ਵਿਚ ਪ੍ਰਚਲਿਤ ਹੋਏ ਪਰ ਜੇ ਪੁੱਟ ਕੇ ਜੜ੍ਹ ਵੇਖਦੇ

ਜਾਈਏ ਤਾਂ ਸੰਸਕ੍ਰਿਤ ਵਿਚ ਮਿਲ ਜਾਂਦੀ ਹੈ। ਫਾਰਸੀ/ਅਰਬੀ ਦੇ ਪੰਜ—ਚਾਰ ਹੀ ਧਾਤੂ ਅਸੀਂ ਗਿਣੇ ਹਨ ਜਿਹੜੇ ਪਿਛਲੀਆਂ ਸਦੀਆਂ ਵਿਚ ਪੰਜਾਬੀ ਵਿਚ ਰਚੇ ਮਿਚੇ ਹਨ। ਮਿਸਾਲ ਵਜੋਂ ਕਬੂਲਣਾ (ਅਰਬੀ : ਕਬੂਲ), ਮਹਿਸੂਸਣਾ।

ਕ੍ਰਿਆ ਰੂਪ

ਪੰਜਾਬੀ ਦੇ ਕ੍ਰਿਆਰੂਪਾਂ ਖਾਸ ਕਰਕੇ ਸਹਾਇਕ ਕ੍ਰਿਆ ਰੂਪਾਂ ਦਾ ਵਿਕਾਸ ਵੀ ਸੰਸਕ੍ਰਿਤ ਵਿਚ ਢੂੰਢਿਆ ਜਾ ਸਕਦਾ ਹੈ ਪਰ ਸਪਸ਼ਟ ਤੌਰ ਤੇ ਨਹੀਂ। ਸਾਂਝ ਦੀ ਝਲਕ ਪੈਂਦੀ ਹੈ :

ਸੰਸਕ੍ਰਿਤ	ਪੰਜਾਬੀ	
ਅਸਤਿ	ਹੈ	
ਅਸਿ	ਹੋ	
ਅਸਮਿ	ਹਾਂ	
ਅ ਸੀਤ	ਸੀ	
ਆਸਮ	ਸਨ	
ਚਲਿਸ਼ਯਤਿ	ਚਲਸੀ	(ਲਹਿੰਦੀ ਪੰਜਾਬੀ)
ਚਲਿਸ਼ਯੰਤਿ	ਚਲਸਨ	"
ਚਲਿਸ਼ਯਾਮਿ	ਚਲਸਾਂ	"

ਲੋਟ ਕ੍ਰਿਆ (ਆਗਿਆ ਬੋਧਕ)

ਪੰ.	ਸੰ.	ਪੰ.	ਸੰ.
ਤਰ	ਤਰ	ਚੁੰਮ	ਚੁੰਬ
ਲੰਘ	ਲੰਘ	ਮੀਚ	ਮੀਲ
ਨਿੰਦ	ਨਿੰਦ	ਬੜ੍ਹ	ਵਰਹ
ਚਰ	ਚਰ	ਤੱਛ	ਤਕਸਵ
ਚਲ	ਚਲ	ਸੋਹ	ਸਹਸਵ
ਖੇਲ	ਕ੍ਰੀੜ	ਦੋਹ	ਦੋਹਿ
ਹਰ	ਹਰ	ਕੁੜ੍ਹ	ਕਰੁਪਯ
ਸਿਖ	ਸ਼ਿਖ	ਬੁੱਜ	ਬ੍ਰਿਜ
		ਟੁੱਟ	ਤਰੁਟ

ਇੱਛਾਰਥਕ (ਵਿਧੀ ਲਿਙ)

ਪੰਜਾਬੀ	ਸੰਸਕ੍ਰਿਤ
ਉੱਸਰੇ	ਉਤਸਰੇਤ
ਉੱਛਲੇ	ਉੱਚਲੇਤ
ਉੱਠੇ	ਉੱਤਿਸ਼ਠੇਤ
ਸਹੇ	ਸਹੇਤ
ਜੀਵੇ	ਜੀਵਯੇਤ
ਹੱਸੇ	ਹਸੇਤ
ਤਪੇ	ਤਪੇਤ
ਪੁੱਛੇ	ਪ੍ਰਿਛੇਤ
ਪੂਰੇ	ਪੂਰਯੇਤ

ਉਪਸਰਗ (prefix)

ਸੰਸਕ੍ਰਿਤ ਦੇ ਬਹੁਤ ਸਾਰੇ ਉਪਸਰਗ ਭਿੰਨ ਭਿੰਨ ਸ਼ਕਲਾਂ ਅੰਦਰ ਪੰਜਾਬੀ ਸ਼ਬਦਾਂ ਦੇ ਮੁੱਢ ਵਿਚ ਮਿਲਦੇ ਹਨ :

ਵਿ—ਵਿੱਸਰਨਾ,
ਪਰਿ—ਭਰਪੂਰ
ਵਿ—ਵਿਜੋਗ
ਪ੍ਰਤਿ—ਪੜਛਾਵਾਂ
ਪਰਿ—ਪਰਕਰਮਾ
ਨਿਸ—ਨਿੱਸਰਨਾ
ਨਿ—ਨਿਸੰਗ
ਦੁਸ—ਦੁਪਿਆਰ
ਸਮ—ਸਨਮੁਖ
ਸਮ—ਸੰਪੂਰਨ
ਅਵ—ਔਗਣ
ਅਤਿ—ਅਤਿਆਚਾਰ
ਅਵ—ਉਤਰਨਾ

ਕ੍ਰਿਦੰਤ ਰੂਪ।

ਪੰ.	ਸੰ.	ਪੰ.	ਸੰ.
ਕੀਤਾ	ਕ੍ਰਿਤਹ	ਨ੍ਹਾਤਾ	ਸਨਾਤਹ
ਧੋਤਾ	ਧੌਤਹ	ਸੁੱਤਾ	ਸੁਪਤਹ
ਡਿੱਠਾ	ਦ੍ਰਿਸ਼ਟਹ	ਤੱਤਾ	ਤਪਤਹ

ਦਿੱਤਾ	ਦੱਤਹ	ਪੀਠਾ	ਪਿਸ਼ਟਹ
ਨੱਠਾ	ਨਸ਼ਟਹ	ਬੱਧਾ	ਬੱਧਹ
ਲੱਧਾ	ਲਬਧਹ	ਜਿਤਾਤਾ	ਸਜਞਾਤਹ
ਖਾਧਾ	ਖਾਦਿਤਹ		

ਸਮਾਸ।

ਪੰਜਾਬੀ ਦੇ ਦੂਹਰੇ ਸਮਾਸ ਵੀ ਵੈਦਿਕ ਸੰਸਕ੍ਰਿਤ ਦੇ ਯਾਦਗਾਰੀ ਚਿੰਨ੍ਹ ਹਨ। ਪੰਜਾਬੀ ਵਿਚ ਕਹਿੰਦੇ ਹਨ :

ਡੰਡੇ ਡੰਡੀ	ਦੰਡਾ ਦੰਡਿ
ਮੁਕੋ ਮੁਕੀ	ਮੁਸ਼ਟ ਮੁਸ਼ਟਿ
ਕੇਸ਼ਾ ਕੇਸੀ	ਕੇਸ਼ਾ–ਕੇਸ਼ਿ
ਹਥੋ ਹੱਥੀ	ਹਸਤ (?)

ਪੋਠੋਹਾਰੀ ਦੇ ਸਮਾਸੀ ਦੂਹਰੇ ਰੂਪ ਘੱਲਮਘੱਲਾ (ਕੱਲਮ ਕਲਾ) ਆਦਿ ਦੂਹਰੇ ਸਮਾਸੀ ਰੂਪਾਂ ਦੇ ਹੀ ਅਜੋਕੇ ਰੂਪ ਹਨ।

ਸੰਜੋਗਾਤਮਕ ਰੁਚੀ

ਪੰਜਾਬੀ ਵਿਚ ਅਜੇ ਵੀ ਸੰਸਕ੍ਰਿਤ ਵਾਲੀ ਸੰਜੋਗਾਤਮਕ ਰੁਚੀ ਖਾਸੀ ਸਾਰੀ ਮਿਲਦੀ ਹੈ ਜਿਹੜੀ ਕਿ ਹਿੰਦੀ ਆਦਿ ਬੋਲੀਆਂ ਵਿਚ ਲਗ ਭਗ ਗਾਇਬ ਹੈ। ਪੰਜਾਬੀ ਦੇ ਕਾਰਕ-ਅੰਤਕ ਸ਼ਬਦ ਵੇਖੋ :

ਪੰ.	ਸੰ.	ਹਿੰਦੀ	ਕਾਰਕ/ਕ੍ਰਿਆ
ਘਰੋਂ	ਗ੍ਰਿਹਾਤ	ਘਰ ਸੇ	ਅਪਾਦਾਨ
ਘਰੇ	ਗ੍ਰਿਹੇ	ਘਰ ਮੇਂ	ਅਧਿਕਰਣ
(ਘਰੇ) ਘਰੀਂ	ਗ੍ਰਿਹੇ	ਘਰ ਮੇਂ	ਅਧਿਕਰਣ
ਚੱਲਸੀ (ਲਹਿੰਦੀ)	ਚਲਿਸ਼ਯਤਿ	ਚਲੇਗਾ	ਭਵਿਖਤ ਕ੍ਰਿਆ
ਕਰਸੀ ,,	ਕ੍ਰਿਸ਼ਯਤਿ	ਕਰੇਗਾ	,, ,,

ਸ਼ਬਦਾਵਲੀ

ਪੰਜਾਬੀ ਦੇ ਹਜ਼ਾਰਾਂ ਹੀ ਸ਼ਬਦ ਸੰਸਕ੍ਰਿਤ ਦੀ ਉਪਜ ਹਨ। ਪਰ ਵੇਖਣ-ਯੋਗ ਗੱਲ ਇਹ ਹੈ ਕਿ ਪੰਜਾਬੀ ਵਿਚ ਅਜੇਹੇ ਕਾਫੀ ਸ਼ਬਦ ਹਨ ਜਿਨ੍ਹਾਂ ਦੇ ਮੂਲ ਵੈਦਿਕ ਸੰਸਕ੍ਰਿਤ

ਤੋਂ ਮਿਲਦੇ ਹਨ ਅਤੇ ਜਿਨ੍ਹਾਂ ਦੇ ਸਮਰੂਪ ਕਲਾਸੀਕਲ ਸੰਸਕ੍ਰਿਤ ਵਿਚ ਨਹੀਂ ਮਿਲਦੇ।

ਮਲਵਈ ਉਪਭਾਖਾ ਵਿਚ ਅਸੀਂ 'ਬਾਰ' ਬੂਹੇ ਜਾਂ ਦਰ ਦੇ ਅਰਥ ਵਿਚ ਬੋਲਦੇ ਹਾਂ। ਹਿੰਦੀ ਵਿਚ ਇਹ ਸ਼ਬਦ ਵਖਰੇ ਤੌਰ ਤੇ ਨਹੀਂ ਵਰਤਿਆ ਜਾਂਦਾ ਪਰ ਸਮਾਸ ਰੂਪ (ਘਰ ਬਾਰ ਛੱਡ ਕਰ) ਵਿਚ ਕਿਤੇ ਕਿਤੇ ਮਿਲਦਾ ਹੈ। ਇਸ ਦਾ ਐਨ ਮੂਲ ਰੂਪ ਰਿਗਵੇਦ ਦੇ ਇਕ ਸਮਾਸ "ਨੀਚੀਨ ਬਾਰੰ = "with mouth down" ਵਿਚ ਮਿਲਦਾ ਹੈ। ਕਲਾਸੀਕਲ ਵਿਚ 'ਬਾਰ' ਨਹੀਂ ਮਿਲਦਾ ਉਥੇ, ਦਵਾਰ, ਮੁਖ, ਮਿਲਦੇ ਹਨ। ਇਸ ਤਰ੍ਹਾਂ ਅਸੀਂ ਸਾਲ ਜਾਂ ਵਰ੍ਹੇ ਦੇ ਅਰਥ ਵਿਚ 'ਸਮਾ' ਵਰਤਦੇ ਹਾਂ (ਐਤਕੀਂ ਸਮਾਂ ਚੰਗਾ ਲਗਿਆ ਹੈ =ਅਰਥਾਤ ਇਸ ਸਾਲ ਫਸਲਾਂ ਆਦਿ ਚੰਗੀਆਂ ਹੋਈਆਂ ਹਨ)। ਇਹ 'ਸਮਾ' ਰਿਗਵੈਦਿਕ ਸ਼ਬਦ ਹੈ। ਪ੍ਰੋ. ਪਰਾਸ਼ਰ ਨੇ ਪੰਜਾਬੀ ਵਿਚ ਕਈ ਵੈਦਿਕ ਸ਼ਬਦ ਲਭੇ ਹਨ :—

ਊੱਦਾ	:	ਅਮੁਥਾ	ਸੁਹਾਨ	:	ਸੁਭਾਨ
ਅੱਕਨਾ	:	ਅਕਮ	ਸੁਜਾਖਾ	:	ਸੁਚਕਸ਼ਾ
ਐਹਰਨ	:	ਅਧਿਕਰਣੀ	ਹੁੱਥ	:	ਉਕਥ
ਇੱਦਾ	:	ਇੱਥਾ	ਹੇਕ	:	ਹੇਕ
ਇੰਨੂੰ	:	ਇੰਡਵ	ਖੰਭਾ	:	ਸਕੰਭ
ਸਾਈ	:	ਸਾਤਿ (ਪੇਸ਼ਗੀ)	ਛੇਜੀ	:	ਗੰਜੀਰ
ਸਾਕ	:	ਸੂਕ	ਚੱਪਣੀ	:	ਚਪੱਯ
ਸਾਤਾ	:	ਜਾਪਤ	ਚਿੱਟਾ	:	ਚਿਤ੍ਰ
ਸਿੱਧਰ	:	ਸਿਧ੍ਰ	ਜਬਰੋ	:	ਜਿਵ੍ਰਿ (ਬ੍ਰਿਧ ਤੀਵੀਂ)
ਮੇਖ	:	ਮਯੂਖ	ਟੱਡਣਾ	:	ਤਰਦਨ
ਭੀੜਾ	:	ਵੀਡ	ਥੱਪੜ	:	ਪ੍ਰਿਥ
ਨਿਆਣਾ	:	ਨਿਦਾਨ (ਰੱਸੀ)	ਪੱਲਾ	:	ਪੂਲਯ

ਵਾਕ ਸ਼ੈਲੀ

ਵਾਕ-ਰਚਨਾ ਵਿਚ ਵੀ ਪੰਜਾਬੀ ਤੇ ਸੰਸਕ੍ਰਿਤ ਅਦੁਤੀ ਸਾਂਝ ਹੈ। ਸੰਸਕ੍ਰਿਤ ਵਿਚ ਵਿਸ਼ੇਸ਼ਯ (noun) ਦੇ ਅਨੁਸਾਰ ਵਿਸ਼ੇਸ਼ਣ (adjective) ਰੂਪ ਬਦਲਦੇ ਹਨ। ਜੇਕਰ ਵਿਸ਼ੇਸ਼ਯ ਇਕ ਵਚਨ ਹੈ ਤਾਂ ਵਿਸ਼ੇਸ਼ਣ ਵੀ ਇਕ ਵਚਨ ਹੋਣਗੇ ਅਤੇ ਜੇਕਰ ਬਹੁ ਵਚਨ ਹੈ ਤਾਂ ਵਿਸ਼ੇਸ਼ਣ ਵੀ ਬਹੁ ਵਚਨ ਹੋਣਗੇ। ਪੰਜਾਬੀ ਵਿਚ ਵੀ ਇਹੋ ਰੀਤ ਹੈ। ਪਰੰਤੂ ਉਰਦੂ, ਹਿੰਦੀ ਆਦਿ ਬਾਕੀ ਹਿੰਦ-ਅਰੀਆਈ ਭਾਸ਼ਾਵਾਂ ਵਿਚ ਵਿਸ਼ੇਸ਼ਯ ਇਕ ਵਚਨ ਹੀ ਰਹਿੰਦੇ ਹਨ ਭਾਵੇਂ ਵਿਸ਼ੇਸ਼ਣ ਇਕ ਵਚਨ ਹੋਵੇ ਜਾਂ ਬਹੁਵਚਨ। ਜਥਾ:—

ਸੰਸਕ੍ਰਿਤ	ਪੰਜਾਬੀ
ਪੀਤਾਨਿ ਹਰਿਤਾਨਿ ਐਂਬਰਾਨਿ	ਪੀਲੇ ਪੀਲੇ ਹਰੇ ਹਰੇ ਲੀੜੇ – ਲੱਤੇ (ਬਹੁਵਚਨ)
ਪੀਤੰ ਹਰਿਤੰ ਅੰਬਰੰ	ਪੀਲਾ – ਪੀਲਾ ਹਰਾ – ਹਰਾ ਲੀੜਾ – ਲੱਤਾ (ਇਕਵਚਨ)

ਇਸ ਸਾਰੇ ਵਿਚਾਰ—ਵਿਮਰਸ਼ ਤੋਂ ਅਸੀਂ ਇਸ ਸਿਟੇ ਤੇ ਅਪੜਦੇ ਹਾਂ ਕਿ ਪੰਜਾਬੀ ਤੇ ਸੰਸਕ੍ਰਿਤ ਦਾ ਬਹੁਤ ਗੂੜ੍ਹਾ ਰਿਸ਼ਤਾ ਹੈ ਅਤੇ ਇਹ ਜਨਨੀ–ਜਾਈ ਵਾਲਾ ਹੈ। ਕਈ ਵਿਦਵਾਨ ਇਹ ਮਤ ਪੇਸ਼ ਕਰਦੇ ਹਨ ਕਿ ਪੰਜਾਬੀ]ਦੀ ਜਨਨੀ ਸੰਸਕ੍ਰਿ ਤ ਨਹੀਂ ਬਲਕਿ ਵੈਦਿਕ ਪ੍ਰਾਕ੍ਰਿਤ ਹੈ। ਇਹ ਮਤ ਬਿਲਕੁਲ ਵਿਚਾਰ–ਯੋਗ ਹੈ। ਅਸੀਂ ਵੀ ਇਸ ਮਤ ਨਾਲ ਸਹਿਮਤ ਹਾਂ। ਸਾਡੀ ਵੀ ਮੁਰਾਦ ਇਹੋ ਹੈ। ਸੰਸਕ੍ਰਿਤ ਤੋਂ ਮੁਰਾਦ ਵੈਦਿਕ-ਸੰਸਕ੍ਰਿਤ ਲਈ ਗਈ ਹੈ ਕਿਉਂਕਿ ਕਲਾਸੀਕਲ ਸੰਸਕ੍ਰਿਤ ਤਾਂ ਪਾਣਿਨੀ ਤੋਂ ਬਾਅਦ ਅਣ-ਬਦਲੇ ਤੇ ਸਥਿਰ ਰੂਪ ਵਿਚ ਹੀ ਚਲੀ ਆ ਰਹੀ ਹੈ। ਵੈਦਿਕ ਸੰਸਕਿਤ ਨੂੰ ਵੈਦਿਕ ਪ੍ਰਾਕ੍ਰਿਤ ਕਹਿ ਲਵੋ, ਗੱਲ ਇਕੋ ਹੀ ਹੈ। ਇਸੇ ਲਈ ਪੰਜਾਬੀ ਦਾ ਜ਼ਿਆਦਾ ਟਾਕਰਾ ਵੈਦਿਕ ਭਾਸ਼ਾ ਨਾਲ ਹੀ ਕੀਤਾ ਜਾਂਦਾ ਹੈ। ਵੈਦਿਕ ਭਾਸ਼ਾ ਦਾ ਸਾਹਿਤ 500 ਪੂ, ਈ. ਤਕ ਰਚਿਆਂ ਜਾਂਦਾ ਰਿਹਾ ਹੈ। ਇਸ ਲਈ ਵੈਦਿਕੀ ਦੇ ਸਾਡੇ ਪਾਸ ਵੇਦ, ਉਪਨਿਸ਼ਦ; ਬ੍ਰਾਹਮਣਗ੍ਰੰਥ, ਆਰਣਯਕ, ਛੇ ਅੰਗ, ਜਯੋਤਿਸ਼, ਨਿਰੁਕਤ, ਧੁਨੀ-ਵਿਗਿਆਨ, ਕਲਪਸੂਤ੍ਰ ਮਹਾਭਾਰਤ, ਰਾਮਾਇਣ, ਆਦਿ ਬੇਅੰਤ ਸਾਹਿਤਕ ਗ੍ਰੰਥ ਹਨ ਜਿਨ੍ਹਾਂ ਨਾਲ ਅਜ ਅਸੀਂ ਪੰਜਾਬੀ ਦੀ ਤੁਲਨਾ ਕਰ ਸਕਦੇ ਹਾਂ।

ਪੰਜਾਬੀ ਇਕ ਦ੍ਰਾਵੜੀ ਭਾਸ਼ਾ : ਪਾਕਿਸਤਾਨੀ ਸਿਧਾਂਤ

ਪਾਕਿਸਤਾਨ ਦੇ ਇਕ ਉਰਦੂ ਵਿਦਵਾਨ ਐਨਲਹਕ ਫਰੀਦਕੋਟੀ[1] ਦੀ ਲਿਖੀ ਪੁਸਤਕ 'ਉਰਦੂ ਜ਼ਬਾਨ ਕੀ ਕਦੀਮ ਤਾਰੀਖ਼' ਮੇਰੀ ਨਿਗਾਹ ਵਿਚੋਂ ਗੁਜ਼ਰੀ ਹੈ। ਫ਼ਾਜ਼ਿਲ ਲਿਖਾਰੀ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਪੰਜਾਬੀ ਭਾਸ਼ਾ ਦ੍ਰਾਵਿੜੀ ਭਾਸ਼ਾ ਚੋਂ ਨਿਕਲੀ ਹੈ। ਜਨਾਬ ਫਰੀਦਕੋਟੀ ਨੇ ਲਿਖਿਆ ਹੈ ਕਿ ਰਿਸਾਲਾ **'ਪੰਜਾਬੀ ਅਦਬ'** ਅਕਤੂਬਰ 1960 ਈ. ਲਾਹੌਰ ਵਿਚ ਮੇਰਾ ਇਕ ਲੇਖ 'ਪੰਜਾਬੀ ਜ਼ਬਾਨ ਦੀਆਂ ਜੜ੍ਹਾਂ' ਦੇ ਸਿਰਲੇਖ ਹੇਠ ਛਪਿਆ ਸੀ। ਇਸ ਮਜ਼ਮੂਨ ਦੀ ਤਮਹੀਦ ਵਿਚ ਲਿਖਿਆ ਸੀ :[2]

> 'ਪੰਜਾਬੀ ਜ਼ਬਾਨ ਦਾ ਸੰਸਕ੍ਰਿਤ ਦੀ ਲੜੀ ਦਸਿਆ ਜਾਣਾ ਕੋਈ ਅਨੋਖੀ ਗੱਲ ਨਹੀਂ ਸੀ ਕਿਉਂ ਜੋ ਅਜ ਤੋਂ ਥੋੜਾ ਚਿਰ ਪਹਿਲਾਂ ਸਾਡੇ ਦੇਸ਼ ਦੀ ਤਾਰੀਖ ਆਰੀਆ ਦੇ ਹੱਲੇ ਤੋਂ ਸ਼ੁਰੂਅ ਹੁੰਦੀ ਸੀ ਅਤੇ ਏਸ ਤੋਂ ਪਹਿਲਾਂ ਦੇ ਹਾਲ ਦਾ ਕੁਛ ਅਤਾ-ਪਤਾ ਨਹੀਂ ਮਿਲਦਾ ਸੀ। ਇਸ ਲਈ ਜਦੋਂ ਵੀ ਕੋਈ ਵਿਦਵਾਨ ਏਸ ਜ਼ਬਾਨ ਦੇ ਮੁੱਢ ਬਾਰੇ ਖੋਜ ਲਾਉਨ (ਣ)

1 ਐਨਲਹਕ ਫਰੀਦਕੋਟੀ : 'ਉਰਦੂ ਜ਼ਬਾਨ ਕੀ ਕਦੀਮ ਤਾਰੀਖ਼' ਪ੍ਰਕਾਸ਼ਕ ਅਰਸਲਾਨ ਪਬਲੀਕੇਸ਼ਨਜ਼ ਲਾਹੌਰ, ਪ੍ਰਕਾਸ਼ਿਤ ਜੂਨ 1972 ਈ.। ਡਾ. ਕਰਨੈਲ ਸਿੰਘ ਥਿੰਦ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਧੰਨਵਾਦ ਸਹਿਤ ਪ੍ਰਾਪਤ ਹੋਈ।

2 ਉਹੀ, ਪੰਨਾ 60 ਉਤੇ ਪੁਨਰ-ਅੰਕਿਤ।

ਦਾ ਜਤਨ ਕਰਦਾ ਤਾਂ ਉਹ ਆਰੀਆਂ ਦੇ ਹੱਲੇ ਤੇ ਆਕੇ ਰੁਕ ਜਾਂਦਾ ਸੀ ਪਰ ਹੁਨ (ਹੁਣ) ਜ਼ਮਾਨਾ ਬਦਲ ਚੁਕਿਆ ਏ। ਪੁਰਾਨੇ (ਣੇ) ਖੰਡਰਾਂ ਦੀ ਖੋਜ-ਭਾਲ ਕਰਨ ਵਾਲਿਆਂ ਦੀਆਂ ਕੁਦਾਲਾਂ ਨੇ ਕੋਟ ਦੇਅਬੀ ਮੋਇਨ ਜੋ ਦੜੋ, ਅਤੇ ਹੜੱਪਾ ਦੇ ਪੁਰਾਨੇ (ਣੇ) ਸ਼ਹਿਰਾਂ ਦੇ ਮੂੰਹ-ਮੱਥੇ ਤੋਂ ਜ਼ਮਾਨੇ ਦੀ ਮਕੜੀ ਦੇ ਬਨੇ (ਬਣੇ) ਹੋਏ ਘਨੇ (ਘਣੇ) ਜਾਲਿਆਂ ਨੂੰ ਲਾ ਸੁਟਿਆ ਏ। ਆਰੀਆਂ ਤੋਂ ਪਹਿਲਾਂ ਦੇ ਵਸਨੀਕ ਕਿਹੜੀ ਬੋਲੀ ਬੋਲਦੇ ਸਨ ਅਜੇ ਤਕਰ ਏਸ ਗੋਰਖ ਧੰਧੇ ਤੇ ਹੜੱਪਾ ਅਤੇ ਮੋਇਨ ਜੋ ਦੜੋ ਤੋਂ ਮਿਲਨ (ਣ) ਵਾਲੀਆਂ ਗੂੰਗੀਆਂ ਮੁਹਰਾਂ ਦੇ ਜੰਦਰੇ ਵੱਜੇ ਹੋਏ ਨੇ। ਮੈਂ ਇਹ ਕਹਿਵਾਂਗਾ ਪਈ ਮੁਹਰਾਂ ਤੇ ਕੁਝ ਵੀ ਲਿਖਿਆ ਹੋਵੇ ਸਾਡੇ ਸਾਹਮਣੇ ਓਸ ਜ਼ਬਾਨ ਦੀ ਖੋਜ ਲਾਉਨ (ਣ) ਲਈ ਇਕ ਦੂਸਰਾ ਰਾਹ ਵੀ ਖੁੱਲਾ ਹੋਇਆ ਏ ਅਤੇ ਉਹ ਵੀ ਸਾਡੀ ਆਪਣੀ ਜ਼ਬਾਨ ਜੀਹਦੇ ਵਿਚ ਅਜੇ ਤਕਰ ਓਸ ਬੀਤੇ ਹੋਏ ਸਮੇਂ ਦੀਆਂ ਨਸ਼ਾਨੀਆਂ ਬਾਕੀ ਹਨ।' (ਬ੍ਰੈਕਟਾਂ ਵਿਚ ਲਿਖੇ ਲਫਜ਼ ਸਹੀ ਹਨ, ਬਾਹਰ ਦਿਤੇ ਲਫਜ਼ ਉਰਦੂ ਅੱਖਰਾਂ ਵਿਚ ਹੋਣ ਕਰਕੇ ਸਹੀ ਨਹੀਂ ਹਨ ਕਿਉਂਕਿ ਉਰਦੂ ਲਿਪੀ ਵਿਚ ਣਾਣਾ ਅਖਰ ਲਈ ਕੋਈ ਚਿੰਨ੍ਹ ਨਹੀਂ ਹੈ)

ਜਨਾਬ ਫਰੀਦਕੋਟੀ ਨੇ ਇਸ ਪਿਛੋਕੜ ਵਿਚ ਇਸ ਸਿਧਾਂਤ ਨੂੰ ਰਖਕੇ ਦਰਾਵਿੜੀ, ਉਰਦੂ ਅਤੇ ਪੰਜਾਬੀ ਦੇ ਮੁਸ਼ਤਰਕਾ (ਸਾਂਝਾ) ਸਰਮਾਏ ਅਲਫਾਜ਼ ਦਾ ਜਾਇਜ਼ਾ ਪੇਸ਼ ਕੀਤਾ ਹੈ।

ਦਰਾਵਿੜੀ ਗਰੋਹ	ਪੰਜਾਬੀ	ਉਰਦੂ
ਮੁਕਮ, ਮੁਕਾ	ਮੁਖ, ਮੁਖੀਆ	ਮੁਖ
ਸੂੰਟ (ਚੁੰਜ)	ਸੁੰਡ	ਸੂੰਡ
ਤਾਲਾਈ, ਤਾਲਾ	ਤਾਲੂ	ਤਾਲੂਆ
ਕੜਤੂ	ਗਾਟਾ	ਗਰਦਨ
ਮਾਮਾਈ	ਮਾਈ	—
ਮਾਮਨ	ਮਾਮਾ	ਮਾਮੂੰ
ਵਟਵਾਈ	ਵਹੁਟੀ	—
ਕੁਟਮਾਈ	ਕੁੜਮਾਈ	—

ਨੀਰ	ਨੀਰ, ਪਾਣੀ	ਨੀਰ
ਰੋਟੀ	ਰੋਟੀ	ਰੋਟੀ
ਕੜੀ	ਕੜ੍ਹੀ	—
ਕੱਟੂ	ਖੱਟਾ (-ਟੀਟ)	ਖੱਟਾ
ਕਾਰਾ	ਖਾਰਾ	ਖਾਰੀ
ਕੋਪਾਰੀ	ਖੋਪਾ	ਖੋਪਰਾ
ਕੂੜਾ	ਘੜਾ	ਘੜਾ
ਕੋੜਾ	ਕੰਧ	ਦੀਵਾਰ
ਪਗਾ	ਪੱਗ	ਪਗੜੀ
ਕੱਚੁ	ਕੱਛ	ਕੱਛ
ਲਿੱਤਰ (ਬ੍ਰਾਹੂਈ)	ਲਿੱਤਰ	ਜੁੱਤੇ
ਪੱਟੁ	ਪੱਟ	ਰੇਸ਼ਮ
ਕੰਕਨੁ	ਕੰਗਣ	ਕੰਗਣ
ਮੋਤੂ	ਮੋਤੀ	ਮੋਤੀ
ਮੱਲ	ਮੱਲ	ਪਹਿਲਵਾਨ
ਕਾਰੁ	ਕਾਲਾ	ਕਾਲਾ
ਨੀਲੁ	ਨੀਲਾ	ਨੀਲਾ

ਇਨ੍ਹਾਂ ਟਾਕਰਿਆਂ ਤੋਂ ਇਹ ਸਾਬਤ ਕੀਤਾ ਹੈ ਕਿ 'ਦਰ ਅਸਲ ਪੰਜਾਬੀ ਜ਼ਬਾਨ ਕਾ ਧਾਰਾ ਦ੍ਰਾਵੜੀ ਸਰ-ਚਸ਼ਮੇਂ ਸੇ ਫੂਟਾ ਹੈ। ਇਸ ਸਿਲਸਿਲੇ ਮੇਂ ਸੰਸਕ੍ਰਿਤ ਕਾ ਕਿਰਦਾਰ ਸਿਰਫ ਇਸ ਹਦ ਤਕ ਮਹਦੂਦ ਹੈ ਕਿ ਇਸ ਨੇ ਇਸ ਕੇ ਲਗਵੀ ਸਰਮਾਯਾ ਕੋ ਗਹਰੇ ਤੌਰ ਪਰ ਮੁਤਾਸਰ ਕਿਯਾ ਹੈ' (ਵਰਕਾ ਨੰ. 62)।

ਸਮੁਚੇ ਰੂਪ ਵਿਚ ਐਨਲਹਕ ਦਾ ਇਹ ਸਿਧਾਂਤ ਹੈ ਕਿ ਪੰਜਾਬੀ, ਉਰਦੂ, ਸਿੰਧੀ ਅਤੇ ਮਗ਼ਰਬੀ ਪਾਕਿਸਤਾਨ ਦੀਆਂ ਮੁਲਤਾਨੀ, ਧੰਨੀ, ਪੰਠੋਹਾਰੀ, ਅਵਾਣਕਾਰੀ, ਹਿੰਦਕੀ ਆਦਿ ਸਥਾਨਕ ਬੋਲੀਆਂ (ਮੁਕਾਮੀ ਜ਼ਬਾਨੇਂ) ਦ੍ਰਾਵਿੜੀ ਭਾਸ਼ਾ ਦੀ ਉਪਜ ਹਨ ਸੰਸਕ੍ਰਿਤ ਦੀ ਨਹੀਂ। ਇਸ ਸਿਲਸਿਲੇ ਪਿਛੋਂ ਅਸੀਂ ਇਹੋ ਅਰਜ਼ ਕਰਾਂਗੇ ਕਿ ਦ੍ਰਾਵਿੜੀ ਭਾਸ਼ਾਵਾਂ (ਤਮਿਲ, ਮਲਿਆਲਮ, ਕੰਨੜ, ਤੇਲਗੂ, ਬ੍ਰਾਹੂਈ) ਦੇ ਕੁਝ ਸ਼ਬਦ ਖਾਸ ਕਰਕੇ ਨਾਂਵ ਤੇ ਵਿਸ਼ੇਸ਼ਣ ਲੈ ਕੇ ਅਤੇ ਉਨ੍ਹਾਂ ਦਾ ਟਾਕਰਾ ਕਰਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਨਾ ਕਿ ਪੰਜਾਬੀ ਦ੍ਰਾਵਿੜੀ ਭਾਸ਼ਾ ਹੈ, ਗ਼ੈਰ-ਵਿਗਿਆਨਕ ਤੇ ਗ਼ੈਰ-ਟਕਸਾਲੀ ਪ੍ਰਣਾਲੀ ਹੈ।

ਕਿਸੇ ਜ਼ਬਾਨ ਦੀ ਦੂਜੀ ਜ਼ਬਾਨ ਨਾਲ ਅਸਲੀ ਮੂਲਕ ਸਾਂਝ, ਕ੍ਰਿਆਵਾਂ, ਪੜਨਾਵਾਂ ਅਤੇ ਕਾਰਕੀ ਚਿੰਨ੍ਹਾਂ ਤੋਂ ਪਛਾਣੀ ਜਾ ਸਕਦੀ ਹੈ ਸਿਰਫ ਨਾਂਵਾਂ ਜਾਂ ਵਿਸ਼ੇਸ਼ਣਾਂ ਤੋਂ ਨਹੀਂ। ਦੂਜੀ ਗਲ ਸ੍ਰੀ ਫਰੀਦਕੋਟੀ ਨੇ ਜਿਹੜੀਆਂ ਮਿਸਾਲਾਂ ਦਿਤੀਆਂ ਹਨ ਉਨ੍ਹਾਂ ਸਾਰਿਆਂ ਲਫਜ਼ਾਂ ਦੀਆਂ ਜੜਾਂ ਸੰਸਕ੍ਰਿਤ ਹਨ। ਯਾਨੀ ਇਹ ਜਿੰਨੇ ਵੀ ਸ਼ਬਦ ਹਨ ਇਹ ਸੰਸਕ੍ਰਿਤ ਦੇ ਤਦਭਵ ਰੂਪ ਹਨ। ਇਨ੍ਹਾਂ ਦੇ ਸੰਸਕ੍ਰਿਤ ਰੂਪ ਇਹ ਹਨ :

ਮੁਖ , — , ਤਾਲੂ , ਗ੍ਰੀਵਾ , ਮਾਤ੍ਰਿ , ਮਾਮਨਾ ,
ਵਧੂਟੀ , — , ਨੀਰ , — , ਕਵਾਬ , ਕਟੂ ,
ਕਸ਼ਾਰ , — , ਘਟ , ਸਕੰਧ , — , ਕੁਕਸ਼ਿ ,
— , ਪੱਟ , ਕੰਕਨ , ਮੌਕਤਿਕ , ਮੱਲ , ਕਾਲਿਮਾ ,
ਨੀਲ ।

ਇਸ ਵਿਆਖਿਆ ਤੋਂ ਇਹ ਵੀ ਨਤੀਜਾ ਨਿਕਲ ਸਕਦਾ ਹੈ ਕਿ ਦ੍ਰਾਵਿੜੀ ਭਾਸ਼ਾ ਨੇ ਇਹ ਸ਼ਬਦ ਸੰਸਕ੍ਰਿਤ ਵਿਚੋਂ ਲੈ ਕੇ ਅਪਣਾਏ ਹਨ ਅਤੇ ਦ੍ਰਾਵਿੜੀ ਸੰਸਕ੍ਰਿਤ ਦੀ ਰਿਣੀ ਹੈ। ਨਾਲੇ ਜੇਕਰ ਉਰਦੂ ਜਾਂ ਪੰਜਾਬੀ ਦ੍ਰਾਵਿੜੀ ਹਨ ਤਾਂ ਉਰਦੂ ਦੀ ਇਕੋ ਸ਼ੈਲੀ ਤੇ ਵਿਆਕਰਣ ਵਾਲੀ ਦੂਜੀ ਮਸ਼ਹੂਰ ਤੇ ਹਿੰਦੁਸਤਾਨ ਦੀ ਕੌਮੀ ਭਾਸ਼ਾ **'ਹਿੰਦੀ'** ਕਿਉਂ ਨਾ ਦ੍ਰਾਵਿੜੀ ਹੋਵੇਗੀ। ਜੇ ਹਿੰਦੀ ਦ੍ਰਾਵਿੜੀ ਹੈ ਤਾਂ ਫਿਰ ਮਰਾਠੀ, ਗੁਜਰਾਤੀ, ਰਾਜਿਸਥਾਨੀ, ਉੜੀਆ, ਬੰਗਲਾ, ਆਸਾਮੀ, ਅਵਧੀ ਤਮਾਮ ਹਿੰਦ-ਆਰੀਆਈ ਜ਼ਬਾਨਾਂ ਕਿਵੇਂ ਆਰੀਆਈ ਹੋ ਸਕਦੀਆਂ ਹਨ। ਇਹ ਵੀ ਜ਼ਰੂਰ ਦ੍ਰਾਵਿੜੀ ਹੋਣਗੀਆਂ। ਤਾਂ ਫਿਰ ਸਾਰੇ ਭਾਰਤ ਵਿਚ ਹੀ ਦ੍ਰਾਵਿੜੀ ਭਾਸ਼ਾ ਪਰਿਵਾਰ ਹੈ ਸਿਰਫ ਦੱਖਣੀ ਭਾਰਤ ਵਿਚ ਹੀ ਕਿਉਂ ? ਸੰਸਕ੍ਰਿਤ ਅਤੇ ਸੰਸਕ੍ਰਿਤ-ਉਤਪੰਨ ਜ਼ਬਾਨਾਂ ਕਿਥੇ ਗਈਆਂ ?

ਬੜੀ ਹੈਰਾਨੀ ਦੀ ਗੱਲ ਹੈ ਕਿ ਜਨਾਬ ਫਰੀਦਕੋਟੀ ਨੇ ਕੋਈ ਨਵੀਂ ਗੱਲ ਕਹਿਣ ਦੀ ਖਾਤਰ ਇਹ ਗ਼ੈਰ-ਪੁਖ਼ਤਾ ਸਿਧਾਂਤ ਉਲੀਕਿਆ ਹੈ, ਹਕੀਕਤ ਇਹ ਨਹੀਂ ਹੈ। ਅਸਲ ਵਿਚ ਗੱਲ ਇਉਂ ਹੈ ਕਿ ਆਰੀਆ ਭਾਸ਼ਾ (ਸੰਸਕ੍ਰਿਤ, ਵੈਦਿਕ ਭਾਸ਼ਾ) ਦਾ ਦ੍ਰਾਵਿੜੀ ਕੌਮਾਂ ਤੇ ਜ਼ਬਾਨਾਂ ਨਾਲ ਸੰਘਣਾ ਮੇਲ ਹੋਇਆ ਹੈ। ਇਸ ਮੇਲ ਦੇ ਫਲ ਸਰੂਪ ਇਨ੍ਹਾਂ ਬੋਲੀਆਂ ਨੇ ਇਕ ਦੂਜੀ ਤੋਂ ਸੈਂਕੜੇ ਲਫ਼ਜ਼ ਉਧਾਰੇ ਲਏ ਹਨ। ਇਸ ਲਈ ਕੁਝ ਲਫ਼ਜ਼ਾਂ ਤੋਂ ਭੁਲੇਖਾ ਲਗ ਜਾਣਾ ਕੁਦਰਤੀ ਹੈ ਕਿ ਪੰਜਾਬੀ ਗ਼ੈਰ-ਆਰੀਆਈ ਅਤੇ ਦ੍ਰਾਵਿੜੀ ਅਸਲੇ ਦੀ ਭਾਸ਼ਾ ਹੈ।

ਇਤਿਹਾਸ ਵਿਚ ਇਸ ਤਰ੍ਹਾਂ ਦੇ ਭਾਸ਼ਾਈ ਮੇਲ ਹੋਏ ਹਨ ਪਰੰਤੂ ਬਿਗਾਨੀ ਤੇ ਭਿੰਨ-ਪਰਿਵਾਰੀ ਭਾਸ਼ਾ ਦੇ ਮੇਲ-ਜੋਲ ਨਾਲ ਕੋਈ ਸੁਦੇਸ਼ੀ ਭਾਸ਼ਾ ਆਪਣੀ ਅਸਲ-ਨਸਲ ਤਾਂ

ਨਹੀਂ ਤਿਆਗ ਸਕਦੀ। superstructure ਜੜ੍ਹ ਨਹੀਂ ਬਦਲ ਸਕਦਾ। ਇਤਿਹਾਸ ਵਿਚ ਕਈ ਵਾਕਿਆਤ ਮਿਲਦੇ ਹਨ। ਈਰਾਨ ਦੀਆਂ ਪਹਿਲਵੀ ਤੇ ਫ਼ਾਰਸੀ ਜ਼ਬਾਨਾਂ ਉੱਤੇ ਇਸਲਾਮ ਦੇ ਹਮਲੇ ਨਾਲ ਸਾਮੀ ਬੋਲੀਆਂ ਦਾ ਖ਼ੂਬ ਰੰਗ ਚੜ੍ਹਿਆ ਹੈ। ਈਰਾਨੀ ਬੋਲੀਆਂ ਆਰੀਆ ਹਨ, ਅਰਬੀ ਆਦਿ ਸਾਮੀ ਹਨ। ਬਾਵਜੂਦ ਇਸ ਡੂੰਘੇ ਅਸਰ ਦੇ ਅਤੇ ਹਜ਼ਾਰਾਂ ਦੀ ਤਾਦਾਦ ਵਿਚ ਅਰਬੀ ਨਸਲ ਦੇ ਸ਼ਬਦਾਂ ਦੇ, ਫ਼ਾਰਸੀ ਆਰੀਆ ਭਾਸ਼ਾ ਹੀ ਰਹੀ ਹੈ ਅਤੇ ਰਹੇਗੀ। ਇਸ ਹਕੀਕਤ ਨੂੰ ਕੋਈ ਝੁਠਲਾ ਨਹੀਂ ਸਕਦਾ।

ਭਾਸ਼ਾ-ਵਿਗਿਆਨਕ ਖੋਜ ਤੋਂ ਸਾਨੂੰ ਇਹੋ ਤ੍ਰਿਕਾਲ ਸੱਚ ਪ੍ਰਾਪਤ ਹੁੰਦਾ ਹੈ ਕਿ ਪੰਜਾਬੀ ਆਰੀਆ ਨਸਲ ਦੀ ਭਾਸ਼ਾ ਹੈ, ਇਸ ਦੀ ਉਤਪਤੀ ਕਿਸੇ ਦ੍ਰਾਵਿੜੀ ਭਾਸ਼ਾ ਵਿਚੋਂ ਨਹੀਂ ਹੋਈ। ਪੰਜਾਬੀ ਵਿਚ ਆਸਟ੍ਰਿਕ, ਨੀਗ੍ਰੀਟੋ, ਕਿਰਾਤ, ਦ੍ਰਾਵਿੜੀ ਅਸਲੇ ਵਾਲੇ ਸ਼ਬਦਾਂ ਦਾ ਦਾਖ਼ਲਾ ਸੰਭਵ ਹੈ। ਅਤੇ ਵੈਦਿਕ ਸੰਸਕ੍ਰਿਤ ਤੇ ਪੰਜਾਬੀ ਦਾ ਰਿਸ਼ਤਾ ਡੂੰਘਾ ਹੈ।

ਮੱਧਕਾਲੀ ਹਿੰਦ-ਆਰੀਆਈ ਭਾਸ਼ਾ

(Middle Indo-Aryans 500 B. C. to 1000 A. D.)

ਹਿੰਦ-ਆਰੀਆ ਭਾਸ਼ਾ ਦੇ ਵਿਕਾਸਾਤਮਕ ਇਤਿਹਾਸ ਦੇ ਪਹਿਲੇ ਕਾਲ (ਵੈਦਿਕ ਸੰਸਕ੍ਰਿਤ) ਬਾਰੇ ਚਰਚਾ ਕੀਤੀ ਜਾ ਚੁਕੀ ਹੈ। ਅਸੀਂ ਵੇਖਿਆ ਹੈ ਕਿ ਵੈਦਿਕ ਸੰਸਕ੍ਰਿਤ ਜਾਂ ਵੈਦਿਕ ਭਾਸ਼ਾ ਆਰੀਆ ਭਾਸ਼ਾ ਦਾ ਪ੍ਰਾਚੀਨ ਰੂਪ ਹੈ ਜਿਹੜਾ ਵੇਦਾਂ, ਬ੍ਰਾਹਮਣ ਗ੍ਰੰਥਾਂ, ਆਰਣਯਕਾਂ, ਉਪਨਿਸ਼ਦਾਂ ਵਿਚ ਸੁਰਖਿਅਤ ਹੈ। ਵੈਦਿਕ ਸੰਸਕ੍ਰਿਤ ਆਰੀਆ ਸਭਿਅਤਾ, ਸਭਿਆਚਾਰ, ਧਰਮ ਅਤੇ ਚਿੰਤਨ ਦਾ ਮਾਧਿਅਮ ਰਹੀ ਹੈ ਜਿਸ ਦਾ ਇਕ ਸਿਰਾ ਲੋਕ ਭਾਸ਼ਾ ਵਾਲਾ ਸੀ ਅਤੇ ਦੂਜਾ ਸਾਹਿਤਕ ਸੀ। ਵੈਦਿਕ ਭਾਸ਼ਾ ਦੀਆਂ ਜੜ੍ਹਾਂ ਲੋਕ-ਭਾਸ਼ਾ ਵਿਚ ਮਜ਼ਬੂਤ ਸਨ। ਇਸ ਤਰਾਂ ਵੈਦਿਕ ਦੇ ਦੋ ਰੂਪ ਸਨ ਜਾਂ ਦੋ ਪੱਖ ਸਨ। ਲੋਕ ਭਾਸ਼ਾ ਵਾਲਾ ਰੂਪ ਹੌਲੀ ਹੌਲੀ ਵਿਕਸਿਤ ਹੁੰਦਾ ਜਾਂਦਾ ਸੀ ਅਤੇ ਕਾਲ ਤੇ ਸਥਾਨ ਅਨੁਸਾਰ ਵੈਦਿਕ ਵਿਚ ਪਰਿਵਰਤਨ ਪੈਦਾ ਹੋ ਰਿਹਾ ਸੀ। ਦੂਜਾ ਰੂਪ ਸਾਹਿਤਕ ਸੀ। ਇਹ ਸਾਹਿਤਕ ਰੂਪ ਅੰਤਰ-ਦੇਸੀ ਪਧਰ ਉੱਤੇ ਵਿਕਾਸ ਕਰਦਾ ਹੋਇਆ ਟਕਸਾਲੀ ਰੂਪ ਬਣ ਰਿਹਾ ਸੀ। ਪੰਜਾਬ ਤੋਂ ਲੈ ਕੇ ਬੰਗਾਲ ਤਕ ਅਤੇ ਕਸ਼ਮੀਰ ਤੋਂ ਲੈ ਕੇ ਦੱਖਣ ਤਕ ਵੈਦਿਕ ਦਾ ਸਾਹਿਤਕ ਰੂਪ ਪਸਰਦਾ ਜਾ ਰਿਹਾ ਸੀ। ਇਸ ਸਾਹਿਤਕ ਰੂਪ ਵਿਚ ਇਕਸਾਰਤਾ ਦੀ ਲੋੜ ਮਹਿਸੂਸ ਹੋਣ ਲਗੀ ਅਤੇ ਇਸ ਮਨੋਰਥ ਦੀ ਪੂਰਤੀ ਹਿਤ ਪਾਣਿਨੀ ਦੀ ਰਚਨਾ 'ਅਸ਼ਟਾਧਿਆਈ' ਸਾਹਮਣੇ ਆਈ। ਅਸ਼ਟਾਧਿਆਈ ਦੀ ਰਚਨਾ ਨਾਲ ਸੰਸਕ੍ਰਿਤ ਦਾ ਭਾਸ਼ਾ ਰੂਪ ਨੇਮਬੱਧ ਹੋ ਗਿਆ ਅਤੇ ਇਸਦਾ ਜਾਣੋ'ਟਕਸਾਲੀ ਕਰਣ'(ਪ੍ਰਮਾਣੀਕਰਣ)ਕੀਤਾ ਗਿਆ। ਸਾਰੇ ਭਾਰਤ ਵਿਚ ਸੰਸਕ੍ਰਿਤ,

ਪਾਣਿਨੀ ਦੇ ਵਿਆਕਰਣ ਨੇਮਾਂ ਵਿਚ ਬੰਨ੍ਹ ਦਿੱਤੀ ਗਈ ਅਤੇ ਉਸ ਵਿਚ ਬਹੁਰੂਪਤਾ ਦੀ ਕੋਈ ਗੁੰਜਾਇਸ਼ ਬਾਕੀ ਨ ਰਹੀ। ਆਰੀਆ ਭਾਸ਼ਾ ਦੇ ਇਸ ਨੇਮਬੱਧ ਸਾਹਿਤਕ ਰੂਪ ਨੂੰ 'ਕਲਾਸੀਕਲ ਸੰਸਕ੍ਰਿਤ' ਦਾ ਨਾਂ ਦਿੱਤਾ ਜਾਂਦਾ ਹੈ। ਕਲਾਸੀਕਲ ਸੰਸਕ੍ਰਿਤ ਦਾ ਵਿਦਵਾਨਾਂ ਵਿਚ ਖੂਬ ਪ੍ਰਚਾਰ ਹੋਣ ਲਗਾ ਅਤੇ ਉਹ ਦਰਸ਼ਨ, ਚਿੰਤਨ, ਵਿਸ਼ਲੇਸ਼ਨ, ਸ਼ਾਸਤ੍ਰਾਰਥ ਅਤੇ ਉੱਚ ਵਿਦਿਆ ਦਾ ਅੰਤਰਦੇਸੀ ਵਿਦਿਅਕ ਮਾਧਿਅਮ ਬਣ ਗਈ ਅਤੇ ਇਉਂ ਉਚੀ ਪਦਵੀ ਦੀ ਧਾਰਨੀ ਬਣ ਗਈ। ਪਰ ਇਸ ਕਲਾਸੀਕਲ ਸੰਸਕ੍ਰਿਤ ਦਾ ਲੋਕ ਰਿਸ਼ਤਾ ਸਦਾ ਲਈ ਟੁੱਟ ਗਿਆ ਅਤੇ ਉਹ ਕਬੀਰ ਜੀ ਦੇ ਆਖਣ ਅਨੁਸਾਰ 'ਸੰਸਕ੍ਰਿਤ ਹੈ ਕੂਪ ਜਲ' (ਅਰਥਾਤ ਸੰਸਕ੍ਰਿਤ ਖੂਹ ਦਾ ਖੜੋਤਾ ਪਾਣੀ ਹੈ) ਬਣ ਕੇ ਰਹਿ ਗਈ ਪਰ 'ਭਾਸ਼ਾ ਬਹਤਾ ਨੀਰ' (ਅਰਥਾਤ ਲੋਕ ਭਾਸ਼ਾ ਵਗਦਾ ਪਾਣੀ ਹੈ) ਨ ਬਣ ਸਕੀ। ਇਸ ਤਰ੍ਹਾਂ ਸੰਸਕ੍ਰਿਤ ਚਿੰਤਕਾਂ ਤੇ ਵਿਦਵਾਨਾਂ ਦੇ ਪੱਲੇ ਪੈ ਗਈ ਅਤੇ ਉਹ ਲੋਕ ਮਾਨਸ ਦੀਆਂ ਸਧਰਾਂ ਤੇ ਖ਼ਾਹਸ਼ਾਂ ਤੋਂ ਵਿਰਵੀ ਹੋਣ ਲਗੀ। ਨਤੀਜਾ ਜੋ ਕੁਦਰਤੀ ਸੀ, ਇਹ ਹੋਇਆ ਕਿ ਵੈਦਿਕ ਭਾਸ਼ਾ ਦੇ ਟਕਸਾਲੀ ਰੂਪ ਕਲਾਸੀਕਲ ਸੰਸਕ੍ਰਿਤ ਦੇ ਐਨ ਮੁਕਾਬਲੇ ਤੇ ਲੋਕ ਭਾਸ਼ਾ ਦਾ ਪ੍ਰਵਾਹ ਜਾਰੀ ਰਿਹਾ ਜਿਹੜਾ ਹੌਲੀ ਹੌਲੀ ਜ਼ੋਰ ਫੜਕੇ ਤੇ ਉਭਰਕੇ ਪ੍ਰਗਟ ਹੋਇਆ ਅਤੇ ਜਿਹੜਾ ਅਗੇ ਜਾਕੇ ਪ੍ਰਵਾਣਿਤ ਹੋਕੇ ਪਾਲੀ, ਪ੍ਰਾਕ੍ਰਿਤ ਦੇ ਨਾਂ ਹੇਠ ਆਰੀਆ ਭਾਸ਼ਾ ਦੇ ਇਤਿਹਾਸ ਵਿਚ ਸਥਾਪਿਤ ਹੋਇਆ।

ਇਸ ਤਰ੍ਹਾਂ ਆਰੀਆ ਭਾਸ਼ਾ ਦੇ ਵੈਦਿਕ ਰੂਪ ਵਿਚੋਂ ਮੁਖ ਤੌਰ ਤੇ ਦੋ ਭਾਸ਼ਾ ਵਹਿਣ ਫੁੱਟ ਨਿਕਲੇ (1) ਕਲਾਸੀਕਲ ਜਾਂ ਲੌਕਿਕ ਸੰਸਕ੍ਰਿਤ (2) ਅਤੇ ਲੋਕ ਭਾਸ਼ਾ ਰੂਪ 'ਪ੍ਰਾਕ੍ਰਿਤਾਂ' ਆਦਿ। ਪਹਿਲਾਂ ਰੂਪ ਕਲਾਸੀਕਲ ਸੰਸਕ੍ਰਿਤ ਕੋਈ 500 ਪੂ: ਈ. ਤੋਂ ਇਕ ਪਾਸੇ ਸਭਿਆਚਾਰਕ ਤੇ ਸਾਹਿਤਕ ਮਾਧਿਅਮ ਦੀ ਹੈਸੀਅਤ ਵਿਚ ਜਾਰੀ ਹੋ ਗਈ ਜਿਹੜੀ ਹੁਣ ਵੀ ਕਿਸੇ ਨ ਕਿਸੇ ਸ਼ਕਲ ਵਿਚ ਚਾਲੂ ਹੈ ਅਤੇ ਜਿਸ ਵਿਚ ਕਿਸੇ ਕਿਸਮ ਦੀ ਕੋਈ ਤਬਦੀਲੀ ਪਿਛਲੇ ਢਾਈ ਹਜ਼ਾਰ ਸਾਲਾਂ ਵਿਚ ਨਹੀਂ ਕੀਤੀ ਜਾ ਸਕੀ ਅਤੇ ਨਾ ਹੀ ਹੁਣ ਕੀਤੀ ਜਾ ਸਕਦੀ ਹੈ। ਪਰੰਤੂ ਦੂਜਾ ਰੂਪ ਕੁਦਰਤੀ ਤੌਰ ਤੇ 'ਭਾਸ਼ਾ ਬਹਤਾ ਨੀਰ' ਬਣਕੇ ਹੌਲੀ ਹੌਲੀ ਵਿਕਾਸ ਕਰਦਾ ਆ ਰਿਹਾ ਹੈ। ਇਹ ਦੂਜਾ ਰੂਪ ਵੀ 500 ਪੂ. ਈ. ਦੇ ਨੇੜ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ ਜਿਹੜਾ ਕਿ ਕੁਝ ਸਮਾਨਤਾਵਾਂ ਲੈ ਕੇ 1000 ਈ. ਤਕ ਜਾਰੀ ਰਹਿੰਦਾ ਹੈ। ਇਹ ਭਾਸ਼ਾ-ਕਾਲ (500 ਪੂ. ਈ. ਤੋਂ 1000 ਈ. ਤਕ) ਨੂੰ ਵਿਦਵਾਨਾਂ ਨੇ 'ਮੱਧਕਾਲੀ ਹਿੰਦ-ਆਰੀਆਈ ਭਾਸ਼ਾ' ਕਾਲ ਕਿਹਾ ਹੈ।

'ਮੱਧਕਾਲੀ ਹਿੰਦ-ਆਰੀਆ ਭਾਸ਼ਾ' ਨੂੰ ਵੀ ਤਿੰਨ ਭਾਸ਼ਾ-ਪੜਾਵਾਂ ਵਿਚ ਵੰਡ ਲਿਆ ਜਾਂਦਾ ਹੈ ਅਰਥਾਤ ਲੋਕ ਭਾਸ਼ਾ ਦੇ ਪ੍ਰਵਾਹ ਵਿਚ ਤਿੰਨ ਬਦਲਦੇ ਰੂਪ ਨਿਸ਼ਚਿਤ ਕੀਤੇ

ਜਾਂਦੇ ਹਨ। ਜਿਹੜੇ ਕਿ ਇਸ ਦੀਆਂ ਤਿੰਨ ਅਵਸਥਾਵਾਂ ਹਨ। ਇਨ੍ਹਾਂ ਤਿੰਨਾਂ ਨੂੰ (1) ਪਾਲੀ (2) ਪ੍ਰਾਕ੍ਰਿਤ ਅਤੇ (3) ਅਪਭ੍ਰੰਸ਼ ਭਾਸ਼ਾ ਰੂਪ ਆਖਿਆ ਜਾਂਦਾ ਹੈ। ਕਈ ਵਿਦਵਾਨ ਇਨ੍ਹਾਂ ਤਿੰਨਾਂ ਨੂੰ ਤਰਤੀਬਵਾਰ ਪਹਿਲੀ ਪ੍ਰਾਕ੍ਰਿਤ, ਦੂਜੀ ਪ੍ਰਾਕ੍ਰਿਤ ਅਤੇ ਤੀਜੀ ਪ੍ਰਾਕ੍ਰਿਤ ਕਹਿਣਾ ਵਧੇਰੇ ਉਚਿਤ ਸਮਝਦੇ ਹਨ। ਪਰ ਇਨ੍ਹਾਂ ਨਾਲੋਂ ਪਾਲੀ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਨਾਮਕਰਣ ਹੀ ਵਧੇਰੇ ਸਾਰਥਕ ਤੇ ਪ੍ਰਚਲਿਤ ਹੈ। ਅਸਲ ਵਿਚ ਇਹ ਤਿੰਨੇਂ ਰੂਪ ਪ੍ਰਾਕ੍ਰਿਤ ਦੇ ਹੀ ਉਚੇ-ਨੀਵੇਂ ਰੂਪ ਹਨ। ਇਸ ਅਨੁਸਾਰ ਅਸੀਂ ਪਾਲੀ ਪ੍ਰਾਕ੍ਰਿਤ, ਸਾਹਿਤਕ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਪ੍ਰਾਕ੍ਰਿਤ ਕਹਿ ਕੇ ਸਾਰੀਆਂ ਮਧਕਾਲੀ ਭਾਸ਼ਾ-ਪੱਧਰਾਂ ਨੂੰ 'ਪ੍ਰਾਕ੍ਰਿਤ' ਨਾਂ ਵਿਚ ਹੀ ਸਮੇਟ ਸਕਦੇ ਹਾਂ। ਇਸ ਰੀਤ ਨਾਲ ਅਰਥਾਤ ਸਾਰਿਆਂ ਭਾਸ਼ਾ-ਰੂਪਾਂ ਨੂੰ 'ਪ੍ਰਾਕ੍ਰਿਤ' ਨਾਂ ਹੇਠ ਰਖਕੇ ਹੀ ਅਸੀਂ ਇਸ ਸਾਰੇ ਲੰਮੇ ਭਾਸ਼ਾ-ਕਾਲ ਨੂੰ ਇਕੋ ਨਾਂ 'ਮੱਧਕਾਲੀ ਆਰੀਆ ਭਾਸ਼ਾ ਕਾਲ' ਕਹਿ ਸਕਣ ਲਈ ਹੱਕਬਜਾਨਬ ਹਾਂ ਵਰਨਾ ਇਸ ਨਾਮਕਰਣ ਦੀ ਉਚਿਤਤਾ ਸ਼ੱਕੀ ਹੋ ਸਕਦੀ ਹੈ।

ਪ੍ਰਾਕ੍ਰਿਤ ਦਾ ਨਾਮਕਰਣ :

ਸਭ ਤੋਂ ਪਹਿਲਾਂ ਅਸੀਂ 'ਪ੍ਰਾਕ੍ਰਿਤ' ਸ਼ਬਦ ਨੂੰ ਸਮਝਣ ਦਾ ਉਪਰਾਲਾ ਕਰੀਏ ਕਿ ਮੱਧਕਾਲੀ ਆਰੀਆ ਭਾਸ਼ਾ ਦਾ ਨਾਂ 'ਪ੍ਰਾਕ੍ਰਿਤ' ਕਿਉਂ ਪਿਆ? ਪ੍ਰਾਕ੍ਰਿਤ ਸ਼ਬਦ ਉੱਤੇ ਵਿਚਾਰ ਕਰਦੇ ਹੋਏ ਪ੍ਰਾਕ੍ਰਿਤ ਦੇ ਵਿਆਕਰਣਕਾਰਾਂ ਨੇ ਇਸ ਦਾ ਨਿਕਾਸ (ਵਿਉਂਤਪੱਤੀ) ਪ੍ਰਕ੍ਰਿਤੀ ਸ਼ਬਦ ਤੋਂ ਮੰਨਿਆ ਹੈ। ਉਹ ਇਸ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ ਕਿ ਹਰੇਕ ਭਾਸ਼ਾ ਦੀ ਪ੍ਰਕ੍ਰਿਤੀ ਹੁੰਦੀ ਹੈ ਅਤੇ ਉਸ ਪ੍ਰਕ੍ਰਿਤੀ ਤੋਂ ਉਤਪੰਨ ਰੂਪ ਹੀ 'ਪ੍ਰਾਕ੍ਰਿਤ' ਅਖਵਾਉਂਦਾ ਹੈ।

ਸਭ ਤੋਂ ਪਹਿਲਾਂ 'ਪ੍ਰਾਕ੍ਰਿਤ ਸਰਵਸਵ' ਦੇ ਰਚੈਤਾ 'ਚੰਡ' ਨੇ ਪ੍ਰਾਕ੍ਰਿਤ ਦੇ ਲੱਛਣ ਵਿਚ ਦਸਿਆ ਹੈ ਕਿ ਪ੍ਰਾਕ੍ਰਿਤ ਉਹ ਭਾਸ਼ਾ ਹੈ ਜਿਸ ਦੀ ਜੇਮਣ ਭੋਂ (ਜਨੀ) ਸੰਸਕ੍ਰਿਤ ਹੈ। ਹੇਮਚੰਦਰ ਨੇ ਵੀ ਸੰਸਕ੍ਰਿਤ ਨੂੰ ਪ੍ਰਕ੍ਰਿਤੀ ਮੰਨਕੇ ਉਸ ਤੋਂ ਵਿਕਸਿਤ ਭਾਸ਼ਾ ਨੂੰ ਪ੍ਰਾਕ੍ਰਿਤ ਕਿਹਾ ਹੈ। ਇਨ੍ਹਾਂ ਤੋਂ ਇਲਾਵਾ ਦੰਡੀ (ਕਾਵਿ ਆਦਰਸ਼), ਵਾਗ ਭੱਟ (ਵਾਗ ਭੱਟਾਲੰਕਾਰ), ਮਾਰਕੰਡਯ (ਪ੍ਰਾਕ੍ਰਿਤ ਸਰਵਸ੍ਵ) ਧਨਿਕ (ਦਸ ਰੂਪਕ), ਆਦਿ ਪ੍ਰਾਕ੍ਰਿਤ ਵਿਆਕਰਣੀਆਂ ਨੇ ਪ੍ਰਾਕ੍ਰਿਤ ਦੀ ਜਨਨੀ ਪ੍ਰਕ੍ਰਿਤੀ ਸੰਸਕ੍ਰਿਤ ਨੂੰ ਮੰਨਿਆ ਹੈ ਅਤੇ ਇਸ ਲਈ ਪ੍ਰਕ੍ਰਿਤੀ ਤੋਂ ਪ੍ਰਫੁਲਤ ਹੋਣ ਵਾਲੀ ਭਾਸ਼ਾ ਨੂੰ 'ਪ੍ਰਾਕ੍ਰਿਤ' ਦਾ ਨਾਂ ਦਿੱਤਾ ਹੈ। ਇਥੇ ਸੰਸਕ੍ਰਿਤ ਤੋਂ ਮੁਰਾਦ 'ਕਲਾਸੀਕਲ ਸੰਸਕ੍ਰਿਤ' ਹੈ ਵੈਦਿਕ ਭਾਸ਼ਾ ਜਾਂ ਵੈਦਿਕ ਸੰਸਕ੍ਰਿਤ ਨਹੀਂ। ਇਸ ਵਿਵੇਚਨ ਦੇ ਚਾਨਣੇ ਵਿਚ ਸਾਡੇ ਸਾਹਮਣੇ ਦੋ ਸਵਾਲ ਪੈਦਾ ਹੁੰਦੇ ਹਨ :

(1) ਕੀ ਮੱਧਕਾਲੀ ਪ੍ਰਾਕ੍ਰਿਤ ਭਾਸ਼ਾਵਾਂ ਸੰਸਕ੍ਰਿਤ ਦਾ ਵਿਗੜਿਆ ਰੂਪ ਹਨ?

(2) ਕੀ ਪ੍ਰਾਕ੍ਰਿਤਾਂ ਦੀ ਆਪਣੇ ਕੋਈ ਲੋਕ ਬੋਲੀ ਆਧਾਰ ਸੀ ?

ਜਿਵੇਂ ਕਿ ਅਸੀਂ ਉਪਰ ਵੇਖਿਆ ਹੈ ਕਿ ਪ੍ਰਾਕ੍ਰਿਤ ਦੇ ਸਾਰੇ ਵਿਆਕਰਣੀਏ ਪ੍ਰਾਕ੍ਰਿਤ ਨੂੰ ਸੰਸਕ੍ਰਿਤ ਤੋਂ ਉਤਪੰਨ ਹੋਈ ਭਾਸ਼ਾ ਮੰਨਦੇ ਹਨ ਜਾਂ ਇਉਂ ਕਹਿ ਲਵੋ ਕਿ ਪ੍ਰਾਕ੍ਰਿਤਾਂ ਸੰਸਕ੍ਰਿਤ ਦੇ ਵਿਕਸਿਤ ਦੇ ਵਿਗੜੇ ਭਾਸਾ ਰੂਪ ਹਨ। ਇਸ ਦਾ ਕਾਰਨ ਇਹ ਜਾਪਦਾ ਹੈ ਕਿ ਪ੍ਰਾਕ੍ਰਿਤ ਸਾਹਿਤ ਦੇ ਹਰੇਕ ਸ਼ਬਦ ਦਾ ਨਿਕਾਸ ਸੰਸਕ੍ਰਿਤ ਵਿਚੋਂ ਲੱਭਣ ਦੀ ਕੋਸਿਸ਼ ਕੀਤੀ ਜਾਂਦੀ ਹੈ। ਮਿਸਾਲ ਵਜੋਂ :

ਪ੍ਰਾਕ੍ਰਿਤ	ਸੰਸਕ੍ਰਿਤ
ਲਹੁ (ਹੌਲਾ, ਪੰਜਾਬੀ)	ਲਘੁ
ਸਾਸ	ਸ੍ਵਾਸ
ਹੱਥ	ਹਸਤ
ਸੱਭ	ਸਰਵ
ਦਖਿਣ	ਦਕਸ਼ਿਣ
ਕੰਚਣ	ਕਾਂਚਨ
ਸਿਲਾ	ਸ਼ਿਲਾ
ਸਿਰੀਸ (ਸਰੀਂਹ ਪੰ.)	ਸ਼ਿਰੀਸ਼
ਸੱਤ	ਸਪਤ
ਵਾਗਰਣ	ਵਯਾਕਰਣ
ਅਣਿੱਠ	ਅਨਿਸ਼ਟ (ਬੁਰਾ)
ਸਿੰਗ	ਸ਼੍ਰਿੰਗ
ਗਾਰੱਥ	ਗ੍ਰਿਹਸਥ
ਸਾਹੁ	ਸਾਧੂ
ਝਰੇਦਿ	ਕਸ਼ਰਤਿ (ਝਰਦਾ ਹੈ)
ਗੇਹ	ਗ੍ਰਿਹ
ਮੱਛ	ਮਤਸਯ

ਇਸ ਤਰਾਂ ਪ੍ਰਾਕ੍ਰਿਤ ਦੇ ਸਾਰੇ ਸ਼ਬਦ (ਨਾਂਵ, ਪੜਨਾਂਵ, ਕ੍ਰਿਆ ਵਿਸ਼ੇਸ਼ਣ ਆਦਿ) ਸੰਸਕ੍ਰਿਤ ਵਿਚੋਂ ਹੀ ਉਤਪੰਨ ਹੋਏ ਮੰਨੇ ਜਾਂਦੇ ਰਹੇ ਹਨ। ਜਦੋਂ ਇਹ ਪ੍ਰਾਕ੍ਰਿਤ ਵਿਆਕਰਣ ਕਾਰ ਆਪਣੇ ਆਪਣੇ ਵਿਆਕਰਣ ਲਿਖ ਰਹੇ ਸਨ ਉਸ ਸਮੇਂ ਸੰਸਕ੍ਰਿਤ ਦੀ ਫਤਹਿ ਦਾ ਡੰਕਾ ਚੁਤਰਫੇ ਵੱਜ ਰਿਹਾ ਸੀ, ਸੰਸਕ੍ਰਿਤ ਹੀ ਸਭਿਆ ਵਰਗ ਦੀ ਭਾਸ਼ਾ ਸੀ। ਆਮ ਲੋਕ ਬੋਲੀਆਂ ਨੂੰ ਕੋਈ ਉਚੀ ਪਦਵੀ ਨਹੀਂ ਪ੍ਰਾਪਤ ਸੀ ਪਰ ਲੋਕ ਸੰਪਰਕ ਹੋਣ ਕਰਕੇ ਉਨ੍ਹਾਂ ਦੇ ਹਵਾਲੇ ਕਿਤੇ ਕਿਤੇ ਦਿੱਤੇ ਜਾਂਦੇ ਸਨ ਅਥਵਾ ਲੋਕ ਸਾਹਿਤ ਵੀ ਉਨ੍ਹਾਂ ਵਿਚ ਰਚਿਆ ਜਾ ਰਿਹਾ ਸੀ। ਇਸ ਦੇ ਬਾਵਜੂਦ ਸੰਸਕ੍ਰਿਤ ਦਾ ਪੂਰਾ ਗਲਬਾ ਸੀ। ਇਸ ਲਈ ਸੁਭਾਵਿਕ ਸੀ ਕਿ ਹਰੇਕ ਲੋਕ ਬੋਲੀ ਸੰਸਕ੍ਰਿਤ ਨਾਲ ਆਪਣਾ ਰਿਸ਼ਤਾ ਕਾਇਮ ਕਰਨ ਦੀ ਚਾਹਵਾਨ ਸੀ। ਇਸ ਨਜ਼ਰੀਏ ਨਾਲ ਵਿਆਕਰਣਕਾਰ ਵੀ ਪ੍ਰਾਕ੍ਰਿਤ ਨੂੰ ਸੰਸਕ੍ਰਿਤ ਨਾਲ ਜੋੜਨ ਦੇ ਸਿਰਤੋੜ ਯਤਨ ਕਰਦੇ ਸਨ ਅਤੇ ਹਰੇਕ ਪ੍ਰਾਕ੍ਰਿਤ ਸ਼ਬਦ-ਖੰਡ ਨੂੰ ਸੰਸਕ੍ਰਿਤ ਵਿਚੋਂ ਲਭਕੇ ਲਿਆਉਂਦੇ ਸਨ। ਪਰ ਇਹ ਅਸਲੀਅਤ ਨਹੀਂ ਸੀ।

ਇਸ ਪ੍ਰਸੰਗ ਵਿਚ ਅਧੁਨਿਕ ਭਾਸ਼ਾ ਵਿਗਿਆਨੀਆਂ ਦੀਆਂ ਖੋਜਾਂ ਨੇ ਬੜਾ ਚਾਨਣਾ ਪਾਇਆ ਹੈ। ਅਤੇ ਨਵੇਂ ਤੱਥ ਪ੍ਰਕਾਸ਼ ਵਿਚ ਆਏ ਹਨ। ਪ੍ਰਾਕ੍ਰਿਤ ਭਾਸ਼ਾ ਦੇ ਜਰਮਨ ਪੰਡਿਤ ਡਾ. ਪਿਸ਼ਲ ਦੁਆਰਾ ਲਿਖਤ ਗ੍ਰੰਥ 'ਪ੍ਰਾਕ੍ਰਿਤ ਭਾਸ਼ਾਵਾਂ ਦਾ ਵਿਆਕਰਣ' ਬਹੁਤ ਹੀ ਮਹਾਨ ਖੋਜ-ਪੂਰਨ ਗ੍ਰੰਥ ਹੈ। ਪਿਸ਼ਲ ਨੇ ਇਨ੍ਹਾਂ ਸਾਰਿਆਂ ਪ੍ਰਸ਼ਨਾਂ ਨੂੰ ਬੜੀ ਡੂੰਘਾਈ, ਨੀਝ ਤੇ ਵਿਗਿਆਨਕ ਸੂਝ ਨਾਲ ਇਹ ਸਾਬਤ ਕੀਤਾ ਹੈ ਕਿ ਪ੍ਰਾਕ੍ਰਿਤਾਂ ਕਲਾਸੀਕਲ ਸੰਸਕ੍ਰਿਤ ਵਿਚੋਂ ਨਹੀਂ ਨਿਕਲੀਆਂ ਬਲਕਿ ਵੈਦਿਕ ਸੰਸਕ੍ਰਿਤ ਵਿਚੋਂ ਵਿਗਸੀਆਂ ਹਨ। ਉਸ ਨੇ ਕੁਝ ਸ਼ਬਦ ਲਏ ਹਨ। ਪ੍ਰਾਕ੍ਰਿਤ ਸ਼ਬਦ ਥੰਭਾ (ਪੰ. ਥੰਭਾ) ਨੂੰ ਸਾਰੇ ਪ੍ਰਾਕ੍ਰਿਤ ਵਿਅਕਰਣੀਏ ਸੰਸਕ੍ਰਿਤ ਸ਼ਬਦ 'ਸਤੰਭ' ਤੋਂ ਨਿਕਲਿਆ ਮੰਨਦੇ ਰਹੇ ਪਰ ਪਿਸ਼ਲ ਨੇ ਪਹਿਲੀਵਾਰ ਇਸ਼ਾਰਾ ਕੀਤਾ ਕਿ ਥੰਭਾ ਦਾ ਮੂਲ ਸੋਮਾ ਵੈਦਿਕ ਸ਼ਬਦ 'ਸਕੰਭ' ਹੈ ਜਿਹੜਾ ਥੰਭੇ ਦੇ ਅਰਥ ਵਿਚ ਰਿਗਵੇਦ ਅੰਦਰ ਕਈ ਵਾਰ ਆਇਆ ਹੈ।[1] ਥੰਮਾ ਸਕੰਭ ਦੇ ਨੇੜੇ ਹੈ ਜਿਥੇ ਕਿ ਸਤੰਭ ਦੂਰ ਹੈ। ਜਗਦੀਸ਼ ਪ੍ਰਸਾਦ ਕੌਸ਼ਿਕ ਨੇ ਇਸ ਪ੍ਰਸ਼ਨ ਨੂੰ ਬੜੀ ਗੰਭੀਰਤਾ ਅਤੇ ਦਲੀਲਾਂ ਨਾਲ ਵਿਚਾਰਨ ਤੋਂ ਉਪਰੰਤ ਇਹ ਸਿੱਟਾ ਕਢਿਆ ਹੈ ਕਿ ਸੰਸਕ੍ਰਿਤ ਭਾਸ਼ਾ ਤੋਂ ਪ੍ਰਾਕ੍ਰਿਤਾ ਦੀ ਉਤਪੱਤੀ ਕਿਸੇ ਸ਼ਕਲ ਵਿਚ ਸਵੀਕਾਰ ਨਹੀਂ ਕੀਤੀ ਜਾ ਸਕਦੀ। ਪ੍ਰਾਕ੍ਰਿਤ ਦਾ ਉਦਭਵ (ਛਾਂਦਸ) ਵੈਦਿਕ ਭਾਸ਼ਾ (ਵੈਦਿਕ ਸੰਸਕ੍ਰਿਤ) ਦੇ ਹੀ ਵਿਕਸਿਤ ਰੂਪ ਦਾ

1, ਆਰ. ਪਿਸ਼ਲ: 'ਪ੍ਰਾਕ੍ਰਿਤ ਭਾਸ਼ਾਓਂ ਕਾ ਵਯਾਕਰਣ', ਆਮੁਖ, ਪੰਨਾ : 2
ਹਿੰਦੀ ਅਨੁਵਾਦਕ ਡਾ. ਹੇਮਚੰਦ੍ਰ ਜੋਸ਼ੀ।

ਸਿੱਟਾ ਹੈ',[1]

ਇਸ ਪ੍ਰਸੰਗ ਵਿਚ ਡਾ. ਪਾਂਡੁਰੰਗ ਦਮੋਦਰ ਗੁਣੇ ਦੀ ਖੋਜ ਦਾ ਉਲੇਖ ਕਰਨਾ ਵੀ ਜ਼ਰੂਰੀ ਜਾਪਦਾ ਹੈ। ਡਾ. ਗੁਣੇ ਨੇ ਉਪਰੋਕਤ ਸਿੱਧਾਂਤ ਦੀ ਪੁਸ਼ਟੀ ਕੀਤੀ ਹੈ ਅਤੇ ਇਹ ਸਾਬਤ ਕਰਨ ਦਾ ਸਫਲ ਯਤਨ ਕੀਤਾ ਹੈ ਕਿ ਪ੍ਰਾਕ੍ਰਿਤ ਭਾਸ਼ਾਵਾਂ ਦੀ ਉਪਜ ਵੈਦਿਕ ਭਾਸ਼ਾ ਵਿਚੋਂ ਹੀ ਹੋਈ ਹੈ ਸੰਸਕ੍ਰਿਤ ਵਿਚੋਂ ਨਹੀਂ। ਉਸ ਦੀ ਟੂਕ ਹੇਠਾਂ ਦਿਤੀ ਜਾਂਦੀ ਹੈ:

> "All Prakrit grammarians understand that the origin of these languages was Sanskrit. we, however, know that this could not have been the case. These literary languages are derived from dialects — say Apabhramsas — which with the dialects of the inscriptions, the Pali, the Vedic Sranskrit form one continuous chain.[2]

ਡਾ. ਗੁਣੇ ਨੇ ਪਾਲੀ ਅਤੇ ਪ੍ਰਾਕ੍ਰਿਤਾਂ ਵਿਚੋਂ ਅਜਿਹੇ ਕਈ ਉਦਾਹਰਣ ਪੇਸ਼ ਕੀਤੇ ਸਨ ਜਿਨ੍ਹਾਂ ਦੀ ਭਾਸ਼ਾਈ ਬਣਤਰ ਅਤੇ ਸਮਰੂਪਤਾ ਸਿਰਫ਼ ਵੈਦਿਕ ਸੰਸਕ੍ਰਿਤ ਵਿਚ ਹੀ ਮਿਲਦੀ ਹੈ, ਕਲਾਸੀਕਲ ਸੰਸਕ੍ਰਿਤ ਵਿਚ ਨਹੀਂ:

(1) ਪ੍ਰਾਕ੍ਰਿਤਾਂ ਵਿਚ ਸੰਧੀਆਂ ਵਿਚ ਢਿੱਲ ਹੈ ਜਿਹੜੀ ਵੈਦਿਕ ਦੇ ਅਨੁਸਾਰ ਹੈ ਸ੍ਵਰ-ਭਗਤੀ ਦਾ ਪ੍ਰਚਾਰ ਵੀ ਵੈਦਿਕ ਵਾਂਗੂ ਹੈ, ਯਥਾ ਭਾਰਿਯਾ (ਸੰ. ਭਾਰਯਾ = ਵਹੁਟੀ) ਸਨਾਨ (ਸੰ. ਸਨਾਨ), ਕਸਟ (ਸੰ. ਕਸਟ)।

(2) ਧੁਨੀਆਂ ਵਿਚ ਵੀ ਦੋ ਵਿਅੰਜਨਾਂ ਦੇ ਵਿਚਕਾਰਲੇ ਡ, ਢ, ਨੂੰ ਲ, ਲਹ ਹੋ ਜਾਂਦਾ ਹੈ ਜਿਵੇਂ ਵੈਦਿਕ ਭਾਸ਼ਾ ਵਿਚ ਯਥਾ: ਏਲ੍ਹ (ਸੰ. ਈਡ), ਸੋਲ੍ਹਸ (ਸੰ: ਸੋਡਸ਼ = ਸੋਲਾਂ), ਗੂਲ੍ਹ (ਸ. ਗੂਢ = ਗੂੜ੍ਹਾ)।

---

1 ਜਗਦੀਸ਼ ਪ੍ਰਸਾਦ ਕੌਸ਼ਿਕ: 'ਭਾਰਤੀਯ ਭਾਸ਼ਾਓਂ ਕਾ ਇਤਿਹਾਸ' ਪੰਨਾ 66

2 P. D. Gune; An Introduction ot Comparative Philology, pp. 214–15

(3) ਪ੍ਰਾਕ੍ਰਿਤ ਦੇ ਨਾਂਵਰੂਪਾਂ ਦੀਆਂ ਕਈ ਸ਼ਕਲਾਂ (ਗੁਰਦਾਨਾ) ਸਿਰਫ਼ ਵੈਦਿਕ ਨਾਲ ਮੇਲ ਖਾਂਦੀਆਂ ਹਨ ਸੰਸਕ੍ਰਿਤ ਨਾਲ ਨਹੀਂ , ਯਥਾ :

ਪ੍ਰਾਕ੍ਰਿਤ	ਵੈਦਿਕ	ਸੰਸਕ੍ਰਿਤ
ਆਹੋ (ਕਰਤਾ ਬਹੁਵਚਨ)	ਆਸਹ (ਪੁੱਤਾਸਹ),	ਪੁੱਤਾਹ
ਆਏ (ਸੰਬਧ ਕਾਰਕ, ਇਕ ਵਚਨ, ਇਸਤ੍ਰੀਲਿੰਗ)	ਆਯੈ (ਜਾਯਾਯੈ)	ਜਾਯਯਾ
ਪੁੱਤੇਹਿ (ਕਰਣ, ਬਹੁਵਚਨ)	ਪੁੱਤ੍ਰੇਭਿਹ	ਪੁੱਤ੍ਰੈਹ

(4) ਸ਼ਬਦਾਵਲੀ ਵਿਚ ਵੀ ਪ੍ਰਾਕ੍ਰਿਤ ਭਾਸ਼ਾਵਾਂ ਵੈਦਿਕ ਸੰਸਕ੍ਰਿਤ ਵਾਲੇ ਬਹੁਤ ਸ਼ਬਦ ਸੰਭਾਲਦੀਆਂ ਹਨ ਜਿਹੜੇ ਕਿ ਕਲਾਸੀਕਲ ਸੰ. ਵਿਚ ਅਲੋਪ ਹੋ ਚੁੱਕੇ ਹਨ। ਪ੍ਰਾ. ਏਥ – ਵੈ. ਤਾਤ / ਇੱਥਾ।

ਇਨ੍ਹਾਂ ਹਵਾਲਿਆਂ ਤੋਂ ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਪ੍ਰਾਕ੍ਰਿਤਾਂ (ਸਣੇ ਪਾਲੀ ਭਾਸ਼ਾ ਅਤੇ ਅਪਭ੍ਰੰਸ਼ ਭਾਸ਼ਾਵਾਂ ਦੇ) ਦੀ ਜਨਨੀ ਵੈਦਿਕ ਭਾਸ਼ਾ ਹੀ ਹੈ ਕਲਾਸੀਕਲ ਸਾਹਿਤਕ ਸੰਸਕ੍ਰਿਤ ਨਹੀਂ। ਇਸ ਲਈ ਪ੍ਰਾਕ੍ਰਿਤ ਵਿਆਕਰਣਕਾਰਾਂ ਦਾ ਇਹ ਦਾਅਵਾ ਕਿ ਪ੍ਰਾਕ੍ਰਿਤਾਂ ਦਾ ਉਤਪੱਤੀ ਸਥਾਨ (ਯੋਨੀ) ਸੰਸਕ੍ਰਿਤ ਹੈ, ਖੰਡਿਤ ਹੋ ਜਾਂਦਾ ਹੈ। ਇਸ ਤੋਂ ਇਕ ਗਲ ਨਿਖਰਕੇ ਸਾਹਮਣੇ ਆਉਂਦੀ ਹੈ ਕਿ 'ਪ੍ਰਕ੍ਰਿਤੀ' ਦਾ ਅਰਥ ਸੰਸਕ੍ਰਿਤ ਨਹੀਂ ਜਿਵੇਂ ਉਕਤ ਵਿਆਕਰਣੀਏ ਨਿਰੁਕਤੀ ਕਰਦੇ ਹਨ, ਸਗੋਂ ਪ੍ਰਕ੍ਰਿਤੀ' ਦਾ ਅਰਥ ਸਹਜ ਸੁਭਾਵਿਕਤਾ (naturalness) ਹੈ। ਉਹ ਭਾਸ਼ਾ ਪ੍ਰਾਕ੍ਰਿਤ ਹੈ ਜਿਹੜੀ ਆਪਣੇ ਪ੍ਰਾਕ੍ਰਿਤ ਰੂਪ ਵਿਚ ਅਰਥਾਤ ਸੁਭਾਵਿਕ ਰੂਪ ਵਿਚ ਵਿਕਸਿਤ ਹੋਈ ਹੈ, ਜਿਹੜੀ ਸੰਸਕ੍ਰਿਤ ਵਾਂਗੂ ਪਾਣਿਨੀ ਆਦਿ ਦੁਆਰਾ ਸੰਸਕਾਰੀ ਨਹੀਂ ਗਈ ਅਤੇ ਇਸ ਲਈ ਜਿਹੜੀ ਬਣਾਉਟੀਪੁਣੇ. ਮਸਨੂਈ ਹੋਣ ਤੋਂ ਪਾਕ ਹੈ।

ਇਸ ਆਧਾਰ ਉਤੇ ਹੀ 'ਪ੍ਰਾਕ੍ਰਿਤ' ਦਾ ਨਾਮਕਰਣ ਦ੍ਰਿਸ਼ਟੀਗੋਚਰ ਕੀਤਾ ਜਾ ਸਕਦਾ ਹੈ। ਸੰਸਕ੍ਰਿਤ–ਆਲੋਚਕ ਰੁਦ੍ਰਟ ਦੇ ਗ੍ਰੰਥ 'ਕਾਵਿਆਲੰਕਾਰ' ਉਤੇ ਟੀਕਾ ਕਰਦੇ ਹੋਏ ਟੀਕਾਕਾਰ 'ਨਮਿਸਾਧੂ' ਨੇ ਪ੍ਰਾਕ੍ਰਿਤ ਨਾਉਂ ਦੀ ਵਿਉਤਪੱਤੀ ਇਸ ਤਰ੍ਹਾਂ ਦਸੀ ਹੈ ਕਿ ਪ੍ਰਾਕ੍ਰਿਤ ਭਾਸ਼ਾ ਦੀ ਪ੍ਰਕ੍ਰਿਤੀ (basis) ਅਰਥਾਤ ਬੁਨਿਆਦੀ ਭਾਸ਼ਾ ਉਹ ਹੈ ਜੋ ਪ੍ਰਾਕ੍ਰਿਤਿਕ (ਕੁਦਰਤੀ) ਹੈ ਅਤੇ ਜੋ ਸਾਰਿਆਂ ਮਨੁੱਖਾਂ ਦੀ ਬੋਲ ਚਾਲ ਵਾਲੀ ਭਾਸ਼ਾ ਹੈ ਅਤੇ ਜਿਸ ਨੂੰ ਵਿਆਕਰਣ ਦੇ ਨੇਮ ਨਿਯੰਤਰਨ ਵਿਚ ਨਹੀਂ ਜਕੜਦੇ, ਅਤੇ ਕਿਉਂਜੋ ਇਹ ਪ੍ਰਾਕ੍ਰਿਤ ਤੋਂ ਪੈਦਾ ਹੋਈ ਹੈ ਜਾਂ ਫਿਰ ਪ੍ਰਾਕ੍ਰਿਤ ਜਨਾਂ (ਆਮ ਲੋਕਾਂ) ਦੀ ਬੋਲੀ ਹੈ, ਇਸ ਲਈ ਇਸ ਨੂੰ ਪ੍ਰਾਕ੍ਰਿਤ ਭਾਸ਼ਾ ਕਹਿੰਦੇ ਹਨ। ਜਾਂ ਫਿਰ ਇਸ ਦਾ

ਅਰਥ ਇਹ ਵੀ ਹੋ ਸਕਦਾ ਹੈ ਕਿ ਪ੍ਰਾਕ੍ਰਿਤ ਸ਼ਬਦ 'ਪ੍ਰਾਕ+ਕ੍ਰਿਤ' ਤੋਂ ਨਿਕਲਿਆ ਹੋਵੇ ਜਿਸ ਦਾ ਭਾਵ ਇਹ ਹੁੰਦਾ ਹੈ ਕਿ ਉਹ ਭਾਸ਼ਾ ਜੋ ਬਹੁਤ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਹੋਵੇ।[1]

ਡਾ. ਐਸ. ਐਮ. ਕਾਤ੍ਰੇ ਦਾ ਕਥਨ ਹੈ ਕਿ 'ਪ੍ਰਾਕ੍ਰਿਤ' ਸ਼ਬਦ ਵਿਚ ਉਨ੍ਹਾਂ ਭਾਸ਼ਾਵਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਿਹੜੀਆਂ ਕਿ ਸਹਿਜ-ਸੁਭਾਵਿਕ ਵਿਕਸਤ ਹੋਈਆਂ ਹਨ ਅਤੇ ਮਾਂਜੀਆਂ-ਸ਼ਿੰਗਾਰੀਆਂ ਨਹੀਂ ਹਨ ਅਤੇ ਆਮ ਜਨ-ਜੀਵਨ ਵਿਚੋਂ ਉਗਮੀਆਂ ਹਨ। ਕਾਲੀਦਾਸ ਨੇ ਇਸੇ ਅਰਥ ਵਿਚ ਪ੍ਰਕ੍ਰਿਤੀ ਦਾ ਪ੍ਰਯੋਗ ਕੀਤਾ ਹੈ : 'ਰਾਜਾ ਪ੍ਰਕ੍ਰਿਤਿ : ਰੰਜਨਾਤ' ਅਰਥਾਤ ਪ੍ਰਕ੍ਰਿਤੀ ਯਾਨੀ ਪ੍ਰਜਾ (ਆਮ ਲੋਕ) ਨੂੰ ਪ੍ਰਸੰਨ ਰਖਣ ਨਾਲ ਹੀ ਰਾਜਾ ਹੈ।[2]

ਵਿਕਾਸ :

ਅਸੀਂ ਉਪਰ ਵੇਖਿਆ ਹੈ ਕਿ ਮਧਕਾਲੀ ਹਿੰਦ-ਆਰੀਆ ਭਾਸ਼ਾ ਦੀਆਂ ਤਿੰਨ ਅਵਸਥਾਵਾਂ ਵੇਖੀਆਂ ਜਾਂਦੀਆਂ ਹਨ। ਇਨ੍ਹਾਂ ਤਿੰਨਾਂ ਦੇ ਕਾਲ-ਖੰਡਾਂ ਬਾਰੇ ਵੀ ਵਿਦਵਾਨਾਂ ਨੇ ਫੈਸਲੇ ਦਿੱਤੇ ਹਨ। ਇਨ੍ਹਾਂ ਦਾ ਵੇਰਵਾ ਹੇਠਾਂ ਅੰਕਿਤ ਹੈ :

ਮਧਕਾਲੀ ਆਰੀਆ ਭਾਸ਼ਾ ਦੇ ਵਿਕਾਸੀ ਰੂਪ

ਪਾਲੀ : (500 ਪੂ ਈ. ਤੋਂ 1 ਈ. ਤਕ)
ਪ੍ਰਾਕ੍ਰਿਤ (ਸਾਹਿਤਕ ਪ੍ਰਾਕ੍ਰਿਤਾਂ) : (1 ਈ. ਤੋਂ 500 ਈ. ਤਕ)
ਅਪਭ੍ਰੰਸ਼ ਭਾਸ਼ਾਵਾਂ : (500 ਈ. ਤੋਂ 1000 ਈ. ਤਕ)

ਹੁਣ ਇਨ੍ਹਾਂ ਦਾ ਤਰਤੀਬਵਾਰ ਵਿਸਤਾਰ ਪੂਰਵਕ ਵਰਣਨ ਕਰਦੇ ਹਾਂ।

ਪਾਲੀ
(500 ਪੂ. ਈ. ਤੋਂ ਪਹਿਲੀ ਸਦੀ ਈ.)

'ਮਧਕਾਲੀ ਆਰੀਆ ਭਾਸ਼ਾ' ਦੀ ਪਹਿਲੀ ਭਾਸ਼ਾਈ ਅਵਸਥਾ ਦਾ ਨਾਂ ਪਾਲੀ ਹੈ। ਪਾਲੀ ਬੁਧ-ਧਰਮ ਦੀ ਭਾਸ਼ਾ ਹੈ। ਇਸ ਨੂੰ 'ਮਾਗਧੀ' ਵੀ ਕਿਹਾ ਗਿਆ ਹੈ। ਇਸ ਦਾ ਵਿਕਾਸ ਕਾਲ ਮੋਟੇ ਤੌਰ ਤੇ ਪੰਜਵੀਂ ਸਦੀ ਪੂ. ਈ. ਤੋਂ ਲੈ ਕੇ ਪਹਿਲੀ ਸਦੀ ਈਸਵੀ ਮੰਨਿਆ ਜਾਂਦਾ ਹੈ। ਅਸਲ ਵਿਚ ਪਾਲੀ ਇਸ ਕਾਲ-ਖੰਡ ਵਿਚ ਉੱਤਰੀ ਭਾਰਤ ਦੀ ਰਾਸ਼ਟਰ-ਭਾਸ਼ਾ ਜਾਂ ਇਉਂ ਕਹੋ ਕਿ ਪਾਲੀ ਬੋਧ-ਕਾਲੀਨ ਭਾਰਤ ਦੀ

1. ਰਿ. ਪਿਸ਼ਲ : 'ਪ੍ਰਾਕ੍ਰਿਤ ਭਾਸ਼ਾਓਂ ਕਾ ਵਯਾਕਰਣ' ਪੰਨਾ 26 ਵਿਚ ਉਧ੍ਰਿਤ
2. S.M. Katre : 'Prakrit Languages'......p. 2

ਧਰਮ ਭਾਸ਼ਾ ਤੇ ਰਾਜਭਾਸ਼ਾ ਸੀ।

ਪਾਲੀ ਦਾ ਨਾਮਕਰਣ :

ਭਾਰਤੀ ਭਾਸ਼ਾ ਤੇ ਇਤਿਹਾਸ ਵਿਚ ਇਹ ਆਮ ਵੇਖਿਆ ਜਾਂਦਾ ਹੈ ਕਿ ਭਾਰਤੀ ਭਾਸ਼ਾਵਾਂ ਦੇ ਨਾਂ ਕਿਸੇ ਨਾ ਕਿਸੇ ਇਲਾਕੇ ਦੇ ਨਾਂ ਉੱਤੇ ਪੈ ਜਾਂਦੇ ਹਨ ਜਿਵੇਂ ਸੂਰਸੇਨ ਇਲਾਕੇ ਦੀ ਬੋਲੀ ਸ਼ੌਰਸੇਨੀ, ਮਗਧ ਇਲਾਕੇ ਦੀ ਬੋਲੀ ਮਾਗਧੀ ਆਦਿ। ਪਾਲੀ ਬਾਰੇ ਵੀ ਇਹੋ ਜਿਗਿਆਸਾ ਪੈਦਾ ਹੋਣੀ ਕੁਦਰਤੀ ਗਲ ਹੈ।

ਇਹ ਇਕ ਹਕੀਕਤ ਹੈ ਕਿ ਪਾਲੀ ਸ਼ਬਦ ਦੀ ਪੁਰਾਣੀ ਵਰਤੋਂ 'ਭਾਸ਼ਾ ਦੇ ਅਰਥ ਵਿਚ ਨਹੀਂ ਮਿਲਦੀ। ਇਸ ਦੀ ਪੁਰਾਣੀ ਤੋਂ ਪੁਰਾਣੀ ਵਰਤੋਂ ਚੌਥੀ ਸਦੀ ਈ. ਦੇ ਸਮੇਂ ਲੰਕਾ ਦੇ ਗ੍ਰੰਥ 'ਦੀਪਵੰਸ' ਵਿਚ ਹੋਈ ਹੈ (ਹਿੰਦੀ ਭਾਸ਼ਾ, ਪੰਨਾ 61)'। ਉਥੇ ਇਸ ਦਾ ਅਰਥ 'ਬੁੱਧ ਬਚਨ' ਹਨ। ਆਚਾਰੀਆ ਬੁੱਧਘੋਸ਼ ਨੇ ਵੀ ਇਸ ਦਾ ਪ੍ਰਯੋਗ ਇਸੇ ਅਰਥ ਵਿਚ ਕੀਤਾ ਹੈ। ਕਾਫ਼ੀ ਚਿਰ ਮਗਰੋਂ ਪਾਲੀ ਸਾਹਿਤ ਵਿਚ ਪਾਲੀ ਸ਼ਬਦ ਇਸਤੇਮਾਲ ਹੋਇਆ ਪਰ ਭਾਸ਼ਾ ਦੇ ਅਰਥ ਵਿਚ ਮਗਧ ਭਾਸ਼ਾ, ਮਾਗਧੀ, ਮਾਗਧਿਕ ਭਾਸ਼ਾ ਦੀ ਵਰਤੋਂ ਹੁੰਦੀ ਸੀ। ਪਾਲੀ ਦੀ ਵਿਉਤਪੱਤੀ ਅਤੇ ਬਣਤਰ ਬਾਰੇ ਤਰ੍ਹਾਂ ਤਰ੍ਹਾਂ ਦੇ ਮਤ ਪੇਸ਼ ਕੀਤੇ ਜਾਂਦੇ ਹਨ। ਸੰਖੇਪ ਵਿਚ ਉਨ੍ਹਾਂ ਮਤਾਂ ਦਾ ਸਾਰ ਦਿੱਤਾ ਜਾਂਦਾ ਹੈ।

ਭਿਕਸ਼ੂ ਜਗਦੀਸ਼ ਕਸ਼ਯਪ ਦਾ ਮਤ :

ਕਸ਼ਯਪ ਦੇ ਅਨੁਸਾਰ ਪਾਲੀ ਸ਼ਬਦ ਦਾ ਵਿਕਾਸ 'ਪਰਿਯਾਯ', 'ਪਲਿਯਾਯ' ਸ਼ਬਦ ਤੋਂ ਹੋਇਆ ਹੈ। ਇਸ ਵਿਚ ਉਨ੍ਹਾਂ ਨੇ ਦੋ ਦਲੀਲਾਂ ਦਿਤੀਆਂ ਹਨ। ਇਕ ਤਾਂ ਇਹ ਕਿ ਪ੍ਰਾਚੀਨ ਬੋਧ ਸਾਹਿਤ ਵਿਚ ਪਰਿਯਾਯ ਦਾ ਮਤਲਬ ਬੁੱਧ-ਬਚਨ ਹੁੰਦਾ ਹੈ ਅਤੇ ਇਸ ਅਰਥ ਵਿਚ ਇਸ ਦੀ ਵਰਤੋਂ 'ਦੀਘ ਨਿਕਾਯ' 'ਅਗੁੱਤਰ ਨਿਕਾਸ' ਵਿਚ ਹੋਈ ਹੈ। ਇਸ ਦਾ ਵਿਕਾਸ ਇਉਂ ਹੈ :

ਪਰਿਯਾਯ ਪਲਿਯਾਯ ਪਾਲਿਯਾਯ ਪਾਲਿ

ਭਿਕਸ਼ੂ ਸਿੱਧਾਰਥ ਦਾ ਮਤ :

ਪਾਲੀ ਸ਼ਬਦ ਦਾ ਨਿਕਾਸ ਸੰਸਕ੍ਰਿਤ 'ਪਾਠ' ਸ਼ਬਦ ਤੋਂ ਹੋਇਆ ਹੈ। ਉਸ ਦਾ ਕਥਨ ਹੈ ਕਿ ਬਹੁਤ ਸਾਰੇ ਵੇਦਪਾਠੀ ਬ੍ਰਾਹਮਣ ਬੋਧ ਬਣ ਗਏ। ਉਹ ਬੁਧ ਬਚਨਾਂ ਦਾ ਵੇਦਾਂ ਦੀ ਤਰ੍ਹਾਂ ਪਾਠ ਕਰਨ ਲਗੇ। ਬੋਧ ਧਰਮ ਦੇ ਪਾਠ ਸਮੇਂ ਵੀ ਇਸ ਦਾ ਪ੍ਰਯੋਗ ਕਰਦੇ ਰਹੇ। ਹੌਲੀ ਹੌਲੀ ਪਾਠ ਹੀ ਭਾਸ਼ਾਵਾਚੀ ਪਾਲੀ

ਹੋ ਗਿਆ ਹੈ।

ਪੰਡਿਤ ਬਿਧੂਸ਼ੇਖਰ ਦਾ ਮਤ :

ਪਾਲੀ ਸ਼ਬਦ ਦਾ ਅਰਥ 'ਅਭਿਧਾਨੱਪ੍ਰਦੀਪਿਕਾ' ਵਿਚ ਪੰਗਤੀ (ਲਾਈਨ) ਦਿੱਤਾ ਗਿਆ ਹੈ। (ਤੰਤਿ ਬੁਧ ਵਰਨੰ ਪੰਤਿ ਪਾਲਿ) ਇਉਂ ਪਹਿਲਾ ਪਾਲੀ ਦਾ ਅਰਥ ਪੰਗਤੀ ਸੀ, ਫਿਰ ਗ੍ਰੰਥ ਦੀ ਪੰਗਤੀ, ਅਤੇ ਫਿਰ ਬੁਧ ਗ੍ਰੰਥਾਂ ਦੀ ਭਾਸ਼ਾ ਪੈ ਗਿਆ। ਇਸ ਦਾ ਵਿਕਾਸ :

ਹੋਰ ਮਤ :

ਹੋਰ ਮਤ ਦੇ ਅਨੁਸਾਰ ਵੈਦਿਕ ਤੇ ਸੰਸਕ੍ਰਿਤ ਦੇ ਮੁਕਾਬਲੇ ਵਿਚ ਇਹ 'ਪੱਲੀ' (ਪਿੰਡ) ਦੀ ਭਾਸ਼ਾ ਸੀ ਅਰਥਾਤ ਪਾਲੀ ਪੇਂਡੂ ਭਾਸ਼ਾ ਸੀ।

ਕੋਸਾਂਬੀ ਦਾ ਮਤ :

ਬੋਧ ਵਿਦਵਾਨ ਕੋਸਾਂਬੀ (ਪਾਲੀ ਭਾਸ਼ਾ ਦਾ ਕਾਲ ਨਿਰਣਯ-ਮਰਾਠੀ) ਇਸ ਦਾ ਨਿਕਾਸ 'ਪਾਲ' ਧਾਤੂ ਤੋਂ ਹੈ ਜਿਸ ਦਾ ਅਰਥ ਰਖਿਆ ਕਰਨਾ ਹੈ। ਇਸ ਭਾਸ਼ਾ ਨੇ ਬੁਧ ਦੇ ਉਪਦੇਸਾਂ ਨੂੰ ਸੁਰਖਿਅਤ ਕੀਤਾ ਹੈ। ਇਸ ਲਈ ਬੁਧ ਬਚਨਾਂ ਦੀ ਭਾਸ਼ਾ ਨੂੰ ਹੀ 'ਪਾਲੀ' ਕਹਿਣਾ ਪ੍ਰਸਿੱਧ ਹੋਇਆ ਹੈ।

ਪ੍ਰਮਾਣਿਕ ਮਤ :

ਬੋਧ ਸਾਹਿਤ ਦੇ ਪ੍ਰਾਚੀਨ ਵਿਦਵਾਨ / ਟੀਕਾਕਾਰ ਬੁੱਧ ਘੋਸ਼ ਨੇ 'ਅੱਠਕਥਾ' ਦੀ ਟੀਕਾ ਵਿਚ ਬੁਧ ਧਰਮ ਦੇ ਧਰਮ ਗ੍ਰੰਥ 'ਤ੍ਰਿਪਟਕ' ਨੂੰ ਥਾਂ ਥਾਂ 'ਪਾਲੀ' ਲਿਖਿਆ ਹੈ। ਤ੍ਰਿਪਿਟਕ ਵਾਸਤੇ 'ਪਾਲੀ' ਦੀ ਵਰਤੋਂ ਉਸੇ ਤਰ੍ਹਾਂ ਹੁੰਦੀ ਹੈ ਜਿਵੇਂ ਵੇਦਾਂ ਲਈ 'ਸੰਹਿਤਾ' ਦੀ ਵਰਤੋਂ (ਰਿਗਵੇਦ ਸੰਹਿਤਾ, ਯਜੁਰਵੇਦ ਸੰਹਿਤਾ) ਸੰਹਿਤਾ ਦਾ ਅਰਥ ਸੰਚੀ ਹੈ, ਇਕੱਠ ਹੈ। ਬੋਧ ਸਾਹਿਤ ਵਿਚ ਵਾਕ ਹੈ—'ਨੇਵ ਪਾਲਿਯੰ ਨ ਅੱਠਕਥਾਯੰ ਦਿਸੱਤਿ' ਅਰਥਾਤ ਨ ਤਾਂ ਪਾਲੀ ਵਿਚ ਅਤੇ ਨਾ ਹੀ ਅਰਥ ਕਥਾ ਵਿਚ ਵੇਖਿਆ ਜਾਂਦਾ ਹੈ। ਇਸ ਵਾਕ ਵਿਚ ਪਾਲੀ ਦਾ ਅਰਥ 'ਤ੍ਰਿਪਿਟਕ' ਹੀ ਹੈ। ਹੌਲੀ ਹੌਲੀ ਤ੍ਰਿਪਿਟਕ ਦੀ ਭਾਸ਼ਾ ਲਈ ਪਾਲੀ ਚਾਲੂ ਹੋਇਆ ਹੋਵੇਗਾ।

ਪਾਲੀ ਭਾਸ਼ਾ ਦਾ ਇਲਾਕਾ :

ਇਹ ਸਵਾਲ ਵੀ ਘੱਟ ਅੜਿੱਕੇ ਵਾਲਾ ਨਹੀਂ ਕਿ ਪਾਲੀ ਕਿਸ ਇਲਾਕੇ ਦੀ ਜਨਭਾਸ਼ਾ ਸੀ ? ਅਰਥਾਤ ਪਾਲੀ ਕਿਸ ਥਾਂ ਬੋਲੀ ਜਾਂਦੀ ਸੀ। ਇਸ ਬਾਰੇ ਵੀ

ਕਈ ਸਿਧਾਂਤ ਮਿਲਦੇ ਹਨ। ਡਾ. ਸਰਨਾਮ ਸਿੰਹ (ਪਾਲਿ ਸਾਹਿਤਯ ਔਰ ਸਮੀਕਸ਼ਾ) ਨੇ ਇਨ੍ਹਾਂ ਸਾਰਿਆਂ ਮਤਾਂ / ਸਿਧਾਂਤਾਂ ਦੀ ਛਾਣਬੀਣ ਕਰਕੇ ਸਾਰਿਆਂ ਦੇ ਅਗਾਂਹ ਛੇ ਵਰਗ ਬਣਾਏ ਹਨ।

ਪਹਿਲਾ ਵਰਗ :

ਇਸ ਵਰਗ ਵਿਚ ਜਾਰਜ ਗ੍ਰੀਅਰਸਨ, ਵਿੰਟਰਨਿਤਜ਼ ਆਦਿ ਵਿਦਵਾਨ ਆਉਂਦੇ ਹਨ ਜਿਹੜੇ ਪਾਲੀ ਦਾ ਇਲਾਕਾ ਮਗਧ ਪ੍ਰਦੇਸ਼ ਮੰਨਦੇ ਹਨ।

ਦੂਜਾ ਵਰਗ :

ਇਸ ਵਿਚ ਸਿਲਵਾਂ ਲੇਵੀ, ਕੀਥ, ਟਰਨਰ, ਸੁਨੀਤੀ ਕੁਮਾਰ ਚਟਰਜੀ ਆਦਿ ਆਉਂਦੇ ਹਨ ਜਿਨ੍ਹਾਂ ਦੇ ਅਨੁਸਾਰ ਪਾਲੀ ਪੂਰਬ ਦੀ ਬੋਲੀ ਦੇ ਅਨੁਵਾਦ ਦੀ ਸਾਹਿਤਕ ਭਾਸ਼ਾ ਸੀ ਜਿਹੜੀ ਕਿ ਮੱਧਦੇਸ਼ ਦੀਆਂ ਬੋਲੀਆਂ ਉਤੇ ਨਿਰਭਰ ਸੀ। ਇਸ ਨੂੰ ਪੱਛਮੀ ਹਿੰਦੀ ਦੀ ਵਡੇਰੀ ਮੰਨਦੇ ਹਨ। ਤੀਜੇ ਵਰਗ ਵਿਚ ਡਾ. ਓਲਡਨਬਰਗ ਜਿਹੇ ਵਿਦਵਾਨ ਸ਼ਾਮਲ ਹਨ। ਇਹ ਪਾਲੀ ਨੂੰ ਕਲਿੰਗ ਬੋਲੀ ਦੇ ਆਧਾਰ ਉੱਤੇ ਵਿਕਸਿਤ ਭਾਸ਼ਾ ਮੰਨਦੇ ਹਨ। ਚੋਥੇ ਵਰਗ ਵਿਚ ਡਾ. ਸਟਨਕੋਨੋ ਅਤੇ ਆਰ. ਓ. ਫ੍ਰੈਂਕ ਦੇ ਨਾਂ ਖਾਸ ਉਲੇਖਨੀ ਹਨ।

ਜਿਹੜੇ ਪਾਲੀ ਨੂੰ ਵਿੰਧਿਆਚਲ ਖੇਤਰ ਦੀ ਭਾਸ਼ਾ ਮੰਨਦੇ ਹਨ। ਪੰਜਵੇਂ ਵਰਗ ਵਿਚ ਪ੍ਰੋ. ਰਾਇਸ ਡੇਵਿਸ ਹੀ ਹਨ। ਉਸ ਦੇ ਅਨੁਸਾਰ ਪਾਲੀ ਦਾ ਮੂਲ ਕੋਸ਼ਲ ਪ੍ਰਦੇਸ਼ ਦੀ ਭਾਸ਼ਾ ਸੀ। ਸ੍ਰੀ ਵੇਸਟਰ ਗਾਰਡ ਅਤੇ ਈ. ਕੁੱਹਨ ਛੇਵੇਂ ਵਰਗ ਵਿਚ ਸ਼ਾਮਲ ਕੀਤੇ ਜਾਂਦੇ ਹਨ ਜਿਹੜਾ ਇਹ ਸੁਝਾ ਦਿੰਦੇ ਹਨ ਕਿ ਪਾਲੀ ਦੀ ਉਤਪੱਤੀ ਉਜੈਨ ਦੇ ਇਲਾਕੇ ਵਿਚ ਹੋਈ ਹੈ।

ਡਾ. ਐਸ. ਕੇ. ਚਟਰਜੀ ਦੀ ਦਲੀਲ ਹੈ ਕਿ 'ਇਹ ਕਹਿਣਾ ਕਿ ਪਾਲੀ ਮਗਧ ਦੀ ਭਾਸ਼ਾ ਸੀ ਗ਼ਲਤ ਹੈ, ਸਗੋਂ ਇਹ ਇਕ ਸਾਹਿਤਕ ਭਾਸ਼ਾ ਸੀ ਜਿਹੜੀ ਮੱਧਦੇਸ਼ ਦੀ ਬੋਲੀ ਦੀ ਬੁਨਿਆਦ ਤੇ ਉਸਰੀ ਸੀ (ਉਜੈਨ ਤੋਂ ਮਥਰਾ ਤਕ ਦਾ ਇਲਾਕਾ ਮੱਧਦੇਸ਼ ਹੈ)। ਵਾਸਤਵ ਵਿਚ ਇਹ ਪੱਛਮੀ ਹਿੰਦੀ ਦੀ ਵਡੇਰੀ ਭਾਸ਼ਾ ਹੈ। ਪਾਲੀ ਆਧੁਨਿਕ ਹਿੰਦੀ ਦੀ ਤਰ੍ਹਾਂ 'ਆਰਯਾਵਰਤ' ਦੇ ਐਨ ਦਰਮਿਆਨ ਦੀ ਭਾਸ਼ਾ ਸੀ ਜਿਹੜੀ ਇਕ ਤਰ੍ਹਾਂ 'ਰਾਸ਼ਟਰ-ਭਾਸ਼ਾ ਦਾ ਗੌਰਵ ਰਖਦੀ ਸੀ।[1]

---

1. *Indo-Aryan and Hindi,* p 161

ਉਪਰੋਕਤ ਸਾਰਿਆਂ ਮਤ-ਮਤਾਂਤਰਾਂ ਵਿਚ ਇਕ ਗੱਲ ਤਾਂ ਸਰਬ-ਸਾਂਝੀ ਹੈ ਕਿ ਪਾਲੀ ਵਿਚ ਭਿੰਨ ਭਿੰਨ ਬੋਲੀਆਂ ਦੇ ਤੱਤ ਮੌਜੂਦ ਹਨ। ਇਸੇ ਕਾਰਨ ਵਖ ਵਖ ਵਿਦਵਾਨਾਂ ਨੇ ਇਸ ਨੂੰ ਵਖ ਵਖ ਇਲਾਕਿਆਂ ਨਾਲ ਸੰਬੰਧਤ ਕੀਤਾ ਹੈ। ਹਕੀਕਤ ਇਹ ਹੈ ਕਿ ਪਾਲੀ ਬੁਨਿਆਦੀ ਤੌਰ ਤੇ ਮਧ-ਪ੍ਰਦੇਸ਼ ਦੀ ਭਾਸ਼ਾ ਹੈ। ਸ੍ਰੀ ਕੌਂਸਕ ਨੇ ਠੀਕ ਹੀ ਕਿਹਾ ਹੈ ਕਿ ਪਾਲੀ ਇਕ ਮਿਸ਼ਰਤ ਭਾਸ਼ਾ ਹੈ ਜਿਸ ਵਿਚ ਪ੍ਰਧਾਨਤਾ ਮੱਧ ਦੇਸ਼ ਦੀਆਂ ਬੋਲੀਆਂ ਦੀਆਂ ਪ੍ਰਵਿਰਤੀਆਂ ਦੀ ਹੈ। ਇਸ ਲਈ ਪਾਲੀ ਦੀ ਉਤਪੱਤੀ ਕਿਸੇ ਇਕ ਇਲਾਕੇ ਦੀ ਬੋਲੀ ਤੋਂ ਨਹੀਂ ਹੈ।

ਪਾਲੀ ਸਾਹਿਤ :

ਬੁੱਧ-ਧਰਮ ਦਾ ਸਾਰਾ ਸਾਹਿਤ ਲਗ ਭਗ ਪਾਲੀ ਵਿਚ ਹੀ ਲਿਖਿਆ ਹੋਇਆ ਹੈ। ਭਗਵਾਨ-ਬੁੱਧ ਦਾ ਸਾਰਾ ਉਪਦੇਸ਼ ਜ਼ਬਾਨੀ ਸੀ ਜਿਸ ਨੂੰ ਉਨ੍ਹਾਂ ਦੇ ਸੇਵਕ ਯਾਦ ਕਰ ਲੈਂਦੇ ਸਨ। ਬਾਦ ਵਿਚ ਮਹਾਕਾਸ਼ਯਪ, ਆਨੰਦ ਪ੍ਰਮੁੱਖ ਬੁਧ-ਧਰਮੀ ਵਿਦਵਾਨਾਂ ਨੇ ਸਾਰੇ ਉਪਦੇਸ਼ ਸੰਗ੍ਰਹਿ ਕਰ ਕੇ ਗ੍ਰੰਥ ਦੀ ਸ਼ਕਲ ਵਿਚ ਲਿਪੀਬੱਧ ਕਰ ਲਏ। ਉਸੇ ਗ੍ਰੰਥ ਦਾ ਨਾਂ 'ਤ੍ਰਿਪਟਕ' ਹੈ।

'ਤ੍ਰਿਪਿਟਕ' ਪਾਲੀ ਭਾਸ਼ਾ ਵਿਚ ਲਿਖਿਆ ਬੌਧ ਧਰਮ ਦਾ ਪਵਿਤ੍ਰ ਗ੍ਰੰਥ ਹੈ। ਤ੍ਰਿਪਿਟਕ' ਦਾ ਅਰਥ ਹੈ ਤਿੰਨ ਪਟਾਰੀਆਂ। ਇਹ ਤਿਨ ਹਨ :

ਸੁੱਤ ਪਿਟਕ, ਵਿਨਯ ਪਿਟਕ ਅਤੇ ਅਭਿਧੰਮ ਪਿਟਕ।

ਜਦੋਂ ਸਮ੍ਰਾਟ ਅਸ਼ੋਕ ਦੇ ਸਾਹਿਬਜ਼ਾਦੇ ਕੁਮਾਰ ਮਹੇਂਦ੍ਰ ਭਿਕਸ਼ੂ ਬਣ ਕੇ ਪ੍ਰਚਾਰ ਦੀ ਖ਼ਾਤਰ ਲੰਕਾ ਗਏ ਤਾਂ ਉਨ੍ਹਾਂ ਨੇ ਉਥੇ ਇਸ ਤ੍ਰਿਪਿਟਕ ਦਾ ਉਪਦੇਸ਼ ਕੀਤਾ। ਲੰਕਾ ਦੇ ਹਰਮਨ ਪਿਆਰੇ ਰਾਜਾ ਵੱਟਗਾਮਨੀ ਦੀ ਸਰਪ੍ਰਸਤੀ ਹੇਠ ਇਹ ਗ੍ਰੰਥ ਲਿਖੇ ਗਏ ਸਨ। ਲੰਕਾ, ਬਰਮਾ, ਸਿਆਮ, ਜਾਪਾਨ ਆਦਿ ਮੁਲਕਾਂ ਵਿਚ ਤ੍ਰਿਪਿਟਕ ਦਾ ਸਥਾਨ ਬਹੁਤ ਉੱਚਾ ਹੈ। ਇਨ੍ਹਾਂ ਦੇਸ਼ਾਂ ਵਿਚ ਪਾਲੀ ਵਿਚ ਲਿਖੇ ਤ੍ਰਿਪਿਟਕ ਨੂੰ ਆਪਣੀ ਆਪਣੀ ਲਿਪੀ ਵਿਚ ਲਿਪੀਅੰਤਰ ਕਰ ਲਿਆ ਗਿਆ ਹੈ।

ਸੁੱਤਪਿਟਕ (ਸੂਤ੍ਰ ਪਿਟਕ) ਵਿਚ ਪੰਜ ਨਿਕਾਯ ਹਨ :

ਦੀਘ ਨਿਕਾਯ, ਮੱਝਿਮ ਨਿਕਾਯ, ਸੰਯੁੱਤ ਨਿਕਾਯ, ਅੰਗੁਤਰ ਨਿਕਾਯ, ਖੁੱਦਕ ਨਿਕਾਯ। ਖੁੱਦਕ ਨਿਕਾਯ ਦੇ ਧੰਮਪਦ, ਥੇਰ ਗਾਥਾ, ਜਾਤਕ, ਬਹੁਤ ਪ੍ਰਸਿੱਧ ਗ੍ਰੰਥ ਹਨ। ਸੁੱਤ ਪਿਟਕ ਵਿਚ ਗੱਦਮਈ ਸੂਤਰ ਹਨ ਜਿਹੜੇ ਭਗਵਾਨ ਬੁਧ ਦੇ ਦਿਤੇ ਹੋਏ ਉਪਦੇਸ਼ ਹਨ।

ਵਿਨਯਪਿਟਕ ਵਿਚ ਭਗਵਾਨ ਬੁਧ ਦੀਆਂ ਉਨ੍ਹਾਂ ਸਿਖਿਆਵਾਂ ਤੇ ਨਸੀਹਤਾਂ ਦਾ ਸੰਗ੍ਰਹਿ ਹੈ ਜਿਹੜੀਆਂ ਉਨ੍ਹਾਂ ਨੇ ਸਮੇਂ ਸਮੇਂ ਸੰਘ ਨੂੰ ਨਿਯਮਤ ਤੇ ਸੰਚਾਲਤ ਕਰਨ ਲਈ ਦਿੱਤੀਆਂ ਸਨ। ਵਿਨਯ ਪਿਟਕ ਵਿਚ ਹੇਠ ਲਿਖੇ ਗ੍ਰੰਥ ਹਨ : – ਮਹਾਵੱਗ, ਚੁੱਲ ਵੱਗ ਪਾਰਿਤ੍ਰਿਯ ਪਾਰਾਜਿਕ, ਪਰਿਵਾਰ।

ਅਭਿਧੰਮ ਪਿਟਕ ਵਿਚ ਚਿੱਤ, ਚੈਤਸਕ, ਆਦਿ ਧਰਮਾਂ ਦੀ ਵਿਸਤਾਰ ਪੂਰਵਕ ਪੜਚੋਲ ਕੀਤੀ ਗਈ ਹੈ। ਵਿਗਿਆਨ ਕੀ ਹੈ, ਸੰਸਕਾਰ ਕੀ ਹੈ, ਵੇਦਨਾ ਕੀ ਹੈ, ਸੰਗਿਆ ਕੀ ਹੈ, ਆਦਿ ਅਧਿਆਤਮਿਕ ਵਿਸ਼ਿਆਂ ਉੱਤੇ ਦਾਰਸ਼ਨਿਕ ਖੋਜ ਕੀਤੀ ਗਈ ਹੈ। ਨਿਰਵਾਨ ਦੀ ਪ੍ਰਾਪਤੀ ਦਾ ਰਾਹ ਦਰਸਾਇਆ ਗਿਆ ਹੈ। ਇਹ ਇਕ ਤਰ੍ਹਾਂ ਦੀ ਬੋਧ ਫਿਲਾਸਫ਼ੀ ਹੈ। ਅਭਿਧੰਮ ਪਿਟਕ ਵਿਚ ਸੱਤ ਗ੍ਰੰਥ ਹਨ : ਧੰਮ ਸੰਗਣੀ, ਵਿਭੰਗ, ਧਾਤੂ ਕਥਾ, ਪੁਗਲ ਪੰਞਤਿ, ਕਥਾਵੱਥੂ, ਯਮਕ, ਪੱਠਾਨ।

ਅੱਠਕਥਾ ; ਅਰਥਾਤ ਅਰਥ – ਕਥਾ ਤ੍ਰਿਪਿਟਕ ਗ੍ਰੰਥ ਉੱਤੇ ਲਿਖੇ ਟੀਕੇ ਹਨ। ਇਹ ਟੀਕੇ ਜ਼ਿਆਦਾਤਰ ਆਚਾਰੀਆ ਬੁਧਘੋਸ਼ ਨੇ ਲਿਖੇ ਸਨ। ਇਕ ਹੋਰ ਗ੍ਰੰਥ 'ਵਿਸੁਧਿ-ਮੱਗ' (ਵਿਸ਼ੁਧ – ਮਾਰਗ) ਵੀ ਬੁਧਘੋਸ਼ ਨੇ ਰਚਿਆ ਹੈ। ਇਹ ਗ੍ਰੰਥ ਵੀ ਪਾਲੀ ਵਿਚ ਹਨ।

ਮਿਲਿੰਦ ਪੰਞਹੋ : ਇਹ ਗ੍ਰੰਥ ਵੀ ਪਾਲੀ ਵਿਚ ਹੈ। ਗ੍ਰੀਸ ਦੇਸ ਦੇ ਰਾਜਾ 'ਮਿਲਿੰਦ' ਦੇ ਮਨ ਵਿਚ ਕਈ ਸ਼ੰਕੇ ਪੈਦਾ ਹੋਏ ਸਨ ਜਿਨ੍ਹਾਂ ਦਾ ਉੱਤਰ ਮਹਾਸਥਵਿਰ 'ਨਾਗਸੇਨ' ਨੇ ਦਿੱਤਾ ਸੀ। ਇਨ੍ਹਾਂ ਦਾ ਸੰਗ੍ਰਹਿ ਹੀ 'ਮਿਲਿੰਦ-ਪ੍ਰਸ਼ਨ' ਹੈ।

ਵਿਆਕਰਣ :— ਪਾਲੀ ਭਾਸ਼ਾਵਾਂ ਬਾਰੇ ਵਿਆਕਰਣ ਵੀ ਲਿਖੇ ਗਏ ਸਨ। ਪਾਲੀ ਦੇ ਵਿਆਕਰਣੀਆਂ ਵਿਚ 'ਕੱਚਾਨ' (ਕਾਤਿਆਇਨ), ਮੋਗਲਾਨ (ਮੁਦਗਲਾਨ) ਅਤੇ ਸੱਦਨੀਤਿ ਦੇ ਨਾਂ ਬਹੁਤ ਉਘੇ ਹਨ। ਪਾਲੀ ਭਾਸ਼ਾ ਦੀਆਂ ਸਾਹਿਤਕ ਵੰਨਗੀਆਂ ਹੇਠ ਉਧ੍ਰਿਤ ਹਨ :—

ਸੱਬੇ ਤਸੰਤਿ ਦੰਡੱਸ ਸੱਬੇ ਭਯੰਤਿ ਮੱਚੁਨੋ।
ਅੱਤਾਨੰ ਉਪਮੰ ਕਤ੍ਵਾ ਨਾ ਹਨੇਯਾ ਨ ਘਾਤਯੇ।

......

ਸੁਖ ਕਾਮਾਨਿ ਭੂਤਾਨਿ ਯੋ ਦੰਡੇਨ ਵਿਹਿੰਸਤਿ।
ਅੱਤਨੋ ਸੁਖਮੇਸਾਨੋ ਪੇਚ ਸੋ ਨ ਲਭਤੇ ਸੁਖੰ।

'ਧੰਮਪਦ' ਵਿਚੋਂ

......

ਅਰਥਾਤ ਸਭੇ ਜਣੇ ਡੰਡ ਤੋਂ ਤ੍ਰਹਿੰਦੇ ਹਨ, ਸਾਰੇ ਮਿਤ੍ਰੂ ਤੋਂ ਭੈ ਖਾਂਦੇ ਹਨ, ਆਪਣੇ ਨਾਲ ਉਪਮਾ ਦੇ ਕੇ (ਮਿਸਾਲ ਦੇ ਕੇ) ਨਾ ਹਿੰਸਾ ਕਰੇ ਨਾ ਘਾਤ ਕਰਨ ਦੇਵੇ। ਜੋ ਸੁਖ ਦੀ ਕਾਮਨਾ ਕਰਨ ਵਾਲਿਆਂ ਜੀਵਾਂ (ਭੂਤ-ਜੀਵ) ਨੂੰ ਡੰਡੇ ਨਾਲ ਮਾਰਦਾ ਹੈ (ਹਿੰਸਾ ਕਰਦਾ ਹੈ), ਆਪਣੇ ਸੁੱਖ ਦੀ ਇੱਛਾ ਤੋਂ ਪਰੇ ਜਾ ਕੇ ਸੁਖ ਨਹੀਂ ਲਭ ਸਕਦਾ।

ਪਾਲੀ ਭਾਸ਼ਾ ਦਾ ਸਰੂਪ :

ਵੈਦਿਕ ਸੰਸਕ੍ਰਿਤ ਅਤੇ ਕਲਾਸੀਕਲ ਸੰਸਕ੍ਰਿਤ ਦੇ ਮੁਕਾਬਲੇ ਵਿਚ ਪਾਲੀ ਵਿਚ ਕਈ ਨਵੀਆਂ ਪ੍ਰਵਿਰਤੀਆਂ ਪੈਦਾ ਹੋ ਗਈਆਂ। ਫਲਸਰੂਪ ਪਾਲੀ ਇਕ ਸੁਤੰਤਰ ਭਾਸ਼ਾ ਦੀ ਪਦਵੀ ਗ੍ਰਹਿਣ ਕਰਨ ਦੇ ਸਮਰਥ ਹੋ ਸਕੀ ਸੀ। ਸਭ ਤੋਂ ਵੱਡੀ ਪ੍ਰਵਿਰਤੀ ਪਾਲੀ ਵਿਚ ਵੈਦਿਕ/ਸੰਸਕ੍ਰਿਤ ਦੇ ਸ਼ਬਦਾਂ ਵਿਚ ਪ੍ਰਾਪਤ ਸੰਜੁਗਤ ਧੁਨੀਆਂ (Conjunct Sounds) ਨੂੰ ਸਰਲੀਕਰਣ (Simplification) ਦੀ ਵਿਧੀ ਦੁਆਰਾ ਦੁੱਤ ਧੁਨੀਆਂ (double sounds) ਵਿਚ ਤਬਦੀਲ ਕਰਨਾ ਸੀ। ਇਹੋ ਰੁਚੀ ਸਾਹਿਤਕ ਪ੍ਰਾਕ੍ਰਿਤਾਂ ਤੇ ਅਪਭ੍ਰੰਸ਼ਾਂ ਰਾਹੀਂ ਪੰਜਾਬੀ ਵਿਚ ਵੀ ਪ੍ਰਧਾਨ ਹੈ। ਹੇਠਾਂ ਕੁਝ ਵੰਨਗੀਆਂ ਦਿੱਤੀਆਂ ਜਾਂਦੀਆਂ ਹਨ :

ਸੰਸਕ੍ਰਿਤ	ਪਾਲੀ	ਪੰਜਾਬੀ
ਵਿਦ੍ਯੁਤ	ਵਿੱਜੁ	ਬਿੱਜ
ਸਰ੍ਵ	ਸੱਬ	ਸਭ
ਮਾਰ੍ਗ	ਮੱਗ	ਮਾਰਗ
ਧਰ੍ਮ	ਧੰਮ	ਧਰਮ
ਕਰ੍ਮ	ਕੰਮ	ਕੰਮ
ਓਸ਼ਠ	ਓੱਠ	ਹੋਠ
ਗ੍ਰੀਸ਼ਮ	ਗਿਮ੍ਹ	ਗ੍ਰੀਮ੍ਹ (ਮੁਤ੍ਰਕਾ)
ਵਸਤ੍ਰ	ਵੱਥੁ	ਵੱਥ (ਪੁਰਾਣੀ ਪੰਜਾਬੀ)
ਮਸ੍ਤਕ	ਮੱਥਕ	ਮੱਥਾ
ਸ਼ਬਦ	ਸੱਦ	ਸੱਦ (ਸੱਦਣਾ)

ਦਗਧ	ਦੁੱਧ	ਦੁੱਧ
ਜਨਮ	ਜੰਮ	ਜੰਮ (ਜੰਮਣਾ)
ਲਬਧ	ਲੱਧ	ਲੱਧਾ (ਲੱਭਿਆ)

ਦੂਜੀ ਪ੍ਰਵਿਰਤੀ ਸਰਲੀਕਰਣ ਦੀ ਹੈ। ਵੈਦਿਕ ਸੰਸਕ੍ਰਿਤ ਵਿਚ ਰੂਪਾਂ ਦੀ ਜਿਹੜੀ ਬਹੁਲਤਾ ਸੀ ਉਹ ਏਥੇ ਆ ਕੇ ਬਹੁਤ ਘੱਟ ਰਹਿ ਗਈ ਹੈ। ਪਾਲੀ ਦੇ ਕਾਰਕਾਂ, ਨਾਂਵ ਰੂਪਾਂ (declension) ਕ੍ਰਿਆ-ਰੂਪਾਂ (conjugation) ਵਿਚ ਵੱਖਰੇ ਵੱਖਰੇ ਰੂਪਾਂ ਦੀਆਂ ਵੰਨਗੀਆਂ ਕਾਫ਼ੀ ਘਟ ਗਈਆਂ ਹਨ। ਤੀਜੀ ਪ੍ਰਵਿਰਤੀ ਵੈਦਿਕ ਤ-ਵਰਗ ਦੀ ਟ-ਵਰਗ ਕਰਨਾ ਹੈ ਜਿਸ ਨੂੰ Tendency of cerebralisation ਮੂਰਧਨੀਕਰਨ ਦੀ ਪ੍ਰਵਿਰਤੀ ਕਿਹਾ ਜਾਂਦਾ ਹੈ। ਹੁਣ ਪਾਲੀ ਦੇ ਭਾਸ਼ਾ-ਤੱਤਾਂ ਉੱਤੇ ਵਿਚਾਰ ਕਰਦੇ ਹਾਂ।

ਪਾਲੀ ਦੀਆਂ ਧੁਨੀਆਂ :

ਪਾਲੀ ਦੇ ਮਸ਼ਹੂਰ ਵਿਆਕਰਣਕਾਰ ਕੱਚਾਇਨ ਦੇ ਅਨੁਸਾਰ ਪਾਲੀ ਵਿਚ 41 ਧੁਨੀਆਂ ਸਨ (ਅੱਖਰਾਪਾਦਯੋ ਏਕਚੱਤਾਲੀਸ)। ਮੋਗਲਾਨ ਦੇ ਅਨੁਸਾਰ 43 ਸਨ (ਅ-ਆਦਯੋ ਤਿਤਾਲਿਸ ਵੰਨਾ)। ਪਰ ਅਸਲ ਵਿਚ ਪਾਲੀ ਦੀਆਂ 47 ਧੁਨੀਆਂ ਹਨ।[1]

ਅ, ਆ, ਇ, ਈ, ਉ, ਊ, ਏੱ, ਓੱ, ਏ, ਓ,

ਕ ਖ ਗ ਘ ਙ, ਚ, ਛ, ਜ, ਝ, ਞ, ਟ, ਠ, ਡ, ਢ, ਣ

ਤ, ਥ, ਦ, ਧ, ਨ, ਪ, ਫ, ਬ, ਭ, ਮ,

ਯ, ਯ਼, ਰ, ਲ, ਲ਼, ਲ਼ਹ, ਵ, ਵ਼, ਸ, ਹ, ਅਨੁਸ੍ਵਾਰ।

(ਵੈਦਿਕ ਸੰ. ਵਿਚ 55, ਲੌਕਿਕ ਸੰ. ਵਿਚ 52 ਅਤੇ ਪਾਲੀ ਵਿਚ 47 ਧੁਨੀਆਂ ਹਨ)

ਇਨ੍ਹਾਂ ਧੁਨੀਆਂ ਵਿਚ ਕਈ ਤਬਦੀਲੀਆਂ ਵਾਪਰੀਆਂ ਹਨ। ਅਘੋਸ਼ ਵਿਅੰਜਨਾਂ ਨੂੰ ਸਘੋਸ਼ ਕਰਨਾ, ਕਿਤੇ ਕਿਤੇ ਸਘੋਸ਼ ਨੂੰ ਅਘੋਸ਼ ਕਰਨਾ, ਅਲਪ-ਪ੍ਰਾਣ ਵਰਨਾ ਨੂੰ ਮਹਾਪ੍ਰਾਣ ਕਰਨਾ ਅਤੇ ਸਭ ਤੋਂ ਵੱਧ ਵਖਰੀਆਂ ਵਖਰੀਆਂ ਧੁਨੀਆਂ ਨੂੰ ਸਮ ਕਰਕੇ (ਸਮੀਕਰਣ) ਇਕ ਰੂਪ ਬਣਾਉਣਾ—ਮੈਤ੍ਰੀ ਤੋਂ ਮੇੱਤੀ, ਗੌਤਮ ਤੋਂ ਗੋਤਮ, ਗੌਰ ਤੋਂ ਗੋਰਾ (ਰੰਗ)। ਪਾਲੀ ਵਿਚ ਵੈਦਿਕ ਧੁਨੀਆਂ /ऋ ॠ ऌ ॡ/ ਅਲੋਪ ਹੋ ਗਈਆਂ। ਸੰਸਕ੍ਰਿਤ ਵਿਅੰਜਨ ਧੁਨੀਆਂ / ਸ਼, ष / ਲੁਪਤ ਹੋ ਗਈਆਂ ਹਨ।

1 ਭੋ, ਨਾ, ਤਿਵਾਰੀ, 'ਹਿੰਦੀ ਭਾਸ਼ਾ' ਪੰਨਾ 64

ਵਿਆਕਰਣ ਰੂਪ

ਪਾਲੀ ਦੇ ਵਿਆਕਰਣ-ਰੂਪਾਂ ਵਿਚ ਸਭ ਤੋਂ ਵੱਡੀ ਰੁਚੀ ਸਰਲੀਕਰਣ ਦੀ ਹੈ। ਇਹ ਸਰਲੀਕਰਣ ਜਾਂ ਤਾਂ ਕਈ ਰੂਪਾਂ ਦੀ ਸਦ੍ਰਿਸ਼ਤਾ (analogy) ਨੂੰ ਮੁੱਖ ਰਖਕੇ ਇਕਰੂਪ ਹੋਣ ਵਿਚ ਪੈਦਾ ਹੋਇਆ ਹੈ ਜਾਂ ਫਿਰ ਵੱਖਰੇ ਉਚਾਰਨ ਵਿਚ ਇਕੋ ਜਿਹਾ ਉਚਾਰਨ ਹੋਣ ਕਰਕੇ ਉਤਪੰਨ ਹੋਇਆ ਹੈ। ਇਸ ਕਾਰਨ ਪਾਲੀ ਸ਼ਬਦ-ਰੂਪਾਂ ਵਿਚ ਇਕਰੂਪਤਾ ਦਾ ਕਾਫੀ ਜ਼ੋਰ ਹੈ।

ਰੂਪ :

ਪਾਲੀ ਵਿਚ ਸੰਸਕ੍ਰਿਤ ਦੇ ਅਠ ਕਾਰਕਾਂ ਦੀ ਥਾਂ ਛੇ ਕਾਰਕ (ਸੰਪ੍ਰਦਾਨ ਤੇ ਸੰਬੰਧ ਅਤੇ ਕਰਣ ਕਾਰਕ ਤੇ ਅਪਾਦਾਨ ਕਾਰਕ ਆਪਸ ਵਿਚ ਘੁਲ-ਮਿਲ ਕੇ ਇਕ ਰੂਪ ਹੋ ਗਏ) ਸੰ. ਦੇ ਤਿੰਨ ਲਿੰਗਾਂ ਦੀ ਥਾਂ ਦੋ ਲਿੰਗ (ਇਸਤ੍ਰੀ ਲਿੰਗ ਤੇ ਪੁਲਿੰਗ) ਅਤੇ ਨਪੁੰਸਕ ਦਾ ਲੋਪ), ਤਿੰਨ ਵਚਨਾਂ ਦੀ ਥਾਂ ਦੋ ਵਚਨ (ਦ੍ਵਿ ਵਚਨ ਦਾ ਲੋਪ) ਰਹਿ ਗਏ। ਪਾਲੀ ਦੇ ਕ੍ਰਿਆਰੂਪ, ਕ੍ਰਿਦੰਤ, ਪ੍ਰਤਿਆ, ਉਪਸਰਗ, ਸੰਸਕ੍ਰਿਤ ਦੇ ਨੇੜੇ ਰਹੇ ਪਰ ਉਨ੍ਹਾਂ ਵਿਚ ਢੇਰ ਸਾਰੇ ਧੁਨੀਆਤਮਕ ਪਰਿਵਰਤਨ (phonetic changes) ਪੈਦਾ ਹੋ ਗਏ ਇਸ ਕਰਕੇ ਸ਼ਕਲਾਂ ਵਿਚ ਭਾਰੀ ਤਬਦੀਲੀ ਆ ਗਈ।

ਸ਼ਬਦਾਵਲੀ :

ਪਾਲੀ ਵਿਚ ਇਕ ਪਾਸੇ ਵੈਦਿਕ ਭਾਸ਼ਾ ਦੇ ਸ਼ਬਦ ਘਟਦੇ ਗਏ ਅਤੇ ਦੂਜੇ ਪਾਸੇ ਲੋਕ ਬੋਲੀਆਂ ਦੇ ਸ਼ਬਦ ਵਧਦੇ ਗਏ। ਦੇਸੀ ਸ਼ਬਦਾਂ ਦੀ ਬੜੀ ਭਰਮਾਰ ਹੈ ਅਤੇ ਤਤਸਮ ਸ਼ਬਦਾਂ ਦੀ ਥਾਂ ਤਦਭਵ ਸਬਦ ਬਹੁਤਾਇਤ ਨਾਲ ਮਿਲਦੇ ਹਨ। ਗ਼ੈਰ-ਆਰੀਆਈ ਭਾਸ਼ਾਵਾਂ ਦੇ ਸਬਦ ਵੀ ਪਾਲੀ ਵਿਚ ਦਾਖ਼ਲ ਹੋ ਗਏ ਹਨ।[1]

ਅਸ਼ੋਕੀ ਪਾਲੀ ਜਾਂ ਸ਼ਿਲਾਲੇਖੀ ਪ੍ਰਾਕ੍ਰਿਤ

ਇਸ ਅਸ਼ੋਕੀ ਪਾਲੀ ਦਾ ਪਤਾ ਸਾਨੂੰ ਸਮ੍ਰਾਟ ਅਸ਼ੋਕ (273 ਬੀ. ਸੀ. ਤੋਂ 231 ਬੀ. ਸੀ.) ਦੁਆਰਾ ਉਕਰਵਾਏ ਗਏ ਸਿਲਾ ਲੇਖਾਂ ਤੋਂ ਮਿਲਦਾ ਹੈ। ਇਨ੍ਹਾਂ ਸਿਲਾ ਲੇਖਾਂ (inscription) ਦੀ ਅਹਿਮੀਅਤ ਇਤਿਹਾਸਕ ਨੁਕਤੇ ਤੋਂ ਬਹੁਤ ਹੈ ਪਰ ਭਾਸ਼ਾ-ਵਿਗਿਆਨਿਕ ਪਖ ਤੋਂ ਵੀ ਇਨ੍ਹਾਂ ਦੀ ਮਹਾਨਤਾ ਕੋਈ ਘਟ ਨਹੀਂ ਹੈ।

ਅਸ਼ੋਕੀ ਸਿਲਾ ਲੇਖ ਉਸ ਸਮੇਂ ਦੀ ਲਿਪੀ 'ਬ੍ਰਾਹਮੀ' ਵਿਚ ਲਿਖੇ ਗਏ ਸਨ

---

1. P. D. Gune : An Introduction to Comparative Philology, p. 180

ਅਤੇ ਉਨ੍ਹਾਂ ਵਿਚੋਂ ਦੋ ਸ਼ਿਲਾਲੇਖ 'ਸ਼ਾਹਬਾਜ਼ਗੜ੍ਹੀ ਅਤੇ ਮਾਨਸੇਹਰਾ (ਜ਼ਿਲਾ ਪਿਸ਼ਾਵਰ)' 'ਖਰੋਸ਼ਠੀ' ਲਿਪੀ ਵਿਚ ਹਨ। ਇਨ੍ਹਾਂ ਸ਼ਿਲਾਲੇਖਾਂ ਨੂੰ ਲਿਪੀਅੰਤਰ ਕਰਨ ਵਾਲੇ ਯੂਰਪੀਨ ਸਕਾਲਰ ਹੀ ਹਨ। ਸਭ ਤੋਂ ਪਹਿਲਾ ਪ੍ਰਿੰਸਪ (Prinsep) ਨੇ ਲਿਪੀਅੰਤਰ (decipher) ਕੀਤਾ। ਕਨਿੰਘਮ (Cunnigham) ਨੇ ਉਸ ਤੋਂ ਮਗਰੋਂ ਅਸ਼ੋਕੀ ਸ਼ਿਲਾਲੇਖਾਂ ਦਾ ਸੰਪਾਦਨ ਕਰ ਕੇ ਆਪਣੀ ਪੁਸਤਕ 'Corpus Inscriptionum Indicarum' ਪ੍ਰਕਾਸ਼ਿਤ ਕੀਤੀ। Senart ਨੇ ਉਨ੍ਹਾਂ ਨੂੰ ਆਪਣੀ ਪੁਸਤਕ 'Les inscriptions de Piyadasi' ਵਿਚ ਸੰਗ੍ਰਹਿਤ ਕੀਤਾ ਜਿਸ ਦਾ ਅੰਗ੍ਰੇਜ਼ੀ ਅਨੁਵਾਦ ਡਾ. ਗ੍ਰੀਅਰਸਨ ਨੇ ਕੀਤਾ ਸੀ। ਪਰੰਤੂ ਸ਼ਿਲਾਲੇਖਾਂ ਦਾ ਪ੍ਰਮਾਣਿਕ ਐਡੀਸ਼ਨ ਜਰਮਨ ਸਕਾਲਰ (Buhler) (ਬੂਹਲਰ) ਨੇ ਆਪਣੀ ਕਿਤਾਬ Epigraphia Indica I & II ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ।

ਅਸ਼ੋਕ ਬੁੱਧ ਧਰਮ ਦਾ ਅਵਲੰਬੀ ਸੀ। ਉਸ ਨੇ ਬੁੱਧ ਧਰਮ ਦੀ ਭਾਵਨਾ ਵਿਚ ਸਮੋਏ ਹੋਏ ਆਪਣੇ ਆਦੇਸ਼ ਸ਼ਿਲਾਲੇਖਾਂ ਦੀ ਸ਼ਕਲ ਵਿਚ ਆਪਣੇ ਰਾਜ ਦੀਆਂ ਹਦਾਂ ਤੇ ਗਡਵਾਏ ਜਾਂ ਉਕਰਵਾਏ ਸਨ। ਇਨ੍ਹਾਂ ਲੇਖਾਂ ਵਿਚ ਅਸ਼ੋਕ ਦਾ ਨਾਂ ਪ੍ਰਿਯਦਰਸ਼ੀ ਆਉਂਦਾ ਹੈ ਜਿਸ ਦਾ ਪਾਲੀ ਰੂਪ 'ਪਿਯਦਸੀ' ਹੈ। ਇਹ ਲੇਖ ਤਿੰਨ ਪ੍ਰਕਾਰ ਦੇ ਹਨ, ਕਈ ਚਟਾਨਾਂ ਉਤੇ ਹਨ, ਕਈ ਥੰਮਾ ਉਤੇ ਅਤੇ ਕਈ ਪਹਾੜੀ ਗੁਫਾਵਾਂ ਦੀਆਂ ਕੰਧਾਂ ਉਤੇ ਉਕਰੇ ਹੋਏ ਹਨ। ਇਹ ਲੇਖ ਅੱਠ ਵਰਗਾਂ ਵਿਚ ਵੰਡੇ ਜਾਂਦੇ ਹਨ।

(1) ਲਘੂ ਸ਼ਿਲਾਲੇਖ 258-252 ਪੂ. ਈ. ਦੇ ਮੰਨੇ ਜਾਂਦੇ ਹਨ। ਇਹ ਮੈਸੂਰ (ਕਰਣਾਟਕ ਸਟੇਟ) ਜੱਬਲਪੁਰ ਜ਼ਿਲਾ, ਸ਼ਾਹਬਾਦ ਜ਼ਿਲਾ ਅਤੇ ਈਡਾਗੁੜੀ ਵਿਚ ਮਿਲਦੇ ਹਨ।

(2) ਭਬਰੂ ਸ਼ਿਲਾਲੇਖ-257 ਪੂ. ਈ. ਜੈਪੁਰ ਦੇ ਵੈਰਾਟ ਪਰਬਤ ਦੀ ਟੀਸੀ ਉਤੇ ਉਕਰਿਆ ਹੈ।

(3) ਚੌਦਾਂ ਵਡੇ ਸ਼ਿਲਾਲੇਖ-256 ਪੂ. ਈ. ਦੇ ਹਨ। ਇਹ ਸ਼ਾਹਬਾਜ਼ਗੜ੍ਹੀ (ਪਿਸ਼ਾਵਰ), ਮਨਸੇਹਰਾ (ਜ਼ਿਲਾ ਹਜ਼ਾਰਾ ਪਾਕਿਸਤਾਨ), ਕਾਲਸੀ (ਡੇਹਰਾਦੂਨ), ਧੌਲੀ, ਜੌਗੜ (ਗੰਜਮ), ਗਿਰਨਾਰ (ਜੂਨਾਗੜ੍ਹ) ਈਡਾਗੁੜੀ (ਨਿਜ਼ਾਮ, ਹੈਦਰਾਬਾਦ) ਆਦਿ ਵਿਚ ਮਿਲੇ ਹਨ।

(4) ਕਲਿੰਗ ਸ਼ਿਲਾਲੇਖ-256 ਪੂ. ਈ.।

(5) ਬਾਰਾਬਾਰ ਗੁਫਾ ਲੇਖ-257-250 ਪੂ. ਈ., ਗਯਾ ਦੇ ਨੇੜੇ।

(6) ਸੱਤ ਥੰਮ ਲੇਖ-243 ਪੂ. ਈ. ਟੋਪਰਾ (ਦਿੱਲੀ, ਮੇਰਠ ਕੌਸ਼ਾਂਬੀ (ਇਲਾਹਾਬਾਦ), ਆਦਿ ਵਿਚ।

(8) ਲਘੂ ਥੰਮ ਲੇਖ–ਸਾਂਚੀ, ਸਾਰਨਾਥ, ਪ੍ਰਯਾਗ ਵਿਚ ਮਿਲੇ ਹਨ ।

ਇਨ੍ਹਾਂ ਸ਼ਿਲਾਲੇਖਾਂ ਤੇ ਅਭਿਲੇਖਾ ਦੀ ਭਾਸ਼ਾਈ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਦੀ ਭਾਸ਼ਾ ਇਲਾਕੇ ਦੇ ਅਨੁਸਾਰ ਬਦਲੀ ਗਈ ਹੈ । ਅਸ਼ੋਕ ਦੀ ਰਾਜ ਭਾਸ਼ਾ ਪਾਲੀ ਸੀ ਪਰ ਇਸ ਦੇ ਆਦੇਸ਼ ਭਿੰਨ ਭਿੰਨ ਇਲਾਕਿਆਂ ਦੀਆਂ ਬੋਲੀਆਂ ਦੇ ਅਨੁਸਾਰ ਬਦਲ ਦਿਤੇ ਗਏ ਹਨ ਜਿਨ੍ਹਾਂ ਥਾਵਾਂ ਤੇ ਇਹ ਆਦੇਸ਼ ਸਥਾਪਿਤ ਕੀਤੇ ਗਏ । ਇਨ੍ਹਾਂ ਸਾਰਿਆ ਦੀ ਭਾਸ਼ਾ ਮੂਲਕ ਤੌਰ ਤੇ ਪਾਲੀ ਪ੍ਰਾਕ੍ਰਿਤ ਹੀ ਹੈ ਪਰ ਇਲਾਕਾਈ ਉਪਬੋਲੀਆਂ ਦੇ ਅੰਸ਼ ਚੇਤੰਨਤਾ ਨਾਲ ਸ਼ਾਮਲ ਕੀਤੇ ਗਏ ਹਨ । ਤਾਂ ਜੋ ਉਨ੍ਹਾਂ ਪ੍ਰਦੇਸ਼ਾਂ ਦੇ ਲੋਕ ਵੱਧ ਤੋਂ ਵੱਧ ਸਮਝ ਸਕਣ । ਇਸ ਤੱਥ ਤੋਂ ਇਹ ਅਵੱਸ਼ ਸਾਬਤ ਹੁੰਦਾ ਹੈ ਕਿ ਅਸ਼ੋਕ ਦੇ ਸਮੇਂ ਉੱਤਰੀ ਭਾਰਤ ਦੀਆਂ ਆਰੀਆ ਭਾਸ਼ਾਵਾਂ ਵਿਚ ਲੋਕ-ਬੋਲੀਆਂ ਤੇ ਉਪ ਬੋਲੀਆਂ ਹੌਲੀ ਹੌਲੀ ਉਭਰ ਰਹੀਆਂ ਸਨ । ਨਮੂਨੇ ਵਜੋਂ ਮਾਨਸੇਹਰਾ ਸ਼ਿਲਾਲੇਖ ਵਿਚੋਂ ਕੁਝ ਸਤਰਾਂ ਪੇਸ਼ ਕਰਦੇ ਹਾਂ ।

ਜਿਹੜਾ ਇਲਾਕਾ ਪੰਜਾਬੀ ਬੋਲਦੇ ਇਲਾਕੇ ਦੇ ਨੇੜੇ ਹੈ :—

"ਅਜਿ ਧ੍ਰਮਦਿਪਿ ਦੇਵਨੰ ਪ੍ਰਿਯੇਨ ਪ੍ਰਿਯਦ੍ਰਸ਼ਿਨ
ਰਜਿਨ ਲਿਖਪਿਤ । ਹਿਦ ਨੋ ਕਿਚਿ ਜਿਵੰ
ਅਰਭਿਤੁ ਪ੍ਰਯੁਹੋਤਵਿਯੇ, ਨੋ ਪਿਚ ਸਮਾਜ ਕਟਵਿਯੇ ।
ਬਹੁਕ ਹਿ ਦੋਸ਼ ਸਮਜਸ ਦੇਵਨੰ ਪ੍ਰਿਯੇ ਪ੍ਰਿਯਦਰਸ਼ੀ
ਰਜ ਦੇਖਤਿ ।"

ਅਰਥਾਤ ਇਹ ਧਰਮ ਲਿਪੀ (ਧਰਮ ਆਦੇਸ਼) ਦੇਵਾਂ ਦੇ ਪਿਆਰੇ ਰਾਜਾ ਪ੍ਰਿਆਦਰਸ਼ੀ ਨੇ ਲਿਖਵਾਏ ਹਨ । ਏਥੇ ਕੋਈ ਵੀ ਜੀਵ ਮਾਰ ਕੇ ਨ ਪਕਾਇਆ ਜਾਵੇ । ਨਾ ਹੀ ਕੋਈ ਉਤਸਵ ਤਿਓਹਾਰ ਕੀਤਾ ਜਾਵੇ । ਇਸ ਵਿਚ ਦੇਵ ਪ੍ਰਿਯ ਪ੍ਰਿਯਦਰਸ਼ੀ ਰਾਜਾ ਬਹੁਤ ਹੀ ਦੋਸ਼ (ਗੁਨਾਹ) ਵੇਖਦਾ ਹੈ ।

ਕਾਲ ਕ੍ਰਮ ਅਨੁਸਾਰ ਅਸ਼ੋਕੀ ਪਾਲੀ-ਪ੍ਰਾਕ੍ਰਿਤ "ਸਟੈਂਡਰਡ ਪਾਲੀ" ਤੋਂ ਬਾਅਦ ਆਉਂਦੀ ਹੈ । ਇਸ ਵਿਚ ਇਕ ਪਾਸੇ ਪਾਲੀ ਅਤੇ ਦੂਜੇ ਪਾਸੇ ਸਾਹਿਤਕ ਪ੍ਰਾਕ੍ਰਿਤਾਂ ਦੇ ਅੰਸ਼ ਮੌਜੂਦ ਹਨ । ਇਸ ਵਿਚ ਸਾਹਿਤਕ ਭਾਸ਼ਾ ਦੇ ਉਲਟ ਲੋਕ ਭਾਸ਼ਾ ਦੇ ਤੱਤ ਹਨ ਜਿਨ੍ਹਾਂ ਤੋਂ ਤਤਕਾਲੀ ਭਾਸ਼ਾ ਦੀ ਸਥਿਤੀ ਦਾ ਪਤਾ ਲਗਦਾ ਹੈ ।

ਪਾਲੀ ਤੇ ਪੰਜਾਬੀ

ਹਿੰਦ-ਆਰੀਆਈ ਭਾਸ਼ਾ ਦੇ ਵਿਕਾਸ ਵਿਚ ਵੈਦਿਕ/ਕਲਾਸੀਕਲ ਸੰਸਕ੍ਰਿਤ ਤੋਂ ਬਾਅਦ ਪਾਲੀ ਦਾ ਵਿਕਾਸ ਹੁੰਦਾ ਹੈ। ਪਾਲੀ, ਪੰਜਾਬੀ ਭਾਸ਼ਾ ਦੇ ਪੂਰਬਲੇ ਇਤਿਹਾਸ ਵਿਚ ਇਕ ਪੜਾ ਹੀ ਹੈ। ਅਜੋਕੀ ਪੰਜਾਬੀ ਵਿਚ ਪਾਲੀ ਦੇ ਭਾਸ਼ਾਈ ਅੰਸ਼ ਪ੍ਰਾਪਤ ਹੁੰਦੇ ਹਨ।

ਧੁਨੀ ਤੱਤ—

ਪੰਜਾਬੀ ਦੀ ਸਭ ਤੋਂ ਵੱਡੀ ਖੂਬੀ ਇਸ ਗੱਲ ਵਿਚ ਹੈ ਕਿ ਇਸ ਦੇ ਸ਼ਬਦਾਂ ਵਿਚ ਆਈਆਂ ਹੋਈਆਂ ਸੰਜੁਗਤ ਧੁਨੀਆਂ ਉਚਾਰਨ ਤੇ ਲਹਿਜੇ ਕਾਰਨ ਇਕਰੂਪ ਹੋਈਆਂ ਹਨ। ਸੰਸਕ੍ਰਿਤ ਵੇਲੇ ਜਿਥੇ ਸੰਜੁਗਤ ਧੁਨੀਆਂ ਸਨ ਉਥੇ ਪੰਜਾਬੀ ਵਿਚ ਸਮੀਕਰਣ ਦੀ ਪ੍ਰਵਿਰਤੀ ਦੇ ਕਾਰਨ ਦੁੱਤ ਧੁਨੀਆਂ ਹੋ ਗਈਆਂ ਹਨ। ਇਹ ਰੁਚੀ ਪਾਲੀ ਵਿਚ ਬੜੇ ਜ਼ੋਰ ਨਾਲ ਸ਼ੁਰੂ ਹੋ ਗਈ ਸੀ ਅਤੇ ਇਹ ਪ੍ਰਵਿਰਤੀ ਪੰਜਾਬੀ ਵਿਚ ਬਕਾਇਦਾ ਕਾਇਮ ਹੈ। ਇਹ ਉਲੇਖ-ਯੋਗ ਹੈ ਕਿ ਅਜੋਕੀਆਂ ਹਿੰਦ-ਆਰੀਆਈ ਭਾਸ਼ਾਵਾਂ ਵਿਚੋਂ ਸਿਰਫ਼ ਪੰਜਾਬੀ ਹੀ ਹੈ ਜਿਸ ਵਿਚ ਦੁੱਤ-ਧੁਨੀਆਂ ਮਿਲਦੀਆਂ ਹਨ, ਬਾਕੀ ਬੋਲੀਆਂ ਵਿਚ ਇਨ੍ਹਾਂ ਦੁੱਤ ਧੁਨੀਆਂ ਵਿਚੋਂ ਪਹਿਲੀ ਦੀਰਘ ਹੋ ਗਈ ਹੈ ਅਤੇ ਦੁੱਤ-ਪੁਣੇ ਦੀ ਥਾਂ ਇਕਹਿਰੀ ਧੁਨੀ ਪੈਦਾ ਹੋ ਗਈ ਹੈ :—

ਮਿਸਾਲ ਵਜੋਂ :—

ਸੰਸਕ੍ਰਿਤ	ਪਾਲੀ	ਪੰਜਾਬੀ	ਹਿੰਦੀ
ਤਰ੍ਕ	ਤੱਕ	ਤੱਕ	ਤਾਕ
ਮੁਕ੍ਤ	ਮੁੱਤ	ਮੁੱਕ	—
ਦੁਗ੍ਧ	ਦੁੱਧ	ਦੁੱਧ	ਦੂਧ
ਬੁਦ੍ਬੁਦ੍	ਬੁੱਬਲ	ਬੁਲਬੁਲਾ	—
ਸਬ੍ਦ	ਸੱਦ	ਸੱਦ (ਣਾ)	—
ਲਬ੍ਧ	ਲਧ	ਲੱਧਾ	—
ਅਗ੍ਨਿ	ਅੱਗਿ	ਅੱਗ	ਆਗ
ਸ੍ਰੇਸ਼ਠ	ਸੇੱਠ	ਸੇਠ	ਸੇਠ

ਉਪਰੋਕਤ ਵਾਕਰੇ ਤੋਂ ਸਾਫ਼ ਹੋ ਜਾਂਦਾ ਹੈ ਕਿ ਪੰਜਾਬੀ ਦਾ ਸਮੀਕਰਣ ਵਾਲਾ ਇਹ ਵੱਡਾ ਲੱਛਣ 'ਪਾਲੀ' ਦੇ ਸਮੇਂ ਤੋਂ ਸ਼ੁਰੂ ਹੋ ਗਿਆ ਸੀ।

ਪਾਲੀ ਵਿਚ ਸੰਸਕ੍ਰਿਤ ਦੇ ਸੰਜੁਗਤ (diphthongs) ਵੀ ਇਕਹਿਰੇ ਹੋ ਗਏ। ਸੰਸਕ੍ਰਿਤ ਦੀਆਂ ਸੁਰ-ਧੁਨੀਆਂ / ਐ, ਔ / ਤਰਤੀਬਵਾਰ/ਏ, ਓ/ਹੋ ਗਈਆਂ ਸਨ। ਇਹ ਭਾਸ਼ਾਈ ਪ੍ਰਵਿਰਤੀ ਪੰਜਾਬੀ ਵਿਚ ਕਾਫ਼ੀ ਮਿਕਦਾਰ ਅੰਦਰ ਮਿਲਦੀ ਹੈ ਜਿਵੇਂ —

ਸੰਸਕ੍ਰਿਤ	ਪਾਲੀ	ਪੰਜਾਬੀ
ਤੈਲ	ਤੇਲ	ਤੇਲ
ਕੈਲਾਸ਼	ਕੇਲਾਸ	ਕਲਾਸ
ਯੌਵਨ	ਜੋਬੱਣ	ਜੋਬਨ
ਗੌਰ	ਗੋਰ	ਗੋਰਾ (ਰੰਗ)
ਗੌਤਮ	ਗੋਤਮ	ਗੋਤਮ
ਚੈਤ੍ਰ	ਚੇਤ	ਚੇਤ

ਅੱਜ ਵੀ ਅਸੀਂ ਪੰਜਾਬੀ ਵਾਲੇ ਔ-ਆਦਿ ਸਬਦਾਂ ਨੂੰ ਸੁਤੇਸਿੱਧ ਹੀ ਉ-ਆਦਿ ਜਾਂ ਓ - ਆਦਿ ਬਣਾ ਲੈਂਦੇ ਹਾਂ। ਫ਼ਾਰਸੀ-ਅਰਬੀ ਦੇ ਸ਼ਬਦਾਂ ਨਾਲ ਵੀ ਇੰਦਾਂ treatment ਕੀਤਾ ਜਾਂਦਾ ਹੈ। ਮਿਸਾਲ ਵਜੋਂ "ਸ਼ੌਕੀਨ" ਨੂੰ ਅਸੀਂ "ਸ਼ੁਕੀਨ" ਹੀ ਬੋਲਦੇ ਹਾਂ, 'ਚੌਬਾਰਾ' ਨੂੰ 'ਚੁਬਾਰਾ' ਕਰ ਹੀ ਰਹਿੰਦੇ ਹਾਂ।

ਮੁੱਢਲੇ ਸੁਰਾਂ ਵਾਲੇ ਸ਼ਬਦਾਂ ਨਾਲ ਹਾਹੇ ਨੂੰ ਜੋੜਨ ਦਾ ਝੁਕਾ ਵੀ ਪਾਲੀ ਨਾਲ

ਮੇਲ ਖਾਂਦਾ ਹੈ । ਪਾਲੀ ਦੇ ਅਗਲੇ ਰੂਪ ਅਸ਼ੋਕੀ ਪਾਲੀ ਵਿਚ ਹਾਹਾ ਜੋੜਨ ਦੀ ਪ੍ਰਵਿਰਤੀ ਮਿਲਦੀ ਹੈ। ਮਨਸੇਰਾ ਤੇ ਸ਼ਾਹਬਾਜ਼ੀ ਗੜੀ (ਜ਼ਿਲਾ ਪਿਸ਼ਾਵਰ) ਦੇ ਥਾਂ ਮੁਕਾਮ ਤੇ ਪ੍ਰਾਪਤ ਹੋਏ ਅਸ਼ੋਕ ਦੇ ਸ਼ਿਲਾ ਲੇਖਾਂ ਦੀ ਪਾਲੀ ਵਿਚ ਸੰ. 'ਏਵੰ' ਦੀ ਥਾਂ "ਹੇਵੰ" ਹੈ ਅਤੇ ਸੰ. 'ਅਤ੍ਰਲੋਕੇ' ਦੀ ਥਾਂ 'ਹਿਦ ਲੋਕੇ' ਹੈ। ਏਥੇ ਸ਼ਬਦਾਂ ਦੀਆਂ ਮੁਢਲੀਆਂ ਸੁਰ--ਧੁਨੀਆਂ ਨਾਲ ਹਾਹਾ ਜੋੜਿਆ ਗਿਆ ਹੈ। ਇਹ ਖ਼ਾਸੀਅਤ ਪੱਛਮੀ (ਲਹਿੰਦੀ ਪੰਜਾਬੀ) ਵਿਚ ਬਹੁਤ ਜ਼ਿਆਦਾ ਹੈ। ਉਥੇ ਇਕ-ਹਿੱਕ, ਇਥੇ--ਹਿੱਥੇ, ਇੰਜੁ, ਹਿੰਜ ਆਮ ਬੋਲਿਆ ਜਾਂਦਾ ਹੈ। ਜਿਵੇਂ ਜਿਵੇਂ ਪੰਜਾਬ ਦੇ ਉੱਤਰ-ਪੱਛਮ ਵਲ ਜਾਈਏ ਇਹ ਭਾਸ਼ਾ-ਰੁਚੀ ਵੱਧਦੀ ਹੀ ਜਾਂਦੀ ਹੈ।

ਪਾਲੀ ਤੇ ਪੰਜਾਬੀ ਦੇ ਸੰਬੰਧਾਂ ਬਾਰੇ ਡਾ. ਰੋਸ਼ਨ ਲਾਲ ਆਹੂਜਾ ਦਾ ਖੋਜ-ਪਤਰ "ਪਾਲੀ ਤੇ ਪੰਜਾਬੀ" ਪੜ੍ਹਨ ਦੀ ਖੇਚਲ ਕੀਤੀ ਜਾਵੇ। ਇਹ ਖੋਜ ਪੱਤਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੀ ਵਾਰਸ਼ਿਕ ਗੋਸ਼ਟੀ ਵਿਚ 30 ਮਾਰਚ, 1963 ਨੂੰ ਪੜ੍ਹਿਆ ਗਿਆ ਸੀ ਅਤੇ ਛਾਪਿਆ ਗਿਆ ਸੀ।

11

ਪ੍ਰਾਕ੍ਰਿਤ-ਭਾਸ਼ਾਵਾਂ

(1 ਈ. ਤੋਂ 500 ਈ. ਤਕ)

ਮੱਧਕਾਲੀ ਆਰੀਆ ਭਾਸ਼ਾ ਦੇ ਇਤਿਹਾਸ ਵਿਚ ਪਹਿਲੇ 'ਪੜਾ' ਦੀ ਭਾਸ਼ਾ 'ਪਾਲੀ ਪ੍ਰਾਕ੍ਰਿਤ' ਬਾਰੇ ਅਸੀਂ ਵਿਚਾਰ ਕਰ ਆਏ ਹਾਂ। ਪਾਲੀ ਦਾ ਵਿਕਾਸ-ਕਾਲ 500 ਪੂ. ਈ. ਤੋਂ ਲੈ ਕੇ ਪਹਿਲੀ ਸਦੀ ਈਸਵੀ ਮੰਨਿਆ ਗਿਆ ਹੈ। ਅਸੀਂ ਇਹ ਵੀ ਵੇਖਿਆ ਹੈ ਕਿ ਸਾਰੇ ਮੱਧਕਾਲ (500 ਪੂ. ਈ. ਤੋਂ 1000 ਈ.) ਵਿਚ ਆਰੀਆ ਭਾਸ਼ਾ ਵਿਚ ਇਕ ਵਿਆਪਕ ਤੌਰ ਤੇ ਤਬਦੀਲੀ ਆਈ ਸੀ। ਉਸ ਤਬਦੀਲੀ ਦੇ ਸਦਕਾ ਹੀ ਆਰੀਆ ਭਾਸ਼ਾ ਵੈਦਿਕ ਸੰਸਕ੍ਰਿਤ ਦੇ ਭਾਸ਼ਾ-ਗਠਨ ਤੋਂ ਅਗਾਂਹ ਲੰਘ ਕੇ 'ਪ੍ਰਾਕ੍ਰਿਤ' ਰੂਪ ਵਿਚ ਪਰਿਵਰਤਿਤ ਹੋਈ ਹੈ। ਵੈਦਿਕ ਭਾਸ਼ਾ ਦਾ ਮੱਧਕਾਲੀ ਵਿਕਸਿਤ ਰੂਪ ਹੀ 'ਪ੍ਰਾਕ੍ਰਿਤ' ਹੈ ਜਿਸ ਨੂੰ ਕਾਲ ਕ੍ਰਮ ਦੀ ਅਵਸਥਾ ਤੇ ਰੂਪ-ਭੇਦ ਕਰ ਕੇ ਤਰਤੀਬਵਾਰ 'ਪਾਲੀ' ਪ੍ਰਾਕ੍ਰਿਤ ਅਤੇ ਫਿਰ ਅਪਭ੍ਰੰਸ਼ ਕਿਹਾ ਜਾਂਦਾ ਹੈ। ਪਰ ਯਥਾਰਥ ਇਹ ਹੈ ਕਿ ਆਰੀਆ ਭਾਸ਼ਾ ਦਾ ਮੱਧਕਾਲੀ ਰੂਪ 'ਪ੍ਰਾਕ੍ਰਿਤ' ਸਿਰਲੇਖ ਹੀ ਰੱਖਿਆ ਜਾ ਸਕਦਾ ਹੈ। ਪਾਲੀ ਦੇ ਅਧਿਐਨ ਤੋਂ ਬਾਅਦ ਹੁਣ ਪ੍ਰਾਕ੍ਰਿਤ ਬਾਰੇ ਚਰਚਾ ਕਰਦੇ ਹਾਂ।

ਪ੍ਰਾਕ੍ਰਿਤ-ਭਾਸ਼ਾਵਾਂ ਦਾ ਸਮਾਂ ਪਹਿਲੀ ਸਦੀ ਈ. ਤੋਂ ਲੈ ਕੇ 500 ਈ. ਤਕ

ਤਕ ਮਿਥਿਆ ਜਾਂਦਾ ਹੈ। ਇਸ ਸਮੇਂ ਵਿਚ 'ਪਾਲੀ' ਭਾਸ਼ਾ ਦਾ ਹੋਰ ਵਿਕਾਸ ਹੋਇਆ ਅਤੇ ਕਈ ਭਾਸ਼ਾਈ ਪਰਿਵਰਤਨ ਪੈਦਾ ਹੋਏ। ਪਾਲੀ ਦੇ ਨਾਲ ਨਾਲ ਜਿਹੜੀਆਂ ਉਪਬੋਲੀਆਂ ਉਭਰ ਰਹੀਆਂ ਸਨ ਉਹ ਸਾਹਿਤਕ ਰਚਨਾਵਾਂ ਦਾ ਮਾਧਿਅਮ (ਵਸੀਲਾ) ਬਣਨ ਲਗੀਆਂ ਅਤੇ ਪਾਲੀ ਬੁਧ-ਧਰਮ ਦੀ ਧਾਰਮਿਕ ਭਾਸ਼ਾ ਬਣਕੇ ਖੜ ਗਈ। ਇਹੋ ਉਪਬੋਲੀਆਂ ਮਸ਼ਹੂਰ ਇਲਾਕਿਆਂ ਦੇ ਅਨੁਸਾਰ, ਆਪੋ ਆਪਣੀਆਂ ਕੁਝ ਇਕ ਵਿਸ਼ਸਤਾਵਾਂ ਦੀਆਂ ਧਾਰਨੀ ਬਣ ਨਿਬੜੀਆਂ ਜਿਸ ਕਾਰਨ ਇਨ੍ਹਾਂ ਦੇ ਪ੍ਰਦੇਸ਼ਿਕ ਨਾਮਕਰਣ ਹੋਏ ਅਤੇ ਇਨ੍ਹਾਂ ਉਤੇ ਵਿਆਕਰਣ ਵੀ ਲਿਖੇ ਗਏ। ਇਹੋ 'ਸਾਹਿਤਕ ਪ੍ਰਾਕ੍ਰਿਤਾਂ' ਦੇ ਨਾਂ ਨਾਲ ਮਸ਼ਹੂਰ ਹੋਈਆਂ।

ਪ੍ਰਾਕ੍ਰਿਤਾਂ ਦਾ ਨਿਕਾਸ

ਜਰਮਨ ਵਿਦਵਾਨ ਡਾ. ਰਿਚਰਡ ਪਿਸ਼ਲ (ਪ੍ਰਾਕ੍ਰਿਤ ਭਾਸ਼ਾਓਂ ਕਾ ਵਯਾਕਰਣ- ਅਨੁਵਾਦਕ ਡਾ. ਹੇਮ ਚੰਦ੍ਰ ਜੋਸ਼ੀ—ਹਿੰਦੀ) ਦੀ ਖੋਜ ਅਨੁਸਾਰ ਪ੍ਰਾਕ੍ਰਿਤ ਬੋਲੀਆਂ ਅਸਲ ਵਿਚ ਕਾਵਿ ਦੀਆਂ ਭਾਸ਼ਾਵਾਂ ਸਨ ਅਤੇ ਕੁਝ ਹਦ ਤਕ ਬਣਾਉਟੀ ਸਨ ਕਿਉਂਕਿ ਇਨ੍ਹਾਂ ਪ੍ਰਾਕ੍ਰਿਤਾਂ ਦੇ ਕਵੀਆਂ ਨੇ ਇਨ੍ਹਾਂ ਭਾਸ਼ਾਵਾਂ ਨੂੰ ਆਪਣੀਆਂ ਕਾਵਿ ਰਚਨਾਵਾਂ ਲਈ ਵਰਤੋਂ ਕਰਨ ਦੇ ਮਨੋਰਥ ਨਾਲ ਤਰੋੜ ਮਰੋੜ ਦਿਤਾ। ਪਰ ਤੋੜ-ਮਰੋੜ ਦਾ ਇਹ ਅਰਥ ਕਦਾਚਿਤ ਨਹੀਂ ਹੈ ਕਿ ਇਹ ਕਵੀਆਂ ਦੀ ਕਲਪਨਾ ਦੀ ਪੈਦਾਵਾਰ ਹੈ। ਇਸ ਦਾ ਹਿਸਾਬ ਹੈ ਜਿਹੜਾ ਕਲਾਸੀਕਲ ਸੰਸਕ੍ਰਿਤ ਦਾ ਹੈ। ਸੰਸਕ੍ਰਿਤ ਵੀ ਉਚੇਰੇ ਸਾਹਿਤ ਦਾ ਵਸੀਲਾ ਬਣ ਗਈ ਅਤੇ ਜਨਤਾ ਨਾਲੋਂ ਟੁਟ ਗਈ ਸੀ, ਕੁਝ ਇਹੋ ਹਾਲ ਪ੍ਰਾਕ੍ਰਿਤਾਂ ਦਾ ਵੀ ਹੋਇਆ।

ਜਿਥੋਂ ਤਕ ਪ੍ਰਾਕ੍ਰਿਤਾਂ ਦੇ ਨਿਕਾਸ ਦਾ ਸੰਬੰਧ ਹੈ, ਇਹ ਸਮਝਣਾ ਭੁਲੇਖਾ ਪਾਊ ਹੈ ਕਿ ਸਾਰੀਆਂ ਪ੍ਰਾਕ੍ਰਿਤਾਂ ਸੰਸਕ੍ਰਿਤ ਵਿਚੋਂ ਨਿਕਲੀਆਂ ਹਨ। ਅਸੀਂ ਇਸ ਸਾਰੇ ਪਿਛਲੇ ਅਧਿਆਇ ਵਿਚ ਵਿਸਤਾਰ ਸਹਿਤ ਵਿਚਾਰ ਕਰ ਆਏ ਹਾਂ। ਸਾਰੀਆਂ ਪ੍ਰਾਕ੍ਰਿਤਾਂ ਦੀ ਵੈਦਿਕ ਵਿਆਕਰਣ ਅਤੇ ਸ਼ਬਦਾਂ ਨਾਲ ਕਾਫ਼ੀ ਸਮਾਨਤਾ ਹੈ ਅਤੇ ਸਾਂਝ ਹੈ। ਇਹ ਸਾਂਝ ਲੌਕਿਕ ਸੰਸਕ੍ਰਿਤ ਨਾਲ ਨਹੀਂ ਮਿਲਦੀ। ਪਿਸ਼ਲ ਨੇ (ਪੰਨਾ : 8) ਪ੍ਰਾਕ੍ਰਿਤ ਤੇ ਵੈਦਿਕ ਭਾਸ਼ਾ ਦੀਆਂ ਸਾਂਝਾਂ ਦੀ ਪੁਸ਼ਟੀ ਵਿਚ ਕਈ ਉਦਾਹਰਣ ਦਿਤੇ ਹਨ :

ਧੁਨੀਆਂ ਵਿਚਕਾਰ ਸੰਧੀਆਂ ਦੇ ਨੇਮ ਵੈਦਿਕ ਤੇ ਪ੍ਰਾਕ੍ਰਿਤਾਂ ਵਿਚ ਕਾਫ਼ੀ ਸਮਾਨ ਹਨ। ਦੋਹਾਂ ਵਿਚ ਸੰਧੀਆਂ ਦੀ ਖੁਲ੍ਹ ਹੈ ਜਿਹੜੀ ਸੰਸਕ੍ਰਿਤ ਵਿਚ ਉੱਕਾ ਹੀ ਨਹੀਂ ਸੀ ਪ੍ਰਾਕ੍ਰਿਤ ਪ੍ਰਤਿਐ / - ਤਣ / ਦਾ ਵੈਦਿਕ ਰੂਪ 'ਤ੍ਰਨ' ਹੈ। ਇਹ ਸਾਰੇ ਉਦਾਹਰਣ ਅਸੀਂ

ਪਿਛੇ ਦੇ ਆਏ ਹਾਂ ਉਥੇ ਪਿਛਲੇ ਪੰਨਿਆਂ ਤੇ ਹੀ 'ਪ੍ਰਾਕ੍ਰਿਤ' ਸ਼ਬਦ ਦੀ ਵਿਉਤਪੱਤੀ ਤੇ ਘਣਤਰ ਬਾਰੇ ਵੀ ਚਾਨਣਾ ਪਾਇਆ ਗਿਆ ਹੈ।

ਪ੍ਰਾਕ੍ਰਿਤਾਂ ਦੇ ਪ੍ਰਾਚੀਨ ਵਿਆਕਰਣਕਾਰ :

ਜਿਸ ਤਰ੍ਹਾਂ 'ਵੇਦਾਂ' ਉਤੇ ਯਾਸਕ ਮੁਨੀ ਦਾ 'ਨਿਰੁਕਤ' ਗ੍ਰੰਥ ਤੇ ਸਾਇਣ ਮੁਨੀ ਦਾ 'ਭਾਸ਼ਯ' ਹੈ ਅਤੇ ਕਲਾਸੀਕਲ ਸੰਸਕ੍ਰਿਤ ਬਾਰੇ ਪਾਣਿਨੀ ਦਾ ਵਿਆਕਰਣ ਅਸ਼ਟਾਧਿਆਈ ਹੈ। ਇਸੇ ਤਰ੍ਹਾਂ ਪ੍ਰਾਕ੍ਰਿਤਾਂ ਬਾਰੇ ਵੀ ਕਈਆਂ ਵਿਆਕਰਣਕਾਰਾਂ ਨੇ ਗ੍ਰੰਥ ਰਚੇ ਹਨ ਜਿਨ੍ਹਾਂ ਵਿਚ ਪ੍ਰਾਕ੍ਰਿਤ ਭਾਸ਼ਾਵਾਂ ਦੇ ਭੇਦਾਂ ਨੂੰ ਲੈ ਕੇ ਉਨ੍ਹਾਂ ਦੇ ਵਿਆਕਰਣਿਕ ਢਾਂਚੇ ਬਾਰੇ ਨੇਮ ਉਲੀਕੇ ਹਨ।

ਸਭ ਤੋਂ ਪੁਰਾਣਾ ਪ੍ਰਾਕ੍ਰਿਤ ਵਿਆਕਰਣ ਵਰਰੁਚੀ ਦਾ 'ਪ੍ਰਾਕ੍ਰਿਤ ਪ੍ਰਕਾਸ਼' ਹੈ। ਜਿਸ ਵਿਚ ਸਾਰੀਆਂ ਪ੍ਰਾਕ੍ਰਿਤਾਂ ਬਾਰੇ ਨਿਯਮ ਅੰਕਿਤ ਹਨ। ਇਸ ਦਾ ਸਮਾਂ 5ਵੀਂ ਸਦੀ ਈ. ਤੋਂ ਪਹਿਲਾ ਦਾ ਜਾਪਦਾ ਹੈ। ਅਗਲਾ ਵਿਆਕਰਣ ਕਾਰ 'ਚੰਡ' ਹੈ ਜਿਸ ਨੇ 'ਪ੍ਰਾਕ੍ਰਿਤ ਲਕਸ਼ਣ' ਵਿਆਕਰਣ ਦੀ ਰਚਨਾ ਕੀਤੀ ਹੈ। ਇਸ ਦਾ ਅੰਗ੍ਰੇਜ਼ੀ ਅਨੁਵਾਦ ਹਾਰਨਲੇ ਨੇ ਪ੍ਰਕਾਸ਼ਿਤ ਕੀਤਾ ਹੈ। ਧਨਪਾਲ ਨੇ ਪ੍ਰਾਕ੍ਰਿਤ ਭਾਸ਼ਾ ਦਾ ਕੋਸ਼ 'ਪਾਇਯ-ਲੱਛੀ (ਪ੍ਰਾਕ੍ਰਿਤ-ਲਕਸ਼ਮੀ) ਲਿਖਿਆ ਸੀ ਜਿਸ ਨੂੰ ਬਿਊਲਰ ਨੇ ਸੰਪਾਦਨ ਕੀਤਾ ਹੈ। ਪ੍ਰਾਕ੍ਰਿਤ ਵਿਆਕਰਣਾ ਵਿਚੋਂ ਸਰਬੋਤਮ ਤੇ ਮਹੱਤਵ ਪੂਰਨ ਵਿਆਕਰਣ ਹੇਮਚੰਦ੍ਰ (1088 ਈ. ਤੋਂ 1172 ਈ.) ਦਾ 'ਹੈਮ ਸ਼ਬਦਾਨੁਸ਼ਾਸਨਮ' ਹੈ। ਹੇਮਚੰਦ੍ਰ ਨੇ 'ਦੇਸ਼ੀ ਨਾਮ ਮਾਲਾ' ਕੋਸ਼ ਵੀ ਲਿਖਿਆ ਸੀ। ਕ੍ਰਮਦੀਸ਼ਵਰ ਦਾ ਗ੍ਰੰਥ 'ਸੰਖਿਪਤ ਸਾਰ' ਹੈ। ਸਿੰਹਰਾਜ ਦਾ 'ਪ੍ਰਾਕ੍ਰਿਤ ਰੂਪਾਵਤਾਰ' ਵੀ ਪ੍ਰਸਿਧ ਵਿਆਕਰਣ ਹੈ। ਮਾਰਕੰਡੇਯ ਦਾ 'ਪ੍ਰਾਕ੍ਰਿਤ ਸਰਵਸਵ' ਵੀ ਉੱਤਮ ਗ੍ਰੰਥ ਹੈ ਜਿਸ ਵਿਚ ਕਈ ਗੈਰ-ਪ੍ਰਾਕ੍ਰਿਤਾਂ ਦੀ ਜਾਣਕਾਰੀ ਦਿਤੀ ਗਈ ਹੈ। 'ਰਾਮ ਤਰਕ ਵਾਗੀਸ਼' ਦਾ ਵਿਆਕਰਣ 'ਪ੍ਰਾਕ੍ਰਿਤ ਕਲਪਤਰੂ' ਵੀ ਵਰਣਨ ਯੋਗ ਹੈ। ਇਨ੍ਹਾਂ ਤੋਂ ਇਲਾਵਾ ਪ੍ਰਾਕ੍ਰਿਤ ਭਾਸ਼ਾਵਾਂ ਬਾਰੇ ਲਿਖੇ ਹੋਏ ਕਈ ਵਿਆਕਰਣਿਕ ਗ੍ਰੰਥਾਂ ਦੇ ਨਾਂ ਤਾਂ ਮਿਲਦੇ ਹਨ ਪਰ ਪੂਰੀ ਸਮੱਗ੍ਰੀ ਪ੍ਰਾਪਤ ਨਹੀਂ ਹੈ ਜਿਵੇਂ ਸ਼ੁਭਚੰਦ੍ਰ ਦਾ ਸ਼ਬਦ ਚਿੰਤਾਮਣਿ', ਸ਼ੇਸ਼ਕ੍ਰਿਸ਼ਣ ਦਾ 'ਪ੍ਰਾਕ੍ਰਿਤ-ਚੰਦ੍ਰਿਕਾ' ਨਰਸਿੰਹ ਦਾ 'ਪ੍ਰਾਕ੍ਰਿਤ-ਸ਼ਬਦ ਪ੍ਰਦੀਪਿਕਾ', ਲਕਸ਼ਮੀਧਰ ਦਾ 'ਸ਼ਡ ਭਾਸ਼ਾ ਚੰਦ੍ਰਿਕਾ' ਤ੍ਰਿਵਿਕ੍ਰਮ ਦਾ 'ਪ੍ਰਾਕ੍ਰਿਤ ਸ਼ਬਦਾਨੁਸ਼ਾਸਨ'।

ਆਧੁਨਿਕ ਯੁਗ ਵਿਚ ਨਵੀਨ ਖੋਜ-ਵਿਧੀ ਨਾਲ ਯੂਰਪੀਨ ਸਕਾਲਰਾਂ ਨੇ ਪ੍ਰਾਕ੍ਰਿਤਾਂ ਦਾ ਭਾਸ਼ਾਤਮਕ ਅਧਿਐਨ ਪੇਸ਼ ਕੀਤਾ ਹੈ। ਇਨ੍ਹਾਂ ਵਿਚ ਹੋਏਫਰ, ਲਾਸਨ, ਵੇਬਰ, ਐਡਵਰਡ ਮਿਊਲਰ, ਯਾਕੋਬੀ, ਕੋਵੇਲ, ਹੋਗ ਅਤੇ ਰਿਚਰਡ ਪਿਸ਼ਲ ਦੇ ਨਾ ਵਰਣਨ ਯੋਗ ਹਨ।

ਪ੍ਰਾਕ੍ਰਿਤਾਂ ਦੇ ਭੇਦ :

ਮੱਧਕਾਲੀ ਪ੍ਰਾਕ੍ਰਿਤਾਂ ਭਾਰਤ ਦੇ ਵਖਰੇ ਵਖਰੇ ਇਲਾਕਿਆਂ ਦੇ ਅਨੁਸਾਰ ਵਖਰੀਆਂ ਵਖਰੀਆਂ ਵਿਕਾਸ ਕਰਦੀਆਂ ਹਨ। ਪ੍ਰਾਕ੍ਰਿਤਾਂ ਦੇ ਇਹ ਭੇਦ (ਪ੍ਰਕਾਰ) ਹਨ। ਪਰੰਤੂ ਪ੍ਰਾਕ੍ਰਿਤਾਂ ਦੇ ਕਿੰਨੇ ਭੇਦ ਹਨ ਇਸ ਪ੍ਰਸ਼ਨ ਬਾਰੇ ਪ੍ਰਾਕ੍ਰਿਤਾਂ ਦੇ ਵਿਆਕਰਣ ਇਕ ਮਤ ਨਹੀਂ ਹਨ। ਪ੍ਰਾਕ੍ਰਿਤਾਂ ਦੇ ਪਹਿਲੇ ਵਿਆਕਰਣਕਾਰ **ਵਰਰੁਚੀ** ਦੇ ਮਤ ਵਿਚ ਮਹਾਰਾਸ਼ਟਰੀ, ਪੈਸ਼ਾਚੀ, ਮਾਗਧੀ ਅਤੇ ਸੌਰਸੇਨੀ ਪ੍ਰਾਕ੍ਰਿਤਾਂ ਹਨ। **ਹੇਮਚੰਦ੍ਰ** ਉਪਰੋਕਤ ਤੋਂ ਇਲਾਵਾ ਆਰਸ਼, ਚੂਲਿਕਾ, ਪੈਸ਼ਾਚਿਕਾ, ਅਤੇ ਅਪਭ੍ਰੰਸ਼ ਨੂੰ ਵੀ ਪ੍ਰਾਕ੍ਰਿਤ ਭਾਸ਼ਾਵਾਂ ਮੰਨਦਾ ਹੈ।

ਮਾਰਕੰਡੇਯ ਦਾ ਕਥਨ ਹੈ ਕਿ ਪ੍ਰਾਕ੍ਰਿਤ ਭਾਸ਼ਾਵਾਂ ਚਾਰ ਹਨ—ਭਾਸ਼ਾ, ਵਿਭਾਸ਼ਾ, ਅਪਭ੍ਰੰਸ਼ ਅਤੇ ਪੈਸ਼ਾਚ। ਉਹ ਹੇਠ ਲਿਖੀਆਂ ਪ੍ਰਾਕ੍ਰਿਤ ਭਾਸ਼ਾਵਾਂ ਨੂੰ ਪ੍ਰਾਕ੍ਰਿਤ ਭਾਸ਼ਾਵਾਂ ਵਿਚ ਗਿਣਦਾ ਹੈ — ਮਹਾਰਾਸ਼ਟਰੀ, ਸ਼ੌਰਸੇਨੀ, ਪ੍ਰਾਚਯਾ, ਅਵੰਤੀ ਅਤੇ ਮਾਗਧੀ। ਅਗੇ ਜਾ ਕੇ ਮਾਰਕੰਡੇਯ ਵਿਭਾਸ਼ਾ (ਉਪਬੋਲੀ) ਵਿਚ ਸ਼ਾਕਾਰੀ, ਚਾਂਡਾਲੀ, ਸ਼ਾਬਰੀ, ਆਭੀਰਿਕੀ, ਢਾਕੀ ਆਦਿ 27 ਭੇਦ ਮੰਨਦਾ ਹੈ ਅਤੇ ਅਪਭ੍ਰੰਸ਼ ਵਿਚ ਨਾਗਰ, ਉਪਨਾਗਰ ਅਤੇ ਵ੍ਰਾਚੰਡ ਤਿੰਨ ਭੇਦ ਸਵੀਕਾਰ ਕਰਦਾ ਹੈ। ਉਹ ਪੈਸ਼ਾਚੀ ਵਿਚ ਕੇਕੇਯ; ਸ਼ੌਰਸੇਨ ਅਤੇ ਪਾਂਚਾਲ ਤਿੰਨ ਹੋਰ ਬੋਲੀਆਂ ਸ਼ਾਮਲ ਕਰਦਾ ਹੈ। **ਰਾਮ ਤਰਕ ਵਾਗੀਸ਼** ਦਾ ਵੀ ਇਹੋ ਮਤ ਹੈ।[1]

ਪ੍ਰਾਕ੍ਰਿਤਾਂ ਦੇ ਭੇਦਾਂ ਬਾਰੇ ਡਾ. ਭੋਲਾ ਨਾਥ ਤਿਵਾਰੀ (ਹਿੰਦੀ ਭਾਸ਼ਾ,ਪੰਨਾ 76-77) ਨੇ ਚਰਚਾ ਕਰਦਿਆਂ ਲਿਖਿਆ ਹੈ ਕਿ ਉਪਰੋਕਤ ਪ੍ਰਮੁਖ ਪ੍ਰਾਕ੍ਰਿਤਾਂ ਤੋਂ ਬਿਨਾਂ ਪ੍ਰਾਕ੍ਰਿਤਾਂ ਦੇ ਹੋਰ ਨਾਂ ਵੀ ਵਿਚਾਰ-ਗੋਚਰ ਕੀਤੇ ਜਾਣੇ ਚਾਹੀਦੇ ਹਨ। ਪ੍ਰਾਕ੍ਰਿਤਾਂ ਦੇ ਨਾਲ **'ਗਾਥਾ'** ਨਾ ਵੀ ਉਲੇਖਨੀਆਂ ਹੈ। ਗਾਥਾ ਦੀ ਭਾਸ਼ਾ, ਪ੍ਰਾਕ੍ਰਿਤਾਂ ਦਾ ਸੰਸਕ੍ਰਿਤ ਤੋਂ ਪ੍ਰਭਾਵਿਤ ਰੂਪ ਹੈ। ਕਈ ਲੋਕ **'ਪਛਮੀ ਪ੍ਰਾਕ੍ਰਿਤ'** ਦੀ ਵੀ ਕਲਪਨਾ ਕਰਦੇ ਹਨ ਜਿਹੜੀ ਸਿੰਧ (ਹੁਣ ਪਾਕਿਸਤਾਨ) ਵਿਚ ਬੋਲੀ ਜਾਂਦੀ ਰਹੀ ਹੋਵੇਗੀ ਅਤੇ ਜਿਸ ਤੋਂ ਵ੍ਰਾਚਡ ਅਪਭ੍ਰੰਸ਼ ਦਾ ਨਿਕਾਸ ਹੋਇਆ ਹੋਵੇਗਾ। ਇਹ ਵ੍ਰਾਚਡ ਵਰਤਮਾਨ ਸਿੰਧੀ ਭਾਸ਼ਾ ਦੀ ਜਨਨੀ ਹੈ। ਪੰਜਾਬੀ ਤੇ ਲਹਿੰਦਾ ਇਲਾਕੇ ਵਿਚ ਵੀ ਉਦੋਂ ਕੋਈ ਪ੍ਰਾਕ੍ਰਿਤ ਰਹੀ ਹੋਵੇਗੀ ਜਿਸ ਨੂੰ ਕਈ ਵਿਦਵਾਨਾਂ ਨੇ **ਕੇਕਯ ਪ੍ਰਾਕ੍ਰਿਤ** ਕਿਹਾ ਹੈ। ਟਕ ਜਾਂ ਟੱਕੀ ਅਤੇ ਮਦ੍ਰ ਜਾਂ ਮਾਦ੍ਰੀ

1. ਵਰ ਰੁਚੀ, ਹੇਮ ਚੰਦ੍ਰ, ਮਾਰਕੰਡੇਯ, ਆਦਿ ਵਿਦਵਾਨਾਂ ਨੇ ਪ੍ਰਾਕ੍ਰਿਤਾਂ ਬਾਰੇ ਵਿਆਕਰਣ ਲਿਖੇ ਹਨ। ਇਹ ਲਗ ਭਗ ਉਹਨਾਂ ਸਦੀਆਂ ਵਿਚ ਹੀ ਹੋਏ ਹਨ ਜਦੋਂ ਪ੍ਰਾਕ੍ਰਿਤਾਂ ਦਾ ਪ੍ਰਚਾਰ ਸੀ।

ਇਸੇ ਦੀਆਂ ਬੁਾਹਾਂ ਸਨ। ਰਾਜਸਥਾਨੀ ਅਤੇ ਗੁਜਰਾਤੀ ਸੌਰਸੈਨੀ ਤੋਂ ਪ੍ਰਭਾਵਿਤ ਤਾਂ ਹਨ ਪਰ ਉਨ੍ਹਾਂ ਦੀ ਨੀਂਹ ਨਾਗਰ ਅਪਭ੍ਰੰਸ਼ ਹੈ। ਉਸ ਵੇਲੇ ਉਥੇ **ਨਾਗਰ ਪ੍ਰਾਕ੍ਰਿਤ** ਦੀ ਕਲਪਨਾ ਕਈਆਂ ਨੇ ਕੀਤੀ ਹੈ। ਪਹਾੜੀ ਬੋਲੀਆਂ ਲਈ 'ਖਸ' ਅਪਭ੍ਰੰਸ਼ ਦੀ ਕਲਪਨਾ ਕੀਤੀ ਗਈ ਹੈ, ਉਸ ਦੀ ਨੀਂਹ **ਖਸ ਪ੍ਰਾਕ੍ਰਿਤ** ਹੀ ਹੋ ਸਕਦੀ ਹੈ।

ਇਸ ਤਰ੍ਹਾਂ ਪ੍ਰਾਕ੍ਰਿਤ ਦੇ ਭੇਦਾਂ ਦੇ ਪ੍ਰਕਰਨ ਵਿਚ ਲਗ ਭਗ ਦੋ ਦਰਜਨ ਨਾਵਾਂ ਦਾ ਉਲੇਖ ਮਿਲਦਾ ਹੈ। ਪਰੰਤੂ ਭਾਸ਼ਾ-ਵਿਗਿਆਨਿਕ ਪੱਧਰ ਉਤੇ ਪ੍ਰਾਕ੍ਰਿਤਾਂ ਦੇ ਸਿਰਫ ਪੰਜ ਪ੍ਰਮੁਖ ਭੇਦ ਸਵੀਕਾਰ ਕੀਤੇ ਜਾਂਦੇ ਹਨ—

(1) ਸ਼ੌਰਸੈਨੀ
(2) ਮਹਾਰਾਸ਼ਟ੍ਰੀ
(3) ਮਾਗਧੀ
(4) ਅਰਧ-ਮਾਗਧੀ
(5) ਪੈਸ਼ਾਚੀ

ਪ੍ਰਾਕ੍ਰਿਤਾਂ ਦੀਆਂ ਸਰਬ-ਸਾਂਝੀਆਂ ਵਿਸ਼ੇਸ਼ਤਾਵਾਂ

ਪਾਲੀ (ਪ੍ਰਾਕ੍ਰਿਤ) ਦੇ ਸੰਬੰਧ ਵਿਚ ਵਿਚਾਰ ਕਰਦਿਆਂ ਅਸੀਂ ਪ੍ਰਾਕ੍ਰਿਤ ਕਾਲ ਵਿਚ ਪੈਦਾ ਹੋਣ ਵਾਲੀਆਂ ਸਰਬ ਸਾਂਝੀਆਂ ਭਾਸ਼ਾਈ ਵਿਸ਼ੇਸ਼ਤਾਵਾਂ ਨੂੰ ਦ੍ਰਿਸ਼ਟੀਗੋਚਰ ਕਰ ਚੁਕੇ ਹਾਂ। ਅਸਲ ਵਿਚ ਪਾਲੀ ਦੇ ਸਮੇਂ ਤੋਂ ਹੀ ਹਿੰਦ-ਆਰੀਆ ਭਾਸ਼ਾ ਦੀ ਲੜੀ ਵਿਚ ਮਧਕਾਲੀ ਪ੍ਰਾਕ੍ਰਿਤਾਂ ਦੇ ਭਾਸ਼ਾਈ ਲੱਛਣ ਉਜਾਗਰ ਹੋ ਰਹੇ ਸਨ ਜਿਹੜੇ ਪਹਿਲੀ ਸਦੀ ਈਸਵੀ ਦੇ ਨੇੜੇ ਤੇੜੇ ਸਾਹਿਤਕ ਪਧਰ ਉਤੇ ਰੂਪਮਾਨ ਹੋਣ ਲਗੇ ਸਨ। ਵੈਦਿਕ ਭਾਸ਼ਾ ਤੇ ਸੰਸਕ੍ਰਿਤ ਦੀ ਤੁਲਨਾ ਵਿਚ ਇਨ੍ਹਾਂ ਪ੍ਰਾਕ੍ਰਿਤਾਂ ਵਿਚ ਕਿਹੜੇ ਨਵੇਂ ਤੱਤ ਅਤੇ ਪ੍ਰਵਿਰਤੀਆਂ ਉਤਪੰਨ ਹੋਈਆਂ ਹੁਣ ਉਨ੍ਹਾਂ ਉਤੇ ਇਕ ਝਾਤ ਪਾਉਂਦੇ ਹਾਂ :

ਧੁਨੀ ਤੱਤ ਮੱਧਕਾਲ ਤਕ ਆਉਂਦੇ ਆਉਂਦੇ ਦੋ ਸ੍ਵਰਾਂ ਦੇ ਦਰਮਿਆਨ ਆਉਣ ਵਾਲੇ ਸਪਰਸ਼ ਵਿਅੰਜਨਾਂ ਦਾ ਉਚਾਰਨ ਕਾਫੀ ਢਿਲਾ ਤੇ ਹੌਲਾ ਹੋਣ ਲਗ ਪਿਆ ਸੀ। ਹੌਲੀ ਹੌਲੀ ਇਹ ਵਿਅੰਜਨ ਧੁਨੀਆਂ ਲੁਪਤ ਹੋਣ ਲਗੀਆਂ ਸ਼ਬਦਾਂ ਦਾ ਇਹ ਹਾਲ ਇਵੇਂ ਹੋਇਆ ਜਿਵੇਂ ਕਿਸੇ ਸ਼ੈ ਨੂੰ ਰਗੜ ਰਗੜ ਕੇ ਇਤਨੀ ਗੋਲ ਕਰ ਦਈਏ ਕਿ ਸ਼ਕਲ-ਸੂਰਤ ਹੀ ਬਦਲ ਜਾਏ। ਕੁਝ ਇਹੋ ਹਾਲ 'ਪ੍ਰਾਕ੍ਰਿਤ' ਸ਼ਬਦਾਂ ਦਾ ਹੋਣ ਲਗਾ। ਮਿਸਾਲ ਵਜੋਂ 'ਸੂਚੀ' ਦਾ ਰੂਪ 'ਸੂਈ' ਹੋਇਆ ਅਤੇ ਇਸ ਵਿਚੋਂ ਚ-ਧੁਨੀ ਅਲੋਪ ਹੋ ਗਈ ਅਤੇ ਉਸ ਦੀ ਥਾਂ ਸ੍ਵਰ ਹੀ ਰਹਿ ਗਿਆ। ਇਸੇ ਤਰ੍ਹਾਂ ਸ਼ਚੀ—ਸਈ, ਨਯਨੰ—ਨਅਨੰ

ਸ਼ੁਕ—ਸੁਗ—ਸੂਅ, ਹ੍ਰਿਤ—ਹਿਦ—ਹਿਆ, ਅਪਰ—ਅਵਰ—ਅਉਰ, ਸਾਗਰ—ਸਾਅਰ

ਇਹ ਪ੍ਰਵਿਰਤੀ ਗੁਰਬਾਣੀ ਵਿਚ ਬੜੀ ਮਿਕਦਾਰ ਵਿਚ ਮਿਲਦੀ ਹੈ। ਗੁਰੂਬਾਣੀ ਵਿਚ ਨਅਨ—ਨੈਨ, ਸੂਆ, ਰਿਅ, ਅਉਰ ਆਦਿ ਸਾਰੇ ਪ੍ਰਾਕ੍ਰਿਤ ਰੂਪ ਉਪਲਬਧ ਹਨ।

ਪਾਲੀ ਦੇ ਸਮੇਂ ਵਿਅੰਜਨਾਂ ਨੂੰ ਸਮੀਕਰਣ ਕਰਨ ਦੀ ਜਿਹੜੀ ਰੁਚੀ ਪੈਦਾ ਹੋਈ ਸੀ ਉਹ ਇਥੇ ਬੜੇ ਜ਼ੋਰ ਨਾਲ ਚਾਲੂ ਰਹੀ। ਦੁਗਧ ਤੋਂ ਦੁੱਧ, ਕਰਮ ਤੋਂ ਕੰਮ ਇਸ ਰੁਚੀ ਦੇ ਨਤੀਜੇ ਹਨ।

ਸੁਰਾਂ ਦੇ ਦਰਮਿਆਨ ਜਦੋਂ ਅਘੋਸ਼ ਤੇ ਸਘੋਸ਼ ਧੁਨੀਆਂ ਆਉਂਦੀਆਂ ਹਨ ਤਾਂ ਅਮੂਮਨ ਉਨ੍ਹਾਂ ਦੀ ਥਾਂ 'ਹ' ਦਾ ਆਦੇਸ਼ ਕਰ ਦਿਤਾ ਜਾਂਦਾ ਹੈ :

ਮੁਖੇ	—	ਮੁਹੇਂ	(ਮੂੰਹ ਪੰਜਾਬੀ)
ਮੇਖਲਾ	—	ਮਹੇਲਾ	(ਹਮੇਲ ਪੰ.)
ਮੇਘ	—	ਮੇਹੋ	(ਮੀਂਹ ਪੰ.)
ਨਾਥਹ	—	ਨਾਹੋ	(ਨਾਥ ਪੰ.)
ਸਾਧੁ	—	ਸਾਹੁ	(ਸ਼ਾਹ ਪੰ.)
ਸਭਾ	—	ਸਹਾ	(ਸਭਾ ਪੰ.)
ਨਭੋ	—	ਣਹੰ	(= ਅਸਮਾਨ ਪੰ.)

ਸੰਸਕ੍ਰਿਤ / ਰਿ / ਧੁਨੀ ਅ, ਇ, ਉ, ਅਤੇ ਏ ਵਿਚ ਬਦਲ ਦਿਤੀ ਗਈ ਹੈ :

ਕਿਣੰ ਰਿਸ਼ੁ ਰਿਜੀ ਘਿਅੰ (ਘ੍ਰਿਤੰ)
ਤਣੰ (ਤ੍ਰਿਣੰ) ਦਿਠੰ (ਦ੍ਰਿਸ਼ਟਮ) (ਡੀਠ ਪੰ.)
ਪਾਉਸ (ਪ੍ਰਾਵ੍ਰਿਸ) ਪੁਠ (ਪ੍ਰਿਸ਼ਠੰ), ਗੇਹੰ (ਗ੍ਰਿਹਮ)

ਰੂਪ ਤੱਤ :

ਵਿਅੰਜਨ-ਅੰਤਕ ਨਾਂਵ-ਰੂਪਾਂ ਦਾ ਲੋਪ ਹੋ ਗਿਆ ਅਤੇ ਆਮ ਸ਼ਬਦ ਸੁਰ-ਅੰਤਕ ਬਣ ਗਏ :

ਰਾਜਨ — ਰਾਆ, ਆਤਮਨ — ਅੱਪਾ (ਆਪ ਪੰ.)

ਕਾਰਕਾਂ ਵਿਚ ਇਕ ਰੂਪਤਾ ਦੀ ਪ੍ਰਵਿਰਤੀ ਵਧਦੀ ਗਈ। ਕਰਤਾ, ਕਰਮ ਆਦਿ ਵਿਚ

ਰੂਪ ਸਰਬ-ਸਮਾਨ ਹੋਣ ਲਗ ਪਏ :

ਸੱਖੋ (ਕਰਤਾ, ਕਰਮ) ਦੇਵਾ (ਕਰਤਾ, ਕਰਮ)

ਸੰਪ੍ਰਦਾਨ ਲਗ ਭਗ ਅਲੋਪ ਹੋ ਗਿਆ ਅਤੇ ਉਸ ਦਾ ਕੰਮ ਸੰਬੰਧ ਕਾਰਕ ਤੋਂ ਲਿਆ ਜਾਣ ਲਗ ਪਿਆ ।

ਨਾਂਵ-ਸ਼ਬਦਾਂ ਦੇ ਨਾਲ ਪਰਸਰਗਾਂ (postpostitions) ਵੀ ਸ਼ੁਰੂ ਹੋ ਗਈਆਂ । ਜਿਹੜਾ ਕੰਮ ਪਹਿਲਾਂ ਪ੍ਰਤਿਆ ਕਰਦੇ ਸਨ ਉਹ ਹੁਣ ਵਖਰੇ ਪਰਸਰਗਾਂ ਤੋਂ ਸ਼ੁਰੂ ਹੋ ਗਿਆ । ਇਸ ਨਾਲ ਪ੍ਰਾਕ੍ਰਿਤਾਂ ਵਿਚ ਨਿਖੇੜੂ ਜਾਂ ਵਿਯੋਗਾਤਮਕ ਰੁਚੀ ਜਾਗੀ ਹੋ ਗਈ । ਮਿਸਾਲ ਵਜੋਂ :

ਰਾਮੱਸ ਕਏ ਦਤੰ (ਰਾਮ ਲਈ ਦਿੱਤਾ) = ਰਾਮਾਯ ਦੱਤੰ
ਰਾਮੱਸ ਕੇਰਕ ਘਰੰ (ਰਾਮ ਦਾ ਘਰ) = ਰਾਮਸਯ ਗ੍ਰਿਹੰ

ਸੰਸਕ੍ਰਿਤ ਵਾਲੇ ਬਹੁਤ ਸਾਰੇ ਕ੍ਰਿਆਵੀ ਰੂਪ ਹੋਰ ਵੀ ਘੱਟ ਗਏ (ਇਨ੍ਹਾਂ ਨੂੰ ਲਕਾਰ ਕਿਹਾ ਜਾਂਦਾ ਹੈ ।)

ਮਿਥਿਆ ਸਾਦ੍ਰਿਸ਼ਤਾ (false analogy) ਦੇ ਆਧਾਰ ਉਤੇ ਨਾਂਵ-ਰੂਪ ਅਤੇ ਕ੍ਰਿਆ-ਰੂਪ ਬਹੁਤ ਹੀ ਰੋ ਗਏ ।

ਇਸ ਤਰ੍ਹਾਂ ਪ੍ਰਾਕ੍ਰਿਤਾਂ ਵਿਚ ਕਈ ਨਰਥ-ਸਾਝੀਆਂ ਪ੍ਰਵਿਰਤੀਆਂ ਵਿਕਸਿਤ ਹੋਈਆਂ ਜਿਹੜੀਆਂ ਕਿ ਅਗੇਂ ਜਾਕੇ ਅਪਭ੍ਰੰਸ਼ਾਂ ਵਿਚ ਹੋਰ ਵੀ ਉਜਾਗਰ ਹੋ ਕੇ ਪ੍ਰਚਲਿਤ ਹੋ ਗਈਆਂ ।

ਸ਼ਬਦਾਵਲੀ :

ਡਾ: ਐਸ. ਕੇ. ਚਟਰਜੀ ਦਾ ਕਥਨ ਹੈ ਕਿ ਮੱਧਕਾਲੀ ਆਰੀਆ ਭਾਸ਼ਾ (ਪ੍ਰਾਕ੍ਰਿਤ, ਅਪਭ੍ਰੰਸ਼) ਵਿਚ ਦੇਸੀ ਸ਼ਬਦਾਂ ਦਾ ਪ੍ਰਵੇਸ਼ ਇਕ ਹੈਰਾਨੀ ਜਨਕ ਵਿਸ਼ਾ ਹੈ । ਧਨਪਾਲ ਦੇ ਗ੍ਰੰਥ ਦੇਸੀ ਨਾਮਮਾਲਾ' ਇਸ ਗੱਲ ਦੀ ਗਵਾਹ ਹੈ ਕਿ ਪ੍ਰਾਕ੍ਰਿਤਾਂ / ਅਪਭ੍ਰੰਸ਼ਾਂ ਵਿਚ ਦੇਸੀ ਸ਼ਬਦਾਂ ਦੀ ਭਰਮਾਰ ਹੈ । ਉਂਜ ਤਤਸਮ ਸ਼ਬਦਾਂ ਨਾਲੋਂ ਤਦਭਵ ਸ਼ਬਦ ਬਹੁਤ ਬਾਹਲੇ ਹਨ । ਚਟਰਜੀ ਦਾ ਇਹ ਵੀ ਖਿਆਲ ਹੈ ਕਿ ਮੱਧ-ਕਾਲੀ ਪ੍ਰਾਕ੍ਰਿਤਾਂ ਵਿਚ ਗੈਰ-ਆਰੀਆਈ ਅੰਸ਼ ਕਾਫੀ ਮਾਤਰਾ ਵਿਚ ਦਾਖ਼ਲ ਹੋਏ ਹਨ । ਗੈਰ-ਆਰੀਆ ਕੌਮਾਂ ਵਿਚ ਸਬਰ, ਨਿਸ਼ਾਦ, ਪੁਲਿੰਦ, ਕੋਲ, ਭੀਲ, ਜ਼ਿਕਰ-ਜੋਗ ਹਨ ਜਿਨ੍ਹਾਂ ਦੀਆਂ ਭਾਸ਼ਾਵਾਂ ਨੇ ਪ੍ਰਾਕ੍ਰਿਤਾਂ ਨੂੰ ਅਵਸ਼ ਪ੍ਰਭਾਵਿਤ ਕੀਤਾ ਹੈ । ਇਸ ਖੇਤਰ ਵਿਚ Caldwell, Gundert ਅਤੇ Przyluski ਨੇ ਬੜਾ ਕੰਮ ਕੀਤਾ ਹੈ ਅਤੇ ਸੰਸਕ੍ਰਿਤ/ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ ਉਤੇ ਪਏ

ਅਣ-ਆਰੀਆਈ ਅੰਸ਼ ਖੋਜ ਲਭੇ ਹਨ ।

ਪ੍ਰਾਕ੍ਰਿਤਾਂ ਦੀਆਂ ਸਾਂਝ-ਸਾਂਝੀਆਂ ਵਿਸ਼ੇਸ਼ਤਾਵਾਂ ਤੇ ਖੂਬੀਆਂ ਦੇ ਵਰਣਨ ਕਰਨ ਤੋਂ ਪਿਛੋਂ ਹੁਣ ਅਸੀਂ ਵਖੋ ਵੱਖਰੀਆਂ ਖੇਤਰੀ ਸਾਹਿਤਕ ਪ੍ਰਾਕ੍ਰਿਤਾਂ ਦਾ ਨਿਰੂਪਣ ਕਰਦੇ ਹਾਂ । ਸਭ ਤੋਂ ਪਹਿਲੀ ਸ਼ੌਰਸੇਨੀ ਦਾ ਅਧਿਐਨ ਪ੍ਰਸਤੁਤ ਕੀਤਾ ਜਾਂਦਾ ਹੈ ।

ਸ਼ੌਰਸੇਨੀ

ਰਿਚਰਡ ਪਿਸ਼ਲ ਦਾ ਮਤ ਹੈ ਕਿ ਪ੍ਰਾਕ੍ਰਿਤ ਬੋਲੀਆਂ ਵਿਚ ਜਿਹੜੀਆਂ ਬੋਲੀਆਂ ਆਮ ਕਾਰ-ਵਿਹਾਰ ਵਿਚ ਵਰਤੀਆਂ ਜਾਂਦੀਆਂ ਸਨ ਉਨ੍ਹਾਂ ਵਿਚੋਂ ਸਭ ਤੋਂ ਅੱਵਲ ਥਾਂ ਸ਼ੌਰਸੇਨੀ' ਦੀ ਹੈ । ਜਿਵੇਂ ਕਿ ਇਸ ਦੇ ਨਾਂ ਤੋਂ ਪ੍ਰਗਟ ਹੁੰਦਾ ਹੈ, ਇਸ (ਸ਼ੌਰਸੇਨੀ) ਪ੍ਰਾਕ੍ਰਿਤ ਦੀਆਂ ਜੜ੍ਹਾਂ ਸੂਰਸੇਨ ਖੇਤਰ ਵਿਚ ਬੋਲੀ ਜਾਣ ਵਾਲੀ ਕਿਸੇ ਬੋਲੀ ਵਿਚ ਹਨ । ਸੂਰਸੇਨ ਦੇ ਇਲਾਕੇ ਦੇ ਨਾਂ ਉੱਤੇ ਹੀ ਇਸ ਪ੍ਰਾਕ੍ਰਿਤ ਦਾ ਨਾਉਂ 'ਸ਼ੌਰਸੇਨੀ' ਪੈ ਗਿਆ ਹੈ । ਅਜ ਕਲ ਮਥੁਰਾ ਦਾ ਇਲਾਕਾ ਹੀ ਸੂਰਸੇਨ ਸੀ ।

ਭਾਰਤ ਦੇ 'ਨਾਟਯ ਸ਼ਾਸਤ੍ਰ' ਅਨੁਸਾਰ ਸੰਸਕ੍ਰਿਤ ਨਾਟਕਾਂ ਦੀ ਵਾਰਤਾਲਾਪ ਵਿਚ ਸ਼ੌਰਸੇਨੀ ਦੀ ਵਰਤੋਂ ਦੱਸੀ ਗਈ ਹੈ । ਨਾਟਕਾਂ ਵਿਚ ਇਸਤ੍ਰੀਆਂ ਦੀ ਵਾਰਤਾਲਾਪ ਸ਼ੌਰਸੇਨੀ ਪ੍ਰਾਕ੍ਰਿਤ ਵਿਚ ਹੋਣ ਦਾ ਵਿਧਾਨ ਹੈ । 'ਸਾਹਿਤ ਦਰਪਣ' ਵਿਚ ਵੀ ਲਿਖਿਆ ਹੈ ਕਿ ਨਾਟਕਾਂ ਵਿਚ ਪੜ੍ਹੀਆਂ ਲਿਖੀਆਂ ਔਰਤਾਂ ਦੀ ਗੱਲਬਾਤ ਸ਼ੌਰਸੇਨੀ ਵਿਚ ਹੋਵੇ ਅਤੇ ਬਚਿਆਂ, ਹੀਜੜਿਆਂ, ਰੋਗੀਆਂ ਤੇ ਪਾਗਲਾਂ ਦੀ ਬੋਲੀ ਵੀ ਸ਼ੌਰਸੇਨੀ ਹੋਵੇ । ਹੇਮਚੰਦ੍ਰ ਦੇ ਅਨੁਸਾਰ ਨਾਟਕਾਂ ਵਿਚ ਵਿਦੂਸ਼ਕ (ਮਸਖਰਾ ਪਾਤਰ) ਸ਼ੌਰਸੈਨੀ ਪ੍ਰਾਕ੍ਰਿਤ ਨੂੰ ਬੋਲਚਾਲ ਲਈ ਵਰਤਦਾ ਹੈ । ਗੱਲ ਕੀ ਸੰਸਕ੍ਰਿਤ ਨਾਟਕਾਂ ਵਿਚ ਸ਼ੌਰਸੇਨੀ ਇਸਤਰੀਆਂ ਤੇ ਘਟੀਆ ਪਾਤਰਾਂ ਦੀ ਭਾਸ਼ਾ ਹੈ ।

ਪ੍ਰਾਚੀਨ ਸਮੇਂ ਦੇ ਵਿਆਕਰਣਕਾਰਾਂ ਨੇ ਸ਼ੌਰਸੇਨੀ ਪ੍ਰਾਕ੍ਰਿਤ ਬਾਰੇ ਘਟ ਲਿਖਿਆ ਹੈ । ਵਰ ਰੁਚੀ ਤੇ ਹੇਮਚੰਦ੍ਰ ਨੇ ਸ਼ੌਰਸੇਨੀ ਦੇ ਕੁਝ ਕੁ ਨੇਮ ਦਸ ਕੇ ਲਿਖ ਦਿੱਤਾ ਹੈ ਕਿ ਬਾਕੀ ਮਹਾਰਾਸ਼ਟਰੀ ਪ੍ਰਾਕ੍ਰਿਤ ਵਾਂਗੂ ਹੈ ।

ਸ਼ਾਹਿਤ ।

ਰਾਜਸ਼ੇਖਰ ਦੇ ਸੰਸਕ੍ਰਿਤ ਨਾਟਕ 'ਕਰਪੂਰ ਮੰਜਰੀ' ਦਾ ਬਹੁਤ ਸਾਰਾ ਵਾਰਤਕ-ਭਾਗ ਸ਼ੌਰਸੇਨੀ ਪ੍ਰਾਕ੍ਰਿਤ ਵਿਚ ਹੈ । ਇਸ ਤੋਂ ਇਲਾਵਾ ਅਸ਼ਵਘੋਸ਼ ਦੇ ਰੂਪਕ 'ਸ਼ਾਰਿਪੁਤ੍ਰ ਪ੍ਰਕਰਣ' ਦਾ ਗਦ ਭਾਗ ਵੀ ਸ਼ੌਰਸੇਨੀ ਵਿਚ ਹੈ । ਜੈਨੀਆਂ ਦੀ ਦਿਗੰਬਰ ਸੰਪ੍ਰਦਾਇ ਨੇ ਆਪਣੇ ਸੰਪ੍ਰਦਾਇਕ ਗ੍ਰੰਥਾਂ ਦੇ ਲਿਖਣ ਵਿਚ ਸ਼ੌਰਸੇਨੀ ਨੂੰ ਵਰਤਿਆ ਹੈ । ਇਸ ਨੂੰ

ਜੈਨ ਸ਼ੌਰਸੇਨੀ ਜਾਂ ਦਿਗੰਬਰ ਸ਼ੌਰਸੇਨੀ ਵੀ ਕਿਹਾ ਜਾਂਦਾ ਹੈ। ਹੁਣ ਸੌਰਸੇਨੀ ਦੀਆਂ ਭਾਸ਼ਾਤਮਕ ਵਿਸ਼ੇਸ਼ਤਾਵਾਂ ਦਾ ਜ਼ਿਕਰ ਕਰਦੇ ਹਾਂ।

ਧੁਨੀ-ਤੱਤ

ਸ਼ੌਰਸੇਨੀ ਵਿਚ ਲਗ ਭਗ ਉਹ ਸਾਰੀਆਂ ਧੁਨੀਆਂ ਹਨ ਜੋ ਪਾਲੀ ਵਿਚ ਹਨ। ਸੰਸਕ੍ਰਿਤ ਦੀਆਂ ਐਂ, ਐ ਤੇ ਲ੍ਰਿ ਧੁਨੀਆਂ ਨਹੀਂ ਹਨ। ਵਿਅੰਜਨਾਂ ਵਿਚ ਤਿੰਨ ਊਸ਼ਮ ਧਨੀਆਂ (ਸ਼, ਸ਼,) ਦੀ ਥਾਂ ਸ ਹੀ ਹੈ। ਨ ਦੀ ਥਾਂ ਣ ਅਤੇ ਯ ਦੀ ਥਾਂ ਜ ਮਿਲਦੇ ਹਨ :

ਈਦ੍ਰਿਸ਼ੰ–ਈਦਿਸੰ, ਅਭਿਮਨਯੁ–ਅਹਿਮੰਞੂ
ਯਜ੍ਵਸੇਨ–ਸੇਣਸੇਨ, ਯਥਾ–ਜਧਾ
ਭਾਨਵਹ–ਭਾਣਵਹ, ਯਾਦ੍ਰਿਸ਼ੰ–ਜਾਦਿਸੰ

ਸ਼ੌਰਸੇਨੀ ਭਾਸ਼ਾ ਦੇ ਸ਼ਬਦਾਂ ਵਿਚ ਇਕਹਿਰੇ 'ਤ' ਨੂੰ ਦ ਹੋ ਜਾਂਦਾ ਹੈ

ਗੱਛਤਿ—ਗੱਛਦਿ, ਆਗਤਹ - ਆਗਦਹ
ਏਤਸਮਾਤ—ਏਦਾਹਿ, ਕੌਤੂਹਲੰ—ਕੋਦੂਹਲੰ

ਸ਼ੌਰਸੇਨੀ ਸ਼ਬਦਾਂ ਵਿਚ ਥ ਨੂੰ ਹ ਵਿਚ ਬਦਲਿਆ ਜਾਂਦਾ ਹੈ :

ਨਾਥ – ਨਾਹ, ਰਾਜਪਥ—ਰਾਜਪਹ
ਕਥੰ—ਕਹੰ, ਦਸਰਥਹ—ਦਸਰਹੋ

ਰੂਪ-ਤੱਤ :

ਆਮ ਕ੍ਰਿਆਵੀ ਰੂਪ ਪਾਲੀ ਵਰਗੇ ਹਨ। ਸੰਸਕ੍ਰਿਤ ਕ੍ਰਿਆਰੂਪ 'ਭਵਤਿ' 'ਭੋਦਿ' ਬਣਦਾ ਹੈ। ਭਵਿਖਕਾਲੀ 'ਸਿ' ਪ੍ਰਤਿਆਂ ਵੀ ਮਿਲਦਾ ਹੈ ਜਿਵੇਂ 'ਪਠਿਸਦਿ' (ਸੰਸਕ੍ਰਿਤ ਪਠਿਸ਼ਯਤਿ) ਪੰਜਾਬੀ/ਲਹਿੰਦੀ : ਪੜ੍ਹਸੀ।

ਵੰਨਗੀ :

"ਹੋਦੂ। ਜਇ ਪਰਮਥਤੋਂ ਪਰ — ਪਰਿਗ੍ਰਹਿ ਸੰਕਿਣਾ
ਤੁਏ ਏਵੰ ਵਤੂੰ ਪਉਤੰ ਤਾ ਅਹਿਣਾਣੇਨ
ਇਮਿਣਾ ਤੁਹ ਆਸੰਕੰ ਅਵਣਇਸੰ"

ਪੰਜਾਬੀ ਰੂਪ : ਖੈਰ ਜੇ ਸਚੀਮੁਚੀ ਤੂੰ ਮੈਨੂੰ ਪਰਾਈ
ਇਸਤ੍ਰੀ ਦਾ ਸ਼ੱਕ ਕਰਕੇ ਇਹ ਬੋਲਣ ਲਈ ਤਤਪਰ ਹੈਂ ਤਾਂ
ਮੈਂ ਇਸ ਨਿਸ਼ਾਨੀ ਨਾਲ ਤੇਰਾ ਸ਼ਕ ਦੂਰ ਕਰਾਂਗੀ

(ਸ਼ੰਕੁਤਲਾ ਨਾਟਕ, ਅੰਕ ਪੰਜਵਾਂ)

ਮਹਾਰਾਸ਼ਟਰੀ

ਜਰਮਨ ਵਿਦਵਾਨ ਪਿਸ਼ਲ (Pischel) ਨੇ ਲਿਖਿਆ ਹੈ ਕਿ ਪ੍ਰਾਕ੍ਰਿਤ ਭਾਸ਼ਾਵਾਂ ਵਿਚੋਂ ਮਹਾਰਾਸ਼ਟਰੀ ਸਭ ਤੋਂ ਉੱਤਮ ਗਿਣੀ ਜਾਂਦੀ ਹੈ। ਮਹਾਰਾਸ਼ਟਰੀ ਅਜ ਕਲ ਦੇ ਮਰਾਠਾ ਦੇਸ ਦੀ ਪ੍ਰਾਕ੍ਰਿਤ ਬੋਲੀ ਸੀ ਜਿਸ ਵਿਚੋਂ ਆਧੁਨਿਕ ਮਰਾਠੀ ਵਿਗਸੀ ਹੈ। ਮੱਧਕਾਲ ਵਿਚ ਮਹਾਰਾਸ਼ਟਰੀ ਦਾ ਅਤਿਅੰਤ ਮਹਤਵ-ਪੂਰਨ ਸਥਾਨ ਹੈ। ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਮਹਾਰਾਸ਼ਟਰੀ ਨੂੰ ਹੀ ਆਦਰਸ਼-ਨਮੂਨਾ ਮੰਨਕੇ ਬਾਕੀ ਪ੍ਰਾਕ੍ਰਿਤਾਂ ਦਾ ਵਰਣਨ ਕੀਤਾ ਹੈ। ਪ੍ਰਾਕ੍ਰਿਤਾਂ ਦਾ ਵਿਸ਼ਲੇਸ਼ਨ ਕਰਨ ਤੋਂ ਬਾਅਦ ਇਹ ਲਿਖ ਦਿਤਾ ਸੀ ਕਿ "ਬਾਕੀ ਗੱਲਾਂ ਮਹਾਰਾਸ਼ਟਰੀ ਵਾਂਗੂ" ਹਨ। ਸੱਚੀ ਗੱਲ ਤਾਂ ਇਹ ਹੈ ਕਿ ਉਸ ਵੇਲੇ ਪ੍ਰਾਕ੍ਰਿਤ ਲਫਜ਼ ਦੀ ਵਰਤੋਂ ਹੀ ਮਹਾਰਾਸ਼ਟਰੀ ਭਾਸ਼ਾ ਲਈ ਕੀਤਾ ਜਾਂਦਾ ਸੀ। ਅਰਥਾਤ ਪ੍ਰਾਕ੍ਰਿਤ ਦਾ ਮਤਲਬ ਹੀ ਮਹਾਰਾਸ਼ਟਰੀ ਸੀ।

ਇਸ ਪ੍ਰਾਕ੍ਰਿਤ ਦੀ ਇਹ ਵਿਸ਼ੇਸ਼ਤਾ ਹੈ ਕਿ ਸੰਸਕ੍ਰਿਤ ਨਾਟਕਾਂ ਵਿਚ ਇਸ ਦੀ ਵਰਤੋਂ ਉੱਚ ਘਰਾਣੇ ਦੇ ਪਾਤਰ ਕਰਦੇ ਹਨ ਅਤੇ ਇਸ ਵਿਚ ਨਾਟਕ ਦੇ ਗੀਤ (ਸ਼ਲੋਕ) ਲਿਖੇ ਗਏ ਹਨ। ਇਹ ਮਾਣ ਹੋਰ ਕਿਸੇ ਪ੍ਰਾਕ੍ਰਿਤ ਨੂੰ ਨਹੀਂ ਹੈ। ਦੂਜੀ ਵਿਸ਼ੇਸ਼ਤਾ ਇਹ ਹੈ ਕਿ ਬਾਕੀ ਪ੍ਰਾਕ੍ਰਿਤਾਂ ਵਿਚ ਆਪਣਾ ਆਪਣਾ ਵੱਖਰਾ ਸਾਹਿਤ ਨਹੀਂ ਹੈ, ਉਨ੍ਹਾਂ ਦੀ ਵਰਤੋਂ ਤਾਂ ਸਿਰਫ ਸੰਸਕ੍ਰਿਤ ਨਾਟਕਾਂ ਵਿਚ ਹੀ ਕੀਤੀ ਜਾਂਦੀ ਸੀ। ਪਰ ਇਹ ਮਹਾਰਾਸ਼ਟਰੀ ਹੀ ਹੈ ਜਿਸ ਵਿਚ ਕਾਵਿ-ਰਚਨਾ ਕੀਤੀ ਗਈ ਹੈ।

ਮਹਾਰਾਸ਼ਟਰੀ ਵਿਚ ਸੰਸਕ੍ਰਿਤ ਸ਼ਬਦਾਂ ਦੇ ਮਝਲੇ ਵਿਅੰਜਨ ਏਨੇ ਕਢ ਦਿਤੇ ਗਏ ਹਨ ਕਿ ਹੋਰ ਕਿਤੇ ਇਹ ਘਟਨਾ ਨਹੀਂ ਵਾਪਰੀ। ਸ਼ਾਇਦ ਇਸ ਦਾ ਕਾਰਨ ਇਹ ਜਾਪਦਾ ਹੈ ਕਿ ਇਸ ਪ੍ਰਾਕ੍ਰਿਤ ਨੂੰ ਗੀਤਾਂ ਦਾ ਮਾਧਿਅਮ ਬਣਾਇਆ ਜਾਂਦਾ ਸੀ ਅਤੇ ਇਸ ਨੂੰ ਮਧੁਰ ਬਣਾਉਣ ਲਈ ਵਿਅੰਜਨ ਡੇਗ ਦਿਤੇ ਜਾਂਦੇ ਸਨ। ਸ਼ਾਇਦ ਇਸ ਗੀਤਮਈ ਗੁਣ ਨੂੰ ਮੁੱਖ ਰਖਕੇ ਬੀਮਜ਼ ਨੇ ਮਹਾਰਾਸ਼ਟਰ ਨੂੰ 'ਮਹੀਨ' ਭਾਸ਼ਾ ਕਿਹਾ ਹੈ।

ਪਿਛੇ ਜਿਹੇ ਡਾ. ਮਨਮੋਹਨ ਘੋਸ਼[1] ਨੇ ਇਹ ਸਿਧਾਂਤ ਪੇਸ਼ ਕੀਤਾ ਸੀ ਕਿ ਮਹਾਰਾਸ਼ਟਰੀ ਸਿਰਫ ਮਹਾਰਾਸ਼ਟਰ ਪ੍ਰਾਂਤ ਦੀ ਪ੍ਰਾਕ੍ਰਿਤ ਨਹੀਂ ਸੀ ਸਗੋਂ ਇਹ ਕੁਲ ਭਾਰਤ ਦੀ ਪ੍ਰਾਕ੍ਰਿਤ ਸੀ ਇਸ ਦੇ ਨਾਂ ਦਾ ਵੀ ਇਹੋ ਮਤਲਬ ਨਿਕਲਦਾ ਹੈ ਕਿ 'ਰਾਸ਼ਟਰ' ਦੇ ਨਾਲ 'ਮਹਾ' ਜੋੜ ਕੇ ਮੁਕੰਮਲ ਭਾਰਤ ਦਾ ਅਰਥ ਲਿਆ ਜਾਵੇ।

ਸਾਹਿਤ :

ਮਹਾਰਾਸ਼ਟਰੀ ਸਾਹਿਤ ਦੇ ਲਿਹਾਜ਼ ਨਾਲ ਅਮੀਰ ਭਾਸ਼ਾ ਹੈ। ਇਹ ਕਾਵਿ ਦੀ

1 Journal of the Dept. of letters ਅੰਕ 23, 1933 (Calcutta University)

ਭਾਸ਼ਾ ਰਹੀ ਹੈ । ਸੰਸਕ੍ਰਿਤ ਨਾਟਕਾਂ ਵਿਚ ਬਹੁਤ ਸਾਰਾ ਕਾਵਿ-ਭਾਗ ਮਹਾਰਾਸ਼ਟਰੀ ਵਿਚ ਹੀ ਰਚਿਆ ਜਾਂਦਾ ਸੀ । ਇਸ ਤੋਂ ਇਲਾਵਾ ਮਹਾਰਾਸ਼ਟਰੀ ਵਿਚ ਸੁਤੰਤਰ ਕਾਵਿ-ਰਚਨਾਵਾਂ ਰਚੀਆਂ ਗਈਆਂ । ਮਹਾਰਾਸ਼ਟਰੀ ਵਿਚ ਪ੍ਰਵਰ ਸੇਨ ਦਾ 'ਰਾਵਣ ਵਹੋ' (ਦਸਮੁੰਹ ਵਹੋ ਰਾਵਣ ਵਧ) ਅਤੇ ਵਾਕਪਤਿਰਾਜ ਦਾ 'ਗਉੜ ਵਹੋ' ਵਰਗੇ ਮਹਾਕਾਵਿ ਸਿਰਜੇ ਗਏ ਅਤੇ ਹਾਲ ਕਵੀ ਦੀ 'ਗਾਥਾ ਸੱਤਸਈ' (ਗਾਥਾ ਸਪਤਸ਼ਤੀ) ਜਿਹੀ ਮੁਕਤਕ ਗੀਤਾਂ ਦੀ ਕਾਵਿ-ਰਚਨਾ ਵੀ ਇਸੇ ਵਿਚ ਹੋਈ ਹੈ ।

ਮਹਾਰਾਸ਼ਟਰੀ ਦੀ ਭਾਸ਼ਾਤਮਕ ਰੂਪ ਰੇਖਾ ਪ੍ਰਾਕ੍ਰਿਤ ਦੇ ਵਿਆਕਰਣਕਾਰਾਂ ਨੇ ਬੜੇ ਵਿਸਤਾਰ ਨਾਲ ਉਲੀਕੀ ਹੈ । ਸਭ ਤੋਂ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਮਹਾਰਾਸ਼ਟਰੀ ਸ਼ਬਦਾਂ ਦੇ ਮਧਵਰਤੀ (ਦਰਮਿਆਨੀ) ਵਿਅੰਜਨ ਆਮ ਤੌਰ ਤੇ ਡਿਗ ਪੈਂਦੇ ਹਨ :

ਲੋਕ--ਲੋਅ, ਨਕੁਲ--ਣਉਲੋ (ਪੰ. ਨਿਉਲ)
ਕਚਗ੍ਰਹ--ਕਅੱਗਹੋ (ਪੰ. ਕੰਘਾ); ਵਚਨੰ--ਵਅਣੰ (ਪੰ. ਵੈਣ)
ਸੂਚੀ--ਸੂਈ, ਨਗਰ--ਣਅਰ, ਸਾਗਰ--ਸਾਅਰ,
ਯਦਿ--ਜਇ, ਨਦੀ--ਣਈ, ਮਦਨ--ਮਅਣੋ,
ਦਿਵਸ -- ਦਿਅਹੋ, ਜੀਵ--ਜੀਓ ।

ਮਹਾਰਾਸ਼ਟਰੀ ਵਿਚ ਮਹਾਪ੍ਰਾਣ (ਧੁਨੀਆਂ (ਖ ਥ, ਫ, ਘ, ਧ, ਭ) ਦੀ ਥਾਂ /ਹ/ ਧੁਨੀ ਹੋ ਜਾਂਦੀ ਹੈ—

ਮਖ--ਮਹੋ, ਮੁਖੰ--ਮੁਹੰ, ਨਾਥ--ਨਾਹੋ
ਗਾਥਾ—ਗਾਹਾ, ਸ਼ਫਰੀ—ਸਹਰੀ, ਮੇਘੋ—ਮੇਹੋ
ਜਘਨ—ਜਹਨੰ, ਮਾਘ—ਮਾਹੋ, ਸਾਧੂ—ਸਾਹੂ
ਬਧਿਰ—ਵਹਿਰੋ (ਪੰ: ਬਹਿਰਾ, ਬੋਲਾ) ਸ਼ੋਭਨੰ—ਸੋਹਣੰ ।

ਮਹਾਰਾਸ਼ਟਰੀ ਵਿਚ ਸੰਸਕ੍ਰਿਤ ਟ,ਠ, ਡ ਦੀ ਥਾਂ ਤਰਤੀਬਵਾਰ ਡ, ਢ, ਲ ਆਦੇਸ਼ ਹੋ ਜਾਂਦੇ ਹਨ :

ਨਟ—ਣਡੋ, ਘਟ—ਘੜੋ, ਸ਼ਠ—ਸਢੋ
ਕੁਠਾਰ—ਕੁਢਾਰੋ, ਗਰੁੜ—ਗਰੁਲੋ
ਤੜਾਗ—ਤਲਾਓ, ਕ੍ਰੀਡਤਿ—ਕੀਲਇ

ਰੂਪ-ਤੱਤ :

ਮਹਾਰਾਸ਼ਟਰੀ ਵਿਚ ਤਿੰਨ ਲਿੰਗ ਅਤੇ ਦੋ ਵਚਨ ਪ੍ਰਾਪਤ ਹਨ, ਕਾਰਕਾਂ ਵਿਚ ਸੰਪ੍ਰਦਾਨ ਨੂੰ ਛਡ ਕੇ ਬਾਕੀ ਸਾਰੇ ਕਾਰਕ ਮਿਲਦੇ ਹਨ ।

ਕਰਤਾ ਕਾਰਕ ਦੇ ਇਕਵਚਨੀ ਸ਼ਬਦ ਦੇ ਅੰਤ ਵਿਖੇ 'ਏ' ਆਉਂਦਾ ਹੈ,ਅਪਭ੍ਰੰਸ਼ਾਂ

ਵਿਚ 'ਉ' ਆਉਂਦਾ ਹੈ, ਪਰ ਮਹਾਰਾਸ਼ਟਰੀ ਵਿਚ 'ਓ' ਆਉਂਦਾ ਹੈ, ਜਿਵੇਂ : ਦੇਵੋਂ, ਲਭੋ ਹਰਿਅੰਦੋ ਆਦਿ।

ਕਰਮਵਾਚ passive voice ਵਿਚ / ਇੱਜ / ਜੋੜ ਕੇ ਗਮਿਜਇ, ਕਰਿਜਇ ਹੈ, ਪੰਜਾਬੀ ਵਿਚ 'ਕੀਤਾ ਜਾਂਦਾ' ਹੈ।

ਦੰਡੀ ਦੀ ਟੂਕ :

'ਕਾਵਿਆਦਰਸ਼' ਵਿਚ ਦੰਡੀ ਨੇ ਲਿਖਿਆ ਹੈ ਕਿ ਮਹਾਰਾਸ਼ਟਰ ਦੀ ਭਾਸ਼ਾ ਆਹਲਾ ਕਿਸਮ ਦੀ ਪ੍ਰਾਕ੍ਰਿਤ ਮੰਨੀ ਜਾਂਦੀ ਹੈ। ਇਹ ਇਕ ਸਮੁੰਦਰ ਹੈ ਜਿਸ ਵਿਚ 'ਸੇਤੁਬੰਧ' ਵਰਗੇ ਉੱਤਮ ਕਾਵਿ ਰਤਨ ਭਰੇ ਪਏ ਹਨ।

ਮਹਾਰਾਸ਼ਟਰੀ ਪ੍ਰਾਕ੍ਰਿਤ ਦੇ ਨਮੂਨੇ ਵੇਖੋ :

ਮਾਹਰ ਸ਼ਟਰੀ :

ਣਿਯ ਆਏ ਚਿਯ ਣਾਯਇ ਅੱਤਣੋ ਗੌਰਵੰ ਣਿਵੇਸੰਤਾ।
ਜੇਯੰਤਿ ਪਸੰਸੰ ਚਿਯ (ਅ) ਜਯੰਤਿ ਇਹ ਤੇ ਮਹਾਕਇਣੋ।।
ਦੋਗੱਚੰਮਿ ਵਿ ਸੋਖਾਇੰ ਤਾਣ ਵਿਹਵੇ ਵਿ ਹੋਂਤਿ ਦੁਖਾਇੰ
ਕੱਵ ਪਰਮਥ ਰਸਿਯਾਇ ਜਾਣ ਜਾਯੰਤਿ ਹਿਯਯਾ ਇੰ।

(ਗਉੜਵਹੋ)

ਪੰਜਾਬੀ :

ਉਨ੍ਹਾਂ ਮਹਾਕਵੀਆਂ ਦੀ ਜੈ ਹੋ ਜਿਹੜੇ ਆਪਣੀਆਂ ਕਾਵਿ ਰਚਨਾਵਾਂ ਦੁਆਰਾ ਮਹਾਨ ਸਥਾਪਿਤ ਹੁੰਦੇ ਹੋਏ ਪ੍ਰਸੰਸਾ ਦੇ ਪਾਤਰ ਬਣਦੇ ਹਨ। ਉਹ ਜਿਹੜੇ ਅਪਣੇ ਦਿਲਾਂ ਵਿਚ ਕਵਿਤਾ ਦੇ ਹੁਨਰ ਦੀ ਕਦਰ ਕਰਦੇ ਹਨ ਉਹ ਗਰੀਬੀ ਵਿਚ ਵੀ ਖੁਸ਼ੀ ਅਤੇ ਅਮੀਰੀ ਵਿਚ ਵੀ ਗਮੀ ਮਹਿਸੂਸ ਕਰਦੇ ਹਨ।

ਮਾਗਧੀ

ਮਾਗਧੀ ਪ੍ਰਾਕ੍ਰਿਤ ਦੀ ਬੁਨਿਆਦੀ ਭਾਸ਼ਾ ਮਗਧ ਪ੍ਰਾਂਤ ਦੇ ਆਸ ਪਾਸ ਦੀ ਬੋਲੀ ਹੈ। ਮਗਧ ਪ੍ਰਾਂਤ ਨੂੰ ਮੁਖ ਰਖਕੇ ਹੀ ਇਸ ਪ੍ਰਾਕ੍ਰਿਤ ਦਾ ਨਾਂ ਮਾਗਧੀ ਚਾਲੂ ਹੋਇਆ ਹੈ। ਮਾਗਧੀ ਦਾ ਇਤਿਹਾਸਕ ਸਬੰਧ ਵੈਦਿਕ ਸੰਸਕ੍ਰਿਤ ਦੀ ਪੂਰਬੀ ਭਾਸ਼ਾ ਨਾਲ ਜਾ ਜੁੜਦਾ ਹੈ ਜਿਹੜੀ ਅਵਧ ਤੋਂ ਲੈਕੇ ਬੰਗਦੇਸ਼ (ਬੰਗਾਲ) ਤਕ ਫੈਲੀ ਹੋਈ ਸੀ।

ਭਗਵਾਨ ਬੁੱਧ ਦੇ ਉਪਦੇਸ਼ਾਂ ਦਾ ਮਾਧਿਅਮ ਇਹੋ ਪ੍ਰਾਚੀਨ ਮਾਗਧੀ ਸੀ ਜਿਸ ਨੂੰ ਧਾਰਮਿਕ ਦਾਇਰਿਆਂ ਵਿਚ 'ਪਾਲੀ' ਕਿਹਾ ਗਿਆ ਹੈ। ਲੰਕਾ ਵਿਚ 'ਪਾਲੀ' ਭਾਸ਼ਾ

ਨੂੰ ਹੀ 'ਮਾਗਧੀ' ਕਿਹਾ ਜਾਂਦਾ ਹੈ। ਜਿਸ ਤਰ੍ਹਾਂ ਜੈਨੀ ਲੋਕ ਅਰਧ ਮਾਗਧੀ ਨੂੰ ਸਾਰੀਆਂ ਭਾਸ਼ਾ ਦੀ ਮੂਲ ਜਨਨੀ ਮੰਨਦੇ ਹਨ ਉਸੇ ਤਰ੍ਹਾਂ ਬੋਧ ਵੀ ਮਾਗਧੀ ਨੂੰ ਸਾਰੀਆਂ ਬੋਲੀਆਂ ਦੀ ਬੁਨਿਆਦ ਆਖਦੇ ਹਨ। ਕੋਲ ਬਰੂਕ ਦਾ ਮਤ ਹੈ ਕਿ ਜੈਨੀਆਂ ਦੇ ਸ਼ਾਸਤਰ ਮਾਗਧੀ ਵਿਚ ਲਿਖੇ ਗਏ ਹਨ। ਉਸਦਾ ਇਹ ਵੀ ਮਤ ਹੈ ਕਿ ਮਾਗਧੀ ਸੰਸਕ੍ਰਿਤ ਤੋਂ ਨਿਕਲੀ ਹੈ ਅਤੇ ਅਜੇਹੀ ਭਾਸ਼ਾ ਹੈ ਜਿਹੋ ਜਿਹੀ ਸਿੰਹਲ ਦੇਸ਼ (ਲੰਕਾ) ਦੀ ਪਾਲੀ ਭਾਸ਼ਾ। ਲਾਸਨ ਦਾ ਵਿਚਾਰ ਸੀ ਕਿ ਮਾਗਧੀ ਪ੍ਰਾਕ੍ਰਿਤ ਅਤੇ ਮਹਾਰਾਸ਼ਟਰੀ ਇਕੋ ਹੀ ਬੋਲੀਆਂ ਹਨ। ਸਟੀਵੇਨਸਨ ਨੇ ਇਹ ਤੱਥ ਸੁਝਾਇਆ ਹੈ ਅਤੇ ਵੇਬਰ ਨੇ ਮਿਸਾਲਾਂ ਦੇ ਕੇ ਸਾਬਤ ਕੀਤਾ ਹੈ ਕਿ ਅਰਧ ਮਾਗਧੀ ਅਤੇ ਮਾਗਧੀ ਦਾ ਰਿਸ਼ਤਾ ਬਹੁਤ ਕਰੀਬੀ ਹੈ। ਕਰਤਾ ਇਕਵਚਨ ਦੇ ਅੰਤ ਵਿਚ ਦੋਹਾਂ ਵਿਚ / -ਏ / ਲਗਦਾ ਹੈ ਅਤੇ ਰਿ-ਅੰਤ ਧਾਤੂ ਦੇ ਤ ਨੂੰ ਡ ਤੋਂ ਹੋ ਜਾਂਦਾ ਹੈ ਜਿਵੇਂ ਮ੍ਰਿਤ ਦਾ ਮਡ ਅਤੇ ਕ੍ਰਿਤ ਦਾ ਕਡ। ਮਾਗਧੀ ਦੀਆਂ ਕਈ ਉਪ-ਪ੍ਰਾਕ੍ਰਿਤਾਂ ਵੀ ਸਨ ਜਿਹੜੀਆਂ ਕਿ ਥਾਂ ਥਾਂ ਤੇ ਬੋਲੀਆਂ ਜਾਂਦੀਆਂ ਸਨ। ਇਹੋ ਕਾਰਣ ਹੈ ਕਿ 'ਕਸ਼' ਦੀ ਥਾਂ ਕਿਤੇ ਹਕ ਕਿਤੇ ਸ਼ਕ, ਰਥ ਦੀ ਥਾਂ ਕਿਤੇ ਸਤ, ਕਿਥੇ ਸ਼ਤ ਹੈ। ਮਾਗਧੀ ਵਿਚ ਸਾਨੂੰ ਉਹ ਸਾਰੀਆਂ ਬੋਲੀਆਂ ਸ਼ਾਮਲ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਵਿਚ ਜ ਦੀ ਥਾਂ ਯ, ਰ ਦੀ ਥਾਂ ਲ, ਸ ਦੀ ਥਾਂ ਸ਼ ਲਿਖਿਆ ਜਾਂਦਾ ਹੈ ਅਤੇ ਨਾਂਵ-ਸ਼ਬਦਾਂ ਦੇ ਇਕ ਵਚਨ ਦੇ ਅੰਤ ਵਿਚ / ਏ / ਜੋੜਿਆ ਜਾਂਦਾ ਹੈ।

ਇਨ੍ਹਾਂ ਬੋਲੀਆਂ ਦਾ ਪ੍ਰਚਾਰ ਸਾਰੇ ਮਗਧ ਪ੍ਰਾਂਤ ਵਿਚ ਰਿਹਾ ਹੈ (ਪਿਸ਼ਲ ਪੰਨਾ : 43)। ਭਰਤ (ਨਾਟਯ-ਸ਼ਾਸਤ੍ਰ) ਨੇ ਇਹ ਲਿਖਿਆ ਹੈ ਕਿ ਗੰਗਾ ਤੇ ਸਮੁੰਦਰ ਦੇ ਦਰਮਿਆਨ / ਏ-ਅੰਤਕ / ਬੋਲੀਆਂ ਬੋਲੀਆਂ ਜਾਂਦੀਆਂ ਹਨ। ਹਾਨਲੇ ਨੇ ਸਾਰੀਆਂ ਪ੍ਰਾਕ੍ਰਿਤਾਂ ਨੂੰ ਦੋ ਵਰਗਾਂ ਵਿਚ ਵੰਡਿਆ ਹੈ ਅਤੇ ਇਕ ਨੂੰ ਸ਼ੌਰਸੈਨੀ ਅਤੇ ਦੂਜੀ ਨੂੰ ਮਾਗਧੀ ਕਿਹਾ ਹੈ। ਦੋਹਾਂ ਦੀ ਦਰਮਿਆਨ ਭਾਸ਼ਾ ਨੂੰ ਅਰਧ-ਮਾਗਧੀ ਆਖਿਆ ਹੈ। ਪਰ ਇਸ ਦੀ ਪੁਸ਼ਟੀ ਨਹੀਂ ਹੁੰਦੀ। ਸੰਸਕ੍ਰਿਤ ਦੇ ਨਾਟਕ 'ਮ੍ਰਿਛੱਕਟਿਕ' ਵਿਚ ਮਾਗਧੀ ਦੀਆਂ ਕਈ ਉਪਬੋਲੀਆਂ ਦਾ ਅੰਕਨ ਹੈ। ਇਨ੍ਹਾਂ ਵਿਚ ਢਾਹਲੀਕੀ, ਢੱਕੀ, ਸ਼ਾਬਰੀ, ਚੰਡਾਲੀ ਅਤੇ ਸ਼ਾਕਾਰੀ ਜ਼ਿਕਰ-ਯੋਗ ਹਨ।

ਸਾਹਿਤ : ਮਾਗਧੀ ਪ੍ਰਾਕ੍ਰਿਤ ਵਿਚ ਲਿਖੀ ਹੋਈ ਆਮ ਤੌਰ ਤੇ ਕੋਈ ਮੁਕੰਮਲ ਰਚਨਾ ਨਹੀਂ ਮਿਲਦੀ। ਸੰਸਕ੍ਰਿਤ ਦੇ ਨਾਟਕਾਂ ਵਿਚ ਘਟੀਆ ਤੇ ਹੀਨ ਪਾਤਰ ਮਾਗਧੀ ਦਾ ਪ੍ਰਯੋਗ ਕਰਦੇ ਹਨ।

'ਮ੍ਰਿਛਕਟਿਕ' ਸੰਸਕ੍ਰਿਤ ਨਾਟਕ ਵਿਚ ਕਈ ਪਾਤਰ ਮਾਗਧੀ ਬੋਲਦੇ ਹਨ ਅਤੇ ਇਸ ਦੀਆਂ ਉਪਬੋਲੀਆਂ ਦਾ ਵੀ ਪ੍ਰਯੋਗ ਕਰਦੇ ਹਨ। ਵਿਗ੍ਰਹ ਰਾਜਦੇਵ ਦਾ ਲਿਖਿਆ ਹੋਇਆ 'ਹਰਕੇਲਿ ਨਾਟਕ' ਮਾਗਧੀ ਪ੍ਰਾਕ੍ਰਿਤ ਲਈ ਮਹੱਤਵ-ਪੂਰਨ ਕ੍ਰਿਤੀ ਹੈ

(ਪਿਸਲ, 48) ਕੋਹਲ ਦਾ ਮਤ ਹੈ ਕਿ ਇਹ ਮਾਗਧੀ ਰਾਖਸ਼ਾਂ, ਭਿਕਸ਼ੂਆਂ, ਖਪਣਕਾਂ, ਗੁਲਾਮਾਂ ਦੁਆਰਾ ਬੋਲੀ ਜਾਂਦੀ ਹੈ (ਰਾਕਸ਼ਸ਼ ਭਿਕਸ਼ੂ ਕਸ਼ਪਣਕ ਚੇਟਾਕ੍ਰਯਾ ਮਾਗਧੀ ਪ੍ਰਾਕ੍ਰਤ-ਵਿਤਿ ਕੋਹਲਕ) ਭਰਤਮੁਨੀ ਨੇ ਲਿਖਿਆ ਹੈ ਕਿ ਮਾਗਧੀ ਨੂੰ ਰਾਜਿਆਂ ਦੇ ਰਣਵਾਸਾਂ ਦੇ ਆਦਮੀ ਬੋਲਦੇ ਹਨ। ਸਾਹਿਤਯ-ਦਰਪਣ ਦੇ ਅਨੁਸਾਰ ਮਾਗਧੀ (ਸੰਸਕ੍ਰਿਤ ਨਾਟਕਾਂ ਵਿਚ) ਹੀਜੜਿਆਂ, ਕਿਰਾਤਾਂ, ਬੌਣਿਆਂ, ਮਲੇਛਾਂ, ਅਹੀਰਾਂ, ਸ਼ਕਾਰਾਂ; ਕੁਬਿਆਂ ਆਦਿ ਦੁਆਰਾ ਬੋਲੀ ਜਾਂਦੀ ਹੈ। ਦਸ਼ਰੂਪ ਵਿਚ ਲਿਖਿਆ ਹੈ ਕਿ ਮਾਗਧੀ ਨੂੰ ਪਿਸ਼ਾਚ ਤੇ ਪਛੜੀਆਂ ਜਾਤੀਆਂ ਦੇ ਲੋਕ ਬੋਲਦੇ ਹਨ। ਮ੍ਰਿਛਕਟਿਕ ਨਾਟਕ ਵਿਚ ਖਲ ਪਾਤਰ 'ਸ਼ਕਾਰ' ਉਸਦਾ ਨੌਕਰ ਸਥਾਵਰਕ, ਨਾਇਕਾ 'ਵਸੰਤਸੇਨਾ' ਦਾ ਨੌਕਰ ਕੁੰਭੀਲਕ ਦੋਵੇਂ ਚੰਡਾਲ, ਚਾਰੂ ਦੱਤ ਦਾ ਲੜਕਾ ਸਾਰੇ ਮਾਗਧੀ ਬੋਲੀ ਬੋਲਦੇ ਦਰਸਾਏ ਗਏ ਹਨ। ਸ਼ਕੁੰਤਲਾ ਨਾਟਕ ਵਿਚ ਦੋਵੇਂ ਪਹਿਰੇਦਾਰ, ਮਛੇਰਾ, ਸ਼ਕੁੰਤਲਾ ਦਾ ਨਿਕਾ ਮੁੰਡਾ 'ਸਰਵਦਮਨ' ਮਾਗਧੀ ਬੋਲਦੇ ਵਿਖਾਏ ਗਏ ਹਨ। 'ਪ੍ਰਬੋਧ ਚੰਦਰੋਦਯ' ਵਿਚ ਚਾਰਵਾਕ ਦਾ ਚੇਲਾ, ਉੜੀਸਾ ਤੋਂ ਆਇਆ ਸਨੇਹੀ, ਅਤੇ ਦਿਗੰਬਰ ਜੈਨ ਮਾਗਧੀ ਬੋਲਦੇ ਹਨ। 'ਮੁਦ੍ਰਾ ਰਾਕਸ਼ਸ' ਨਾਟਕ ਵਿਚ ਜੈਨ ਸਾਧੂ ਅਤੇ ਦੂਤ ਮਾਗਧੀ ਵਿਚ ਗਲਬਾਤ ਕਰਦੇ ਹਨ। ਵੇਣੀ ਸੰਹਾਰ, ਲਲਿਤ ਵਿਗ੍ਰਹ ਰਾਜ, ਨਾਗਾਨੰਦ, ਧੂਰਤ-ਸਮਾਗਮ, ਅਮ੍ਰਿਤੋਦਯ ਆਦਿ ਸੰਸਕ੍ਰਿਤ ਨਾਟਕਾਂ ਵਿਚ ਕਈ ਪਾਤਰ ਮਾਗਧੀ ਪ੍ਰਾਕ੍ਰਿਤ ਬੋਲਦੇ ਐਕਟਿੰਗ ਕਰਦੇ ਹਨ। ਇਸ ਤਰ੍ਹਾਂ ਮਾਗਧੀ ਪ੍ਰਾਕ੍ਰਿਤ ਦੇ ਨਮੂਨੇ ਸੰਸਕ੍ਰਿਤ ਨਾਟਕਾਂ ਵਿਚ ਅਵਸ਼ ਮਿਲਦੇ ਹਨ ਪਰੰਤੂ ਇਸ ਵਿਚ ਲਿਖੀ ਹੋਈ ਕੋਈ ਸੁਤੰਤਰ ਪੁਸਤਕ ਨਹੀਂ ਮਿਲਦੀ।

ਧੁਨੀ ਤੱਤ :

ਮਾਗਧੀ ਪ੍ਰਾਕ੍ਰਿਤ ਦੀਆਂ ਆਪਣੀਆਂ ਥੋੜੀਆਂ ਜਿਹੀਆਂ ਵਿਸ਼ੇਸ਼ਤਾਵਾਂ ਹਨ। ਇਸ ਵਿਚ ਸ ਦੀ ਥਾਂ 'ਸ਼' ਮਿਲਦਾ ਹੈ —

ਸਪਤ--ਸ਼ੱਤ, ਹੰਸ--ਹੰਸ਼ੇ, ਸਾਰਸ--ਸ਼ਾਲਸ਼ੇ

ਇਸ ਵਿਚ ਰ ਦੀ ਥਾਂ ਲ ਮਿਲਦਾ ਹੈ—ਨਰ--ਨਲੇ,

ਕਰ—ਕਲੇ, ਵਾਸਰ—ਵਾਸਲੇ, ਰਾਜਾ--ਲਾਜਾ

ਇਸ ਵਿਚ 'ਸਥ' ਤੇ ਰਥ ਨੂੰ 'ਸਤ' ਆਦੇਸ਼ ਹੋ ਜਾਂਦਾ ਹੈ—

ਅਰਥਵਤੀ—ਅਸਤਵਤੀ, ਸਾਰਥਵਾਹ--ਸ਼ਸਤਵਾਹੇ।

ਇਥੇ ਜ ਦੀ ਥਾਂ ਯ ਦੀ ਤਬਦੀਲੀ ਹੁੰਦੀ ਹੈ—

ਜਾਨਾਤਿ—ਯਾਣਾਦਿ, ਜਨਪਦ—ਯਣਪਦੇ, ਗਰਜਤਿ--ਗਯਦਿ,

ਅਦਯ--ਅੱਜ ਯਾਤਿ--ਯਾਦਿ।

'ਕਸ਼' ਦੀ ਥਾਂ ਸਕ—ਪਕਸ਼--ਪਸਕ, ਪ੍ਰੇਕਸ਼ਤੇ--ਪੇਸਕਦਿ

ਸ਼ ਦੀ ਥਾਂ ਦ: ਗੱਛਤਿ-ਗੱਛਦਿ

ਰੂਪਤੱਤ :

ਸ਼ੌਰਸੇਨੀ ਵਿਚ ਜਿਥੇ ਕਰਤਾ ਕਾਰਕ ਵਾਲੇ ਸ਼ਬਦ ਦੇ ਅੰਤ ਵਿਚ ਓ ਹੈ ਉਥੇ ਮਾਗਧੀ ਵਿਚ ਏ ਹੈ : ਸ--ਸੇ, ਕਹ--ਕੇ, ਦੇਵਹ--ਦੇਵੇ, ਮੇਘਹ--ਮੇਘੇ, ਭਦੰਤਹ--ਭੰਤੇ।

ਕ੍ਰਿਦੰਤ ਰੂਪਾਂ ਵਿਚ ਅੰਤਲੇ / ਅ / ਨੂੰ / ਉ / ਹੋ ਜਾਂਦਾ ਹੈ—

ਹਸਿਦੁ (ਹਸਿਤ :) ਚਲਿਦੁ (ਚਲਿਤ :)।

ਸਬੰਧ ਕਾਰਕ ਵਿਚ 'ਸਯ' ਦੀ ਥਾਂ 'ਅਹ' ਦੀ ਵਰਤੋਂ

ਚਾਰੂਦੱਤਸਯ--ਚਾਲੁਦੱਤਾਹ, ਰਾਮਸਯ--ਰਾਮਾਹ।

ਮਾਗਧੀ ਵਿਚ 'ਅਹੰ' ਦੀ ਥਾਂ 'ਹਗੇ ਪ੍ਰਚਲਿਤ ਹੈ।

ਇਸ ਤਰ੍ਹਾਂ ਪ੍ਰਾਕ੍ਰਿਤ ਵਿਆਕਰਣਕਾਰ ਵਰਰੁਚੀ ਤੇ ਹੇਮਚੰਦ੍ਰ ਨੇ ਮਾਗਧੀ ਦੇ ਮੁਖ ਮੁਖ ਭਾਸ਼ਾ-ਵਿਗਿਆਨਕ ਤੇ ਵਿਆਕਰਣਕ ਲੱਛਣ ਅੰਕਿਤ ਕੀਤੇ ਹਨ।

ਅਰਧ-ਮਾਗਧੀ

ਜਿਵੇਂ ਕਿ ਇਸ ਦੇ ਨਾਂ ਤੋਂ ਜ਼ਾਹਰ ਹੈ ਕਿ ਅਰਧ-ਮਾਗਧੀ ਅੱਧੀ ਮਾਗਧੀ ਹੈ ਅਰਥਾਤ ਇਸ ਵਿਚ ਮਾਗਧੀ ਪ੍ਰਾਕ੍ਰਿਤ ਵਾਲੇ ਅੱਧੇ ਲੱਛਣ ਮਿਲਦੇ ਹਨ ਅਤੇ ਬਾਕੀ ਅੱਧੇ ਲੱਛਣ ਸ਼ੌਰਸੈਨੀ ਜਾਂ ਮਹਾਰਾਸ਼ਟਰੀ ਵਾਲੇ ਹਨ। ਅਰਧ-ਮਾਗਧੀ ਸੂਰਸੇਨ ਇਲਾਕੇ ਦੇ ਚੜ੍ਹਦੇ ਵਾਲੇ ਪਾਸੇ (ਅਜੋਕਾ ਮਥੁਰਾ ਪ੍ਰਦੇਸ਼) ਅਤੇ ਮਗਧ (ਅਜੋਕਾ ਦਖਣੀ ਬਿਹਾਰ) ਦੇ ਪਛੋਂ ਵਿਚ ਬੋਲੀ ਜਾਂਦੀ ਸੀ। ਅਰਥਾਤ ਅਰਧ-ਮਾਗਧੀ ਪ੍ਰਾਚੀਨ ਕੋਸਲ ਜਾਨਪਦੀ ਪ੍ਰਾਕ੍ਰਿਤ ਭਾਸ਼ਾ ਹੈ। ਕਈ ਵਿਦਵਾਨ ਇਸ ਨੂੰ ਪ੍ਰਾਚੀਨ ਕੋਸਲੀ ਦੀ ਪੂਰਵਜਾ ਮੰਨਦੇ ਹਨ। ਮਹਾਵੀਰ ਸਵਾਮੀ ਅਤੇ ਗੌਤਮ ਬੁੱਧ ਦੀ ਮਾਤ ਭਾਸ਼ਾ ਹੋਣ ਦੇ ਕਾਰਨ ਇਹ ਬੋਧਾਂ ਤੇ ਜੈਨੀਆਂ ਦੀ ਸਾਹਿਤਕ ਭਾਸ਼ਾ ਬਣੀ ਰਹੀ। ਬਾਅਦ ਵਿਚ ਬੋਧਾਂ ਨੇ ਮਾਗਧੀ ਅਤੇ ਪਾਲੀ ਨੂੰ ਆਪਣੀ ਧਾਰਮਿਕ ਭਾਸ਼ਾ ਕਬੂਲ ਕਰ ਲਿਆ ਅਤੇ ਅਰਧ-ਮਾਗਧੀ ਜੈਨੀਆਂ ਦੀ ਧਰਮ-ਭਾਸ਼ਾ ਬਣ ਕੇ ਪ੍ਰਵਾਨ ਚੜ੍ਹ ਗਈ। ਜੈਨ ਲੋਕ ਇਸ ਨੂੰ ਵੈਦਿਕ ਸੰਸਕ੍ਰਿਤ ਤੋਂ ਵੀ ਪੁਰਾਤਨ ਮੰਨਦੇ ਹਨ ਅਤੇ ਇਥੋਂ ਤਕ ਕਿ ਉਹ ਇਸ ਨੂੰ ਵਿਸ਼ਵ ਭਾਸ਼ਾਵਾਂ ਦਾ ਉਤਪੱਤੀ-ਸੋਮਾ ਸਵੀਕਾਰ ਕਰਦੇ ਹਨ।

ਭਾਸ਼ਾ--ਵਿਗਿਆਨਕ ਦ੍ਰਿਸ਼ਟੀ ਤੋਂ ਅਰਧ--ਮਾਗਧੀ ਵਿਚ ਇਕ ਪਾਸੇ ਮਾਗਧੀ ਦੇ ਤੱਤ ਅਤੇ ਦੂਜੇ ਪਾਸੇ ਸ਼ੌਰਸੈਨੀ ਦੇ ਤੱਤ ਉਪਲਬਧ ਹੁੰਦੇ ਹਨ। ਕਈ ਵਿਦਵਾਨ ਇਸ

ਵਿਚ ਮਹਾਰਾਸ਼ਟਰੀ ਦਾ ਰਲਾ ਮੰਨਦੇ ਹਨ। ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਅਰਧ-ਮਾਗਧੀ ਦੇ ਕਈ ਤਰ੍ਹਾਂ ਨਾਲ ਲੱਛਣ ਉਲੀਕੇ ਹਨ।

'ਔਪਪਾਤਿਕ--ਸੂਤ੍ਰ ਵ੍ਰਿਤੀ' ਵਿਚ ਲਿਖਿਆ ਹੈ ਕਿ ਰ ਤੇ ਸ ਦੀ ਥਾਂ ਲ ਤੇ ਸ਼ ਦੀ ਤਬਦੀਲੀ ਮਾਗਧੀ ਵਾਲੇ ਅੰਸ਼ ਹਨ ਅਤੇ ਫੇਰ ਮਹਾਰਾਸ਼ਟਰੀ ਪ੍ਰਾਕ੍ਰਿਤ ਅੰਸ਼ਾਂ ਵਾਲੀ ਭਾਸ਼ਾ ਅਰਧ--ਮਾਗਧੀ ਹੈ। ਕ੍ਰਮਦੀਸ਼ਵਰ ਨੇ ਸਪੱਸ਼ਟ ਤੌਰ ਤੇ ਮਹਾਰਾਸ਼ਟਰੀ ਮਿਸ਼ਰ 'ਅਰਧ-ਮਾਗਧੀ' ਲਿਖਿਆ ਹੈ। ਮਾਰਕੰਡੇਯ ਨੇ 'ਪ੍ਰਾਕ੍ਰਿਤ ਸਰਵਸਵ' ਵਿਚ ਸ਼ੌਰਸੇਨੀ ਦੀ ਨੇੜਤਾ ਵਾਲੀ ਪ੍ਰਾਕ੍ਰਿਤ ਨੂੰ ਅਰਧ ਮਾਗਧੀ ਦਾ ਨਾਂ ਦਿਤਾ ਹੈ। ਉਪਰੋਕਤ ਟੂਕਾਂ ਤੋਂ ਇਹ ਨਿਚੋੜ ਨਿਕਲਦਾ ਹੈ ਕਿ ਕੁਝ ਵਿਦਵਾਨ ਅਰਧ-ਮਾਗਧੀ ਉਤੇ ਮਹਾਰਾਸ਼ਟਰੀ ਦਾ ਪ੍ਰਭਾਵ ਮੰਨਦੇ ਹਨ ਅਤੇ ਕਈ ਸ਼ੌਰਸੇਨੀ ਦਾ। ਪਰ ਹਕੀਕਤ ਇਹ ਹੈ ਕਿ ਅਰਧ-ਮਾਗਧੀ ਨੇ ਇਕ ਪਾਸੇ ਮਾਗਧੀ ਤੋਂ ਅਤੇ ਦੂਜੇ ਪਾਸੇ ਮੱਧਦੇਸ਼ੀ ਪ੍ਰਭਾਵ ਗ੍ਰਹਿਣ ਕੀਤਾ। ਉਹ ਜੈਨਧਰਮ ਦੀ ਅਤੀ ਉੱਨਤ ਸਾਹਿਤਕ ਭਾਸ਼ਾ ਬਣਨ ਦਾ ਮਾਣ ਪ੍ਰਾਪਤ ਕਰ ਸਕੀ ਅਤੇ ਅਮੀਰ ਪ੍ਰਾਕ੍ਰਿਤ ਬਣ ਗਈ।। ਪਿਸ਼ਲ ਦਾ ਕਹਿਣਾ ਹੈ ਕਿ ਅਰਧ ਮਾਗਧੀ ਭਾਰਤ ਦੇ ਪੂਰਬੀ ਖੇਤਰ ਵਿਚ ਬਹੁਤ ਵਿਆਪਕ ਪੈਮਾਨੇ ਤੇ ਫੈਲੀ ਹੋਈ ਭਾਸ਼ਾ ਸੀ।

ਜੈਨ ਧਰਮੀ ਵਿਦਵਾਨ ਅਰਧ-ਮਾਗਧੀ ਦਾ ਨਾਂ 'ਆਰਸ਼' ਵੀ ਲਿਖਦੇ ਹਨ ਅਰਥਾਤ ਰਿਸ਼ੀਆਂ ਦੀ ਭਾਸ਼ਾ। ਨਮਿਸਾਧੂ ਦਾ ਉਲੇਖ ਹੈ ਕਿ ਅਰਧ-ਮਾਗਧੀ ਉਹ ਭਾਸ਼ਾ ਹੈ ਜਿਸ ਨੂੰ ਦੇਵਤੇ ਬੋਲਦੇ ਹਨ (ਆਰਿਸ ਵਯਣੇ ਸਿਧੰ ਦੇਵਾਣੰ ਅਧ-ਮਾਗਹਾ ਵਾਣੀ--ਆਰਸ਼ ਵੈਨ (ਬਚਨ) ਦੇਵਾਂ ਦੀ ਬਾਣੀ ਅਰਧ-ਮਾਗਧੀ)। 'ਸਮਵਾਯੰਗ ਸੁੱਤ' ਵਿਚ ਲਿਖਿਆ ਹੈ ਕਿ ਭਗਵਾਨ ਮਹਾਵੀਰ ਅਰਧ ਮਾਗਧੀ ਭਾਸ਼ਾ ਵਿਚ ਧਰਮ ਆਖਦੇ ਹਨ (ਭਗਵੰ ਚ ਣ ਅੱਧ ਮਾਗਹੀ ਏ ਭਾਸਾਏ ਧੰਮੰ ਆਖਇ)। ਜੈਨੀਆਂ ਦੇ ਗ੍ਰੰਥ 'ਪੰਣਵਣਾ ਸੁੱਤ' ਵਿਚ ਆਰਯਾਂ ਦੀਆਂ 9 ਸ਼੍ਰੇਣੀਆਂ ਕੀਤੀਆਂ ਹਨ ਉਨ੍ਹਾਂ ਵਿਚ ਛੇਵੀਂ ਸ਼੍ਰੇਣੀ 'ਭਾਸਾਰਯਾ' ਦੀ ਹੈ ਉਹ ਅਰਯ ਜਿਹੜੇ ਆਰਯ ਭਾਸ਼ਾ ਬੋਲਦੇ ਹਨ ਅਰਥਾਤ ਜਿਹੜੇ ਅਰਧ-ਮਾਗਧੀ ਭਾਸ਼ਾ ਵਿਚ ਵਾਰਤਾਲਾਪ ਕਰਦੇ ਹਨ ਅਤੇ ਬ੍ਰਾਹਮੀ ਲਿਪੀ ਵਿਚ ਲਿਖਦੇ ਹਨ।

ਜੈਨ ਧਰਮ ਦੇ ਪ੍ਰਾਚੀਨ ਸੂਤਰ (ਸੁੱਤ) ਅਰਧ-ਮਾਗਧੀ ਭਾਸ਼ਾ ਵਿਚ ਹੀ ਰਚੇ ਗਏ ਹਨ। ਹੇਮ ਚੰਦਰ ਨੇ ਲਿਖਿਆ ਹੈ ਕਿ ਅਰਧ ਮਾਗਧੀ ਵਿਚ ਵਾਰਤਕ ਸਾਹਿਤ ਹੀ ਨਹੀਂ ਰਚਿਆ ਗਿਆ ਬਲਕਿ ਕਾਵਿ-ਰਚਨਾ ਵੀ ਕੀਤੀ ਗਈ ਹੈ। ਸੰਸਕ੍ਰਿਤ ਨਾਟਕਾਂ ਵਿਚ ਅਰਧ-ਮਾਗਧੀ ਦਾ ਪ੍ਰਯੋਗ ਹੋਇਆ ਹੈ। ਇਹ ਆਸ ਕੀਤੀ ਜਾਂਦੀ ਹੈ ਕਿ ਨਾਟਕਾਂ ਵਿਚ ਜਦੋਂ ਜੈਨੀ ਪਾਤਰ ਆਉਂਦੇ ਹੋਣਗੇ ਉਹ ਅਵੱਸ਼ ਹੀ ਅਰਧ-ਮਾਗਧੀ ਬੋਲਦੇ ਹੋਣਗੇ। ਲਾਸਨ ਨੇ ਜਰਮਨ ਪੁਸਤਕ ਵਿਚ ਅਰਧ ਮਾਗਧੀ ਦੇ ਲੱਛਣ ਦੇਣ ਦਾ

ਸੁੰਦਰ ਯਤਨ ਕੀਤਾ ਹੈ।

ਭਾਸ਼ਾਗਤ ਵਿਸ਼ਸ਼ਤਾਵਾਂ :

ਅਰਧ-ਮਾਗਧੀ ਨੇ ਸੁਰਾਂ ਤੇ ਵਿਅੰਜਨ-ਧੁਨੀਆਂ ਨੂੰ ਮਾਗਧੀ ਤੇ ਸ਼ੌਰਸੈਨੀ ਦੀ ਤਰ੍ਹਾਂ ਸਾਂਭ ਕੇ ਰਖਿਆ ਹੈ। ਊਸ਼ਮ ਧੁਨੀਆਂ ਵਿਚ ਅਰਧ-ਮਾਗਧੀ ਸ਼ ਨੂੰ ਸ ਵਿਚ ਬਦਲਦੀ ਹੈ :

ਸੰਸਕ੍ਰਿਤ	ਮਾਗਧੀ	ਅਰਧ ਮਾਗਧੀ
ਸ਼੍ਰਾਵਕ	ਸ਼ਾਵਕੇ	ਸਾਵਕ
ਵੇਸ਼	ਵੇਸ਼ੇ	ਵੇਸੇ
ਸ਼੍ਰਿਗਾਰ	ਸ਼ਿਗਾਰੇ	ਸਿੰਗਾਰੇ

ਭੂਤ ਕ੍ਰਿਦੰਤ ਸ਼ਬਦ ਦੇ ਅੰਤਲੇ ਤ ਨੂੰ ਡ ਹੋ ਜਾਂਦਾ ਹੈ ਪਰ ਸ਼ਰਤ ਇਹ ਹੈ ਕਿ ਉਸ ਤੋਂ ਪਹਿਲਾ 'ਰਿ' ਜਾਂ 'ਰ' ਹੋਵੇ —

ਮ੍ਰਿਤ—ਮਡ. ਕ੍ਰਿਤ—ਕਡ।

ਦੋ ਸੁਰਾਂ ਦੇ ਦਰਮਿਆਨ ਆਉਣ ਵਾਲੇ ਸਘੋਸ਼ ਅਲਪਪ੍ਰਾਣ ਵਿਅੰਜਨ ਦੇ ਲੋਪ ਹੋ ਜਾਣ ਉਤੇ / ਯ / ਦਾ ਆਗਮ ਹੋ ਜਾਂਦਾ ਹੈ —

ਸਾਗਰ—ਸਾਯਰ, ਵਿਸ਼ਾਰਦ – ਵਿਸਾਰਿਯ।

ਦੰਤੀ ਧੁਨੀਆਂ ਨੂੰ ਮੂਰਧੀ ਧੁਨੀਆਂ ਆਮ ਹੋ ਜਾਂਦੀਆਂ ਹਨ।

ਅਰਧ ਮਾਗਧੀ ਵਿਚ ਬਾਕੀ ਪ੍ਰਾਕ੍ਰਿਤਾਂ ਨਾਲੋਂ ਟ-ਵਰਗ ਧੁਨੀਆਂ ਦਾ ਜ਼ਿਆਦਾ ਪ੍ਰਯੋਗ ਹੋਇਆ ਹੈ (ਪਿਸ਼ਲ 33)

ਵੰਨਗੀ :

ਅਰਧ ਮਾਗਧੀ :

ਤੇਣੰ ਕਾਲੇਣੰ ਤੇਣੰ ਸਿੰਧੁ ਸੋਵੀਰੇਸੁ
ਜਣਵਏਸੁ ਵੀਯਭਏ ਣਾਮੰ ਨਯਰੇ ਹੋਥਾ, ਉਦਾਯਣੇ
ਣਾਮੰ ਰਾਯਾ, ਪ੍ਰਭਾਵਤੀ ਦੇਵੀ, ਤਿਸੇ ਜੇਠਾ ਪੁੱਤੇ
ਅਭਿਈ ਣਾਮੰ ਜੁਵਰਾਯ ਹੋਥਾ (ਉਦਾਯਣ)

ਪੰਜਾਬੀ :

ਤਿਸ ਕਾਲ ਤਿਸ ਸਮੇਂ ਸਿੰਧੂ-ਸੋਵੀਰ ਜਨਪਦ (ਇਲਾਕੇ) ਵਿਚ ਵੀਤਭਯ ਨਾਂ ਦਾ ਨਗਰ ਸੀ। ਉਦਾਯਣ ਨਾਂ ਦਾ ਰਾਜਾ-ਰਾਣਿ, ਪ੍ਰਭਾਵਤੀ ਰਾਣੀ ਦੇਵੀ, ਤਿਨ੍ਹਾਂ ਦਾ ਜੇਠਾ ਪੁੱਤ ਅਭਿਜਿਤ ਨਾਂ ਦਾ ਯੁਵਰਾਜ ਸੀ।

ਉਪਰੋਕਤ ਪ੍ਰਮੁਖ ਸਾਹਿਤਕ ਪ੍ਰਾਕ੍ਰਿਤ ਭਾਸ਼ਾਵਾਂ ਤੋਂ ਇਲਾਵਾ ਪ੍ਰਾਕ੍ਰਿਤ ਵਿਆਕਰਣਾਂ ਵਿਚ ਹੋਰ ਵੀ ਪ੍ਰਾਕ੍ਰਿਤਾਂ ਦਾ ਜ਼ਿਕਰ ਆਉਂਦਾ ਹੈ। ਡਾ. ਸੁਕੁਮਾਰ ਸੇਨ (Comparative Grammar of Middle Indo-Aryans) ਦੇ ਅਨੁਸਾਰ ਇਨ੍ਹਾਂ ਹੋਰ ਪ੍ਰਾਕ੍ਰਿਤਾਂ ਵਿਚੋਂ ਹੇਠ ਲਿਖੇ ਨਾਉਂ ਉਲੇਖ ਯੋਗ ਹਨ :

ਪ੍ਰਾਚਜਾ : ਪੁਰਸ਼ੋਤਮ ਨੇ 'ਪ੍ਰਾਕ੍ਰਿਤਾਨੁਸ਼ਾਸਨ' ਵਿਚ ਇਸਦਾ ਉਲੇਖ ਕੀਤਾ ਹੈ। ਇਹ ਸ਼ੌਰਸੇਨੀ ਨਾਲ ਮਿਲਦੀ ਜੁਲਦੀ ਹੈ। ਇਸ ਵਿਚ 'ਭਵਤਿ' (ਹੁੰਦਾ ਹੈ) ਦਾ 'ਭੋਦੀ' ਬਣਦਾ ਹੈ।

ਸ਼ਾਕਾਰੀ : ਇਸ ਨੂੰ ਮਾਗਧੀ ਦੀ ਇਕ ਉਪਬੋਲੀ ਮੰਨਿਆ ਜਾਂਦਾ ਹੈ। ਇਸ ਵਿਚ 'ਚ' ਦੀ ਥਾਂ 'ਯਚ' ਬੋਲਿਆ ਜਾਂਦਾ ਸੀ ਕਿਉਂਕਿ ਉਚਾਰਨ ਵਿਚ ਸਪਰਸ਼ ਤੇ ਸੰਘਰਸ਼ ਵਧ ਹੁੰਦਾ ਸੀ।

ਚਾਂਡਾਲੀ : ਇਹ ਮਾਗਧੀ ਦਾ ਵਿਗੜਿਆ ਰੂਪ ਸੀ।

ਸ਼ਾਬਰੀ : ਇਹ ਵੀ ਮਾਗਧੀ ਦਾ ਇਕ ਰੂਪ ਸੀ।

ਆਵੰਤੀ : ਇਸ ਵਿਚ ਮਹਾਰਾਸ਼ਟਰੀ ਤੇ ਸ਼ੌਰਸੈਨੀ ਦੀਆਂ ਪ੍ਰਵਿਰਤੀਆਂ ਦਾ ਮਿਸ਼ਰਨ ਹੈ।

ਟੱਕੀ : ਇਹ ਸੰਸਕ੍ਰਿਤ ਤੇ ਸ਼ੌਰਸੈਨੀ ਦਾ ਮਿਸ਼ਰਤ ਰੂਪ ਸੀ। ਹਰਿਸ਼ ਚੰਦ੍ਰ ਨੇ ਇਸ ਨੂੰ ਅਪਭ੍ਰੰਸ਼ ਦਾ ਇਕ ਰੂਪ ਮੰਨਿਆ ਹੈ। ਇਸ ਵਿਚ 'ਯਥਾ' ਨੂੰ 'ਜਿਧ' ਅਤੇ 'ਤਥਾ' ਨੂੰ 'ਤਿਧ' ਹੋ ਗਿਆ ਸੀ।

ਕੇਕੇਯ ਪੈਸ਼ਾਚਿਕਾ : ਇਸ ਨੂੰ ਸੰਸਕ੍ਰਿਤ ਮਿਸ਼ਰਤ ਸ਼ੌਰਸੇਨੀ ਦਾ ਭ੍ਰਿਸ਼ਟ ਰੂਪ ਕਿਹਾ ਗਿਆ ਹੈ। ਇਸ ਦਾ ਸਾਫ਼ ਸਬੰਧ ਪੈਸ਼ਾਚੀ ਨਾਲ ਹੈ।

ਸ਼ੌਰਸੈਨ ਪੈਸ਼ਾਚਿਕਾ : ਇਹ ਵੀ ਪੈਸ਼ਾਚੀ ਦਾ ਭੇਦ ਹੈ।

ਪਾਂਚਾਲ ਪੈਸ਼ਾਚਿਕਾ : ਇਹ ਵੀ ਪੈਸ਼ਾਚੀ ਦਾ ਇਕ ਭੇਦ ਹੈ।

ਚੂਲਿਕਾ ਪੈਸ਼ਾਚਿਕਾ : ਇਹ ਵੀ ਪੈਸ਼ਾਚੀ ਪ੍ਰਾਕ੍ਰਿਤ ਦਾ ਭੇਦ ਹੈ।

ਪ੍ਰਾਕ੍ਰਿਤ ਸਾਹਿਤ ਦੀਆਂ ਵੰਨਗੀਆਂ :

ਗੰਭੀਰ ਗੱਭ ਮੰਦ ਪਹਾਓ ਤੁਹ ਦੇਵਿ ਦੀਵ ਮਾਲਾਓ।
ਉਵਹਾਰ ਮੁੰਡ ਕੇਸ ਅੰਧਿਆਰ ਮੂਢਾਓਵ ਘਲੰਤਿ।

(ਗੌਡਵਹੋ : ਮਹਾਰਾਸ਼ਟ੍ਰੀ)

ਣ ਯ ਲੱਜਾ ਣ ਯ ਵਿਣਯੋਂ ਕੁਮਾਰਿ ਜਣੇਇਯੰ ਅਣੁੱਠਾਣੰ।
ਣ ਯ ਸੋ ਪਿਓ ਣ ਮੋਖੰ ਤੇ ਕਿੰ ਹਯ ਜੀਵਿਏਣਮਹ॥

(ਲੀਲਾਵਈ : ਮਹਾਰਾਸ਼ਟ੍ਰੀ)

ਧਰਿਆ ਭੁਏਹਿ ਸੇਲਾ ਸੇਲੇਹਿ ਦੁਮਾ ਦੁਮੇਹਿ ਘਣ ਸੰਘਾਆ ।
ਣ ਵਿ ਣੱਜਇ ਕਿੰ ਪਵਆ ਸੇਊਂ ਬੰਧੰਤਿ ਓ ਮਿਣੇਂਤਿ ਣਹਅਲਮ ।
(ਸੇਤੁਬੰਧ)

ਵਿਰਹੇ ਵਿਸੰ ਵ ਵਿਸਮਾ ਅਮ ਅਮਆ ਹੋਇ ਸੰਗਮੇ ਅਹਿਅਮ ।
ਕਿੰ ਵਿਹਿਣਾ ਸਮਅੰ ਵਿਅ ਦੋਹਿੰ ਪਿਆ ਵਿਣਿਮਿਅਆ ।
(ਗਾਥਾ ਸਪਤਸਤੀ)

ਅੱਛੀਇ ਤਾ ਥਇੱਸੰ ਦੋਹਿੰ ਵਿ ਹੱਥੇਹਿੰ ਤੱਮਿ ਦਿੱਠਮਿ ।
ਅੰਗ ਕਦੰਬ ਕੁਸਮੁੰ ਵ ਪੁਲੀਏ ਕਹ ਣੁ ਢੱਕਿਸਮ ।
(ਗਾਥਾ ਸਪਤਸਤੀ)

ਜੇ ਜੰ ਖਮੇਇ ਸਮੱਥੋ ਧਣਵੰਤ ਜੋ ਨ ਗੱਬ ਮੁੱਬਹਿਇ ।
ਜੋ ਚ ਸਵਿਜੋ ਨਮਿਰੋ, ਤਿਸੁ ਤੇਸੁ ਅਲੰਕਿਯਾ ਪੁਹਵੀ
(ਵੱਜਾਲੱਗ)

ਕਿਸਲਅ ਕਰ ਚਲਣਾ ਵਿਹੁ ਕੁਵਲਅ ਨਯਣਾ ਮ ਅੰਕ ਵਅਣਾ ਵਿ ।
ਅਹਹ ਣਵ ਚੰਪ ਅੰਗੀ ਤਹ ਵਿ ਹੁ ਤਾਵੇਇ ਅਹੰਰਿਅੰ ।
(ਕਰਪੂਰ ਮੰਜਰੀ ਨਾਟਕ)

12

ਅਪਭ੍ਰੰਸ਼

(500 ਈ. ਤੋਂ 1000 ਈ.)

ਮੱਧਕਾਲੀ ਹਿੰਦ-ਆਰੀਆਈ ਭਾਸ਼ਾ ਦੇ ਵਿਕਾਸ ਦੀਆਂ ਤਿੰਨ ਅਵਸਥਾਵਾਂ ਬਾਰੇ ਪਿਛਲੇ ਪੰਨਿਆਂ ਤੇ ਜੋ ਉਲੇਖ ਕੀਤਾ ਗਿਆ ਸੀ ਉਨ੍ਹਾਂ ਵਿਚੋਂ ਪਾਲੀ ਅਤੇ ਸਾਹਿਤਿਕ ਪ੍ਰਾਕ੍ਰਿਤਾਂ ਦਾ ਅਧਿਐਨ ਪੇਸ਼ ਕੀਤਾ ਜਾ ਚੁਕਿਆ ਹੈ। ਹੁਣ ਮਧਕਾਲੀ ਭਾਸ਼ਾ ਦੀ ਤੀਜੀ ਵਿਕਾਸ ਸਥਿਤੀ ਅਰਥਾਤ 'ਅਪਭ੍ਰੰਸ਼' ਦਾ ਭਾਸ਼ਾ-ਵਿਗਿਆਨਿਕ ਪਰਿਚਯ ਦਿਤਾ ਜਾਂਦਾ ਹੈ।

ਅਪਭ੍ਰੰਸ਼ ਸ਼ਬਦ ਦੀ ਵਰਤੋਂ

ਅਪਭ੍ਰੰਸ਼ ਸ਼ਬਦ ਦੀ ਸਾਫ਼ ਸਾਫ਼ ਵਰਤੋਂ ਸਭ ਤੋਂ ਪਹਿਲਾਂ ਪਤੰਜਲੀ ਨੇ 150 ਪੂ. ਈ. ਵਿਚ 'ਮਹਾਭਾਸ਼ਯ' ਵਿਚ ਕੀਤਾ ਹੈ। ਪਤੰਜਲੀ ਨੇ ਆਦੇਸ਼ ਦਿੱਤਾ ਹੈ ਕਿ 'ਅਪਸ਼ਬਦਾਂ' ਦੇ ਪ੍ਰਯੋਗ ਤੋਂ ਬਚਣਾ ਚਾਹੀਦਾ ਹੈ (ਅਪਸ਼ਬਦ ਤੋਂ ਮੁਰਾਦ ਅਸ਼ਲੀਲ, ਗ਼ੈਰ-ਸੰਸਕ੍ਰਿਤ, ਤੇ ਵਿਗੜੇ ਹੋਏ ਸ਼ਬਦ) ਅਪਸ਼ਬਦ ਵਧੇਰੇ ਹਨ ਅਤੇ ਸ਼ਬਦ ਘੱਟ ਹਨ। ਇਕ ਇਕ ਸ਼ਬਦ ਦੇ ਕਈ ਕਈ ਅਪ-ਸ਼ਬਦ ਹਨ ਜਿਵੇਂ 'ਗੋ' (ਗਊ ਪੰ.) ਸੰਸਕ੍ਰਿਤ ਇਕ ਸ਼ਬਦ ਦੇ 'ਗਾਵੀ, ਗੋਣੀ, ਗੋਤਾ, ਗੋਪੋਤਾਲਿਕਾ' 'ਆਦਿ 'ਬਹੁਤ' ਅਪਭ੍ਰੰਸ਼' ਹਨ। ਇਥੇ

ਅਪਸ਼ਬਦ, ਅਪਭ੍ਰੰਸ਼, ਅਪਭ੍ਰਸ਼ਟ, ਸਾਰੇ ਸਮਾਨਾਰਥਕ (ਪਰਿਆਇ) ਹਨ। ਪਤੰਜਲੀ ਦਾ ਕਥਨ ਹੈ ਕਿ ਇਨ੍ਹਾਂ ਅਪਸ਼ਬਦਾਂ, ਅਪਭ੍ਰੰਸ਼ਾਂ ਅਤੇ ਦੁਸ਼ਟ ਸ਼ਬਦਾਂ ਤੋਂ ਬਚਣ ਲਈ ਵਿਆਕਰਣ ਦਾ ਅਧਿਐਨ ਕਰਨਾ ਚਾਹੀਦਾ ਹੈ।

ਭਰਤਰੀ ਹਰੀ (5ਵੀਂ ਸਦੀ ਈ.) ਦੇ ਗ੍ਰੰਥ 'ਵਾਕਯਪਦੀਯ' ਵਿਚ ਸੰਸਕਾਰ-ਹੀਨ (ਅਣਮਾਂਜੇ ਅਣਸੰਵਾਰੇ) ਸ਼ਬਦ ਨੂੰ ਅਪਭ੍ਰੰਸ਼ ਕਿਹਾ ਗਿਆ ਹੈ। ਭਰਤਮੁਨੀ (ਤੀਜੀ ਸਦੀ ਈ.) ਦੇ ਨਾਟਯ ਸ਼ਾਸਤ੍ਰ ਵਿਚ ਪ੍ਰਾਕ੍ਰਿਤਾਂ ਦੇ ਵਰਨਨ ਵਿਚ 'ਵਿਭ੍ਰਸ਼ਟ' ਸ਼ਬਦ ਆਇਆ ਹੈ। ਇਸ ਦਾ ਭਾਵ ਵੀ ਅਪਭ੍ਰੰਸ਼ ਹੀ ਹੈ। ਭਰਤਮੁਨੀ ਦਾ 'ਵਿਭ੍ਰਸ਼ਟ' ਤੋਂ ਭਾਵ ਉਹ ਬੋਲੀ ਹੈ ਜਿਹੜੀ ਸੰਸਕ੍ਰਿਤ ਤੋਂ ਵਿਗੜੀ ਹੈ, ਜਿਸ ਦੇ ਸ਼ਬਦਾਂ ਦੇ ਅਖੀਰ ਵਿਚ ਔਂਕੜ (ਉਕਾਰ-ਬਹੁਲਾ) ਜਾਂ ਕੁੰਤਾ ਆਮ ਕਰਕੇ ਲਗਦਾ ਹੈ; ਜਾਂ ਜਿਹੜੀ ਅਹੀਰਾਂ (ਆਭੀਰ) ਦੀ ਬੋਲੀ ਹੈ। ਭਰਤ ਤੋਂ ਤਿੰਨ ਸਦੀਆਂ ਬਾਅਦ ਭਾਮਹ (ਛੇਵੀਂ ਸਦੀ ਈ.) ਨੇ ਆਪਣੇ ਗ੍ਰੰਥ 'ਕਾਵਿਆਲੰਕਾਰ' ਵਿਚ ਅਪਭ੍ਰੰਸ਼ ਦੀ ਗਿਣਤੀ ਤਿੰਨ ਭਾਸ਼ਾਵਾਂ (ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼) ਵਿਚ ਕੀਤੀ ਹੈ। ਕਾਠੀਆਵਾੜ ਗੁਜਰਾਤ ਵਿਚ ਵਾਕਿਆ ਵਲਭੀ ਦੇ ਰਾਜਾ ਧਰਸੇਨ ਦੂਜਾ (600 ਈ.) ਨੇ ਆਪਣੇ ਤਾਮਰ-ਪਤਰ ਵਿਚ ਆਪਣੇ ਪਿਤਾ ਗੁਹਸੇਨ ਨੂੰ ਸੰਸਕ੍ਰਿਤ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਇਨ੍ਹਾਂ ਤਿੰਨ ਭਾਸ਼ਾਵਾਂ ਵਿਚ ਮਹਾਂ ਕਾਵਿ (ਪ੍ਰਬੰਧ ਕਾਵਿ) ਰਚਨਾ ਵਿਚ ਨਿਪੁੰਨ ਦਸਕੇ ਫ਼ਖਰ ਕੀਤਾ ਹੈ। ਦੰਡੀ ਨੇ 'ਕਾਵਿਆਦਰਸ਼' ਵਿਚ ਵਾਣੀ ਰੂਪ ਸਾਹਿਤ ਨੂੰ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼ ਅਤੇ ਮਿਸ਼ਰ ਚਾਰ ਬੋਲੀਆਂ ਵਿਚ ਵੰਡ ਕਰਨ ਦਾ ਸੁਝਾ ਦਿਤਾ ਹੈ। ਰੁਦ੍ਰਟ (ਨੌਵੀਂ ਸਦੀ ਈ.) ਨੇ 'ਕਾਵਿਆਲੰਕਾਰ' ਵਿਚ ਛੇਵੇਂ ਭੇਦ ਅਪਭ੍ਰੰਸ਼ ਨੂੰ ਅਨੇਕ ਇਲਾਕਾਵਾਰ ਭੇਦਾਂ ਵਾਲੀ ਦਸਿਆ ਹੈ। ਰਾਜਸ਼ੇਖਰ (10ਵੀਂ ਸਦੀ ਈ.) ਨੇ 'ਕਾਵਯ ਮੀਮਾਂਸਾ' ਵਿਚ ਕਾਵਿ-ਪੁਰਸ਼ ਦੇ ਰੂਪਕ ਵਿਚ ਸੰਸਕ੍ਰਿਤ ਨੂੰ ਮੂੰਹ, ਪ੍ਰਾਕ੍ਰਿਤ ਨੂੰ ਬਾਹਾਂ ਅਪਭ੍ਰੰਸ਼ਾਂ ਨੂੰ ਚਿਤੜ (ਜਘਨ) ਅਤੇ ਪੈਸ਼ਾਚੀ ਨੂੰ ਪੈਰ ਦਸਿਆ ਹੈ।

ਮਗਰਲੇ ਲਿਖਾਰੀਆਂ ਜਿਵੇਂ ਕਿ ਮੰਮਟ (ਕਾਵਯ ਪ੍ਰਕਾਸ਼) ਵਾਗ ਭਟ 'ਵਿਸ਼ਣੂ ਧਰਮੋਤਰ' ਦੇ ਰਚੈਤਾ, ਰਾਮ ਚੰਦਰ ਗੁਣ ਚੰਦਰ (ਨਾਟਯ ਦਰਪਣ) 'ਵਿਵੇਕ ਵਿਲਿਸਤ' ਦੇ ਲੇਖਕ ਜਿਨਦੱਤ (1200 ਈ.) 'ਕਾਵਯ-ਕਲਪ-ਲਤਾ-ਵ੍ਰਿਤੀ' ਦੇ ਲਿਖਾਰੀ ਅਮਰਚੰਦ੍ ਅਤੇ ਅਖੀਰ ਵਿਚ ਹੇਮਚੰਦ੍ਰ ਨੇ ਸਰਬ ਸੰਮਤੀ ਨਾਲ ਇਹ ਸਵੀਕਾਰ ਕੀਤਾ ਹੈ ਕਿ ਅਪਭ੍ਰੰਸ਼ ਇਕ ਸਾਹਿਤਕ ਭਾਸ਼ਾ ਹੈ ਅਤੇ ਸੰਸਕ੍ਰਿਤ ਦੇ ਟਾਕਰੇ ਤੇ ਰਖੀ ਜਾ ਸਕਦੀ ਹੈ। ਡਾ. ਗਜਾਨਨ ਵਾਸੁਦੇਵ ਤਗਾਰੇ[1] ਦਾ ਕਥਨ ਹੈ ਕਿ ਇਨ੍ਹਾਂ ਲੇਖਕਾਂ ਦਾ ਅਪਭ੍ਰੰਸ਼ ਤੋਂ ਭਾਵ 'ਬੋਲਚਾਲੀ ਭਾਸ਼ਾ' ਜਾਂ 'ਪ੍ਰਾਕ੍ਰਿਤਕ ਭਾਸ਼ਾ' ਪ੍ਰਤੀਤ ਹੁੰਦਾ ਹੈ। ਇਵੇਂ ਵਾਗਭਟ ਦੀ ਪਰਿਭਾਸ਼ਾ

1 Tagare : '*Historical Grammar of Apabhramsa*' p 3

ਅਨੁਸਾਰ ਅਪਭ੍ਰੰਸ਼ ਇਕ ਸੂਬਾਈ (ਪ੍ਰਾਂਵਿਸ਼ਲ) ਭਾਸ਼ਾ ਹੈ।

ਅਪਭ੍ਰੰਸ਼ ਅਤੇ ਪ੍ਰਾਕ੍ਰਿਤ ਵਿਆਕਰਣਕਾਰ :

ਆਮ ਤੌਰ ਤੇ ਪ੍ਰਾਕ੍ਰਿਤ ਭਾਸ਼ਾ ਦੇ ਵਿਆਕਰਣਕਾਰਾਂ ਨੇ ਪ੍ਰਾਕ੍ਰਿਤਾਂ ਦੇ ਨਾਲ ਨਾਲ ਅਪਭ੍ਰੰਸ਼ ਭਾਸ਼ਾ ਬਾਰੇ ਵੀ ਵਿਆਖਿਆ ਕੀਤੀ ਹੈ। ਸਭ ਤੋਂ ਪਹਿਲਾਂ ਵਰਰੁਚੀ ਨੇ ਅਪਭ੍ਰੰਸ਼ ਦਾ ਕੋਈ ਜ਼ਿਕਰ ਨਹੀਂ ਕੀਤਾ। ਚੰਡ ਨੇ ਆਪਣੇ ਗ੍ਰੰਥ 'ਪ੍ਰਾਕ੍ਰਿਤ ਲਕਸ਼ਣ' ਵਿਚ ਅਪਭ੍ਰੰਸ਼ ਦਾ ਵਰਣਨ ਕੀਤਾ ਹੈ। ਚੰਡ ਨੇ ਹੇਠ ਲਿਖਿਆ ਅਪਭ੍ਰੰਸ਼ ਦੋਹਾ ਮਿਸਾਲ ਵਜੋਂ ਦਿਤਾ ਹੈ —

ਕਾਲ ਲਹੇਵਿਣ ਜੋਇਯਾ ਜਿਵ ਜਿਵ ਮੋਹ ਗਲੇਇ।
ਤਿਵ ਤਿਵ ਦੰਸਣ ਲਹਇ ਸੋ ਣਿਅਮੇ ਅੱਪੁ ਮਣੇਇ।

ਅਪਭ੍ਰੰਸ਼ ਭਾਸ਼ਾ ਬਾਰੇ ਸਪਸ਼ਟ ਤੇ ਵਿਸ਼ਾਲ ਰੂਪ ਵਿਚ ਵਿਚਾਰ ਕਰਨ ਦਾ ਸਿਹਰਾ ਹੇਮਚੰਦ੍ਰ ਦੇ ਸਿਰ ਹੈ। ਹੇਮ ਚੰਦ੍ਰ ਦਾ ਵਿਕਾਸ-ਕਾਲ 1088-1172 ਈ. ਹੈ। ਉਸ ਨੇ ਆਪਣੇ ਗ੍ਰੰਥ 'ਸਿੱਧ-ਹੈਮ-ਸ਼ਬਦ ਨੁਸ਼ਾਸਨ' ਵਿਚ ਅਪਭ੍ਰੰਸ਼ ਦੇ ਵਿਆਕਰਣਿਕ ਨੇਮ ਦਿਤੇ ਹਨ ਅਤੇ ਮਸ਼ਹੂਰ ਅਪਭ੍ਰੰਸ਼ ਕਾਵਿ-ਗ੍ਰੰਥਾਂ ਵਿਚੋਂ ਮਿਸਾਲਾਂ ਵੀ ਦਿਤੀਆਂ ਹਨ। ਹੇਮਚੰਦਰ ਨੇ ਦੇਸੀ ਸ਼ਬਦਾਂ ਨੂੰ ਸੰਗ੍ਰਹਿ ਕਰ ਕੇ 'ਦੇਸੀ ਨਾਮ ਮਾਲਾ' ਗ੍ਰੰਥ ਦੀ ਵੀ ਰਚਨਾ ਕੀਤੀ। ਹੇਮਚੰਦਰ ਨੇ ਸਿਰਫ਼ ਟਕਸਾਲੀ ਅਪਭ੍ਰੰਸ਼ ਵਿਚ ਰਚੇ ਹੋਏ ਕਾਵਿ-ਗ੍ਰੰਥਾਂ ਦੀ ਸੂਚਨਾ ਹੀ ਨਹੀਂ ਦਿਤੀ ਸਗੋਂ ਪੇਂਡੂ ਅਪਭ੍ਰੰਸ਼ ਬੋਲੀਆਂ ਵਿਚ ਰਚੀਆਂ ਕਾਵਿ-ਰਚਨਾਵਾਂ ਬਾਰੇ ਵੀ ਇਸ਼ਾਰੇ ਕੀਤੇ ਹਨ।

ਤ੍ਰਿਵਿਕ੍ਰਮ ਨੇ 'ਪ੍ਰਾਕ੍ਰਿਤ ਸ਼ਬਦਾਨੁਸ਼ਾਸਨ' ਵਿਚ ਪ੍ਰਾਕ੍ਰਿਤਾਂ ਦੇ ਨਾਲ ਨਾਲ ਅਪਭ੍ਰੰਸ਼ ਨੂੰ ਵੀ ਵਿਚਾਰ-ਗੋਚਰੇ ਕੀਤਾ ਹੈ। ਤ੍ਰਿਵਿਕ੍ਰਮ ਦਾ ਸਮਾਂ ਕੋਈ ਤੇਰ੍ਹਵੀਂ ਸਦੀ ਈ. ਹੈ। ਇਹ ਦਿਗੰਬਰ ਜੈਨ ਸਨ ਅਤੇ ਦੱਖਣੀ ਭਾਰਤ ਦੇ ਰਹਿਣ-ਵਾਲੇ ਸਨ। ਇਸੇ ਤਰ੍ਹਾਂ ਸਿੰਹਰਾਜ ਦੇ 'ਪ੍ਰਾਕ੍ਰਿਤ ਰੂਪ ਵਤਾਰ' ਲਕਸ਼ਮੀਧਰ ਦੇ 'ਸ਼ਡਭਾਸ਼ਾ ਚੰਦ੍ਰਿਕਾ' ਅਤੇ ਅੱਪਯ ਦੀਕਸ਼ਿਤ ਦੇ 'ਪ੍ਰਾਕ੍ਰਿਤ ਮਣੀਦੀਪ' ਵਿਚ ਅਪਭ੍ਰੰਸ਼ ਦਾ ਵਰਣਨ ਹੋਇਆ ਹੈ। ਇਹ ਪੰਦਰਵੀਂ ਤੇ ਸੋਲ੍ਹਵੀਂ ਸਦੀ ਦੇ ਵਿਆਕਰਣਕਾਰ ਸਨ।

ਮਾਰਕੰਡੇਯ ਦੇ ਵਿਆਕਰਣ 'ਪ੍ਰਾਕ੍ਰਿਤ ਸਰਵਸਵ' ਵਿਚ ਵੀ ਅਪਭ੍ਰੰਸ਼ ਭਾਸ਼ਾ ਦਾ ਵਿਵੇਚਨ ਹੋਇਆ ਹੈ। ਮਾਰਕੰਡੇਯ ਉੜੀਸਾ ਦੇ ਵਸਨੀਕ ਸਨ ਅਤੇ ਸੋਲ੍ਹਵੀਂ/ਸਤਾਰ੍ਹਵੀਂ ਸਦੀ ਵਿਚ ਜੀਉਂਦੇ ਸਨ। ਇਸ ਪ੍ਰਸੰਗ ਵਿਚ ਦਾਮੋਦਰ ਦੇ 'ਉਕਤਿ-ਵਿਅਕਤਿ-ਪ੍ਰਕਰਣ' ਦਾ ਉਲੇਖ ਵੀ ਜ਼ਰੂਰੀ ਹੈ ਉਨ੍ਹਾਂ ਨੇ ਉਕਤੀ ਤੋਂ ਭਾਵ ਅਪਭ੍ਰੰਸ਼ ਅਤੇ ਵਿਅਕਤੀ ਤੋਂ ਭਾਵ ਸੰਸਕ੍ਰਿਤ ਲਿਆ ਹੈ। ਅਪਭ੍ਰੰਸ਼ ਨੂੰ ਸੰਸਕ੍ਰਿਤ ਵਿਚ ਰੂਪਾਂਤਰ ਕਰਨ ਦਾ ਮਹਾਨ ਯਤਨ ਇਸ

ਗ੍ਰੰਥ ਵਿਚ ਕੀਤਾ ਗਿਆ ਹੈ। ਮੱਧ ਦੇਸ਼ ਵਿਚੋਂ ਇਹ ਗ੍ਰੰਥ ਹੀ ਹਾਸਲ ਹੋਇਆ ਹੈ।

ਅਪਭ੍ਰੰਸ਼ ਦੇ ਦੋ ਅਰਥ-ਪੱਧਰ :

ਅਪਭ੍ਰੰਸ਼ ਸ਼ਬਦ ਦੀ ਵਰਤੋਂ ਦੋ ਅਰਥਾਂ ਵਿਚ ਹੋਈ ਹੈ। ਪਤੰਜਲੀ ਨੇ ਅਪਭ੍ਰੰਸ਼ ਤੋਂ ਭਾਵ ਉਹ ਸ਼ਬਦ ਲਏ ਹਨ ਜਿਹੜੇ ਸੰਸਕ੍ਰਿਤ ਤੋਂ ਵਿਗੜੇ ਹੋਏ ਹਨ ਅਤੇ ਤਦਭਵ ਹਨ (ਤਤਸਮ ਨਹੀਂ) ਅਤੇ ਜਿਨ੍ਹਾਂ ਦੀਆਂ ਜੜ੍ਹਾਂ ਸੰਸਕ੍ਰਿਤ ਵਿਚ ਨਹੀਂ ਮਿਲਦੀਆਂ। ਪਤੰਜਲੀ ਨੇ ਵਿਕਾਰੀ ਸ਼ਬਦਾਂ ਨੂੰ ਅਪਸ਼ਬਦ, ਅਤੇ ਅਪਭ੍ਰੰਸ਼ ਨਾਂ ਦਿੱਤੇ ਹਨ। ਇਉਂ ਜਾਪਦਾ ਹੈ ਕਿ ਸ਼ੁਰੂ ਸ਼ੁਰੂ ਵਿਚ ਵਿਦਵਾਨ ਲੋਕ ਸੰਸਕ੍ਰਿਤ ਤੋਂ ਵਿਗੜੀ ਹੋਈ ਭਾਸ਼ਾ ਨੂੰ ਨਫ਼ਰਤ ਨਾਲ ਵੇਖਦੇ ਸਨ ਅਤੇ ਉਸਨੂੰ ਘ੍ਰਿਣਾ ਜਨਕ ਨਾਂ 'ਅਪਭ੍ਰੰਸ਼' ਦਿੰਦੇ ਸਨ।

ਅਪਭ੍ਰੰਸ਼ ਦੀ ਭਾਸ਼ਾ ਦੇ ਅਰਥ ਵਿਚ ਵਰਤੋਂ ਪਤੰਜਲੀ ਤੋਂ ਬਾਅਦ ਸ਼ੁਰੂ ਹੁੰਦੀ ਹੈ। ਪਤੰਜਲੀ ਈਸਾ ਦੀ ਦੂਜੀ-ਤੀਜੀ ਸਦੀ ਦੇ ਭਾਸ਼ਕਾਰ ਸਨ। ਤੀਜੇ ਸਦੀ ਦੇ ਆਦਿ-ਆਲੋਚਕ ਭਰਤ ਮੁਨੀ ਦੇ ਗ੍ਰੰਥ 'ਨਾਟਯ ਸ਼ਾਸਤ੍ਰ' ਵਿਚ ਅਪਭ੍ਰੰਸ਼ ਨੂੰ 'ਉਕਾਰ-ਬਹੁਲਾ' ਭਾਸ਼ਾ ਕਿਹਾ ਗਿਆ ਹੈ। ਇਸ ਤੋਂ ਭਾਵ ਉਹ ਭਾਸ਼ਾ ਹੈ ਜਿਸ ਦੇ ਸ਼ਬਦਾਂ ਦੇ ਅੰਤ ਵਿਚ ਔਕੜ ਜਾਂ ਉ ਆਉਂਦਾ ਹੈ। ਉਕਾਰ-ਬਹੁਲਾ ਭਾਸ਼ਾ ਹੀ ਭਰਤ ਦੀ ਅਪਭ੍ਰੰਸ਼ ਹੈ। ਨਾਟਯ ਸ਼ਾਸਤ੍ਰ ਵਿਚ ਟੂਕ ਹੈ :—

ਹਿਮਵਤ ਸਿੰਧੁ ਸੌਵੀਰਾਨ ਯੇ ਜਨਾਹ ਸਮੁਪਾਸ਼੍ਰਿਤਾਹ।
ਉਕਾਰ ਬਹੁਲਾਂ ਤੇਸ਼ੁ ਨਿਤਯੰ ਭਾਸ਼ਾ ਪ੍ਰਯੋਜਯੇਤ॥

ਅਰਥਾਤ ਹਿਮਾਲਾ, ਸਿੰਧ ਪ੍ਰਾਂਤ, ਸੌਵੀਰ (ਉੱਤਰ-ਪੱਛਮੀ ਪੰਜਾਬ) ਇਲਾਕੇ ਦੇ ਲੋਕਾਂ ਲਈ (ਨਾਟਕਾਂ ਵਿਚ) ਉਕਾਰ-ਬਹੁਲਾ ਭਾਸ਼ਾ (ਅਪਭ੍ਰੰਸ਼) ਹੀ ਵਰਤਣੀ ਚਾਹੀਦੀ ਹੈ। ਇਸ ਤੋਂ ਅਗੇ ਭਾਸ਼ਾ ਦੇ ਅਰਥ ਵਿਚ ਅਪਭ੍ਰੰਸ਼ ਸ਼ਬਦ ਦੀ ਵਰਤੋਂ ਕਰਨ ਦਾ ਪਹਿਲਾ ਮਾਣ ਛੇਵੀਂ ਸਦੀ ਦੇ ਵਿਆਕਰਣਕਾਰ 'ਚੰਡ' ਨੂੰ ਪ੍ਰਾਪਤ ਹੈ। ਅਲੰਕਾਰ-ਸ਼ਾਸਤ੍ਰੀ ਭਾਮਹ ਨੇ ਵੀ ਇਸ ਸਮੇਂ ਵਿਚ ਅਪਭ੍ਰੰਸ਼ ਤੋਂ ਭਾਵ ਭਾਸ਼ਾ ਹੀ ਲਿਆ ਹੈ। ਇਸ ਤਰ੍ਹਾਂ ਅਪਭ੍ਰੰਸ਼ ਦੇ ਦੋ ਇਤਿਹਾਸਕ ਵਿਕਾਸ ਵਿਚ ਦੋ ਅਰਥ-ਪਧਰ ਉਪਲਬਧ ਹਨ।

ਡਾ. ਪਿਸ਼ਲ[1] ਨੇ ਠੀਕ ਕਿਹਾ ਹੈ ਕਿ ਮੋਟੇ ਤੌਰ ਤੇ ਵੇਖਣ ਤੋਂ ਪਤਾ ਚਲਦਾ ਹੈ ਕਿ ਟਕਸਾਲੀ ਸੰਸਕ੍ਰਿਤ ਤੋਂ ਜਿਹੜੀ ਵੀ ਬੋਲੀ ਥੋੜਾ-ਬਹੁਤਾ ਫ਼ਰਕ ਰਖਦੀ ਹੈ, ਉਹ ਅਪਭ੍ਰੰਸ਼ ਹੈ। ਇਸ ਲਈ ਭਾਰਤ ਦੇ ਵਸਨੀਕਾਂ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ ਦਾ ਨਾਂ 'ਅਪਭ੍ਰੰਸ਼' ਪਿਆ ਅਤੇ ਫਿਰ ਕਾਫ਼ੀ ਚਿਰ ਬਾਅਦ ਪ੍ਰਾਕ੍ਰਿਤ ਭਾਸ਼ਾਵਾਂ ਵਿਚੋਂ ਇਕ ਬੋਲੀ ਦਾ ਨਾਂ ਵੀ ਅਪਭ੍ਰੰਸ਼ ਰਖਿਆ ਗਿਆ। ਇਹ ਬੋਲੀ ਆਮ ਲੋਕਾਂ ਦੇ ਰੋਜ਼ਾਨਾਂ ਕਾਰ-

---

1 'ਪ੍ਰਾਕ੍ਰਿਤ ਭਾਸ਼ਾਓਂ ਕਾ ਵਯਾਕਰਣ' (ਹਿੰਦੀ ਰੂਪ) ਪੰ. 57

ਵਿਹਾਰ ਵਿਚ ਆਉਣ ਵਾਲੀਆਂ ਬੋਲੀਆਂ ਵਿਚੋਂ ਪੈਦਾ ਹੋਈ ਅਤੇ ਪ੍ਰਾਕ੍ਰਿਤ ਦੀਆਂ ਹੋਰ ਬੋਲੀਆਂ ਦੀ ਤਰ੍ਹਾਂ ਘਟ-ਵਧ ਫੇਰ ਫਾਰ ਕਰਕੇ ਸਾਹਿਤਕ ਭਾਸ਼ਾ ਬਣ ਗਈ।

ਅਪਭ੍ਰੰਸ਼ ਦਾ ਨਾਮ ਕਰਣ :

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਇਸ ਭਾਸ਼ਾ ਦਾ ਪਹਿਲਾ ਨਾਮਕਰਣ 'ਅਪਸ਼ਬਦ' ਅਤੇ ਅਪਭ੍ਰੰਸ਼ ਮਿਲਦਾ ਹੈ। ਪਤੰਜਲੀ ਦੇ ਮਹਾਂਭਾਸ਼ਯ ਵਿਚ ਇਸ ਦਾ ਸਪਸ਼ਟ ਉਲੇਖ ਹੈ। ਭਰਤ ਮੁਨੀ ਨੇ ਇਸ ਨੂੰ **'ਵਿਭ੍ਰਸ਼ਟ'** ਲਿਖਿਆ ਹੈ। ਇਸ ਤੋਂ ਉਪਰੰਤ 'ਅਪਭ੍ਰੰਸ਼' ਦੀ ਅਧਿਕ ਵਰਤੋਂ ਕਰਕੇ ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਭਾਸ਼ਾ ਦੇ ਅਰਥ ਵਿਚ ਇਸਤੇਮਾਲ ਕੀਤਾ ਹੈ। ਪਰ ਅਪਭ੍ਰੰਸ਼ ਦੇ ਕਵੀਆਂ ਰਚਨਾਕਾਰਾਂ ਅਤੇ ਇਸ ਦੇ ਸਮਕਾਲੀ ਲੇਖਕਾਂ ਨੇ ਬਦਲਦੀਆਂ ਭਾਸ਼ਾ ਰੁਚੀਆਂ ਦੇ ਕਾਰਨ ਇਸ ਨੂੰ 'ਅਪਭ੍ਰੰਸ਼' ਦੀ ਥਾਂ ਇਸ ਤੋਂ ਭਾਸ਼ਾਈ ਪਖ ਤੋਂ ਵਿਗੜੇ ਸ਼ਬਦਾਂ ਨਾਲ ਨਾਮਿਆ ਹੈ।

ਕਵੀ ਪੁਸ਼ਪਦੰਤ ਨੇ 'ਅਵਹੰਸ' ਸਵਯੰਭੂ ਨੇ **'ਅਵਹੱਥ'** ਲਿਖਿਆ ਹੈ। ਅਤੇ ਇਸੇ ਤਰ੍ਹਾਂ ਇਸ ਦੇ ਵਿਕ੍ਰਿਤ ਨਾਂ ਜਿਵੇਂ ਕਿ **ਅਵਹੱਟ** ਅਵਹਟ, ਔਹਟ, ਆਦਿ ਵੀ ਮਿਲਦੇ ਹਨ। ਪਰੰਤੂ ਇਨ੍ਹਾਂ ਸਾਰਿਆਂ ਵਿਚੋਂ ਮਕਬੂਲ ਤੇ ਪ੍ਰਮਾਣਿਕ ਨਾਂ 'ਅਪਭ੍ਰੰਸ਼' ਹੀ ਹੈ।

ਅਪਭ੍ਰੰਸ਼ ਦਾ ਸਮਾਂ :

ਡਾ. ਐਸ. ਕੇ. ਚਟਰਜੀ ਡਾ. ਤਿਵਾਰੀ ਆਦਿ ਵਿਦਵਾਨਾਂ ਨੇ ਮਧਕਾਲੀ ਆਰੀਆ ਭਾਸ਼ਾ ਦੇ ਤਿੰਨ ਪੜਾ ਮਿਥ ਕੇ ਅਪਭ੍ਰੰਸ਼ ਨੂੰ ਅੰਤਲੇ ਤੀਜੇ ਪੜਾ ਦੀਆਂ ਆਰੀਆ ਭਾਸ਼ਾ ਕਿਹਾ ਹੈ ਜਿਸ ਦਾ ਸਮਾਂ ਮੋਟੇ ਤੌਰ ਤੇ 500 ਈ. ਤੋਂ 1000 ਈ. ਮਿਥਿਆ ਹੈ। ਉਂਝ ਕਈ ਵਿਦਵਾਨ ਇਸ ਦਾ ਸਮਾਂ 600 ਈ. ਤੋਂ 1100 ਈ. ਤਕ ਵੀ ਲੈ ਜਾਂਦੇ ਹਨ। ਡਾ. ਤਗਾਰੇ ਨੇ ਅਪਭ੍ਰੰਸ਼ ਭਾਸ਼ਾ ਕਾਲ ਦੀ ਹੇਠਲੀ ਹੱਦ 1200 ਈ. ਲਿਖੀ ਹੈ।

(Historical Grammar of Apabhramsa, p. 3)

ਡਾ. ਸੁਕੁਮਾਰ ਸੇਨ ਨੇ (A Comparative Grammar of Middle-Indo-Aryans) ਅਪਭ੍ਰੰਸ਼ ਦਾ ਸਮਾਂ ਪਹਿਲੀ ਸਦੀ ਈਸਵੀ ਤੋਂ 600 ਈ. ਰਖਣ ਦੀ ਤਜਵੀਜ਼ ਪੇਸ਼ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਹਰੇਕ ਪ੍ਰਾਕ੍ਰਿਤ ਵਿਆਕਰਣਕਾਰ ਨੇ ਅਪਭ੍ਰੰਸ਼ ਨੂੰ ਪ੍ਰਾਕ੍ਰਿਤਾਂ ਦੇ ਨਾਲ ਨਾਲ ਬਿਆਨਿਆ ਹੈ। ਜਿਸ ਦਾ ਸਾਫ਼ ਮਤਲਬ ਇਹ ਹੈ ਕਿ ਅਪਭ੍ਰੰਸ਼ ਵੀ ਪ੍ਰਾਕ੍ਰਿਤਾਂ ਦੀ ਸਮਕਾਲੀ ਭਾਸ਼ਾ ਸੀ ਪਰ ਇਹ ਗਲ ਨਿਰੋl ਕਿਆਸ ਉਤੇ ਨਿਰਭਰ ਹੈ ਲਿਖਤੀ ਪ੍ਰਮਾਣ ਨਹੀਂ ਮਿਲਦੇ। ਲਿਖਤੀ ਪ੍ਰਮਾਣ ਤਾਂ ਛੇਵੀਂ ਸਦੀ ਦੇ ਪ੍ਰਾਕ੍ਰਿਤ ਵਿਆਕਰਣੀਏ ਚੰਡ ਦਾ ਹੀ ਹੈ ਜਿਸ ਨੇ ਭਾਸ਼ਾ ਦੇ ਅਰਥ ਵਿਚ 'ਅਪਭ੍ਰੰਸ਼' ਦਾ

ਸਪੱਸ਼ਟ ਉਲੇਖ ਕੀਤਾ ਹੈ।

ਇਸ ਸਾਰੀ ਸਮਸਿਆ ਦੀ ਪੁਣ-ਛਾਣ ਕਰਨ ਤੋਂ ਉਪਰੰਤ ਡਾ. ਭੋਲਾ ਨਾਥ ਤਿਵਾਰੀ ਨੇ ਆਪਣਾ ਨਿਰਣਾ ਦਿਤਾ ਹੈ ਅਤੇ ਲਿਖਿਆ ਹੈ ਕਿ ਸਾਰੀਆਂ ਗੱਲਾਂ ਦਾ ਧਿਆਨ ਰਖਦੇ ਹੋਏ ਅਪਭ੍ਰੰਸ਼ ਦਾ ਜਨਮ 500 ਈ. ਦੇ ਲਾਗੇ ਚਾਗੇ ਹੀ ਮੰਨਣਾ ਵਧੇਰੇ ਜਾਇਜ਼ ਹੈ। ਜਿਥੋਂ ਤਕ ਅਪਭ੍ਰੰਸ਼ ਦੀ ਹੇਠਲੀ ਹੱਦ ਦਾ ਸਵਾਲ ਹੈ, ਉਸ ਨੂੰ ਮੋਟੇ ਤੌਰ ਤੇ 1000 ਈ. ਹੀ ਮੰਨਿਆ ਜਾਣਾ ਚਾਹੀਦਾ ਹੈ। ਭਾਸ਼ਾ ਜੰਮਣ ਸਾਰ ਹੀ ਸਾਹਿਤ ਵਿਚ ਨਹੀਂ ਵਰਤੀ ਜਾਣ ਲਗਦੀ। ਉਸ ਨੂੰ ਮਾਨਤਾ ਮਿਲਦਿਆਂ ਮਿਲਦਿਆਂ ਚਿਰ ਲਗ ਜਾਂਦਾ ਹੈ। ਅਤੇ ਪੁਰਾਣੀ ਹਿੰਦੀ ਦੀ ਹੁਣ ਤਕ ਪ੍ਰਾਪਤ ਤਾਰੀਖ-ਬੰਦ ਰਚਨਾ ਗਿਆਰ੍ਹਵੀਂ ਸਦੀ ਦੀ 'ਰਾਉਲ ਵੇਲ' ਹੈ। ਇਸ ਹਾਲਤ ਵਿਚ ਅਪਭ੍ਰੰਸ਼ ਦੀ ਹੇਠਲੀ ਸੀਮਾ 1000 ਈ. ਹੀ ਬਾਦਲੀਲ ਜਾਪਦੀ ਹੈ। (ਹਿੰਦੀ ਭਾਸ਼ਾ, ਪੰਨਾ 88)। ਨਿਚੋੜ ਇਹ ਹੈ ਕਿ ਅਪਭ੍ਰੰਸ਼ ਦਾ ਸਮਾਂ 500 ਈ. ਤੋਂ 1000 ਈ. ਮੰਨਿਆ ਜਾਣਾ ਚਾਹੀਦਾ ਹੈ।

ਨਿਚੋੜ :

ਡਾ. ਤਗਾਰੇ (ਪੰਨਾ 4) ਨੇ ਅਪਭ੍ਰੰਸ਼ ਭਾਸ਼ਾ ਬਾਰੇ ਸਾਰੀਆਂ ਸੰਬੰਧਿਤ ਸਮਸਿਆਵਾਂ ਦੀ ਛਾਣਬੀਣ ਕਰਕੇ ਹੇਠ ਲਿਖੇ ਫੈਸਲੇ ਪ੍ਰਸਤੁਤ ਕੀਤੇ ਹਨ —

(1) ਅਪਭ੍ਰੰਸ਼ ਸ਼ਬਦ ਦਾ ਬੁਨਿਆਦੀ ਅਰਥ 'ਵਿਗੜੀ ਹੋਈ, Corrupt', ਜਾਂ ਪਤਿਤ ਭਾਸ਼ਾ' ਸੀ ਜਿਹੜੀ ਕਿ ਪਾਣਿਨੀ ਦੇ ਸੰਸਕ੍ਰਿਤ ਵਿਆਕਰਣ ਨਾਲ ਤਸਦੀਕੀ ਨਹੀਂ ਸੀ।

(2) ਈਸਾ ਦੀ ਤੀਜੀ ਸਦੀ ਵਿਚ 'ਵਿਭ੍ਰਸ਼ਟ' ਸ਼ਬਦ ਦੀ ਵਰਤੋਂ ਸ਼ਾਇਦ ਅਪਭ੍ਰੰਸ਼ ਭਾਸ਼ਾ ਦੇ ਅਰਥ ਵਿਚ ਕੀਤੀ ਗਈ। ਬੋਲੀ ਦੀ ਹੈਸੀਅਤ ਵਿਚ ਇਹ 'ਆਭੀਰਾਂ ਦੀ ਬੋਲੀ' ਅਤੇ 'ਉਕਾਰ-ਬਹੁਲਾ' ਭਾਸ਼ਾ ਕਰ ਕੇ ਵੀ ਮਸ਼ਹੂਰ ਰਹੀ।

(3) ਛੇਵੀਂ ਸਦੀ ਤੋਂ ਅਗਾਂਹ, ਅਪਭ੍ਰੰਸ਼ ਸ਼ਬਦ ਜਾਂ ਅਵਹੰਸ, ਜਾਂ ਅਵਹੱਟ, ਇਕ ਸਾਹਿਤਕ ਭਾਸ਼ਾ ਦੇ ਨਾਂ ਵਜੋਂ ਵਰਤਿਆ ਜਾਣ ਲਗਾ ਅਤੇ ਇਸ ਭਾਵ ਵਿਚ ਵਿਆਕਰਣਕਾਰ ਅਤੇ ਆਲੋਚਕ ਇਸ ਨੂੰ ਵਰਤਣ ਲਗੇ। ਚੰਡ ਪਹਿਲਾ ਵਿਆ-ਕਰਣਕਾਰ ਹੈ ਜਿਸ ਨੇ ਇਸ ਨੂੰ ਭਾਸ਼ਾ ਦੀ ਸ਼ਕਲ ਵਿਚ ਨਿਰਸੰਦੇਹ ਪ੍ਰਵਾਨ ਕੀਤਾ ਅਤੇ ਵਲਭੀ ਦੇ ਰਾਜਾ ਧਰਸੇਨ ਦੂਜੇ ਦੇ ਤਾਮਰ-ਪਤਰ ਵਿਚ ਅਪਭ੍ਰੰਸ਼ ਦਾ ਰੀਕਾਰਡ-ਬੱਧ ਸੰਕੇਤ ਮਿਲਦਾ ਹੈ।

(4) 1100 ਈ. ਤਕ ਅਪਭ੍ਰੰਸ਼ ਤੋਂ ਭਾਵ ਸ਼ਿਸ਼ਟ (ਪੜ੍ਹੇ ਲਿਖੇ) ਲੋਕਾਂ ਦੀ ਸਾਹਿਤਕ ਭਾਸ਼ਾ ਜਾਂ ਪ੍ਰਾਂਤਿਕ ਬੋਲੀਆਂ ਲਿਆ ਜਾਂਦਾ ਸੀ।

(5) ਅਖੀਰਲੀ ਗਲ ਇਹ ਹੈ ਕਿ ਅਪਭ੍ਰੰਸ਼ ਦਾ ਇਹ ਪੜਾ ਵੀ ਸਾਹਿਤਕ ਅਤੇ ਵਿਆਕਰਣਾਂ ਵਿਚ ਚੰਗੀ ਤਰ੍ਹਾਂ ਸਪਸ਼ਟ ਹੋਇਆ। ਬਾਰ੍ਹਵੀਂ ਸਦੀ ਅਤੇ ਇਸ ਤੋਂ ਅਗੇ ਅਪਭ੍ਰੰਸ਼ ਵੀ ਉੱਚ-ਸਮਾਜ ਦੀ ਇਕ ਟਕਸਾਲੀ ਭਾਸ਼ਾ ਬਣ ਕੇ ਖੜ ਗਈ ਜਿਵੇਂ ਸੰਸਕ੍ਰਿਤ ਤੇ ਪ੍ਰਾਕ੍ਰਿਤਾਂ। ਤਾਂ ਹੀ ਹੇਮਚੰਦ੍ਰ ਨੇ ਬਾਰ੍ਹਵੀ ਸਦੀ ਵਿਚ ਲੋਕਾਂ, ਪਿੰਡਾਂ ਤੇ ਨਗਰਾਂ ਦੀ ਬੋਲੀ ਨੂੰ 'ਗ੍ਰਾਮ-ਭਾਸ਼ਾ' ਕਿਹਾ ਹੈ।

ਅਪਭ੍ਰੰਸ਼ੀ ਸਾਹਿਤ

ਆਰੀਆ ਭਾਸ਼ਾ ਵਿਚ ਪ੍ਰਾਪਤ ਅਪਭ੍ਰੰਸ਼ੀ ਸਾਹਿਤ ਦੋ ਕਿਸਮਾਂ ਵਿਚ ਮਿਲਦਾ ਹੈ। ਇਕ ਪਾਸੇ ਅਪਭ੍ਰੰਸ਼ ਵਿਚ ਲਿਖੇ ਫੁਟਕਲ ਸਾਹਿਤ ਦੀਆਂ ਵੰਨਗੀਆਂ ਵਿਆਕਰਣਾਂ ਅਤੇ ਕਾਵਿ-ਸ਼ਾਸਤ੍ਰੀ ਗ੍ਰੰਥਾਂ ਵਿਚ ਮਿਲਦੀਆਂ ਹਨ ਅਤੇ ਦੂਜੇ ਅਪਭ੍ਰੰਸ਼ ਵਿਚ ਲਿਖੇ ਸੁੰਤੰਤਰ ਗ੍ਰੰਥਾਂ ਦੀ ਵੀ ਪ੍ਰਾਪਤੀ ਹੋਈ ਹੈ।

ਅਪਭ੍ਰੰਸ਼ੀ ਸਾਹਿਤ ਦੀਆਂ ਟੂਕਾਂ ਭਰਤਮੁਨੀ ਦੇ 'ਨਾਟਜ ਸ਼ਾਸਤ੍ਰ' (300 ਈ. ਲਗ ਭਗ) ਭਾਮਹ ਦੇ 'ਕਾਵਿ-ਆਲੰਕਾਰ' (ਲਗ ਭਗ 600 ਈ.), ਦੰਡੀ ਦੇ 'ਕਾਵਿ-ਆਦਰਸ਼' (ਛੇਵੀਂ ਸਦੀ ਈ.) ਰੁਦ੍ਰਟ ਦੇ 'ਕਾਵਿ-ਆਲੰਕਾਰ (800-850 ਈ.) ਨਮਿਸਾਧੂ (1069 ਈ.) ਦੇ ਟੀਕਾ-ਭਾਗ ਰਾਜਸ਼ੇਖਰ ਦੇ ਕਾਵਜ-ਮੀਮਾਂਸਾ (10ਵੀ ਸਦੀ ਈ.), ਧਨੰਜਯ ਦੇ 'ਦਸ਼ਰੂਪ' (974-94 ਈ.) ਵਾਗਭਟ ਦੇ 'ਵਾਗਭਟਾਲੰਕਾਰ' (1123-56 ਈ.), ਵਿਸ਼ਨੂੰ-ਧਰਮੋਤਰ 'ਜਿਨ ਦੱਤ ਦੇ' ਵਿਵੇਕ-ਵਿਲਸਿਤ' ਅਤੇ ਅਮਰ ਚੰਦ੍ਰ ਦੇ 'ਕਾਵਜ-ਕਲਪ-ਲਤਾ-ਵ੍ਰਿਤਿ ਵਿਚ ਦਿੱਤੀਆਂ ਗਈਆਂ ਪ੍ਰਾਪਤ ਹੁੰਦੀਆਂ ਹਨ। ਪ੍ਰਾਕ੍ਰਿਤ-ਵਿਅਕਾਰਣਾਂ ਵਿਚ ਅਪਭ੍ਰੰਸ਼ ਦੀਆਂ ਵੰਨਗੀਆਂ ਉਪਲਬਧ ਹਨ। ਪਰੰਤੂ ਅਪਭ੍ਰੰਸ਼ ਦੀਆਂ ਸੁੰਤੰਤਰ ਸਾਹਿਤਕ-ਰਚਨਾਵਾਂ ਭਾਸ਼ਾ-ਗਿਆਨ ਲਈ ਵਧੇਰੇ ਉਪਯੋਗੀ ਹਨ। ਅਪਭ੍ਰੰਸ਼ੀ ਸਾਹਿਤ ਦੀਆਂ ਰਚਨਾਵਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

(1) 'ਭਵਿਸੱਤ ਕਹਾ' (ਭਵਿਸ਼ਯਤ-ਕਥਾ), ਇਸ ਦਾ ਸੰਪਾਦਨ Hermann Jacobi ਨੇ ਜਰਮਨ ਭਾਸ਼ਾ ਵਿਚ ਕੀਤਾ।

(2) ਕਾਨ੍ਹ ਅਤੇ ਸਰਹ ਦਾ 'ਦੋਹਾਕੋਸ਼'। ਐਮ. ਸ਼ਹੀਦੁੱਲਾ ਨੇ ਫ੍ਰਾਂਸੀਸੀ ਭਾਸ਼ਾ ਵਿਚ ਸੰਪਾਦਨ ਕੀਤਾ ਹੈ।

(3) 'ਦਸ਼ਰੂਪ' ਵਿਚ ਅਪਭ੍ਰੰਸ਼ੀ ਕਾਵਿ। ਪੰ. ਸੁਦਰਸ਼ਨ ਸ਼ਾਸਤ੍ਰੀ ਦੁਆਰਾ ਸੰਪਾਦਿਤ।

(4) 'ਹਰਿਵੰਸ਼ ਪੁਰਾਣ' Ludwig Alsdorf (Hamburg) ਵਲੋਂ ਜਰਮਨ ਭਾਸ਼ਾ ਵਿਚ ਸੰਪਾਦਿਤ

(5) 'ਜਸਹਰ ਚਰਿਉ', ਪੀ. ਐਲ ਵੈਦਯ (ਪੂਨਾ, 1931) ਦੁਆਰਾ ਸੰਪਾਦਿਤ।
(6) ਜਿਨਦੱਤ ਦਾ 'ਉਪਦੇਸ਼ ਰਸਾਯਣ' ਐਲ. ਬੀ ਗਾਂਧੀ ਨੇ ਸੰਪਾਦਿਆ ਹੈ।
(7) ਹੇਮ ਚੰਦ੍ਰ ਦਾ 'ਕੁਮਾਰ-ਪਾਲ ਚਰਿਤ' ਪਹਿਲਾਂ ਐਸ. ਪੀ. ਪੰਡਿਤ ਅਤੇ ਫਿਰ ਪੀ. ਐਲ. ਵੈਦਯ ਨੇ ਸੰਪਾਦਨ ਕੀਤਾ।
(8) ਕਨਕਾਮਰ ਦਾ 'ਕਰਕੰਡ ਚਰਿਉ' ਐਚ. ਐਲ. ਜੈਨ (ਅਮਰਾਵਤੀ) ਦੁਆਰਾ ਸੰਪਾਦਿਤ।
(9) ਸੋਮਪ੍ਰਭ ਦਾ 'ਕੁਮਾਰਪਾਲ ਪ੍ਰਤਿਬੋਧ'
(10) ਪੁਸ਼ਪਦੰਤ ਦਾ 'ਮਹਾ ਪੁਰਾਣ' ਪੀ. ਐਲ. ਵੈਦਯ ਦੁਆਰਾ ਸੰਪਾਦਿਤ
(11) R. Pischel ਦੁਆਰਾ ਜਰਮਨ ਵਿਚ ਸੰਗ੍ਰਹਿ ਕੀਤਾ ਸੰਕਲਨ— Materialien Zur Kenntis des Apabhramsa.
(12) ਪੁਸ਼ਪਦੰਤ ਦਾ 'ਨਾਗ ਕੁਮਾਰ ਚਰਿਤ' ਐਚ. ਐਲ. ਜੈਨ ਦੁਆਰਾ ਸੰਪਾਦਿਤ
(13) ਰਾਮ ਸਿੰਹ ਦਾ 'ਪਾਹੁੜ ਦੋਹਾ'
(14) ਜੋਇੰਦੁ ਦਾ 'ਪਰਮਾਤਮ-ਪ੍ਰਕਾਸ਼' ਅਤੇ 'ਯੋਗ-ਸਾਰ'
(15) 'ਸਨਿਤ ਕੁਮਾਰ ਚਰਿਤ', ਜਰਮਨ ਭਾਸ਼ਾ ਵਿਚ ਜੈਕਾਬੀ ਨੇ ਸੰਗ੍ਰਹਿ ਤੇ ਸੰਪਾਦਨ ਕੀਤਾ।
(16) ਦੇਵਸੇਨ ਦਾ 'ਸਾਵਯ-ਧੰਮ-ਦੋਹਾ'
(17) ਹੇਮ ਚੰਦ੍ਰ ਦਾ 'ਸਿੱਧ-ਹੇਮ'
(18) ਸੁਪਾਸ ਨਾਹ ਚਰਿਤ' ਵਿਚ ਅਪੱਭ੍ਰੰਸ਼ ਦੇ ਦੋਹੇ। ਇਸ ਨੂੰ ਐਚ. ਟੀ. ਸੇਠ ਨੇ ਐਡੀਸ਼ਨ ਤਿਆਰ ਕੀਤਾ ਹੈ।
(19) ਮਹੇਸ਼ਵਰ ਦਾ 'ਸੰਜਮ-ਮੰਜਰੀ'
(20) 'ਡਾਕਾਰਣਵ-ਤੰਤ੍ਰ' — ਐਨ. ਐਨ. ਚੌਧਰੀ ਦਾ ਐਡੀਸ਼ਨ।

ਡਾ. ਤਗਾਰੇ ਨੇ ਸਾਰੇ ਅਪਭ੍ਰੰਸ਼ - ਸਾਹਿਤ ਦਾ ਇਲਾਕਿਆਂ ਦੇ ਅਨੁਸਾਰ ਤਿੰਨ ਵਰਗਾਂ ਵਿਚ ਵੰਡਿਆ ਹੈ :—

(1) ਪੱਛਮੀ ਅਪਭ੍ਰੰਸ਼: ਇਸ ਵਿਚ ਗੁਜਰਾਤੀ, ਰਾਜਸਥਾਨੀ ਅਤੇ ਹਿੰਦੀ ਬੋਲੀਆਂ ਦਾ ਇਲਾਕਾ ਸ਼ਾਮਲ ਹੈ।
(2) ਦੱਖਣੀ ਅਪਭ੍ਰੰਸ਼ : ਇਸ ਵਿਚ ਮੁੱਖ ਤੌਰ ਤੇ ਮਹਾਂਰਾਸ਼ਟਰ, ਬਰਾਰ ਅਤੇ ਮੱਧ ਪ੍ਰਦੇਸ਼ ਤੇ ਆਂਧ੍ਰ ਦਾ ਮਰਾਠੀ ਬੋਲੀ ਵਾਲਾ ਇਲਾਕਾ ਸ਼ਾਮਲ ਹੈ।
(3) ਪੂਰਬੀ ਅਪਭ੍ਰੰਸ਼: ਇਸ ਵਿਚ ਬੰਗਾਲ, ਬਿਹਾਰ, ਉੜੀਸਾ ਪ੍ਰਾਂਤ ਦਾ ਮਾਗਧੀ

ਪ੍ਰਾਕ੍ਰਿਤ ਤੋਂ ਉਤਪੰਨ ਆਧੁਨਿਕ ਬੋਲੀਆਂ ਵਾਲਾ ਖੇਤਰ ਸ਼ਾਮਲ ਹੈ।

ਅਪਭ੍ਰੰਸ਼ ਦੇ ਭੇਦ :

ਪ੍ਰਾਕ੍ਰਿਤ ਭਾਸ਼ਾ ਦੇ ਵਿਆਕਰਣਕਾਰਾਂ, ਅਤੇ ਅਲੰਕਾਰ-ਸ਼ਾਸਤ੍ਰੀਆਂ ਨੇ ਅਪਭ੍ਰੰਸ਼ ਦੇ ਭੇਦਾਂ-ਉਪਭੇਦਾਂ ਵਲ ਇਸ਼ਾਰੇ ਕੀਤੇ ਹਨ। ਰੁਦ੍ਰਟ ਨੇ ਨੌਵੀਂ ਸਦੀ ਵਿਚ ਅਪਭ੍ਰੰਸ਼ ਦੀਆਂ ਅਨੇਕ ਬੋਲੀਆਂ ਦੀ ਸੂਚਨਾ ਦਿਤੀ ਹੈ ਜਿਹੜੀ ਖ਼ਾਸ ਖ਼ਾਸ ਪ੍ਰਾਂਤਾਂ ਕਰਕੇ ਅਨੇਕ ਰੂਪਾਂ ਵਾਲੀ ਸੀ। ਉਸ ਤੋਂ ਪਿਛੋਂ ਮਾਰਕੰਡੇਯ ਨੇ ਆਪਣੇ 'ਪ੍ਰਾਕ੍ਰਿਤ ਸਰਵਸ੍ਵ' ਵਿਚ ਅਪਭ੍ਰੰਸ਼ ਦੇ ਨਾਗਰ, ਉਪਨਾਗਰ, ਵ੍ਰਾਚਡ ਤਿੰਨ ਭੇਦ ਕੀਤੇ ਹਨ, ਨਾਲ ਹੀ ਉਨ੍ਹਾਂ ਨੇ ਇਹ ਵੀ ਸਵੀਕਾਰ ਕੀਤਾ ਹੈ ਕਿ ਸੂਖਮ ਫ਼ਰਕ ਕਰਕੇ ਵਿਦਵਾਨ ਇਸ ਦੇ ਅਨੇਕ ਭੇਦ ਮੰਨਦੇ ਹਨ। ਇਨ੍ਹਾਂ ਭੇਦਾਂ ਦੀ ਗਿਣਤੀ 27 ਦਿਤੀ ਹੈ। ਜਿਵੇਂ :

ਵ੍ਰਾਚਡ ਲਾਟ, ਵੈਦਰਭ, ਉਪਨਾਗਰ, ਨਾਗਰ,
ਬਾਰਬਰ, ਅਵੰਤਯ, ਮਾਗਧ, ਪਾਂਚਾਲ, ਟੱਕ
ਮਾਲਵ, ਕੈਕੇਯ, ਗੌੜ, ਔਢ੍ਰ, ਵੈਵਪਸਚਾਤ,
ਪਾਂਡਯ, ਕੌਂਤਲ, ਸੈਂਹਲ, ਕਾਲਿੰਗ, ਪ੍ਰਾਚਯ,
ਕਾਰਣਾਟ, ਕਾਂਚਯ, ਦ੍ਰਾਵਿੜ, ਗੌਰਜਰ, ਆਭੀਰ,
ਮੱਧਦੇਸ਼ੀ, ਵੈਤਾਲ।

ਤਰਕ ਵਾਗੀਸ਼ ਨੇ 'ਪ੍ਰਾਕ੍ਰਿਤ-ਕਲਪਤਰੁ' ਵਿਚ ਅਪਭ੍ਰੰਸ਼ਾਂ ਦੇ 25 ਭੇਦ ਗਿਣੇ ਸਨ। ਅਪਭ੍ਰੰਸ਼ ਦੀ ਇਲਾਕਿਆਂ ਦੇ ਅਨੁਸਾਰ ਅਨੇਕਤਾ ਵਲ ਇਸ਼ਾਰੇ ਵਿਸ਼ਣੂ-ਧਰਮੋਤਰ-ਪੁਰਾਣ, 'ਵਾਗ ਭਟਾਲੰਕਾਰ' ਆਦਿ ਗ੍ਰੰਥਾਂ ਵਿਚ ਵੀ ਹੋਏ ਹਨ। ਪਰ ਹੇਮਚੰਦ੍ਰ ਤਕ ਆ ਕੇ ਅਪਭ੍ਰੰਸ਼ ਨੇ ਆਪਣਾ ਮੁਕੰਮਲ ਟਕਸਾਲੀ ਰੂਪ ਅਖਤਿਆਰ ਕਰ ਲਿਆ ਸੀ ਅਤੇ ਇਹ ਸਭਿਆਚਾਰ ਤੇ ਸਾਹਿਤ ਦੀ ਪ੍ਰਮਾਣਿਕ ਭਾਸ਼ਾ ਸਥਾਪਿਤ ਹੋ ਗਈ ਸੀ। ਹੇਮਚੰਦ੍ਰ ਨੇ ਆਪਣੇ ਵਿਆਕਰਣ ਵਿਚ ਅਪਭ੍ਰੰਸ਼ ਦੇ ਇਲਾਕਾਈ ਤੇ ਜਨ ਭਾਸ਼ਾ ਰੂਪਾਂ ਵਲ ਕੋਈ ਸੰਕੇਤ ਨਹੀਂ ਕੀਤਾ ਅਤੇ ਇਸ ਤੋਂ ਇਹ ਨਤੀਜਾ ਕੱਢਣਾ ਕਿ ਸੰਪੂਰਨ ਭਾਰਤ ਦੇਸ਼ ਵਿਚ ਇਕੋ ਹੀ ਅਪਭ੍ਰੰਸ਼ ਭਾਸ਼ਾ ਸੀ, ਖ਼ਤਰੇ ਤੋਂ ਖਾਲੀ ਨਹੀਂ ਹੈ।

ਅਸਲੀਅਤ ਇਹ ਹੈ ਕਿ ਉਸ ਸਮੇਂ ਅਪਭ੍ਰੰਸ਼ ਦੇ ਪ੍ਰਾਂਤਿਕ ਭਾਸ਼ਾਰੂਪ ਪ੍ਰਚਲਿਤ ਸਨ। ਪਰ ਹੇਮਚੰਦ੍ਰ ਵਰਗੇ ਸੰਸਕ੍ਰਿਤ ਵਿਆਕਰਣ ਪ੍ਰਣਾਲੀ ਦੇ ਅਨੁਯਾਈ ਹੋਣ ਕਰ ਕੇ ਆਮ ਗ੍ਰਾਮ ਭਾਸ਼ਾਵਾਂ ਬਾਰੇ ਲਿਖਣਾ ਪਸੰਦ ਨਹੀਂ ਕਰਦੇ ਸਨ। ਅੱਜ ਸਾਡੀਆਂ ਆਧੁਨਿਕ ਹਿੰਦ-ਆਰੀਆਈ ਭਾਸ਼ਾਵਾਂ ਦਾ ਵਿਕਾਸ ਇਹ ਬਿਨਾਂ ਕਿਸੇ ਸ਼ੱਕ ਤੋਂ ਸਾਬਤ ਕਰ ਰਿਹਾ ਹੈ ਕਿ ਅਪਭ੍ਰੰਸ਼ ਦੀਆਂ ਭਿੰਨ ਭਿੰਨ ਇਲਾਕਾਈ ਬੋਲੀਆਂ ਭਾਰਤ ਦੇ ਵਖ ਵਖ ਪ੍ਰਦੇਸ਼ਾਂ ਤੇ

ਇਲਾਕਿਆਂ ਵਿਚ ਮੌਜੂਦ ਸਨ ਜਿਨ੍ਹਾਂ ਤੋਂ ਇਹ ਆਧੁਨਿਕ ਭਾਸ਼ਾਵਾਂ ਉਪਜੀਆਂ ਹਨ।

ਆਧੁਨਿਕ ਭਾਸ਼ਾ-ਵਿਗਿਆਨੀਆਂ ਨੇ ਅਪਭ੍ਰੰਸ਼ ਸਾਹਿਤ ਦੀ ਇਲਾਕੇਵਾਰ ਪ੍ਰਾਪਤੀ ਦੇ ਆਸਰੇ ਤੇ ਅਪਭ੍ਰੰਸ਼ ਭਾਸ਼ਾ ਨੂੰ ਆਪਣੇ ਹਿਸਾਬ ਨਾਲ ਵੰਡਿਆ ਹੈ। 'ਸਨਤ ਕੁਮਾਰ-ਚਰਿਉ' ਦੀ ਭੂਮਿਕਾ ਵਿਚ ਡਾ. ਯਾਕੋਬੀ ਨੇ ਅਪਭ੍ਰੰਸ਼ ਨੂੰ ਉੱਤਰੀ, ਦੱਖਣੀ, ਪੂਰਬੀ ਅਤੇ ਪੱਛਮੀ ਭੇਦਾਂ ਵਿਚ ਵੰਡਿਆ ਹੈ। ਪਰੰਤੂ ਡਾ. ਤਗਾਰੇ ਨੇ ਯਾਕੋਬੀ ਦੇ ਮਤ ਦਾ ਖੰਡਨ ਕਰ ਕੇ ਅਪਭ੍ਰੰਸ਼ ਭਾਸ਼ਾ ਨੂੰ ਪੱਛਮੀ, ਦਖਣੀ ਅਤੇ ਪੂਰਬੀ ਤਿੰਨ ਹਿੱਸਿਆਂ ਵਿਚ ਵੰਡਿਆ ਹੈ ਅਤੇ ਉਤਰੀ ਅਪਭ੍ਰੰਸ਼ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ। ਇਕ ਗੱਲ ਹੋਰ ਹੈ। ਡਾ. ਤਗਾਰੇ ਗ੍ਰੀਅਰਸਨ ਦੇ ਇਸ ਖਿਆਲ ਨਾਲ ਸਹਿਮਤ ਨਹੀਂ ਹਨ ਕਿ ਹਰੇਕ ਆਧੁਨਿਕ ਹਿੰਦ ਆਰੀਆਈ ਭਾਸ਼ਾ ਆਪੋ ਆਪਣੇ ਵਖਰੇ ਅਪਭ੍ਰੰਸ਼ ਰੂਪ ਵਿਚੋਂ ਨਿਕਲੀ ਹੈ। ਪਰ ਨਵੀਨ ਭਾਰਤੀ ਭਾਸ਼ਾਵਾਂ ਦੇ ਵਿਕਾਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਦਾ ਵਿਕਾਸ ਅਪਭ੍ਰੰਸ਼ ਦੀ ਅਡ ਅਡ ਬੋਲੀਆਂ ਤੋਂ ਹੋਇਆ ਹੈ। ਡਾ. ਤਿਵਾਰੀ ਨੇ ਇਸ ਪ੍ਰਸ਼ਨ ਨੂੰ ਕਾਫ਼ੀ ਦੀਰਘ ਦ੍ਰਿਸ਼ਟੀ ਨਾਲ ਵਿਚਾਰ ਕੇ ਆਪਣਾ ਮਤ ਦ੍ਰਿੜਾਇਆ ਹੈ ਕਿ ਇਨ੍ਹਾਂ ਸਾਰੀਆਂ ਗੱਲਾਂ ਨੂੰ ਵੇਖਦੇ ਹੋਏ ਸ਼ੌਰਸੇਨੀ (ਪੱਛਮੀ ਹਿੰਦੀ, ਪਹਾੜੀ, ਰਾਜਸਥਾਨੀ, ਗੁਜਰਾਤੀ) ਮਹਾਰਾਸ਼ਟ੍ਰੀ (ਮਰਾਠੀ), ਅਰਧ ਮਾਗਧੀ (ਪੂਰਬੀ ਹਿੰਦੀ), ਮਾਗਧੀ (ਬਿਹਾਰੀ, ਬੰਗਾਲ, ਉੜੀਆ, ਅਸਾਮੀ), ਕੇਕਯ (ਪੰਜਾਬੀ, ਲਹਿੰਦੀ ਅਤੇ ਵ੍ਰਾਚਡ ਜਾਂ ਪੈਸ਼ਾਚੀ) (ਸਿੰਧੀ) ਇਨ੍ਹਾਂ ਛੇ ਅਪਭ੍ਰੰਸ਼ਾਂ ਦੀ ਹੋਂਦ ਤਾਂ ਸਾਨੂੰ ਮੰਨਣੀ ਪਵੇਗੀ।[1]

---

1 'ਹਿੰਦੀ ਭਾਸ਼ਾ' ਪੰਨਾ : 91-92

13

ਅਪਭ੍ਰੰਸ਼ ਭਾਸ਼ਾ ਦਾ ਸਰੂਪ

ਪ੍ਰਾਚੀਨ ਹਿੰਦ-ਆਰੀਆਈ ਭਾਸ਼ਾ ਦੇ ਇਤਿਹਾਸਕ ਵਿਕਾਸ ਪ੍ਰਾਕ੍ਰਿਤ-ਕਾਲ ਅੰਦਰ ਜਿਹੜੀਆਂ ਭਾਸ਼ਾਗਤ ਵਿਸ਼ੇਸ਼ਤਾਵਾਂ ਉਜਾਗਰ ਹੋਈਆਂ ਸਨ ਉਹ ਅਪਭ੍ਰੰਸ਼-ਕਾਲ ਵਿਚ ਵੀ ਜਾਰੀ ਰਹੀਆਂ। ਭਾਸ਼ਾ-ਤੱਤ ਦੇ ਪੱਖ ਤੋਂ ਅਪਭ੍ਰੰਸ਼ ਵਿਚ ਸਰਲੀਕਰਣ ਰੁਚੀ ਹੋਰ ਵਧੀ ਅਤੇ ਕਈ ਨਵੇਂ ਰੂਪ ਹੋਂਦ ਵਿਚ ਆਏ।

ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਭਾਵੇਂ ਅਪਭ੍ਰੰਸ਼ ਦੇ ਕਈ ਭੇਦ ਅਤੇ ਉਪਭੇਦ ਲਿਖੇ ਹਨ ਪਰੰਤੂ ਭਾਸ਼ਾਈ ਰੂਪ ਰੇਖਾ ਇਕੋ ਹੀ ਅਪਭ੍ਰੰਸ਼ ਦੀ ਉਲੀਕੀ ਹੈ। ਆਧੁਨਿਕ ਵਿਦਵਾਨਾਂ ਜਿਹਾ ਕਿ ਡਾ. ਤਗਾਰੇ ਨੇ ਅਪਭ੍ਰੰਸ਼ ਨੂੰ ਨਵੇਂ ਸਿਰੇ ਤੋਂ ਵੰਡਣ ਦਾ ਯਤਨ ਕੀਤਾ ਹੈ ਪਰੰਤੂ ਇਨ੍ਹਾਂ ਵੰਡਾਂ ਵਿਚ ਵੱਖ ਵੱਖ ਅਪਭ੍ਰੰਸ਼ਾਂ ਦੇ ਫਰਕ ਕੋਈ ਸਿਰ ਕਢਵੇਂ ਨਹੀਂ ਮਿਲਦੇ। ਇਸ ਲਈ ਅਪਭ੍ਰੰਸ਼ ਦੀਆਂ ਸਰਬ ਸਾਧਾਰਨ ਵਿਸ਼ੇਸ਼ਤਾਵਾਂ ਉਲੀਕੀਆਂ ਜਾਂਦੀਆਂ ਹਨ :—

ਵੀਰੇਂਦ੍ਰ ਸ੍ਰੀ ਵਾਸਤਵ (ਅਪਭ੍ਰੰਸ਼ ਭਾਸ਼ਾ ਕਾ ਅਧਯਨ, ਪੰਨਾ 46) ਅਤੇ ਡਾ. ਤਿਵਾਰੀ (ਪੰਨਾ 97) ਅਨੁਸਾਰ ਅਪਭ੍ਰੰਸ਼ ਦੇ ਸਵਰ ਇਹ ਹਨ :

ਅ, ਆ, ਇ, ਈ, ਉ, ਊ, ਏਂ (ਹ੍ਰਸਵ), ਏ, ਓਂ (ਹ੍ਰਸਵ), ਓ

ਡਾ. ਤਗਾਰੇ ਸਵਰਾਂ ਵਿਚ 'ਰਿ' (ऋ) ਨੂੰ ਵੀ ਗਿਣਦੇ ਹਨ ਅਤੇ ਦਸਦੇ ਹਨ ਕਿ ਇਸ ਦੀ ਵਰਤੋਂ ਸਿਰਫ਼ ਤਤਸਮ ਸ਼ਬਦਾਂ ਵਿਚ, ਉਹ ਵੀ ਸਾਹਿਤਕ ਰਚਨਾਵਾਂ ਵਿਚ ਹੋਈ ਹੈ। ਬ੍ਰਾਹਮੀ ਲਿਪੀ ਤੋਂ ਉਤਪੰਨ ਭਾਰਤੀ ਲਿਪੀਆਂ ਵਿਚ ਅਪਭ੍ਰੰਸ਼ ਦੇ ਹ੍ਰਸਵ ਏ ਅਤੇ ਓ ਲਿਖਣ ਲਈ ਲਿਪੀ-ਚਿਨ੍ਹ ਨ ਹੋਣ ਕਰਕੇ ਦੇਵਨਾਗਰੀ ਲਿਪੀ ਦੇ ਆਮ ਚਿੰਨ੍ਹਾਂ ਦਾ ਹੀ ਪ੍ਰਯੋਗ ਹੁੰਦਾ ਸੀ। ਉਕਤ ਸਵਰਾਂ ਦੇ ਅਨੁਨਾਸਿਕ ਰੂਪ ਵੀ ਸਨ।
ਵਿਅੰਜਨ ਇਹ :

ਕ—ਵਰਗ (ਕ, ਖ, ਗ, ਘ, ਙ)
ਚ—ਵਰਗ (ਚ, ਛ, ਜ, ਝ, ਞ)
ਟ—ਵਰਗ (ਟ, ਠ, ਡ, ਢ, ਣ)
ਤ—ਵਰਗ (ਤ, ਥ, ਦ, ਧ, ਨ)
ਪ—ਵਰਗ (ਪ, ਫ, ਬ, ਭ, ਮ)

ਯ, ਰ, ਲ, ਵ, ਵ੍ਹ, ਸ, ਹ, ਲ੍ਹ, ਲ੍ਹ, ਮ੍ਹ, ਨ੍ਹ, ੜ, ੜ੍ਹ

ਡਾ. ਤਗਾਰੇ ਦੀ ਧਾਰਨਾ ਹੈ ਕਿ ਅਪਭ੍ਰੰਸ਼ ਦੇ ਧੁਨੀ-ਤੱਤਾਂ ਵਿਚ ਅਜੇਹੀਆਂ ਸਾਫ਼ ਸਪੱਸ਼ਟ ਵਿਲੱਖਣਤਾਵਾਂ ਬਹੁਤ ਘਟ ਹਨ ਜਿਹੜੀਆਂ ਇਸ ਨੂੰ ਪ੍ਰਾਕ੍ਰਿਤਾਂ ਤੋਂ ਵਖਰਿਆਉਂਦੀਆਂ ਹੋਣ। ਪ੍ਰਾਕ੍ਰਿਤ-ਵਿਆਕਰਣਕਾਰਾਂ ਦੇ ਆਧਾਰ ਉੱਤੇ ਡਾ. ਤਗਾਰੇ ਨੇ ਅਪਭ੍ਰੰਸ਼ ਧੁਨੀ-ਵਿਗਿਆਨ ਦੇ ਹੇਠ ਲਿਖੇ ਮੁੱਖ ਲੱਛਣ ਅੰਕਿਤ ਕੀਤੇ ਹਨ :

(1) irregularity in vowel changes
(2) retention of R.
(3) Voicing of intervocalic voiceless consonants.
(4) The change of intervocalic m to v.
(5) retension of r conjuncts.
(6) insertion of r where historically there was none in OIA

ਅਪਭ੍ਰੰਸ਼ ਵਿਚ ਸੰਗੀਤਾਮਕ ਸੁਰਦਬਾਂ (ਐਕਸੈਂਟ) ਖ਼ਤਮ ਹੋ ਜਾਂਦਾ ਹੈ ਅਤੇ ਬਲਾਤਮਕ ਸੁਰਦਬਾ ਜਾਰੀ ਹੋ ਜਾਂਦਾ ਹੈ।

ਅਪਭ੍ਰੰਸ਼ ਉਕਾਰ—ਬਹੁਲਾ ਭਾਸ਼ਾ ਸੀ ਅਰਥਾਤ ਨਾਂਵ—ਰੂਪਾਂ, ਵਿਸ਼ੇਸ਼ਣਾਂ ਦੇ ਅੰਤ ਵਿਚ ਔਂਕੜ ਜੋੜਿਆ ਜਾਂਦਾ ਸੀ ਜਿਵੇਂ ਏਕੁ, ਕਾਰਣੁ, ਅੰਗੁ, ਮੂਲੁ ਆਦਿ। ਆਧੁਨਿਕ ਬੋਲੀਆਂ ਵਿਚ ਇਹ ਅੰਤਲਾ ਔਂਕੜ ਲਗ ਭਗ ਅਲੋਪ ਹੋ ਗਿਆ ਹੈ।

ਧੁਨੀ-ਪਰਿਵਰਤਨ ਦਾ ਝੁਕਾ ਜਿਹੜਾ ਪ੍ਰਾਕ੍ਰਿਤਾਂ ਵਿਚ ਸ਼ੁਰੂ ਹੋਇਆ ਸੀ ਉਹ ਇਥੇ ਹੋਰ ਜ਼ੋਰ ਫੜ ਗਿਆ :

ਸ਼ਬਦਾਂ ਦੇ ਅੰਤਲੇ ਦੀਘਰ ਸ੍ਵਰ ਹ੍ਰਸਵ ਹੋਣ ਲਗੇ।

ਸੰਧਯਾ ਤੋਂ ਸੰਝ (ਸਾਂਝ ਪੰ.) ਵਰਯਾਤ੍ਰਾ ਤੋਂ ਵਰਆਤ (ਬਰਾਤ)

ਹਰੀਤਕੀ ਤੋਂ ਹਰੀੜਇ (ਹਰੜ ਪੰ.) ਕੀਟਕ ਤੋਂ ਕੀੜ (ਕੀੜਾ)

ਅਪਭ੍ਰੰਸ਼ ਵਿਚ — ਮ — ਨੂੰ — ਵੰ — ਵਿਚ ਬਦਲਿਆ ਜਾਂਦਾ ਹੈ ਜਿਵੇਂ ਆਮਲਕ ਤੋਂ ਅਵੰਲਅ, (ਔਂਵਲਾ) ਕਮਲ ਤੋਂ ਕੰਵਲ।

ਵ ਨੂੰ ਬ ਵਿਚ :— ਵਚਨ ਤੋਂ ਬਅਣ (ਪੰਜਾਬੀ ਵੈਣ)।

ਸ਼ਣ ਨੂੰ ਨ : ਕ੍ਰਿਸ਼ਣ ਤੋਂ ਕਾਨ੍ਹ

ਕਸ਼ ਨੂੰ ਖ, ਛ : ਪਕਸ਼ੀ ਤੋਂ ਪੱਖੀ ਜਾਂ ਪੰਛੀ (ਪੰਛੀ)

ਸਮ ਨੂੰ ਮ੍ਹ :— ਅਸਮੇ ਤੋਂ ਅਮ੍ਹ

ਯ ਨੂੰ ਜ :— ਯੁਗਲ ਤੋਂ ਜੁਗਲ

ਵੈਦਿਕ, ਪਾਲੀ, ਸੰਸਕ੍ਰਿਤ ਤੇ ਪ੍ਰਾਕ੍ਰਿਤਾਂ ਸੰਜੋਗਾਤਮਕ ਭਾਸ਼ਾਵਾਂ ਸਨ। ਪ੍ਰਾਕ੍ਰਿਤਾਂ ਵਿਚ ਵਿਜੋਗਾਤਮਕ ਰੁਚੀ ਦੇ ਲੱਛਣ ਉਘੜ ਰਹੇ ਸਨ ਪਰ ਅਪਭ੍ਰੰਸ਼ ਕਾਫ਼ੀ ਹੱਦ ਤਕ ਵਿਜੋਗਾਤਮਕ ਹੋਣ ਲਗੀ।

ਅਪਭ੍ਰੰਸ਼ਾਂ ਵਿਚ ਵਿਜੋਗਾਤਮਕ ਰੁਚੀ ਦੇ ਚਿੰਨ੍ਹ ਕਾਰਕਾਂ ਦੇ ਪ੍ਰਯੋਗਾਂ ਵਿਚ ਮਿਲਦੇ ਹਨ :

ਕਰਣ ਕਾਰਕ ਲਈ :	ਸਉ, ਸਹੁੰ, ਤਣ, ਸਮਉ, ਸਮਾਣੁ
ਸੰਪ੍ਰਦਾਨ ਲਈ :	ਕਿਹ, ਕੇਹਿੰ ਰੇਸਿ, ਤਣੇਣ
ਅਪਾਦਾਨ ਲਈ :	ਲਾਇ, ਥਿਉ, ਹੋਂਤ, ਹੋਂਤਉ, ਹੰਤ, ਪਾਸਿਉ
ਸੰਬੰਧ ਲਈ :	ਕੇਰਅ, ਕੇਰ, ਕੇਰਕ, ਕਾ
ਅਧਿਕਰਣ ਲਈ :	ਉੱਪਰ, ਮੋਹ, ਮੰਝ

ਯਾਦ ਰਹੇ ਕਿ ਸੰਜੋਗਾਤਮਕ ਬੋਲੀਆਂ ਵਿਚ ਕਾਰਕੀ-ਚਿੰਨ੍ਹ ਸ਼ਬਦਾਂ ਦੇ ਨਾਲ ਹੀ ਜੋੜੇ ਰਹਿੰਦੇ ਹਨ ਵਖਰੇ ਸ਼ਬਦ-ਰੂਪ ਵਿਚ ਨਾਲ ਨਹੀਂ ਰਖੇ ਜਾਂਦੇ। ਪਰ ਅਪਭ੍ਰੰਸ਼ ਵਿਚ ਕਾਰਕੀ ਚਿੰਨ੍ਹ ਸ਼ਬਦਾਂ ਨਾਲ ਸੰਜੁਗਤ ਨਾ ਕਰ ਕੇ ਨਾਲ ਵੱਖੀ ਪਰਣੇ ਰਖੇ ਜਾਂਦੇ ਹਨ।

ਕ੍ਰਿਆ ਰੂਪਾਂ ਵਿਚ ਇਹ ਵਿਜੋਗਾਤਮਕ ਪ੍ਰਵਿਰਤੀ ਉਜਾਗਰ ਹੋਣ ਲਗੀ। ਅਪਭ੍ਰੰਸ਼ੀ ਕ੍ਰਿਆਵਾਂ ਵਿਚ ਸਹਾਇਕ ਕ੍ਰਿਆ ਦੇ ਸਹਾਰੇ ਕ੍ਰਿਦੰਤੀ ਰੂਪ ਕ੍ਰਿਆ ਦੀ ਤਰ੍ਹਾਂ

ਵਰਤੇ ਜਾਣ ਲਗੇ ਅਤੇ ਸੰਜੁਗਤ ਕ੍ਰਿਆ ਰੂਪ ਜਿਵੇਂ ਸੰਸਕ੍ਰਿਤ ਤੇ ਪਾਲੀ ਵਿਚ ਸਨ ਉਹ ਬਹੁਤ ਘਟ ਰਹਿ ਗਏ ।

ਪੜਨਾਂਵ —

ਅਪਭ੍ਰੰਸ਼ ਵਿਚ ਪ੍ਰਚਲਿਤ ਪੜਨਾਂਵ ਸੰਸਕ੍ਰਿਤ ਦੇ ਅਨੁਸਾਰ ਹੀ ਵਿਕਸਿਤ ਹੋਏ ਹਨ । ਸੰਸਕ੍ਰਿਤ ਵਿਚ ਪੜਨਾਂਵ 25 ਗਿਣੇ ਗਏ ਹਨ (ਸਰਵਾਦੀਨ ਸਰਵਨਾਮਾਨਿ 1.1.27 ਪਾਣਿਨਿ) ਪਰੰਤੂ ਅਪਭ੍ਰੰਸ਼ ਵਿਆਕਰਣ ਅਤੇ ਸਹਿਤ ਵਿਚ ਵਰਤੇ ਹੋਏ ਪੜਨਾਵਾਂ ਦੀ ਗਿਣਤੀ ਕਾਫੀ ਘੱਟ ਗਈ ਹੈ । ਅਪਭ੍ਰੰਸ਼ ਦੇ ਪੜਨਾਵਾਂ ਦਾ ਵਰਗੀਕਰਣ ਹੇਠਾਂ ਦਿਤਾ ਜਾਂਦਾ ਹੈ —

1. ਪੁਰਸ਼ਵਾਚਕ—ਹਉਂ (ਮੈਂ) ਤੁਹੁੰ (ਤੂ), ਸੋ (ਉਹ)
2. ਨਿਸ਼ਚੇਵਾਚਕ—ਆਯ (ਇਹ), ਏਹ (ਇਹ), ਓਇ (ਉਹ)
3. ਸੰਬੰਧਵਾਚਕ — ਜੋ, ਸੋ
4. ਪ੍ਰਸ਼ਨਵਾਚਕ— ਕਵਣ (ਕੌਣ), ਕਾਂਇ,
5. ਅਨਿਸਚੇਵਾਚਕ— ਕੋਇ, ਕਿੱਚ
6. ਨਿਜਵਾਚਕ— ਅੱਪਣ (ਆਪਣਾ)
7. ਫੁਟਕਲ— ਸਵ (ਸਾਰੇ), ਅੱਣ (ਔਰ), ਇਯਰ

ਪੁਰਸ਼ਵਾਚਕ ਪੜਨਾਂਵ

	ਇਕ ਵਚਨ	ਬਹੁਵਚਨ
ਕਰਤਾ :	ਅੰਮ੍ਹਿ, ਹੰ, ਅਹਅੰ, ਅਹੰਮਿ, ਅੰਮਿ ਹਉਂ (ਹੇਮਚੰਦ੍ਰ)	ਮੋਂ, ਮੇ, ਵਅੰ, ਅਮ੍ਹੇ, ਅਮ੍ਹੇ
ਕਰਮ :	ਮੋਂ, ਣੇ, ਣੰ, ਮਿ, ਮਿਮੰ, ਮਮੰ, ਮਮ੍ਹ, ਅਗ੍ਹ	ਅਮ੍ਹੇ, ਅਮ੍ਹੇ, ਅਮ੍ਹ
ਕਰਣ :	ਮਿ, ਮਇ, ਮਏ, ਮਆਇ, ਮਮਏ	ਅਮ੍ਹੇਇ ਅਮ੍ਹੇਇ, ਅਮ੍ਹਾਹਿ,
ਅਪਾਦਾਨ :	ਮਈਹਿੰਤੋ, ਮਇਤੋ, ਮਮਤੋ, ਮਮਾਓ, ਮੱਝਤੋਂ, ਮੱਝਹਿੰਤੋ	ਅਮ੍ਹਾਹਿੰਤੋ, ਅਮ੍ਹਾ ਸ਼ੰਤੋ, ਮਮਾਸੁੰਤੋ ਮਮਤੋ ਮਮਾਸੁੰਤੋ
ਸੰਬੰਧ :	ਅਮ੍ਹੰ, ਮੰਝੰ, ਮਇ, ਮਹ, ਮਮ, ਅਮ੍ਹ	ਅਮ੍ਹੇ, ਅਮ੍ਹਾਣ, ਮੱਝਾਣ
ਅਧਿਕਰਣ :	ਮਿ, ਮਇ, ਮੱਝੇ, ਮੱਝਮਿ, ਮਹੱਮਿ,	ਮੱਝਸੁ, ਮੱਝੇਸੁ, ਅਮ੍ਹਾਸੁ,

ਇਨ੍ਹਾਂ ਪੜਨਾਵਾਂ ਵਿਚੋਂ ਪੁਰਸਵਾਚਕ ਇਕਵਚਨ (ਹਉਂ) ਜਾਂ 'ਹਉ' ਦਾ ਰੂਪ ਸਾਰਿਆਂ ਇਲਾਕਿਆਂ ਵਿਚ ਅਤੇ ਸਾਰੇ ਅਪਭ੍ਰੰਸ਼ ਕਾਲ ਵਿਚ ਪ੍ਰਧਾਨ ਰਿਹਾ ਹੈ (ਵੀਰੇਂਦ੍ਰ ਸ੍ਰੀਵਾਸਤਵ, ਪੰਨਾ 167) ਹਉਂ ਦੀ ਨਿਰੁਕਤੀ ਹੈ :

ਹਉ—ਹਉਂ—ਅਹਅੰ—ਹਕਕੰ—ਅਹੰ

ਕ੍ਰਿਆਰੂਪ

ਅਪਭ੍ਰੰਸ਼ ਕ੍ਰਿਆਵਾਂ ਦੀਆਂ ਧਾਤੂਆਂ ਵਿਚ ਨਾ ਸਿਰਫ਼ ਧੁਨੀਮਈ ਪਰਿਵਰਤਨ ਹੀ ਹੋਣ ਲਗੇ ਸਗੋਂ ਇਨ੍ਹਾਂ ਵਿਚ ਅਰਥ ਪਰਿਵਰਤਨ ਵੀ ਹੋਇਆ। ਸੰਸਕ੍ਰਿਤ/ਪ੍ਰਾਕ੍ਰਿਤ ਧਾਤੂਆਂ ਦੇ ਨਾਲ ਨਾਲ ਦੇਸੀ (ਇਲਾਕਾਈ) ਧਾਤੂ ਅਤੇ ਕ੍ਰਿਆਰੂਪ ਦੇ ਪ੍ਰਯੋਗ ਵੀ ਵਧਣ ਲਗੇ। ਹੇਮਚੰਦ੍ਰ ਨੇ ਦੇਸੀ ਧਾਤੂਆਂ ਵੱਲ ਵੀ ਸੰਕੇਤ ਕੀਤਾ ਹੈ। ਦੇਸੀ ਧਾਤੂ :—

ਛੋਲ = ਤੱਛਣਾ, ਝਲੱਕ, ਖੜੁੱਕ (ਖੜਕਣਾ) ਘੁੜੁੱਕ,
ਵਿਸੂਰਨਾ (ਝੂਰਨਾ), ਛਡਇ, ਛਿਵਇ, ਜਿਮਇ, ਜੋਵਇ, ਝੰਪਇ, ਢੁਕੱਇ, ਢੋਯਇ ਆਦਿ ਕਈ ਦੇਸੀ ਧਾਤੂ ਹਨ।

ਰੂਪ–ਪ੍ਰਕ੍ਰਿਆ

(1) ਪ੍ਰਾਚੀਨ ਭਾਸ਼ਾ ਤੋਂ ਪ੍ਰਾਪਤ ਕਾਲ : ਵਰਤਮਾਨ ਕਾਲ, ਭਵਿਸ਼ਤ ਕਾਲ, ਭੂਤਕਾਲ (ਕਿਤੇ ਕਿਤੇ) ਵਿਧੀ ਕਾਲ

(2) ਕ੍ਰਿਦੰਤ ਕਾਲ : ਕ੍ਰਿਦੰਤ ਰੂਪ ਜਿਵੇਂ /3/ ਨਾਲ ਬਣੇ ਕਾਲ
—ਅੰਤ ਨਾਲ ਬਣੇ ਕਾਲ, ਅਤੇ
—ਤੱਵ ਨਾਲ ਬਣੇ ਕਾਲ

ਵੰਨਗੀ

	ਇਕ ਵਚਨ	ਬਹੁ ਵਚਨ
ਪ੍ਰਥਮ ਪੁਰਸ਼—	ਚਲਇ	ਚਲਹਿਂ
ਮੱਧਮ ਪੁਰਸ਼—	ਚਲਹਿ	ਚਲਹੁ
ਉੱਤਮ ਪੁਰਸ਼—	ਚਲਉਂ	ਚਲਹੁ

ਵਾਚ (Voice) : ਕਰਤਰੀ ਵਾਚ ਤੋਂ ਇਲਾਵਾ ਕਰਮ-ਵਾਚ ਦੀ ਵਰਤੋਂ ਅਪਭ੍ਰੰਸ਼ ਵਿਚ ਮੌਜੂਦ ਹੈ। ਕਰਮ ਵਾਚ ਦੇ ਕ੍ਰਿਆ ਰੂਪ :— ਕਿੱਜਇ, ਦਿਜੱਇ, ਮਰਿੱਜਇ ਵਣਿੱਜਇ।

ਪ੍ਰਤਿਐ

ਪ੍ਰਾਕ੍ਰਿਤ ਵਿਆਕਰਣਾਂ ਵਿਚ ਅਪਭ੍ਰੰਸ਼ ਦੇ ਅਨੇਕ ਪ੍ਰਤਿਆ ਗਿਣਾਏ ਗਏ ਹਨ। ਇਨ੍ਹਾਂ ਵਿਚ ਮੁੱਖ ਮੁੱਖ ਇਹ ਹਨ :—

ਇ—	ਚਲਿ, ਪਢਿ, ਕਰਿ, ਮਾਰਿ (ਚਲਕੇ, ਪੜ੍ਹਕੇ)
ਇਉ, ਇਉਂ—	ਕਹਿਉ (ਕਹਿਣ ਲਈ) ਤੋਰਿਉਂ (ਤੋੜਨ ਲਈ)
ਇਵਿ—	ਕਰਿਵਿ, ਅਵਲੋਇਵਿ, ਪੇਖਵਿ (ਵੇਖ ਕੇ)
ਏਪਣੁ—	ਜੇਏਪਿਣੁ,
ਏਵਣੁ—	ਵਿਹਸੇਵਿਣੁ, ਕਰੇਵਿਣੁ (ਕਰਨ ਲਈ)
ਏਵਓ, ਏਵੀ,,—	ਦੇਵੰ (—ਦੇਣ ਲਈ) ਜੀਵੇਵਉ,
ਏਵ—	ਪਾਲੇਵ (ਪਾਲਣ ਲਈ)

ਸ਼ਬਦਾਵਲੀ

ਅਪਭ੍ਰੰਸ਼ ਭਾਸ਼ਾ ਵਿਚ ਸ਼ਬਦ ਤਰ੍ਹਾਂ ਤਰ੍ਹਾਂ ਦੇ ਹਨ। ਇਨ੍ਹਾਂ ਦੇ ਇਹ ਵਰਗ ਉਲੀਕੇ ਜਾ ਸਕਦੇ ਹਨ—

(1) ਅਨੁਕਰਣੀ ਸ਼ਬਦ— ਕਡਮਡੰਤਿ (ਕੜ ਕੜ ਕਰਦਾ ਹੈ)
ਗੱਗਿਰ (ਗਦ ਗਦ)
ਕਿਲਕਿਲਿੰਤਿ (ਖਿੜ ਖਿੜ ਹੱਸਣਾ)
ਖੁੜੁਕਿਇ (ਖੁੜਕਣਾ ਦਿਲ ਵਿਚ)
ਝਣਝਣੰਤਿ (ਝਿਲਮਿਲ)
ਭੁਕਿਉਂ (ਭੌਂਕਣਾ)

(2) ਪ੍ਰਤਿਐ—ਸਹਿਤ ਧਾਤੂ—ਅਣੁਹੁੱਭ (ਅਣੁ + ਹੁੱਭ = ਰੋਕਣਾ
ਅਵਅੱਖਇ (ਅਵ + ਅੱਖ) = ਵੇਖਣਾ

(3) ਦੇਸੀ ਸ਼ਬਦ = ਆਰੱਦ (ਜੁਲਾਹਾ), ਗਹਿਲੀ (ਪਹਿਲੀ)
ਚੱਲ (ਧੋਤੀ), ਇੱਕਣ (ਚੋਰ)

(4) ਵਿਦੇਸ਼ੀ ਸ਼ਬਦ = ਅੰਗੁਥਲੰ (ਅੰਗੂਠੀ) ਫਾਰਸੀ ਅੰਗੁਸ਼ਤਰੀ
ਦੱਥਰ (ਰੁਮਾਲ) ਫਾਰਸੀ ਦਸਤਾਰ
ਬੰਧੇ (ਨੌਕਰ) ਫਾ. ਬੰਦਹ,

ਸੁਰਤਾਨ (ਸੁਲਤਾਨ), ਮੀਰ,
ਸੈਲਾਰ (ਸਲਾਰ) ਦਰਿਗਾਹ।
ਹੁੱਦਾਦਾਰ (ਅਹੁਦਾਦਾਰ), ਤੁਰਕ, ਨੌਬਤਿ

ਅਪਭ੍ਰੰਸ਼ ਵਿਚ ਪੁਲਿੰਗ ਤੇ ਇਸਤਰੀ ਲਿੰਗ ਜਾਰੀ ਰਹੇ ਪਰ ਨਪੁੰਸਕ ਲਿੰਗ ਖ਼ਤਮ ਹੋ ਗਿਆ। ਇਸ ਵੀ ਸਰਲਤਾ ਦੀ ਪ੍ਰਵਿਰਤੀ ਹੈ। ਅਪਭ੍ਰੰਸ਼ ਵਿਚ ਸਵੈ-ਅਰਥਕ ਪ੍ਰਤਿਆਂ ਦੀ ਵਰਤੋਂ ਬਹੁਤਾਤ ਵਿਚ ਹੋਣੀ ਸ਼ੁਰੂ ਹੋ ਗਈ। ਇਹੋ – ਡ ਆਧੁਨਿਕ ਬੋਲੀਆਂ ਵਿਚ - ੜ ਬਣਕੇ ਪ੍ਰਯੁਕਤ ਹੋਣ ਲਗਾ। ਸਿੰਧੀ, ਰਾਜਸਥਾਨੀ, ਲਹਿੰਦੀ ਪੰਜਾਬੀ ਵਿਚ /- ੜ / ਦੀ ਵਰਤੋਂ ਬਹੁਤ ਹੈ।

ਅਪਭ੍ਰੰਸ਼ ਦੇ ਵਾਕਾਂ ਵਿਚ ਸ਼ਬਦਾਂ ਦੇ ਸਥਾਨ ਨਿਸ਼ਚਿਤ ਹੋਣ ਲਗ ਪਏ ਹਨ। ਆਧੁਨਿਕ ਭਾਰਤੀ ਬੋਲੀਆਂ ਵਿਚ ਇਹ ਸਥਾਨ-ਪ੍ਰਧਾਨਤਾ ਕਾਫ਼ੀ ਵਧੀ ਹੈ।

ਇਸ ਪ੍ਰਕਾਰ ਅਪਭ੍ਰੰਸ਼ ਭਾਸ਼ਾ ਵਿਚ ਵਿਜੋਗਾਤਮਕ ਰੁਚੀ ਅਤੇ ਨਾਂਵ-ਰੂਪਾਂ ਤੇ ਕ੍ਰਿਆ ਰੂਪਾਂ ਵਿਚ ਸਰਲੀਕਰਣ ਦੀ ਪ੍ਰਵਿਰਤੀ ਵਰਣਨ ਯੋਗ ਹਨ। ਅਪਭ੍ਰੰਸ਼ ਵਿਚ ਲੋਕ ਭਾਸ਼ਾ ਤੇ ਜਨ-ਬੋਲੀਆਂ ਦਾ ਵਧ ਅਸਰ ਹੈ ਅਤੇ ਇਹ ਜਨ-ਸਮੂਹ ਤੇ ਵਧ ਨੇੜੇ ਰਹੀ ਹੈ। ਲੋਕ-ਸਾਹਿਤ ਦਾ ਨਿਰਮਾਣ ਅਪਭ੍ਰੰਸ਼ ਵਿਚ ਬਹੁਤ ਮਾਤਰਾ ਵਿਚ ਹੋਇਆ ਹੈ। ਦੋਹਾ ਛੰਦ ਅਪਭ੍ਰੰਸ਼ ਸਾਹਿਤ ਦਾ ਅਨਿਖੜ ਅੰਗ ਰਿਹਾ ਹੈ।

ਅਪਭ੍ਰੰਸ਼ ਭਾਸ਼ਾ ਦੀਆਂ ਸਾਹਿਤਕ ਵੰਨਗੀਆਂ

ਦੇਹਹਿ ਉੱਭਇ ਜਰ ਮਰਣੁ, ਦੇਹਹਿ ਵੰਣ ਵਿਚਿੱਤ।
ਦੇਹਹੋ ਰੋਯਾ ਜਾਣਿ ਤੁਹੁੰ, ਦੇਹਹਿੰ ਲਿੰਗਾਇੰ ਮਿੱਤ।

(ਪਾਹੁੜੇ ਦੋਹਾ)

ਏਉ ਵਿਰਸੁ ਰਸੰਤੁ ਮਇੰ ਸੰਘਾਰਿਉ ਸਅਲੁ ਗੁਰੁ।
ਪਡਿਵਯਣ ਸਮੱਥ ਏਹਉ ਕੋਵਿ ਨ ਦਿੱਠੁ ਨਰੁ।

(ਭਵਿਸਯਤ ਕਹਾ)

ਜਹਿ ਮਣ ਪਵਣ ਨ ਸੰਚਰਇ, ਰਵਿ ਸਸਿ ਣਾਹ ਪਵੇਸ।
ਤਹਿ ਵਢ ਚਿੱਤ ਵਿਸਾਮ ਕਰੁ, ਸਰਹੇ ਕਹਿਉ ਉਏਸ॥

(ਸਰਹਪਾ)

ਵਿਸਅ ਵਿਸੁਧੇਂ ਣਉ ਰਮਇ ਕੇਵਲ ਸੁੱਣ ਚਰੇਇ ।
ਉੱਡੀ ਬੌਹਿ ਕਾਉ ਜਿਮ ਘਲੁਟਿਅ ਤਹਵਿ ਪੜੇਇ ॥

(ਸਰਹਪਾ)

ਦੇਉਲ ਦੇਉ ਵਿ ਸੱਥ ਗੁਰੁ, ਤ੍ਰਿੱਥ ਵਿ ਵੇਉ ਵਿ ਕੱਵ ।
ਵੱਛ ਜੁ ਦੀਸੈ ਕੁਸੁਮਜਉ, ਇੰਧਣੁ ਹੋਸਇ ਸੱਵ ॥

(ਜੋਇੰਦੁ)

ਪਿਉ ਹਉ ਥੱਕਿਇਸ ਸਯਲੁ ਦਿਣੁ ਤਹ ਵਿਰਹੱਗਿ ਕਿਲੰਤ ।
ਥੋੜਇ ਜਲਿ ਜਿਮ ਮੱਛਲਿਯ ਤੌਲੋਵਿੱਲਿ ਕਰੰਤ ॥

(ਸੋਮ ਪ੍ਰਭ)

ਜੌਂ ਮਹੁ ਦਿੰਨਾ ਦਿਅਹੜਾ, ਦਇਏਂ ਪਵਸੰਤੇਣ ।
ਤਾਣ ਗਣੰਤਿਏ ਅੰਗੁਲਿਉ ਜੱਜਰਿਆਉ ਨਹੇਣ ॥

(ਹੇਮਚੰਦ੍ਰ)

ਜੋ ਗੁਣ ਗੋਵਇ ਅੱਪਣਾ ਪਯੜਾ ਕਰਇ ਪਰੱਸੋ ।
ਤਸੁ ਹਉ ਕਲਿਜੁਗਿ ਦੁੱਲਹਹੋ ਬਲਿ ਕਿਜੋਉ ਸੁਅੱਣਸ ॥

(ਹੇਮਚੰਦ੍ਰ)

ਪੁੱਤੇ ਜਾਏ ਕਵਣ ਗੁਣ ਅਵਗੁਣ ਕਵਣ ਮੁਏਣ ।
ਜਾ ਬੱਧੀਕੀ ਭੂੰਹੜੀ ਚੰਪਿਜਇ ਅਵਰੇਣ ॥

(What good if the son is born, and what harm if he is dead, if the father's land attacked (seized) by another)

(ਹੇਮਚੰਦ੍ਰ)

ਭੱਲਾ ਹੁਆ ਜੁ ਮਾਰਿਆ ਬਹਿਣਿ ਮਹਾਰਾ ਕੰਤੁ ।
ਲੱਜੇਜੰ ਤੁ ਵਅਸਿਅਹੁ ਜਇ ਭੱਗਾ ਘਰੁ ਏਂਤੁ ।

(ਹੇਮਚੰਦ੍ਰ)

(It was well, O Sister, that my husband was killed : if he came home defeated, among friends, I would feel shame)

ਜੀਵਿਉ ਕਾਸੁ ਨ ਬੱਲਹਉ ਧਣੁ ਪੁਣੁ ਕਾਸੁ ਨ ਇੱਠੁ ।
ਦੋਂਣਿ ਵਿ ਅਵਸਰਿ ਨਿਵੜਿਆਈ ਤਿਨ-ਗਣਆਈ ਵਿਸੱਠ ।

(To whom is not life beloved ? To whom again is wealth a desired thing ? when the two occasions arise, the superior man considers these two as a straw)

ਅਮ੍ਹੇਂ ਥੋਵਾ ਰਿਉ ਬਹੁਆ ਕਾਅਰ ਏਂਵੈਂ ਭਣੰਤਿ ।
ਮੁੱਧੀ ਨਿਹਾਲਹਿ ਗਅਣਅਲੁ ਕਇ ਜਣ ਜੋਣਹ ਕਰੰਤਿ ।

We are few our enemies are many–Cowards talk like that : O foolish woman ! look at the spaces of sky ; how many make moon light ?)

ਜਇ ਣ ਸੁ ਆਵਇ ਦੂਇ ! ਘਰੁ ਕਾ ਅਹੋ ਮੁਹੁ ਤੁੱਝੁ ?
ਵਅਣੁ ਜੁ ਖੰਡਇ ਤਉ ਸਹਿਏ ਸੋ ਪਿਉ ਹੋਇ ਣ ਮੁੱਝ ।

(O messenger ! (ਦੂਤੀ) if he does not come, why art those downcast ? If he breaks word, then, O fried ! he cannot be my beloved)

14

ਪੈਸ਼ਾਚੀ

ਪੈਸ਼ਾਚੀ ਇਕ ਬਹੁਤ ਪ੍ਰਾਚੀਨ ਪ੍ਰਾਕ੍ਰਿਤ ਹੈ। ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਇਸ ਦਾ ਉਲੇਖ ਕੀਤਾ ਹੈ। ਵਰਰੁਚੀ (ਪ੍ਰਾਕ੍ਰਿਤ) ਇਸ ਨਾਂ ਦੀ ਬੋਲੀ ਦਾ ਉਲੇਖ ਕਰਦਾ ਹੈ। ਕ੍ਰਮਦੀਸ਼ਵਰ ਦੇ ਵਿਆਕਰਣ ਵਿਚ ਵੀ ਇਸ ਦਾ ਨਾਂ ਆਇਆ ਹੈ। 'ਵਾਗਭਟਾਲੰਕਾਰ' ਦੀ ਟੀਕਾ ਵਿਚ ਸਿੰਹਦੇਵ ਗਣਿਨ ਇਸ ਨੂੰ 'ਪੈਸ਼ਾਚਿਕ' ਆਖਦਾ ਹੈ। ਰੁਦ੍ਰਟ ਦੇ ਗ੍ਰੰਥ 'ਕਾਵਿਆਲੰਕਾਰ' ਦੀ ਟੀਕਾ ਵਿਚ ਨਮਿਸਾਧੁ ਵੀ ਇਸ ਨੂੰ ਪੈਸ਼ਾਚਿਕ ਲਿਖਦਾ ਹੈ। ਹੇਮਚੰਦ੍ਰ ਨੇ ਪੈਸ਼ਾਚੀ ਦੇ ਨਿਯਮਾਂ ਦਾ ਵਰਣਨ ਕੀਤਾ ਹੈ ਅਤੇ ਫਿਰ ਚੂਲਿਕਾ ਪੈਸ਼ਾਚੀ ਦੇ ਨਿਯਮ ਦਸੇ ਹਨ। ਉਸ ਤੋਂ ਉਪਰੰਤ 'ਤ੍ਰਿਵਿਕ੍ਰਮ' ਤੇ 'ਸਿੰਹਰਾਜ' ਵੀ ਇਸ ਦਾ ਉਲੇਖ ਕਰਦੇ ਹਨ। ਮਾਰਕੰਡੇਯ ਦੇ 'ਪ੍ਰਾਕ੍ਰਿਤ ਸਰਵਸਵ' ਵਿਚ ਕਿਸੇ ਗੁਮਨਾਮ ਲੇਖਕ ਦਾ ਹਵਾਲਾ ਹੈ। ਜਿਸ ਨੇ ਗਿਆਰਾਂ ਤਰ੍ਹਾਂ ਦੀ ਪੈਸ਼ਾਚੀ ਪ੍ਰਾਕ੍ਰਿਤ ਦੇ ਨਾਂ ਗਿਣੇ ਹਨ :

> ਕਾਂਚਿਦੇਸ਼ੀਯ, ਪੰਡਯਾ, ਪਾਂਚਾਲ, ਗੌੜ, ਮਾਗਧ, ਵ੍ਰਾਚੜ,
> ਦਾਕਸ਼ਿਣਾਤਯਾ, ਸ਼ੌਰਸੇਨ, ਕੈਕਯ, ਸ਼ਾਬਰ, ਦ੍ਰਾਵਿਣ
> (ਏਕਾਦਸ਼ ਪਿਸ਼ਾਚਕਾ :)

ਪਰ ਮਾਰਕੰਡੇਯ ਨੇ ਆਪ ਤਿੰਨ ਪ੍ਰਕਾਰ ਗਿਣੇ ਹਨ—ਕੈਕੇਯ, ਸ਼ੌਰਸੇਨ, ਪਾਂਚਾਲ। ਮਾਰਕੰਡੇਯ ਦੇ ਖਿਆਲ ਮੁਤਾਬਕ ਕੈਕੇਯ ਪੈਸ਼ਾਚੀ ਸੰਸਕ੍ਰਿਤ ਭਾਸ਼ਾ ਉਤੇ

ਆਧਾਰਿਤ ਹੈ ਅਤੇ ਸ਼ੌਰਸੇਨ-ਪੈਸ਼ਾਚੀ ਸ਼ੌਰਸੇਨੀ ਉਤੇ। ਰਾਮਤਰਕ ਵਾਗੀਸ਼ ਨੇ ਦੋ ਵਰਗ ਗਿਣਾਏ ਹਨ। ਇਕ ਦਾ ਨਾਂ 'ਕੈਕੇਯ ਪੈਸ਼ਾਚੀ' ਹੈ ਦੂਜਾ 'ਚਸਕ' ਪੜਿਆ ਜਾਂਦਾ ਹੈ।

ਜਰਮਨ ਲੇਖਕ ਲਾਸਨ ਨੇ 'ਲਕਸ਼ਮੀਧਰ' ਦੇ ਗ੍ਰੰਥ ਦੇ ਹਵਾਲੇ ਨਾਲ ਲਿਖਿਆ ਹੈ ਕਿ ਪੈਸ਼ਾਚੀ ਭਾਸ਼ਾ ਦਾ ਨਾਂ ਪਿਸ਼ਾਚ ਦੇਸ਼ਾਂ ਕਰਕੇ ਪਿਆ ਹੈ ਜਿਥੇ ਇਹ ਬੋਲੀ ਜਾਂਦੀ ਸੀ। ਪ੍ਰਾਚੀਨ ਵਿਆਕਰਣਕਾਰਾਂ ਦੇ ਮਤਾਂ ਨੂੰ ਸਨਮੁਖ ਰਖਕੇ ਲਾਸਨ ਨੇ ਪੈਸ਼ਾਚੀ ਦੇ ਇਹ ਭੇਦ ਕੀਤੇ ਹਨ :—

> ਪਾਂਡਯ, ਕੇਕਯ, ਵਾਹਲੀਕ, ਸਹਯ (ਮਹਾਂ ਰਾਸ਼ਟਰ ਪ੍ਰਾਂਤ ਵਿਚ ਸਹਯਤ ਪਰਬਤ) ਨੇਪਾਲ, ਕੁੰਤਲ, ਗਾਂਧਾਰ, ਸੁਦੇਸ਼, ਭੋਟ, ਹੈਵ, ਕਨੌਜਨ।

ਇਨ੍ਹਾਂ ਨਾਵਾਂ ਤੋਂ ਪਤਾ ਲਗਦਾ ਹੈ ਕਿ ਪੈਸ਼ਾਚੀ ਪ੍ਰਾਕ੍ਰਿਤ ਦੀਆਂ ਬੋਲੀਆਂ ਭਾਰਤ ਦੇ ਉੱਤਰ-ਪੱਛਮੀ ਹਿਸਿਆ ਵਿਚ ਬੋਲੀਆਂ ਜਾਂਦੀਆ ਰਹੀਆਂ ਹੋਣਗੀਆਂ। ਮਹਾ ਭਾਰਤ (7,121,14) ਵਿਚ ਇਕ ਪੈਸ਼ਾਦ ਜਾਤੀ ਦਾ ਜ਼ਿਕ ਆਉਂਦਾ ਹੈ। ਹਿੰਦੁਸਤਾਨੀ ਲੋਕ ਪਿਸ਼ਾਚ ਦਾ ਮਤਲਬ ਭੂਤ ਲੈਂਦੇ ਹਨ। ਇਸ ਲਈ ਭਾਮਹ ਨੇ ਕਿਹਾ ਹੈ ਕਿ 'ਪਿਸ਼ਾਚਨਾਂ ਭਾਸ਼ਾ ਪੈਸ਼ਾਚੀ ਅਰਥਾਤ ਭੂਤਾਂ ਦੀ ਬੋਲੀ, ਭੂਤ ਭਾਸ਼ਾ।

ਪਿਸ਼ਲ ਦੀ ਕਲਪਨਾ ਹੈ ਕਿ ਸ਼ੁਰੂ ਵਿਚ ਇਸ ਭਾਸ਼ਾ ਦਾ ਨਾਂ ਪੈਸ਼ਾਚੀ ਇਸ ਲਈ ਜਾਰੀ ਹੋਇਆ ਹੋਵੇਗਾ ਕਿ ਇਹ ਮਹਾਰਾਸ਼ਟ੍ਰੀ ਸ਼ੌਰਸੇਨੀ ਤੇ ਮਾਗਧੀ ਦੀ ਤਰ੍ਹਾਂ ਹੀ ਪਿਸ਼ਾਚ ਕੌਮ ਦੁਆਰਾ ਜਾਂ ਪਿਸ਼ਾਚ ਦੇਸ਼ ਵਿਚ ਬੋਲੀ ਜਾਂਦੀ ਹੋਵੇਗੀ। ਇਸ ਦਾ ਭਾਵ ਇਹ ਹੈ ਕਿ ਪਿਸ਼ਾਚ ਇਕ ਜਾਤੀ ਦਾ ਨਾਂ ਰਿਹਾ ਹੋਵੇਗਾ ਅਤੇ ਮੁੜ ਭੂਤ ਨੂੰ ਵੀ ਪਿਸ਼ਾਚ ਕਿਹਾ ਜਾਣ ਲਗਿਆ ਤਾਂ ਆਮ ਲੋਕ ਤੇ ਵਿਆਕਰਣਕਾਰ ਇਸ ਨੂੰ ਭੂਤ ਭਾਸ਼ਾ ਕਹਿਣ ਲਗ ਪਏ। 'ਦਸ ਰੂਪ' ਦੇ ਅਨੁਸਾਰ ਪਿਸ਼ਾਚ ਅਤੇ ਹੋਰ ਨੀਵੀਆਂ ਜਾਤਾਂ ਦੇ ਲੋਕ ਪੈਸ਼ਾਚ ਪ੍ਰਾਕ੍ਰਿਤ ਬੋਲਦੇ ਹਨ। 'ਸਰਸਵਤੀ ਕੰਠਾਭਰਣ' ਅਤੇ ਸਾਹਿਤਯ ਦਰਪਣ' ਵਿਚ ਪੈਸ਼ਾਚੀ ਨੂੰ ਪਿਸ਼ਾਚ ਦੀ ਭਾਸ਼ਾ ਕਿਹਾ ਹੈ। ਭੋਜਦੇਵ ਨੇ 'ਸਰਸਵਤੀ ਕੰਠਾਭਰਣ' ਵਿਚ ਉੱਚ ਜਾਤੀ ਦੇ ਲੋਕਾਂ ਨੂੰ ਖਾਲਸ ਪੈਸ਼ਾਚੀ ਬੋਲਣ ਤੋਂ ਵਰਜਿਆ ਹੈ — ਨਾਤਿ-ਉਤਮ ਪਾਤ੍ਰ ਪ੍ਰਯੋਜਯਾ ਪੈਸ਼ਾਚੀ ਸ਼ੁੱਧਾ।

ਪੈਸ਼ਾਚੀ ਵਿਚ ਭਾਸ਼ਾ ਦੇ ਸ਼ਲੇਸ਼ ਦਾ ਬੜਾ ਚਮਤਕਾਰ ਹੈ ਕਿਉਂਕਿ ਸਾਰੀਆਂ ਪ੍ਰਾਕ੍ਰਿਤਾਂ ਵਿਚੋਂ ਪੈਸ਼ਾਚੀ ਸੰਸਕ੍ਰਿਤ ਨਾਲ ਬਹੁਤ ਮਿਲਦੀ-ਜੁਲਦੀ ਹੈ। ਪੈਸ਼ਾਚੀ ਆਪਣੀ ਧੁਨੀ-ਬਣਤਰ ਦੇ ਪਖੋਂ ਸੰਸਕ੍ਰਿਤ ਅਤੇ ਪਾਲੀ ਨਾਲ ਮਿਲਦੀ ਹੈ। ਹਾਰਨਲੇ ਨੇ ਪੈਸ਼ਾਚੀ ਦੀ

ਧੁਨੀ-ਸੰਪਤੀ ਦੀ ਖੋਜ ਕਰ ਕੇ ਵੇਖਿਆ ਹੈ ਕਿ ਇਸ ਵਿਚ ਵਰਗਾਂ ਦੇ ਤੀਜੇ ਵਰਣਾਂ ਦੀ ਥਾਂ ਦੂਜੇ ਵਰਣ ਹੋ ਜਾਂਦੇ ਹਨ (ਮਦਨ ਦਾ ਮਤਨ, ਦਾਮੋਦਰ ਦਾ ਤਮੋਤਰ, ਪ੍ਰਦੇਸ਼ ਦਾ ਪਤੇਸ) ਣ ਨੂੰ ਨ ਹੁੰਦਾ ਹੈ ਅਤੇ ਲ ਦੀ ਥਾਂ ਲ਼ ਹੋ ਜਾਂਦਾ ਹੈ। ਤਾਂ ਹਾਰਨਲੇ ਇਸ ਨਤੀਜੇ ਤੇ ਅਪੜਿਆ ਹੈ ਕਿ ਪੈਸ਼ਾਚੀ ਆਰਯ ਭਾਸ਼ਾ ਦਾ ਉਹ ਰੂਪ ਹੈ ਜੋ ਦ੍ਰਾਵਿੜ ਭਾਸ਼ਾ ਬੋਲਣ ਲਗੇ ਹੋਣਗੇ (ਪਿਸ਼ਲ 25–56) ਹਾਰਨਲੇ ਦੇ ਇਸ ਮਤ ਦੇ ਬਰਖਿਲਾਫ਼ 'ਸੇਨਾਰ' ਨੇ ਪੂਰੀ ਜ਼ਿੰਮੇਵਾਰੀ ਨਾਲ ਇਹ ਸਿਧਾਂਤ ਪੇਸ਼ ਕੀਤਾ ਹੈ ਕਿ ਕਿਸੇ ਵੀ ਹੋਰ ਆਰਯ ਭਾਸ਼ਾ ਵਿਚ ਮੰਝਲਾ (ਤੀਜਾ) ਵਰਣ ਬਦਲ ਕੇ ਪਹਿਲਾ ਨਹੀਂ ਬਣਦਾ, ਪਰ ਇਹ ਵਿਸ਼ੇਸ਼ਤਾ ਸ਼ਹਿਬਾਜ਼ ਗੜ੍ਹੀ (ਪਿਸ਼ਾਵਰ) ਲਾਟ, ਅਤੇ ਲੇਣ ਦੇ ਸਿਲਾਲੇਖਾਂ (ਅਸ਼ੋਕ ਦੇ ਸਿਲਾਲੇਖ ਤੀਜੀ ਸਦੀ ਪੂ. ਈ.) ਦੀ ਭਾਸ਼ਾ ਵਿਚ ਮਿਲਦੀ ਹੈ ਅਤੇ ਆਧੁਨਿਕ ਭਾਸ਼ਾਵਾਂ ਵਿਚੋਂ ਦਰਦ, ਕਾਫ਼ਿਰ, ਅਤੇ ਜਿਪਸੀਆਂ ਦੀ ਬੋਲੀ ਵਿਚ ਮਹਾਪ੍ਰਾਣ ਵਰਣ ਬਦਲ ਜਾਂਦੇ ਹਨ। ਇਨ੍ਹਾਂ ਤੱਥਾਂ ਤੋਂ ਸਪਸ਼ਟ ਹੁੰਦਾ ਹੈ ਕਿ ਪੈਸ਼ਾਚੀ ਦਾ ਘਰ ਭਾਰਤ ਦੇ ਉੱਤਰ-ਪੱਛਮ ਵਿਚ ਰਿਹਾ ਹੋਵੇਗਾ (ਪਿਸ਼ਲ 56)।

ਪੈਸ਼ਾਚੀ ਅਜੇਹੇ ਖਾਸ ਖਾਸ ਲੱਛਣਾ ਵਾਲੀ ਭਾਸ਼ਾ ਹੈ ਜੋ ਸੁਤੰਤਰ ਤੇ ਖੁਦ-ਮੁਖਤਾਰ ਹੈ ਅਤੇ ਉਹ ਸੰਸਕ੍ਰਿਤ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਦੇ ਬਰਾਬਰ ਅਡਰੀ ਭਾਸ਼ਾ ਗਿਣੀ ਜਾ ਸਕਦੀ ਹੈ। ਵਾਗਭਟ ਦੇ ਗ੍ਰੰਥ 'ਅਲੰਕਾਰ ਤਿਲਕ' ਦੇ ਅਨੁਸਾਰ ਕਿਸੇ 'ਗ੍ਰਾਮ ਭਾਸ਼ਾ' ਵਿਚ 'ਭੀਮ' ਕਾਵਿ ਦੀ ਰਚਨਾ ਕੀਤੀ ਗਈ ਸੀ। ਇਸ ਗਰਾਮ ਭਾਸ਼ਾ ਤੋਂ ਮੁਰਾਦ ਪੈਸ਼ਾਚੀ ਹੀ ਹੈ। ਗੁਣਾਢ ਦੀ ਬ੍ਰਿਹਤਕਥਾ (ਵੱਡਕਹਾ) ਪੈਸ਼ਾਚੀ ਵਿਚ ਹੀ ਰਚੀ ਗਈ ਸੀ ਜਿਹੜੀ ਕਿ, ਬਿਊਲਰ ਦੇ ਅਨੁਸਾਰ ਦੂਜੀ ਸਦੀ ਈਸਵੀ ਦਾ ਗ੍ਰੰਥ ਹੈ। ਉੱਤਰਾਖੰਡ ਦੇ ਬੋਧਾਂ ਦੇ ਥੇਰਵਿਆਂ ਵਿਚ ਇਹ ਗਲ ਲਿਖੀ ਗਈ ਹੈ ਕਿ ਬੁਧ ਦੇ ਨਿਰਵਾਣ ਤੋਂ 116 ਵਰ੍ਹੇ ਮਗਰੋਂ ਚਾਰ ਸਥਵਿਰ ਆਪਸ ਵਿਚ ਮਿਲੇ ਸਨ ਜਿਹੜੇ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼ ਅਤੇ ਪੈਸ਼ਾਚੀ ਬੋਲੀਆਂ ਬੋਲਦੇ ਸਨ। ਇਨ੍ਹਾਂ ਨੇ ਪੈਸ਼ਾਚੀ ਵਿਚ ਹੀ ਗੁਫ਼ਤਗੂ ਕੀਤੀ ਸੀ।

ਆਧੁਨਿਕ ਭਾਸ਼ਾ-ਵਿਗਿਆਨੀਆਂ ਨੇ ਪੈਸ਼ਾਚੀ ਦੀ ਸਥਿਤੀ ਬਾਰੇ ਭਿੰਨ ਭਿੰਨ ਵਿਚਾਰ ਪ੍ਰਗਟ ਕੀਤੇ ਹਨ। ਸਰ ਆਰ. ਜੀ. ਭੰਡਾਰਕਰ (Collected Works of Sir R. G. Bhandarkar, p. 344) ਨੇ ਪੈਸ਼ਾਚੀ ਬਾਰੇ ਲਿਖਿਆ ਹੈ ਕਿ ਪੈਸ਼ਾਚੀ ਸ਼ਾਇਦ ਉਸ ਆਰਯ ਜਾਤੀ ਦੀ ਭਾਸ਼ਾ ਸੀ ਜਿਹੜੀ ਬਹੁਤ ਦੇਰ ਤੀਕਰ ਆਪਣੇ ਜੱਦੀ ਘਰ (ਟਿਊਟਨ ਲੋਕਾਂ ਦੇ ਪੂਰਵਜਾਂ ਨਾਲ ਸੰਬੰਧਤ) ਵਿਚ ਟਿਕੀ ਰਹੀ ਅਤੇ ਕਾਫ਼ੀ ਚਿਰਾਂ ਤੋਂ ਬਾਅਦ ਭਾਰਤ-ਭੂਮੀ ਵਿਚ ਦਾਖਲ ਹੋਈ ਅਤੇ ਭਾਰਤ ਦੀਆਂ ਸਰਹਦਾਂ ਉਤੇ ਹੀ ਵਸ ਗਈ। ਜਾਂ ਇਹ ਵੀ ਮੁਮਕਿਨ ਹੈ ਕਿ ਇਹ ਪੈਸ਼ਾਚੀ ਭਾਸ਼ਾ ਬੋਲਦੀ ਕੌਮ ਦੂਜਿਆਂ ਟੋਲਿਆਂ

ਨਾਲ ਹੀ ਭਾਰਤ ਦੇਸ਼ ਵਿਚ ਪ੍ਰਵਿਸ਼ਟ ਹੋਈ ਹੋਵੇਗੀ ਪਰ ਸਰਹਦਾਂ ਦੇ ਪਹਾੜੀ ਇਲਾਕਿਆਂ ਵਿਚ ਖੁਲ੍ਹੇ-ਡੁਲ੍ਹੇ ਵਾਸੇ ਕਰ ਕੇ ਇਸ ਵਿਚ ਅਜੇਹੀਆਂ ਨਵੇਕਲੀਆਂ ਉਚਾਰਨ-ਰੀਤਾਂ ਪੈਦਾ ਹੋਈਆਂ ਹੋਣਗੀਆਂ ਜਿਹੜੀਆਂ ਕਿ ਬਾਕੀ ਆਰੀਆ ਭਾਸ਼ਾਵਾਂ ਵਿਚ ਨਹੀਂ ਹਨ।

Mr. Ellis ਨੇ ਆਪਣੇ ਸੰਪਾਦਿਤ ਗ੍ਰੰਥ "Campbell's Grammar of the Telgu Language" ਦੀ ਭੂਮਿਕਾ ਵਿਚ ਲਿਖਿਆ ਹੈ ਕਿ ਜਿਥੇ ਪੈਸ਼ਾਚੀ ਦਾ ਪ੍ਰਚਾਰ ਰਿਹਾ ਉਹ ਦੇਸ ਹਨ — ਗਾਂਧਾਰ, ਬਾਹਲੀਕ (ਬਲਖ਼) ਨੇਪਾਲ ਆਦਿ। ਜਰਮਨ ਵਿਦਵਾਨ Miklosich ਨੇ 1874 ਵਿਚ ਦਰਦ ਭਾਸ਼ਾ ਅਤੇ ਜਿਪਸੀ ਭਾਸ਼ਾ ਵਿਚਕਾਰ ਸਪਸ਼ਟ ਆਪਸੀ ਸੰਬੰਧ ਦੱਸੇ ਸਨ ਜਿਸ ਦੀ ਪੁਸ਼ਟੀ 1883 ਵਿਚ ਡਾ. ਪਿਸ਼ਲ ਨੇ ਕੀਤੀ ਅਤੇ ਤਜਵੀਜ਼ ਪੇਸ਼ ਕੀਤੀ ਕਿ ਇਨ੍ਹਾਂ ਦਾ ਸੰਬੰਧ ਪੈਸ਼ਾਚੀ ਨਾਲ ਹੈ।[1] ਇਨ੍ਹਾਂ ਵਿਦਵਾਨਾਂ ਨੇ ਇਨ੍ਹਾਂ ਭਾਸ਼ਾਵਾਂ ਵਿਚ ਧੁਨੀ-ਗਤ ਸਾਂਝਾਂ ਦੀ ਭਾਲ ਕੀਤੀ ਅਤੇ ਇਹ ਵੀ ਵੇਖਿਆ ਕਿ ਪੈਸ਼ਾਚੀ ਦੀ ਗੁੰਮ ਹੋਈ ਪੁਸਤਕ 'ਬ੍ਰਿਹਤਕਥਾ' ਕਸ਼ਮੀਰ ਵਿਚ ਬਹੁਤ ਲੋਕਪ੍ਰਿਯ ਹੈ।

ਡਾ. ਗ੍ਰੀਅਰਸਨ[2] ਨੇ ਪੈਸ਼ਾਚੀ ਭਾਸ਼ਾ ਦੀ ਪ੍ਰਕਿਰਤੀ, ਉਤਪੱਤੀ, ਨਿਵਾਸ, ਇਲਾਕੇ ਵਰਤਮਾਨ ਪੈਸ਼ਾਚੀ ਬੋਲੀਆਂ ਆਦਿ ਸਾਰਿਆਂ ਪੱਖਾਂ ਤੇ ਵਿਚਾਰ ਕਰ ਕੇ ਇਹ ਨਤੀਜਾ ਕੱਢਿਆ ਹੈ ਕਿ ਜਿਹੜੀਆਂ ਆਧੁਨਿਕ ਭਾਸ਼ਾਵਾਂ ਉੱਤਰ-ਪੱਛਮੀ ਸਰਹੱਦੀ ਸੂਬੇ (ਹੁਣ ਪਾਕਿਸਤਾਨ) ਦੇ ਲਗਮਾਨ, ਕਾਫ਼ਿਰਿਸਤਾਨ, ਸਿੰਧ, ਕੋਹਿਸਤਾਨ ਚਿਤ੍ਰਾਲ, ਗਿਲਗਿਤ ਅਤੇ ਕਸ਼ਮੀਰ ਦੇ ਇਲਾਕਿਆਂ ਵਿਚ ਬੋਲੀਆਂ ਜਾਂਦੀਆਂ ਹਨ ਉਹ ਪੈਸ਼ਾਚੀ ਪ੍ਰਾਕ੍ਰਿਤ ਦੀ ਅਜੋਕੀ ਸੰਤਾਨ ਹਨ।

ਡਾ. ਗ੍ਰੀਅਰਸਨ ਨੇ ਇਨ੍ਹਾਂ ਸਰਹੱਦੀ ਜ਼ਬਾਨਾਂ ਦਾ ਨਾਂ ਸਮੂਹਿਕ ਤੌਰ ਤੇ "ਆਧੁਨਿਕ ਪੈਸ਼ਾਚੀ (Modern Paisaci) ਤਜਵੀਜ਼ ਕੀਤਾ ਹੈ। ਉਸ ਨੇ ਲਿਖਿਆ ਹੈ ਕਿ ਮੈਂ ਇਹ ਕਹਿਣ ਵਿਚ ਹਕ-ਬਜਾਨਬ ਹਾਂ ਕਿ ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਪੈਸ਼ਾਚੀ ਦੀਆਂ ਜਿਹੜੀਆਂ ਖਾਸ ਖਾਸ ਭਾਸ਼ਾਈ ਵਿਸ਼ੇਸ਼ਤਾਵਾਂ ਅੰਕਿਤ ਕੀਤੀਆਂ ਹਨ ਉਹ ਸਾਰੀਆਂ ਦੀਆਂ ਸਾਰੀਆਂ ਇਨ੍ਹਾਂ "ਆਧੁਨਿਕ ਪੈਸ਼ਾਚੀ" ਜ਼ਬਾਨਾਂ ਵਿਚ ਮੌਜੂਦ ਹਨ। ਇਸ ਲਈ ਇਨ੍ਹਾਂ ਨੂੰ "ਆਧੁਨਿਕ ਪੈਸ਼ਾਚੀ" ਦੇ ਸਿਰਲੇਖ ਹੇਠ ਵਰਗ-ਬੱਧ ਕਰਨਾ ਹਰ ਤਰ੍ਹਾਂ ਉਚਿਤ

---

1. Grierson : The Pisaca Languages of North—Western India, p. 1 ਉਤੇ ਉਧ੍ਰਿਤ।
2. ਉਹੀ ਪੰਨਾ 8—9 Introduction,

ਹੈ। ਗ੍ਰੀਅਰਸਨ ਨੇ ਆਧੁਨਿਕ ਪੈਸ਼ਾਚੀ ਭਾਸ਼ਾਵਾਂ ਦੇ ਅੰਤਰਗਤ ਹੇਠ ਲਿਖੀਆਂ ਬੋਲੀਆਂ ਸ਼ਾਮਲ ਕੀਤੀਆਂ ਹਨ :

(1) ਕਾਫ਼ਿਰ ਵਰਗ (ਪੱਛਮੀ ਵਰਗ) :—

ਬਸ਼ਗਲੀ
ਵੇਅਲਾ
ਵੇਰਾ
ਪਸ਼ਈ
ਗਵਾਰ ਬਾਟੀ
ਕਲਾਸ਼ੀ

(2) ਖੋਵਾਰ ਜਾਂ ਚਿਤ੍ਰਾਲ

(3) ਦਰਦ ਵਰਗ (ਪੂਰਬੀ ਵਰਗ)

ਸ਼ੀਨਾ
ਕਸ਼ਮੀਰੀ
ਗਾਰਵੀ
ਮੈਯਾਂ

ਇਸ ਪ੍ਰਸੰਗ ਵਿਚ ਗ੍ਰੀਅਰਸਨ ਨੇ ਇਹ ਵੀ ਸਿਧਾਂਤ ਪੇਸ਼ ਕੀਤਾ ਹੈ ਕਿ ਇਨ੍ਹਾਂ ਭਾਸ਼ਾਵਾਂ (ਆਧੁਨਿਕ ਪੈਸ਼ਾਚੀ ਭਾਸ਼ਾਵਾਂ) ਦਾ ਆਪਣਾ ਇਕ ਅਲਹਿਦਾ ਵਰਗ ਹੈ ਜਿਹੜਾ ਕਿ ਈਰਾਨੀ ਭਾਸ਼ਾ-ਪਰਿਵਾਰ ਅਤੇ ਹਿੰਦ-ਆਰੀਆਈ ਭਾਸ਼ਾ-ਪਰਿਵਾਰ ਤੋਂ ਭਿੰਨ ਹੈ। ਇਸ ਲਈ ਇਹ ਤੀਜਾ ਭਾਸ਼ਾ-ਪਰਿਵਾਰ ਹੈ ਜਿਸ ਨੂੰ ਉਹ ਦਰਦ-ਪਰਿਵਾਰ ਵੀ ਆਖਦਾ ਹੈ। ਇਸ ਦਾ ਇਹ ਭਾਵ ਨਹੀਂ ਕਿ ਦਰਦ-ਪਰਿਵਾਰ ਦੀਆਂ ਭਾਸ਼ਾਵਾਂ ਈਰਾਨੀ ਤੇ ਭਾਰਤੀ ਭਾਸ਼ਾਵਾਂ ਦਾ ਮਿਸ਼ਰਤ ਰੂਪ ਹਨ। ਦਰਦ ਭਾਸ਼ਾਵਾਂ ਦੀਆਂ ਇਨ੍ਹਾਂ ਦੋਹਾਂ ਨਾਲ ਡੂੰਘੀਆਂ ਸਾਂਝਾਂ ਜ਼ਰੂਰ ਹਨ ਪਰ ਉਸ ਦੀਆਂ ਆਪਣੀਆਂ ਨਵੇਕਲੀਆਂ ਵਿਸ਼ੇਸ਼ਤਾਵਾਂ ਤੇ ਖਾਸੀਅਤਾਂ ਵੀ ਹਨ ਜਿਹੜੀਆਂ ਉਸ ਨੂੰ ਇਨ੍ਹਾਂ ਦੋਹਾਂ ਤੋਂ ਅਲਗ ਹਸਤੀ ਬਖ਼ਸ਼ਣ ਵਿਚ ਹਿੱਸਾ ਪਾਉਂਦੀਆਂ ਹਨ। ਇਹ ਪੈਸ਼ਾਚੀ ਬੋਲੀਆਂ ਭਾਰਤੀ ਆਰਯ ਬੋਲੀਆਂ ਦੇ ਜੱਦੀ ਆਰਯ ਭਾਸ਼ਾ ਤੋਂ ਵੱਖ ਹੋਣ ਸਮੇਂ ਅੱਡ ਹੋ ਗਈਆਂ ਸਨ ਅਤੇ ਇਹ ਉਦੋਂ ਅੱਡ ਹੋਈਆਂ ਜਦੋਂ ਅਜੇ ਈਰਾਨੀ ਜ਼ਬਾਨਾਂ ਵਿਚ ਉਨ੍ਹਾਂ ਦੀਆਂ ਆਪਣੀਆਂ ਵਖਰੀਆਂ ਵਿਸ਼ੇਸ਼ਤਾਵਾਂ ਪੈਦਾ

ਨਹੀਂ ਹੋਈਆਂ ਸਨ ।[1]

ਅੱਗੇ ਜਾ ਕੇ ਗ੍ਰੀਅਰਸਨ ਨੇ ਲਿਖਿਆ ਹੈ ਕਿ ਇਨ੍ਹਾਂ ਪਿਸ਼ਾਚਾਂ ਨੇ ਧੁਰ ਪੰਜਾਬ ਵਿਚ ਅਤੇ ਸਿੰਧ ਦਰਿਆ ਦੇ ਹੇਠਲੇ ਪਾਸੇ ਵਲ ਆਪਣੀਆਂ ਆਬਾਦੀਆਂ ਆਬਾਦ ਕੀਤੀਆਂ ਸਨ । ਉਹ ਕੇਕਯ (Kekaya) ਪ੍ਰਦੇਸ਼ (ਅਰਥਾਤ ਪੱਛਮੀ ਪੰਜਾਬ) ਅਤੇ ਵ੍ਰਾਚੜ ਪ੍ਰਦੇਸ਼ (ਅਰਥਾਤ ਸਿੰਧ ਪ੍ਰਾਂਤ) ਵਿਚ ਵੀ ਆਕੇ ਵਸੇ ਸਨ । ਇਸ ਲਈ ਆਧੁਨਿਕ ਲਹਿੰਦਾ ਪੰਜਾਬੀ ਤੇ ਸਿੰਧੀ ਭਾਸ਼ਾ ਵਿਚ ਆਧੁਨਿਕ ਪੈਸ਼ਾਚੀ ਦੇ ਕੁਝ ਖਾਸ ਅੰਸ਼ ਪ੍ਰਾਪਤ ਹਨ । ਇਨ੍ਹਾਂ ਅੰਸ਼ਾਂ ਵਿਚ ਮੱਧਵਰਤੀ /ਤ/ ਦੀ ਕਾਇਮੀ, Compensatory ਦੀਰਘਤਾ ਦੀ ਅਣਹੋਂਦ, ਮੂਰਧਨੀ ਤੇ ਦੰਤੀ ਵਰਣਾਂ ਦਾ ਅੰਤਰ-ਵਟਾਂਦਰਾ ਅਤੇ ਕੁਝ ਵਿਸ਼ੇਸ਼ ਪੜਨਾਂਵੀਂ ਰੂਪ ਸ਼ਾਮਲ ਹਨ । ਸ਼ਹਬਾਜ਼ਗੜ੍ਹੀ ਦੇ ਮੁਕਾਮ ਤੇ ਪ੍ਰਾਪਤ ਅਸ਼ੋਕ ਦੇ ਸ਼ਿਲਾਲੇਖਾਂ ਦੀ ਅਸ਼ੋਕੀ ਪਾਲੀ ਨਾਲ ਆਧੁਨਿਕ ਪੈਸ਼ਾਚੀ ਦੀਆਂ ਈਰਾਨੀ-ਜਨਕ ਸਮਾਨਤਾਵਾਂ ਵੀ ਮਿਲਦੀਆਂ ਹਨ ।

ਐਸ. ਐਮ. ਕਾਤ੍ਰੇ ਨੇ ਪੈਸ਼ਾਚੀ ਭਾਸ਼ਾ ਦੇ ਵਿਕਾਸ ਕੇਂਦਰ ਬਾਰੇ ਵਿਦਵਾਨਾਂ ਵਿਚ ਪ੍ਰਚਲਿਤ ਮਤਭੇਦਾਂ ਦਾ ਹਵਾਲਾ ਦੇਂਦਿਆਂ ਆਪਣੀ ਰਾਇ ਲਿਖੀ ਹੈ ਕਿ ਇਹ ਨਿਰਸੰਕੋਚ ਕਿਹਾ ਜਾ ਸਕਦਾ ਹੈ ਕਿ ਪੈਸ਼ਾਚੀ ਬੋਲੀਆਂ ਦਾ ਜੱਦੀ-ਘਰ ਉੱਤਰ-ਪੱਛਮੀ ਭਾਰਤੀ ਇਲਾਕਾ ਹੀ ਸੀ ।[2]

ਭਾਸ਼ਾਈ ਵਿਸ਼ੇਸ਼ਤਾਵਾਂ

ਪੈਸ਼ਾਚੀ ਦੇ ਭਾਸ਼ਾਗਤ ਰੂਪ ਬਾਰੇ ਵਰਰੁਚੀ, ਮਾਰਕੰਡੇਯ ਵਰਗੇ ਸਾਰਿਆਂ ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਵਰਣਨ ਕੀਤਾ ਹੈ ਅਤੇ ਮੁਖ ਮੁਖ ਨਿਯਮ ਉਲੀਕੇ ਹਨ ।

---

1. "We are therefore driven to the conclusion that the Modern Paisaci languages are neither of Indian nor of Eranian origin, but form a third branch of the Aryan stock which seperated from the parent stem after the branching forth of the original of the Indian languages, but before the Eranian languages had developed all their peculiar characteristics." ਉਹੀ ਪੰਨਾ 4.
2. Prakrit *Language and their Contribution to Indian Culture* p. 24

ਤ੍ਰਿਵਿਕ੍ਰਮਦੇਵ ਦੇ ਪ੍ਰਾਕ੍ਰਿਤ ਵਿਆਕਰਣ 'ਪ੍ਰਾਕ੍ਰਿਤ ਸ਼ਬਦਾਨੁਸ਼ਾਸਨ' ਦੇ ਤੀਜੇ ਅਧਿਆਇ ਦੇ ਦੂਜੇ ਪਦ ਵਿਚ ਮਾਗਧੀ ਪ੍ਰਾਕ੍ਰਿਤ ਤੋਂ ਬਾਅਦ ਪੈਸ਼ਾਚੀ ਦੀ ਭਾਸ਼ਾਗਤ ਰੂਪ ਰੇਖਾ ਦਾ ਦਿਗਦਰਸ਼ਨ ਪੇਸ਼ ਕੀਤਾ ਹੈ। ਇਹ ਦਿਗਦਰਸ਼ਨ ਸੂਤਰ ਨੰਬਰ 43 ਤੋਂ ਲੈ ਕੇ 67 ਤਕ ਹੈ। ਤ੍ਰਿਵਿਕ੍ਰਮ ਨੇ ਪੈਸ਼ਾਚੀ ਦੀਆਂ ਖ਼ਾਸ ਖ਼ਾਸ ਵਿਸ਼ੇਸ਼ਤਾਵਾਂ ਦਾ ਕਥਨ ਕਰਕੇ ਸੂਤਰ 62 ਵਿਚ ਇਹ ਲਿਖ ਦਿਤਾ ਹੈ ਕਿ ਬਾਕੀ ਰੂਪਰੇਖਾ ਸ਼ੌਰਸੇਨੀ ਪ੍ਰਾਕ੍ਰਿਤ ਵਾਂਗੂ ਹੈ। ਪੈਸ਼ਾਚੀ ਵਿਚ ਣ ਨੂੰ ਨ ਹੁੰਦਾ ਹੈ– ਪ੍ਰਣਮਤ — ਪਨਮਤ, ਗੁਣਗਨ ਜੁੱਤ (ਗੁਣ ਗਣ ਯੁਕਤ :) ਗੁਨੇਨ (ਗੁਣੇਨ)

ਇਸ ਵਿਚ ਨਯ, ਣਯ, ਜਞ ਨੂੰ ਞ ਹੁੰਦਾ ਹੈ — ਕੰਞਕਾ (ਕੰਨਯਕਾ), ਅਭਿਮੰਞੂ (ਅਭਿਮਨਯੁ:), ਪੁੰਞ ਕੰਮੋ (ਪੁਣਯਕਰਮ), ਪੰਞਾ (ਪ੍ਰਗਿਆ—ਪ੍ਰਜਞਾ)।

ਇਸ ਵਿਚ ਦ ਨੂੰ ਤ ਹੁੰਦਾ ਹੈ—ਮਤਨ (ਮਦਨ), ਤਾਮੋਤਰੋ (ਦਾਮੋਦਰ)। ਸ਼ ਤੇ [ਖ] ਨੂੰ ਸ ਹੁੰਦਾ ਹੈ– ਸੰਖੋ (ਸ਼ੰਖ), ਸੰਕਾ (ਸ਼ੰਕਾ), ਕਿਸਨੋ (ਕ੍ਰਿਸ਼ਣ), ਵਿਸੇਸੋ (ਵਿਸ਼ੇਸ਼)। ਲ ਨੂੰ ਲ਼ ਹੈ — ਸੀਲ਼, ਕੁਲ਼, ਜਲ਼, ਫਲ਼, ਕਮਲ਼ (ਸ਼ੀਲ, ਕੁਲ, ਜਲ, ਫਲ, ਕਮਲ)।

ਦ੍ਰਿ ਦੀ ਥਾਂ ਰਿ — ਯਤਿਸੋ (ਯਾਦ੍ਰਿਸ਼ : ਜਿਹੋ ਜਿਹਾ) ਤਾ ਤਿਸੋ (ਤਾਦ੍ਰਿਸ਼ :, ਤਿਹੋ ਜਿਹਾ)।

ਸ੍ਵਰ ਭਗਤੀ ਦਾ ਜ਼ੋਰ ਹੈ— ਭਾਰਿਆ (ਭਾਰਯਾ, ਘਰਵਾਲੀ), ਸਿਨਾਨ (ਸ੍ਨਾਨ), ਕਸਿਟ (ਕਸ਼ਟ)। ਟੁ ਦੀ ਥਾਂ ਤੁ ਹੈ — ਕੁਤੁੰਬਕੰ (ਕੁਟੁੰਬਕੰ)।

ਪੈਸ਼ਾਚੀ ਦੀ ਇਕ ਕਿਸਮ **ਚੂਲਿਕਾ ਪੈਸ਼ਾਚੀ** ਜਾਂ ਚੂਲਿਕਾ-ਪੈਸ਼ਾਚਿਕਾ ਹੈ। ਤ੍ਰਿਵਿਕ੍ਰਮ ਨੇ ਉਸ ਦੀਆਂ ਵਿਸ਼ੇਸ਼ਤਾਵਾਂ ਬਾਰੇ ਦਸਿਆ ਹੈ ਕਿ ਉਸ ਵਿਚ / ਗ, ਜ, ਡ, ਦ, ਬ, ਘ, ਝ, ਢ, ਧ, ਭ / ਦੀ ਥਾਂ ਤਰਤੀਬਵਾਰ / ਕ, ਚ, ਟ, ਤ, ਪ, ਖ, ਛ, ਠ, ਥ, ਫ / ਹੋ ਜਾਂਦੇ ਹਨ। ਮਿਸਾਲ ਵਜੋਂ ਨਕਲੰ — ਨਗਰ, ਮਕੱਨੋ — ਮਾਰਗਣ :, ਮੇਖੋ —ਮੇਘ, ਖਨੋ — ਘਨ, ਵਖੋ—ਵਯਾਘ੍ਰ (ਬਘਿਆੜ) ਰਾਚਾ, ਨੂੰ ਰਾਜਾ, ਚੀਮੂਤ, ਜੀਮੂਤ, ਛੱਚਲੰ—ਜਰਜਰੰ, ਨਿਛੱਲੋ—ਨਿਰਝਰ : (ਝਰਨਾ), ਤਟਾਕੇ—ਤੜਾਗ :, ਡਮਲੁ—ਡਮਰੁ, ਮੰਟਲ—ਮੰਡਲ, ਕਾਠੰ—ਗਢੰ, ਠੱਕ—ਢੱਕਾ, ਸੰਟੋ—ਸੰਡ :, ਮਤਨੋ—ਮਦਨ, ਤਾਮੋਤਲੋ—ਦਾਮੋਦਰ, ਮੰਤਲੋ—ਮੰਦਿਰ, ਮਥੁਲੰ—ਮਧੁਰੰ, ਥਾਲਾ—ਧਾਰਾ, ਪੰਥਵੋ— ਬਾਂਧਵ :, ਪਾਲਕੋ—ਬਾਲਕ :, ਲੰਫਾ—ਰੰਭਾ, ਫਕਵਤੀ—ਭਗਵਤੀ, ਰਪਤੱਤ।

ਵਿਆਕਰਣਿਕ ਪਖ ਤੋਂ ਪੈਸ਼ਾਚੀ ਆਮ ਤੌਰ ਤੇ ਬਾਕੀ ਪ੍ਰਾਕ੍ਰਿਤਾਂ ਵਾਂਗੂ ਹੀ ਹੈ।

ਭਵਿਖਤ ਕਾਲ ਵਿਚ ਵਿਸ਼ੇਸ਼ ਪ੍ਰਤਿਐ 'ਏਯ' ਹੁੰਦਾ ਹੈ ਹੁਵੇਯ - ਭਵਿਸ਼ਯਤਿ, ਪਠੇਯ—ਪਠਿਸ਼ਯਤਿ।

ਵੰਨਗੀ :

ਤ੍ਰਿਵਿਕ੍ਰਮ ਦੇ ਵਿਆਕਰਣ ਦੇ ਸੂਤ੍ਰ 62 (ਅਧਿਆਇ 3, ਪਾਦ 2) ਵਿਚ ਪੈਸ਼ਾਚੀ ਦਾ ਇਹ ਵਾਰਤਕ-ਟੋਟਾ ਦਰਜ ਹੈ ;

"ਅਥ ਸਸਰੀਰੋ ਭਗਵੰ ਮਕਰਧਜੋ ਏਥ ਪਰਿਭਮੰਤੋ ਹੁਵੇਯ। ਏਵੰ ਵਿਧਾਏ ਭਗਵਤੀਏ ਕਥੰ ਤਾਪਸ-ਵੇਸ-ਗਹਨੰ ਕਤੰ। ਈਤਿਸੰ ਅਤਿੱਠ ਪੁਰਵੰ ਮਹਾਧਨੰ ਤੱਠੂਨ, ਭਅਵੰ ਅਕਿਮੰ ਵਰੰ ਅੱਛਸੇ ਰਅੱਜ। ਚੰਦਾਵਲੋਕਾਤੋ ਥਰਨੀਏ ਕੁਰਾਤੋ ਏਵ ਤਿਠੋ ਸੋ ਆਗੱਛਮਾਨੋ ਰਾਜਾ"

14

ਅਵਹੱਟ

(ਸੰਕ੍ਰਾਂਤਿ ਕਾਲ ਦੀ ਭਾਸ਼ਾ)

ਪਿਛੇ ਅਸੀਂ ਵੇਖ ਆਏ ਹਾਂ ਕਿ "ਅਪਭ੍ਰੰਸ਼" ਭਾਸ਼ਾ ਸਰਬ ਭਾਰਤੀ ਖੇਤਰ ਵਿਚ 500 ਈ. ਤੋਂ 1000 ਤਕ ਇਕ ਸਾਹਿਤਕ ਤੇ ਸਭਿਆਚਾਰਕ ਭਾਸ਼ਾ ਦੇ ਤੌਰ ਤੇ ਬਿਰਾਜਮਾਨ ਰਹੀ। ਪਰੰਤੂ ਇਸ ਦੇ ਕਈ ਖੇਤਰੀ ਜਾਂ ਇਲਾਕਾਈ ਭੇਦ-ਉਪਭੇਦ ਸਨ ਜਿਨ੍ਹਾਂ ਤੋਂ ਹੀ ਸਾਡੀਆਂ ਆਧੁਨਿਕ ਹਿੰਦ-ਆਰੀਆਈ ਭਾਸ਼ਾਵਾਂ ਉਤਪੰਨ ਹੋਈਆਂ ਹਨ। ਪਰੰਤੂ ਅਪਭ੍ਰੰਸ਼ ਦੇ ਪ੍ਰਚਾਰ ਤੋਂ ਬਾਦ ਅਤੇ ਆਧੁਨਿਕ ਭਾਸ਼ਾ ਦੇ ਟਕਸਾਲੀ ਰੂਪ ਧਾਰਨ ਕਰਨ ਤੋਂ ਪਹਿਲਾਂ ਮੱਧਵਰਤੀ (ਮਝੱਲੇ) ਸਮੇਂ ਵਿਚ ਇਕ ਅਜੇਹੇ ਭਾਸ਼ਾ-ਰੂਪ ਦੇ ਵੀ ਇਸ਼ਾਰੇ ਮਿਲਦੇ ਹਨ ਜਿਸ ਨੂੰ ਤਤਕਾਲੀ ਸਾਹਿਤਕਾਰਾਂ ਅਤੇ ਵਿਆਕਰਣਕਾਰਾਂ ਨੇ "ਅਵਹੱਟ" ਜਾਂ "ਅਵਹੱਠ" ਦਾ ਨਾਂ ਦਿੱਤਾ ਹੈ। ਅਵਹੱਟ, ਅਸਲ ਵਿਚ ਅਪਭ੍ਰੰਸ਼ ਤੇ ਆਧੁਨਿਕ ਭਾਸ਼ਾਵਾਂ ਦੇ ਦਰਮਿਆਨ ਇਕ ਤਰ੍ਹਾਂ ਦੀ ਕੜੀ ਹੈ ਜਿਸ ਵਿਚ ਉਪਰਲੀ ਤੇ ਮਗਰਲੀ ਦੋਹਾਂ ਭਾਸ਼ਾਵਾਂ ਦੇ ਤੱਤ ਮਿਲਦੇ ਹਨ। ਅਵਹੱਟ ਦੀ ਰੂਪ ਰੇਖਾ ਦਾ ਗਿਆਨ ਸਾਨੂੰ ਹੇਠ ਲਿਖੇ ਗ੍ਰੰਥਾਂ ਤੋਂ ਮਿਲਦਾ ਹੈ :—

	ਰਚਨਾ	ਲੇਖਕ	ਸਮਾਂ
1.	ਸੰਦੇਸ਼ ਰਾਸਕ (ਸਨੇਹ ਰਾਸਾ)	ਅਬਦੁਲ ਰਹਿਮਾਨ (ਅੱਦਹਮਾਣ)	12ਵੀਂ ਸਦੀ
2.	ਪ੍ਰਾਕ੍ਰਿਤ ਪੈਂਗਲਮ	ਪਿੰਗਲ, ਵਾਰਾਣਸੀ	14ਵੀਂ ਸਦੀ
3.	ਉਕਤਿ-ਵਯਕਤਿ ਪ੍ਰਕਰਣ	ਪੰ. ਦਾਮੋਦਰ ਕਾਸ਼ੀ	12ਵੀਂ ਸਦੀ
4.	ਕੀਰਤਿ ਲਤਾ	ਵਿਦਿਆਪਤੀ, ਮਿਥਿਲਾ	14ਵੀਂ ਸਦੀ
5.	ਵਰਣ ਰਤਨਾਕਰ	ਜਯੋਤਿਰੀਸ਼ਵਰ, ਮਿਥਿਲਾ	14ਵੀਂ ਸਦੀ
6.	ਚਰਯਾਪਦ	ਸਿੱਧ ਤੇ ਨਾਥ ਪੂਰਬੀ ਭਾਰਤ	14ਵੀਂ ਸਦੀ
7,	ਗਿਆਨੇਸ਼ਵਰੀ	ਸੰਤ ਗਿਆਨੇਸ਼ਵਰ, ਦੱਖਣੀ ਭਾਰਤ	13ਵੀਂ ਸਦੀ
8.	ਪੁਰਾਤਨ ਪ੍ਰਬੰਧ ਸੰਗ੍ਰਹ	ਸੰ. ਮੁਨਿ ਜਿਨ ਵਿਜਯ	12ਵੀਂ ਸਦੀ
9.	ਰਾਉਲ ਵੇਲ		

"ਅਵਹੱਟ" ਸ਼ਬਦ ਦੀ ਵਰਤੋਂ :

ਇਨ੍ਹਾਂ ਗ੍ਰੰਥਾਂ ਵਿਚ ਭਿੰਨ ਭਿੰਨ ਪ੍ਰਸੰਗਾਂ ਅੰਦਰ "ਅਵਹੱਠ/ਅਵਹੱਟ" ਸ਼ਬਦ ਦਾ ਇਸਤੇਮਾਲ ਹੋਇਆ ਹੈ।

ਸੰਦੇਸ਼ ਰਾਸਕ :

"ਅਵਹੱਟਯ — ਸੱਕਯ ਪਾਇਯੰਮਿ ਪੇਸਾਇਯੰਮਿ ਭਾਸਾਯ।"
(1,6.)

(ਅਰਥਾਤ ਅਵਹੱਟ, ਸੰਸਕ੍ਰਿਤ ਅਤੇ ਪੈਸਾਚੀ ਭਾਸ਼ਾਵਾਂ ਵਿਚ (ਪ੍ਰਬੀਨ)।)

ਪ੍ਰਾਕ੍ਰਿਤ ਪੈਂਗਲ ਦੇ ਟੀਕਾਕਾਰ ਲਕਸ਼ਮੀਧਰ ਦਾ ਕਥਨ :

"ਪ੍ਰਥਮੇ ਭਾਸ਼ਾਯਾਹ ਅਵਹੱਟ ਭਾਸ਼ਾਜਾਸ ਤਰੰਡਹ"

ਵਰਣ ਰਤਨਾਕਾਰ :

"ਪੁਨੁ ਕਈਸਨ ਭਾਟ, ਸੰਸਕ੍ਰਿਤ, ਪਰਾਕ੍ਰਿਤ, ਅਵਹੱਠ ਪੈਸ਼ਾਚੀ, ਸ਼ੌਰਸੇਨੀ,

ਮਾਗਧੀ ਛਹ ਭਾਸ਼ਾ ਤੱਤਵੱਗ ਸ਼ਕਾਰੀ, ਆਭੀਰੀ, ਚਾਂਡਾਲੀ ਸਾਵਲੀ ਦ੍ਰਾਵਿਲੀ, ਔਤਕਲੀ ਵਿਜਾਡੀਯਾਂ ਸਾਤਹੁ ਉਪਭਾਸ਼ਕ ਕੁਸਲਹ (ਪੰਨਾ 55)

ਕੀਰਤਿਲਤਾ।

ਸੱਕਅ ਵਾਣੀ ਬਹਅ ਨ ਭਾਵਇ।
ਪਾਉਅ ਰਸ ਕੋ ਮਮ ਨ ਪਾਵਇ।
ਦੇਸਿਲ ਬਅਨਾ ਸਬ ਜਨ ਮਿੱਠਾ।
ਤੇਂ ਤੈਸਨ ਜੰਪਿਅ ਅਵਹੱਠਾ (ਪ੍ਰਥਮ ਪੱਲਵ)

(ਸੰਸਕ੍ਰਿਤ ਬਾਣੀ ਬਹੁਤੀ ਨਹੀਂ ਭਾਉਂਦੀ, ਪ੍ਰਾਕ੍ਰਿਤ ਦਾ ਮਰਮ (ਰਹੱਸ) ਵੀ ਨਹੀਂ ਪ੍ਰਾਪਤ ਹੈ। ਦੇਸੀ ਭਾਸ਼ਾ ਸਾਰਿਆਂ ਲਈ ਮਿਠੀ ਹੈ। ਉਸੇ ਤਰ੍ਹਾਂ ਅਵਹੱਠ ਹੀ ਵਰਤੀ-ਬੋਲੀ ਹੈ)

ਅਵਹੱਟ ਦਾ ਅਰਥ-ਪ੍ਰਯੋਗ :

ਉਕਤ ਗ੍ਰੰਥਾਂ ਵਿਚ ਅਵਹੱਟ/ਅਵਹੱਠ ਸ਼ਬਦ ਦਾ ਪ੍ਰਯੋਗ ਅਵਸ਼ ਹੋਇਆ ਹੈ। ਪਰੰਤੂ ਇਸ ਤੋਂ ਇਹ ਸਾਬਤ ਕਰਨਾ ਕਠਨ ਜਾਪ ਰਿਹਾ ਹੈ ਕਿ ਅਵਹੱਟ ਸ਼ਬਦ ਸੰਸਕ੍ਰਿਤ 'ਅਪਭ੍ਰੰਸ' ਜਾਂ ਸੰ. ਅਪਭ੍ਰਸ਼ਟ ਦਾ ਹੀ ਵਿਗੜਿਆ ਰੂਪ ਹੈ ਇਸ ਲਈ ਅਵਹੱਟ ਤੇ ਅਪਭ੍ਰੰਸ਼ ਦੋਵੇਂ ਇਕੋ ਹੀ ਹਨ ਅਤੇ ਜਾਂ ਅਵਹੱਟ ਅਪਭ੍ਰੰਸ਼ ਤੋਂ ਅਲਹਿਦਾ ਅਗਲੀ ਭਾਸ਼ਾ ਦਾ ਨਾਂਉਂ ਹੈ। ਵਿਦਵਾਨ ਇਸ ਬਾਰੇ ਸਹਿਮਤ ਨਹੀਂ ਹਨ। ਡਾ. ਭੋਲਾ ਨਾਥ ਤਿਵਾਰੀ (ਹਿੰਦੀ ਭਾਸ਼ਾ ਪੰਨਾ 92-94) ਨੇ ਬੜੇ ਸਪਸ਼ਟ ਸ਼ਬਦਾਂ ਵਿਚ ਇਹ ਸਿਧ ਕਰਨ ਦਾ ਜਤਨ ਕੀਤਾ ਹੈ ਕਿ ਅਵਹੱਟ ਅਪਭ੍ਰੰਸ਼ ਦਾ ਹੀ ਨਾਂ ਹੈ ਜਿਹੜੀ ਦੇਸੀ ਉਚਾਰਨ ਅਨੁਸਾਰ ਵਿਗੜਕੇ ਬਣਿਆ ਹੋਇਆ ਹੈ। ਪਰ ਉਹ ਇਹ ਵੀ ਮੰਨਦੇ ਹਨ ਕਿ ਅਪਭ੍ਰੰਸ਼ ਦੇ ਅਗਲੇ ਰੂਪ ਅਤੇ ਆਧੁਨਿਕ ਬੋਲੀਆਂ ਦੇ ਪਹਿਲੇ ਰੂਪ ਦੀ ਸੰਧੀ ਭਾਸ਼ਾ ਦੇ ਤੌਰ ਤੇ 'ਅਵਹੱਟ' ਭਾਸ਼ਾ ਦੀ ਮਾਨਤਾ ਭਾਸ਼ਾ ਵਿਗਿਆਨੀਆਂ ਵਿਚ ਚਲ ਪਈ ਹੈ। ਇਸ ਲਈ ਵਿਚਲੀ ਦਾ ਨਾਂ ਗੱਡੀ ਹੈ।

ਇਹ ਠੀਕ ਹੈ ਕਿ 'ਪ੍ਰਾਕ੍ਰਿਤ ਪੈਂਗਲ' ਦੇ ਟੀਕਾਕਾਰ ਲਕਸ਼ਮੀਧਰ ਨੇ ਆਪਣੀ ਟੀਕਾ ਵਿਚ ਅਵਹੱਠ ਦਾ ਅਰਥ ਅਪਭ੍ਰੰਸ਼ ਹੀ ਕੀਤਾ ਹੈ ਜਿਹੜਾ ਬਰੈਕਟ ਵਿਚ ਹੈ। ਆਮ ਤੌਰ ਤੇ ਅਪਭ੍ਰੰਸ਼ ਦੇ ਕਵੀਆਂ ਨੇ ਅਵਹੱਟ ਦੀ ਵਰਤੋਂ ਅਪਭ੍ਰੰਸ਼ ਵਾਸਤੇ ਹੀ ਕੀਤੀ ਲਗਦੀ ਹੈ। ਅਪਭ੍ਰੰਸ਼ ਕਵੀ ਸੰਸਕ੍ਰਿਤ ਨੂੰ ਸੱਕਅ, ਪ੍ਰਾਕ੍ਰਿਤ ਨੂੰ ਪਾਉਅ ਲਿਖਦੇ ਸਨ ਅਤੇ ਹੋ

ਸਕਦਾ ਹੈ ਕਿ ਉਹ ਅਵਹੱਟ ਨੂੰ ਵੀ ਅਪਭ੍ਰੰਸ਼ ਦੇ ਅਰਥ ਵਿਚ ਪ੍ਰਯੁਕਤ ਕਰਦੇ ਸਨ। ਪਰ ਦੂਜੇ ਪਾਸੇ ਇਹ ਵੀ ਵੇਖਿਆ ਜਾ ਸਕਦਾ ਹੈ ਕਿ ਕੀਰਤਿਲਤਾ ਵਿਚ 'ਦੇਸਿਲ ਬਅਨਾ' ਵਲ ਵੀ ਇਸ਼ਾਰਾ ਹੈ ਅਰਥਾਤ ਦੇਸੀ ਬੋਲੀ। ਬਹੁਤ ਸਾਰੇ ਕਵੀ ਆਪਣੇ ਆਪਣੇ ਪ੍ਰਾਂਤ ਦੀਆਂ ਬੋਲੀਆਂ ਨੂੰ ਦੇਸੀ ਜਾਂ ਭਾਸ਼ਾ ਜਾਂ ਭਾਖਾ ਕਹਿੰਦੇ ਰਹੇ ਹਨ ਅਤੇ ਅਵਹੱਟ ਦੀ ਘਟ ਵਰਤੋਂ ਕੀਤੀ ਹੈ। ਡਾ: ਚਟਰਜੀ ਅਤੇ ਡਾ: ਸੇਨ ਨੇ ਪ੍ਰਾਚੀਨ ਅਪਭ੍ਰੰਸ਼ ਨੂੰ ਤਾਂ ਅਪਭ੍ਰੰਸ਼ ਕਿਹਾ ਹੈ ਪਰ ਮਗਰਲੇ ਸਮੇਂ ਦੀ ਅਪਭ੍ਰੰਸ਼ ਨੂੰ 'ਅਵਹੱਟ' ਦਾ ਨਾਂ ਦਿੱਤਾ ਹੈ। ਇਸ ਸਾਰੀ ਚਰਚਾ ਦਾ ਭਾਵ ਇਹ ਹੈ ਕਿ ਅਪਭ੍ਰੰਸ਼ ਆਪਣੇ ਸਮੇਂ ਅਰਥਾਤ 500 ਈ: ਤੋਂ 1000 ਈ: ਤਕ ਸਾਹਿਤਕ ਭਾਸ਼ਾ ਦੀ ਪਦਵੀ ਤੇ ਸੁਸ਼ੋਭਤ ਰਹੀ ਪਰ ਜਦੋਂ ਇਸ ਵਿਚ ਆਪੋ ਆਪਣੇ ਇਲਾਕਿਆਂ ਦੀਆਂ ਬੋਲੀਆਂ ਦੇ ਅੰਸ਼ ਜ਼ੋਰ ਫੜਨ ਲਗੇ ਤਾਂ ਇਹ ਤਬਦੀਲ ਹੋ ਕੇ ਦੇਸੀ ਭਾਸ਼ਾ, ਅਵਹੱਠ, ਅਵਹੰਸ, ਭਾਖਾ ਜਾਂ ਨਿਰੀ ਭਾਸ਼ਾ ਅਖਵਾਉਣ ਲਗੀ। ਕਵੀ ਆਪਣੀਆਂ ਖੇਤਰੀ ਬੋਲੀਆਂ ਦੇ ਅੰਸ਼ ਸਮੋ ਕੇ ਅਪਭ੍ਰੰਸ਼ ਦੀ ਵਰਤੋਂ ਕਰਦੇ ਰਹੇ ਅਤੇ ਇਸ ਤਰ੍ਹਾਂ 'ਅਵਹੱਟ' ਅਪਭ੍ਰੰਸ਼ ਤੇ ਆਧੁਨਿਕ ਹਿੰਦ-ਆਰੀਆਈ ਭਾਸ਼ਾਵਾਂ ਦੇ ਵਿਚਾਲੇ ਸੰਧੀਕਾਲੀਨ ਭਾਸ਼ਾ ਜਾਂ ਸੰਕ੍ਰਾਂਤੀ ਕਾਲੀਨ ਭਾਸ਼ਾ ਦੇ ਰੂਪ ਵਿਚ ਮੰਨਣ-ਯੋਗ ਬਣ ਗਈ। ਡਾ. ਤਿਵਾਰੀ ਨੇ ਲਿਖਿਆ ਹੈ (ਪੰਨਾ 100) ਕਿ ਇਹ ਸੰਧੀਕਾਲੀਨ ਅਵਹੱਟ ਭਾਸ਼ਾ ਦਾ ਸਮਾਂ ਮੋਟੇ ਤੌਰ ਤੇ 900 ਤੋਂ 1100 ਈ. ਤਕ ਜਾਂ ਕੁਝ ਬਾਅਦ ਤਕ ਦਾ ਹੈ ਭਾਵੇਂ ਸਾਹਿਤ ਵਿਚ ਇਸ ਦਾ ਵਿਵਹਾਰ ਚੌਦ੍ਹਵੀਂ ਸਦੀ ਤਕ ਵੀ ਹੁੰਦਾ ਰਿਹਾ ਹੈ।

ਡਾ. ਉਦੇ ਨਾਰਾਇਣ ਤਿਵਾਰੀ (ਹਿੰਦੀ ਭਾਸ਼ਾ ਕਾ ਉਦਗਮ ਔਰ ਵਿਕਾਸ, ਪੰਨਾ 141) ਨੇ ਸੰਕ੍ਰਾਂਤੀ ਕਾਲ ਦੀਆਂ ਅਵਹੱਟ ਰਚਨਾਵਾਂ ਵਿਚ ਵਖਰੇ ਵਖਰੇ ਇਲਾਕਿਆਂ ਦੀਆਂ ਬੋਲੀਆਂ ਦੇ ਭਾਸ਼ਾਈ ਰੂਪ ਵੇਖੇ ਹਨ ਇਸ ਲਈ ਇਹ ਰਚਨਾਵਾਂ ਵਖਰੇ ਵਖਰੇ ਪ੍ਰਾਂਤਾਂ ਦੇ ਬੋਲੀ ਰੂਪਾਂ ਦੀਆਂ ਪ੍ਰਤਿਨਿਧ ਰਚਨਾਵਾਂ ਹਨ :

ਗ੍ਰੰਥ	ਪ੍ਰਾਂਤਿਕ ਬੋਲੀਆਂ ਦੇ ਅੰਸ਼
ਸੰਦੇਸ਼ ਰਾਸਕ ਪ੍ਰਾਕ੍ਰਿਤ ਪੈਂਗਲ ਪੁਰਾਤਨ ਪ੍ਰਬੰਧ ਸੰਗ੍ਰਹਿ	ਉੱਤਰ-ਪੱਛਮੀ ਭਾਰਤੀ ਬੋਲੀਆਂ
ਉਕਤਿ-ਵਯਕਤਿ-ਪ੍ਰਕਰਣ	ਕੋਸਲ (ਹੁਣ ਅਵਧੀ ਖੇਤਰ)
ਵਰਣ ਰਤਨਾਕਰ ਕੀਰਤਿ ਲਤਾ ਚਰਜਾ ਪਦ	ਪੂਰਬੀ ਭਾਰਤੀ ਬੋਲੀਆਂ
ਗਿਆਨੇਸ਼ਵਰੀ	ਮਰਾਠਾ ਭਾਸ਼ਾ

ਇਸ ਨਕਸ਼ੇ ਵਿਚ ਦਰਜ ਅਵਹੱਟ ਰਚਨਾਵਾਂ ਦੇ ਭਾਸ਼ਾ-ਵਿਗਿਆਨਕ ਅਧਿਐਨ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਨ੍ਹਾਂ ਦੀ ਭਾਸ਼ਾ ਵਿਚ ਅਪਭ੍ਰੰਸ਼ੀ ਲੱਛਣਾਂ ਦੇ ਨਾਲ ਨਾਲ ਨਵੀਆਂ ਪ੍ਰਤਿਕ ਬੋਲੀਆਂ ਦੇ ਲੱਛਣ ਵੀ ਮਿਲਦੇ ਹਨ ਅਤੇ ਇਹ ਭਾਸ਼ਾ ਨਵੀਆਂ ਬੋਲੀਆਂ ਵਲ ਤੁਰ ਰਹੀ ਹੈ। ਇਸ ਲਈ ਇਹ 'ਦਰਮਿਆਨੀ ਕਾਲ' ਜਾਂ ਸੰਕ੍ਰਾਂਤੀ ਕਾਲੀਨ ਭਾਸ਼ਾ ਦੀਆਂ ਰਚਨਾਵਾਂ ਹੀ ਮੰਨੀਆਂ ਜਾ ਸਕਦੀਆਂ ਹਨ। ਭਾਸ਼ਾ-ਅਧਿਐਨ ਦੇ ਪੱਖ ਤੋਂ ਇਸ ਸਮੇਂ ਦੀ ਸੰਕ੍ਰਾਂਤੀ ਕਾਲੀਨ ਭਾਸ਼ਾ ਨੂੰ ਆਸਾਨੀ ਨਾਲ 'ਅਵਹੱਟ' ਕਿਹਾ ਜਾ ਸਕਦਾ ਹੈ।

ਜਿਵੇਂ ਕਿ ਅਸੀਂ ਅੱਗੇ ਵੇਖਾਂਗੇ 'ਸੰਦੇਸ਼ ਰਾਸਕ' (ਸਨੇਹ ਰਾਸਾ) ਦੀ ਭਾਸ਼ਾ ਵਿਚ ਪੁਰਾਣੀ ਪੰਜਾਬੀ ਦੇ ਦਰਸ਼ਨ ਹੁੰਦੇ ਹਨ ਖਾਸ ਕਰ ਕੇ ਲਹਿੰਦੀ ਪੰਜਾਬੀ ਦੇ। ਸੰਦੇਸ਼ ਰਾਸਕ ਮੁਲਤਾਨ ਪ੍ਰਦੇਸ਼ ਵਿਚ ਰਚੀ ਗਈ ਰਚਨਾ ਹੈ ਅਤੇ ਜਿਵੇਂ ਕਿ ਸੁਭਾਵਿਕ ਹੈ ਇਸ ਵਿਚ ਆਪਣੇ ਪ੍ਰਦੇਸ਼ ਦੀ ਬੋਲੀ ਦੇ ਅੰਸ਼ ਮਿਲਦੇ ਹਨ। ਹਿੰਦੀ ਵਿਦਵਾਨ 'ਸੰਦੇਸ਼ ਰਾਸਕ' ਨੂੰ ਪੁਰਾਣੀ ਹਿੰਦੀ ਦਾ ਗ੍ਰੰਥ ਦੱਸਣ ਵਿਚ ਪ੍ਰਯਤਨ ਹਨ ਅਤੇ ਸਿੱਧ ਕਰਨ ਦੇ ਹੀਲੇ ਕਰਦੇ ਹਨ। ਪਰ ਅਸਲੀਅਤ ਇਹ ਹੈ ਕਿ ਇਸ ਰਚਨਾ ਉੱਤੇ ਪੰਜਾਬੀ ਦਾ ਵਧੇਰੇ ਹੱਕ ਹੈ। ਇਸ ਦਾ ਵਿਵੇਚਨ ਅੱਗੇ ਕੀਤਾ ਗਿਆ ਹੈ।

ਅਵਹੱਟ ਦੀਆਂ ਭਾਸ਼ਾ-ਗਤ ਵਿਸ਼ੇਸ਼ਤਾਵਾਂ :

ਅਵਹੱਟ ਵਿਚ ਅਪਭ੍ਰੰਸ਼ ਵਾਲੀਆਂ ਸਾਰੀਆਂ ਧੁਨੀਆਂ ਪ੍ਰਚਲਿਤ ਸਨ। ਇਨ੍ਹਾਂ ਤੋਂ ਇਲਾਵਾ /ਐ, ਔ/ ਦੋ ਨਵੀਆਂ ਸੁਰ-ਧੁਨੀਆਂ ਦਾ ਵਿਕਾਸ ਹੋ ਗਿਆ। ਅਪਭ੍ਰੰਸ਼ ਵਾਲਾ ਗੁੱਟ /ਅਇ/ ਐ ਦੇ ਰੂਪ ਵਿਚ ਬਦਲ ਗਿਆ ਅਤੇ /ਅਉ/ ਵਾਲਾ ਗੁੱਟ ਔ ਬਣ ਗਿਆ —

ਸੰਸਕ੍ਰਿਤ	ਅਪਭ੍ਰੰਸ਼	ਅਵਹੱਟ
ਚਤੁਸ਼ਕ	ਚਉਅਕ	ਚੌਅਕ
ਚਤੁਹਾਟਕ	ਚਉਹੱਟ	ਚੌਹਟ
ਕਮਲ	ਕੰਵਲ— ਕਉਲ	ਕੌਲ
ਗੌਰ	ਗਉਰ	ਗੌਰ
—	ਦਇਵ	ਦੈਵ
ਰਜਨੀ	ਰਇਣ	ਰੈਣ
ਰਕਸ਼ਤਿ	ਰੱਖਇ (ਅੰਗ ਨ ਰਾਖੈ ਗਉ-ਕੀ.ਲ.)	ਰਾਖੈ
ਭਵਤਿ	ਭਇ	ਭੈ (ਭਇਆ ਭਈ ਬ੍ਰਜ)

ਹ੍ਰਸਵ ਏੱ ਤੇ ਓੱ ਦੀ ਵਰਤੋਂ ਘਟ ਗਈ। ਸੰਸਕ੍ਰਿਤ ਦੀ ਮੂਰਧਨੀ ਸੁਰ-ਧੁਨੀ ਰਿ ਹੀ ਰਹੀ।

ਅਵਹੱਟ ਦੀਆਂ ਵਿਅੰਜਨ ਧੁਨੀਆਂ ਅਪਭ੍ਰੰਸ਼ ਵਾਂਗੂ ਹੀ ਹਨ ਪਰੰਤੂ ਸੰਸਕ੍ਰਿਤ ਦੇ

ਤਤਸਮ ਸ਼ਬਦਾਂ ਵਿਚ ਸ਼ ਤਾਲਵੀ ਧੁਨੀ ਦਾ ਮੁੜ ਪ੍ਰਚਾਰ ਹੋਣ ਲੱਗਾ। ਲ੍ਹ, ਮ੍ਹ, ਨ੍ਹ ਸੰਜੁਗਤ ਵਿਅੰਜਨ ਵੀ ਲਿਖਣ ਵਿਚ ਜਾਰੀ ਸਨ।

ਅਵਹੱਟ ਵਿਚ ਸੁਰਾਂ ਦੀਆਂ ਸੰਧੀਆਂ ਹੋਣ ਲਗੀਆਂ ਅਤੇ ਸੰਜੁਗਤ ਸੁਰ ਪੈਦਾ ਹੋਏ। ਮਯੂਰ — ਮਊਰ — ਮੋਰ। ਅੰਧਕਾਰ — ਅੰਧਆਰ — ਅੰਧਾਰ।

ਅਕਾਰਨ ਅਨੁਨਾਸਿਕਤਾ (spontaneous nasalization) ਵੀ ਪੈਦਾ ਹੋ ਰਹੀ ਸੀ। ਅਸ਼੍ਰੁ — ਅੰਸੁ — ਅੰਸੂ (ਪੰ. ਹੰਝੂ) ਦਯੂਤ—ਜੂਆਂ, ਦੁਰਜਨ—ਦੂੰਜਣੇਂ, ਗੋਤ੍ਰ—ਗੌਂਤੇ, ਕਾਸਯ—ਕਾਂਸ, ਬ੍ਰਾਹਮਣ—ਬੰਮਣ।

ਘਾਟਾ-ਪੂਰਕ ਦੀਰਘਤਾ (compensatory Lengthening) ਦਾ ਝੁਕਾ ਅਵਹੱਟ ਵਿਚ ਪੈਦਾ ਹੋ ਰਿਹਾ ਸੀ। ਇਹ ਝੁਕਾ ਅਗੇ ਆਕੇ ਹਿੰਦੀ, ਗੁਜਰਾਤੀ ਆਦਿ ਬੋਲੀਆਂ ਵਿਚ ਬਹੁਤ ਜ਼ੋਰ ਨਾਲ ਪਸਰਿਆ ਸੀ ਜਿਵੇਂ ਕਿ ਮਿਸਾਲਾਂ ਤੋਂ ਪ੍ਰਗਟ ਹੈ :

ਕਰਮ — ਕੰਮ ਕਾਮ, ਕਾਰਯ—ਕੱਜ—ਕਾਜ ਮਿਤ੍ਰ—ਮਿੱਤ—ਮੀਤ, ਚਰਮ—ਚੱਮ—ਚਾਮ, ਭਕਤ—ਭੱਤ—ਭਾਤ (ਚੌਲ ਪੰ.) ਪਕਵ—ਪੱਕ—ਪਾਕ ਪਰ ਕਈ ਥਾਂ ਦੀਰਘਤਾ ਨਹੀਂ ਹੈ ਜਿਵੇਂ ਸਰਵ—ਸੱਬ—ਸਬ, ਸਤਯ—ਸੱਚ—ਸਚ।

ਇਨ੍ਹਾਂ ਉਦਾਹਰਨਾ ਵਿਚ ਕੰਮ ਤੇ ਕੱਜ ਵਿਚ ਜਦੋਂ ਪਹਿਲਾ ਮ—ਵਿਅੰਜਨ ਖਾਰਜ ਹੋਣ ਲਗਾ ਤਾਂ ਉਸ ਘਾਟੇ ਦੀ ਪੂਰਤੀ ਲਈ ਕ—ਧੁਨੀ ਦੀਰਘ ਹੋ ਗਈ ਅਤੇ ਉਸ ਨਾਲ ਕੰਨਾ ਲਗ ਗਿਆ। ਇਸ ਧੁਨੀ-ਪ੍ਰਵਿਰਤੀ ਨੂੰ ਪੂਰਕ ਦੀਰਘਤਾ ਕਿਹਾ ਜਾਂਦਾ ਹੈ।

ਦੋ ਸੁਰਾਂ ਦੇ ਦਰਮਿਆਨ ਵਾਲਾ —ਮ— ਵੀ —ਵੰ— ਵਿਚ ਤਬਦੀਲ ਹੋ ਗਿਆ। ਇਹ ਪ੍ਰਵਿਰਤੀ ਅਪਭ੍ਰੰਸ਼ ਵਿਚ ਪੂਰੇ ਜ਼ੋਰ ਤੇ ਸੀ।

ਨਾਂਵ-ਰੂਪਾਂ ਦੇ ਕਰਤਾ ਕਾਰਕ ਇਕਵਚਨ ਦੇ ਅੰਤ ਵਿਚ —ਉ— ਜਾਂ —ਅ— ਮਿਲਦਾ ਹੈ। ਸੰਸਕ੍ਰਿਤ ਦੇ ਨਾਂਵਰੂਪ (ਪ੍ਰਥਮਾ ਵਿਭਕਤੀ, ਇਕਵਚਨ) ਦੇ ਅੰਤ ਵਿਚ —ਓ— ਜਾਂ —ਅਹ— ਸੀ, ਅਵਹੱਟ ਵਿਚ —ਉ— ਦੇ ਨਾਲ ਨਾਲ —ਅ— ਵੀ ਹੈ ਜਿਵੇਂ ਕਿ ਪੰਜਾਬੀ, ਹਿੰਦੀ ਬੋਲੀਆਂ ਵਿਚ ਮਿਲਦਾ ਹੈ।

ਪੁਲਿੰਗ ਤੇ ਇਸਤ੍ਰੀ ਲਿੰਗ ਦੀ ਅੱਡਰਤਾ ਖਤਮ ਹੋਕੇ ਸ਼ਬਦ 'ਰੂਪ' ਅਕਸਰ ਇਕਰੂਪ ਹੋ ਗਏ ਕਨ।

ਅਵਹੱਟ ਵਿਚ ਏਹ ਜੇਹ ਕੇਹ ਵਰਗੇ ਨਵੇਂ ਪੜਨਾਂਵ ਪੈਦਾ ਹੋਏ ਹਨ।

ਸਹਾਇਕ ਕ੍ਰਿਆਵਾਂ ਦੀ ਸਹਾਇਤਾ ਨਾਲ ਸੰਜੁਗਤ ਕ੍ਰਿਆ ਰੂਪ ਵਰਤੋਂ ਵਿਚ ਆ ਗਏ ਸਨ ਜਿਵੇਂ :— ਹੋਇਤੇ ਅਛ, ਕਰਦਿਤੇ ਅਛ। ਏਥੇ 'ਅਛ' ਸਹਾਇਕ ਕ੍ਰਿਆ ਹੈ ਜਿਸ ਦਾ ਆਧੁਨਿਕ ਰੂਪ 'ਛੇ' ਗੁਜਰਾਤੀ ਵਿਚ ਮਿਲਦਾ ਹੈ।'

ਸ਼ਬਦਾਵਲੀ ਵਿਚ ਤਦਭਵ ਸ਼ਬਦਾਂ ਦਾ ਜ਼ੋਰ ਰਿਹਾ ਹੈ। ਇਹ ਰੁਚੀ ਅਪਭ੍ਰੰਸ਼ ਦੇ ਪੂਰਬਲੇ ਰੂਪ ਵਿਚ ਜ਼ੋਰਾਂ ਤੇ ਰਹੀ। ਪਰ ਅਵਹੱਟ ਸਮੇਂ ਸੰਸਕ੍ਰਿਤ ਵਲ ਰੁਚੀ ਹੋਣ ਕਰਕੇ ਤਤਸਮ ਸ਼ਬਦ ਮੁੜ ਵਰਤੋਂ ਵਿਚ ਆਉਣ ਲਗੇ। ਮੁਸਲਮਾਨਾਂ ਦੀ ਆਮਦ ਨਾਲ ਫ਼ਾਰਸੀ/ਅਰਬੀ/ਤੁਰਕੀ ਦੇ ਸ਼ਬਦ ਵੀ ਦਾਖ਼ਲ ਹੋਣ ਲਗੇ ਸਨ। ਅਵਹੱਟ ਸਾਹਿਤ ਵਿਚ ਕਈ ਵਿਦੇਸ਼ੀ ਸ਼ਬਦ ਪ੍ਰਵੇਸ਼ ਹੋਏ ਹਨ — ਦੇਮਾਨ (ਦੀਵਾਨ), ਤਖ਼ਤਾਨ (ਤਖ਼ਤ), ਤਬਜ (ਤਸਤ) ਖੋਜਾ (ਖ਼ਵਾਜਾ)। ਦੇਸੀ ਸ਼ਬਦਾਂ ਵਿਚੋਂ ਗੱਡਾ (ਗੱਡੀ) ਹਚੜ (ਕੀਚੜ) ਧਾਂਗੜ (ਜੰਗਲੀ), ਧਾੜਾ (ਧਾਵਾ) ਵਰਣਨ ਯੋਗ ਹਨ।

ਪਰਸਰਗਾਂ ਦੀ ਵਰਤੋਂ ਵੀ ਜਾਰੀ ਹੋ ਗਈ ਸੀ। ਪਹਿਲਾਂ ਜਿਥੇ ਨਾਂਵ-ਸ਼ਬਦਾਂ ਦੇ ਨਾਲ ਹੀ ਜੁੜਵੀਆਂ ਵਿਭਕਤੀਆਂ (ਅੰਤ-ਪ੍ਰਤਿਐ) ਲਗ ਜਾਂਦੀਆਂ ਸਨ ਅਤੇ ਇਹ ਕਾਰਕਾਂ ਦੇ ਅਰਥ ਦਿੰਦੀਆਂ ਸਨ ਉਥੇ ਹੌਲੀ ਹੌਲੀ ਅਪਭ੍ਰੰਸ਼ਾਂ ਤੇ ਅਵਹੱਟ ਵਿਚ ਸ਼ਬਦ ਨਿਰ-ਵਿਭਕਤਿਕ ਹੋਣ ਲਗੇ ਅਤੇ ਵਿਭਕਤੀਆਂ ਦੇ ਅਰਥ ਪਰਸਰਗਾਂ (ਕਾਰਕੀ ਚਿੰਨ੍ਹਾਂ) ਰਾਹੀਂ ਪ੍ਰਗਟਾਏ ਜਾਣ ਲਗੇ:

ਰਾਜ ਕਰ ਪੁਰਸ਼ (ਉਕਤਿ-ਵਯਕਤਿ ਪ੍ਰਕਰਣ 16,11)
ਤਾਨ੍ਹਿ ਕਰਿ ਕੁਟਿਲ ਕਟਾ ਛਟਾ (ਕੀਰਤਿ ਲਤਾ)
ਮਧਧਾਨ੍ਹੇ ਕਰੀ ਵੇਲਾ (ਕੀ. ਲ.)
ਪਰਵਸੀ ਕਰ ਘਰ (ਉ. ਵਿ.)

ਇਸ ਤਰ੍ਹਾਂ ਅਵਹੱਟ ਦਾ ਭਾਸ਼ਾ-ਵਿਗਿਆਨਿਕ ਸਰੂਪ ਪ੍ਰਾਪਤ ਹੁੰਦਾ ਹੈ। ਅਵਹੱਟ ਭਾਸ਼ਾ ਅਸਲ ਵਿਚ ਸੰਕ੍ਰਾਂਤਿ ਕਾਲ ਦੀ ਸਾਹਿਤਕ ਭਾਸ਼ਾ ਸੀ। ਜਿਸ ਵਕਤ ਇਹ ਟਕਸਾਲੀ ਭਾਸ਼ਾ ਬਣ ਰਹੀ ਸੀ ਉਸੇ ਵਕਤ ਤੋਂ ਹੀ ਆਧੁਨਿਕ ਆਰੀਆ ਭਾਸ਼ਾਵਾਂ ਬੜੀ ਤੇਜ਼ੀ ਨਾਲ ਉਭਰ ਕੇ ਸਾਹਮਣੇ ਆ ਰਹੀਆਂ ਸਨ ਅਤੇ ਤੇਰ੍ਹਵੀਂ-ਚੌਧਵੀਂ ਸਦੀ ਤਕ ਤਾਂ ਦੇਸੀ ਭਾਸ਼ਾਵਾਂ ਨੇ ਆਪ ਆਪਣਾ ਸਰੂਪ ਨਿਖਾਰ ਲਿਆ ਅਤੇ ਆਪੋ ਆਪਣੇ ਇਲਾਕਿਆਂ ਵਿਚ ਸਥਾਪਿਤ ਹੋ ਗਈਆਂ ਸਨ।

(ਅਗਲੇ ਹਿੱਸੇ ਵਿਚ ਆਧੁਨਿਕ/ਨਵੀਨ ਹਿੰਦ-ਆਰੀਆਈ ਭਾਸ਼ਾਵਾਂ ਦੇ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਦੀ ਭਾਸ਼ਾ-ਵਿਗਿਆਨਿਕ ਜਾਣਕਾਰੀ ਪੇਸ਼ ਕੀਤੀ ਜਾਵੇਗੀ)